



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



Fourtheenth Year in Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 09, March 2nd, 2013 | 20451 N Plum Grove Rd. Palatine, IL 60074 | Ph:847-359-0746, Fax:847-705-9388




ਕੁਦਰਤ ਦੀ ਕਵਿਤਾ: ਲੁਧਿਆਣਾ ਵਿਚ ਪੰਜਾਬ ਖੇਤੀ ਯੂਨੀਵਰਸਿਟੀ ਵਿਚ ਫੁੱਲਾਂ ਦੇ ਸ਼ੋਅ ਦੌਰਾਨ ਟਹਿਕ ਰਹੇ ਫੁੱਲ (ਫੋਟੋ: ਸਤਵਿੰਦਰ ਸਿੰਘ ਬਸਰਾ, ਫੋਨ:91-98766-53143)

## ਰੇਲ ਬਜਟ ਵਿਚ ਪੰਜਾਬ ਨੂੰ ਗੱਫੇ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੇਸ਼ੱਕ ਕੇਂਦਰੀ ਰੇਲ ਬਜਟ ਦੀ ਰੱਜ ਕੇ ਆਲੋਚਨਾ ਕੀਤੀ ਗਈ ਹੈ ਪਰ ਕੇਂਦਰੀ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਪੰਜਾਬੀ ਹੋਣ ਦੇ ਨਾਤੇ ਪੂਰਾ ਮੁੱਲ ਮੋੜਨ ਦਾ ਯਤਨ ਕੀਤਾ ਹੈ। ਅਹਿਮ ਗੱਲ ਇਹ ਹੈ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਪਹਿਲੀ ਵਾਰ ਪੰਜਾਬ ਨੂੰ ਰੇਲ ਬਜਟ ਵਿਚ ਤਰਜੀਹ ਦਿੱਤੀ ਗਈ ਹੈ।

### ਬਾਦਲ ਅਜੇ ਵੀ ਨਾਖੁਸ਼

ਰੇਲ ਬਜਟ ਵਿਚ ਪੰਜਾਬ ਲਈ ਨਵੀਆਂ ਲਾਈਨਾਂ, ਲਾਈਨਾਂ ਦਾ ਬਿਜਲੀਕਰਨ, ਨਵੀਆਂ ਯਾਤਰੀ ਗੱਡੀਆਂ, ਨਵੀਆਂ ਲਾਈਨਾਂ ਲਈ ਸਰਵੇ, ਲਾਈਨਾਂ ਦੋਹਰਾ ਕਰਨ ਲਈ ਸਰਵੇ ਅਤੇ ਹੁਨਰ ਵਿਕਾਸ ਸੰਸਥਾ ਸ਼ਾਮਲ ਹਨ। ਪੰਜਾਬ ਨੂੰ ਐਤਕੀਂ ਰੇਲ ਬਜਟ ਵਿਚ ਪੰਜ ਐਕਸਪ੍ਰੈਸ, ਇਕ ਪੈਸੰਜਰ, ਇਕ ਡੀ.ਈ.ਐਮ.ਯੂ. ਰੇਲ ਤੇ ਦੋ ਨਵੇਂ ਰੇਲ ਰੂਟ ਮਿਲੇ ਹਨ। ਪੰਜਾਬ ਦੇ ਖੇਤਰਫਲ ਦੇ ਹਿਸਾਬ ਨਾਲ ਇਸ ਨੂੰ ਅਹਿਮ ਪ੍ਰਾਪਤੀ ਮੰਨਿਆ ਜਾ ਸਕਦਾ ਹੈ।

ਰੇਲ ਬਜਟ ਪੇਸ਼ ਕਰਦਿਆਂ ਰੇਲ ਮੰਤਰੀ ਸ੍ਰੀ ਬਾਂਸਲ ਨੇ ਪੰਜਾਬ ਲਈ ਦੋ ਨਵੀਆਂ ਲਾਈਨਾਂ ਦਾ ਐਲਾਨ ਕੀਤਾ ਹੈ ਜਿਨ੍ਹਾਂ ਵਿਚ ਰਾਮ ਮੰਡੀ ਤੋਂ ਮੌੜ ਮੰਡੀ ਵਾਇਆ ਤਲਵੰਡੀ ਸਾਬੋ ਤੇ ਦੂਜੀ ਲਾਈਨ ਫ਼ਿਰੋਜ਼ਪੁਰ ਤੋਂ ਪੱਟੀ ਲਈ ਮਨਜ਼ੂਰ ਕੀਤੀ ਗਈ ਹੈ ਜੋ ਸਰਹੱਦੀ ਲੋਕਾਂ ਲਈ ਵਰਦਾਨ ਹੋਵੇਗੀ। ਰੇਲਵੇ ਵਿਭਾਗ ਵੱਲੋਂ ਪੂਰੇ ਦੇਸ਼ ਵਿਚ ਖੋਲ੍ਹੀਆਂ ਜਾਣ ਵਾਲੀਆਂ ਹੁਨਰ ਵਿਕਾਸ ਸੰਸਥਾਵਾਂ ਅਧੀਨ ਅਜਿਹੀ ਸੰਸਥਾ ਪਠਾਨਕੋਟ ਲਈ ਮਨਜ਼ੂਰ ਕੀਤੀ ਗਈ ਹੈ। ਚੰਡੀਗੜ੍ਹ ਵਿਚ ਵੀ ਮਾਡਰਨ ਸਿਗਨਲਿੰਗ ਫ਼ੈਕਟਰੀ ਮਨਜ਼ੂਰ ਕੀਤੀ ਗਈ ਹੈ ਜੋ ਪਬਲਿਕ ਪ੍ਰਾਈਵੇਟ ਹਿੱਸੇਦਾਰੀ ਦੇ ਅਧੀਨ ਬਣਾਈ ਜਾਵੇਗੀ। ਮੌਜੂਦਾ ਲਾਈਨਾਂ ਦੇ ਬਿਜਲੀਕਰਨ ਅਧੀਨ ਪੰਜਾਬ ਦੀਆਂ ਦੋ ਲਾਈਨਾਂ ਚੁਣੀਆਂ ਹਨ ਜਿਨ੍ਹਾਂ ਵਿਚ ਜਾਖਲ-ਧੂਰੀ-ਲੁਧਿਆਣਾ ਅਤੇ ਰਾਜਪੂਰਾ-ਧੂਰੀ-ਲਹਿਰਾ ਮੁਹੱਬਤ ਲਾਈਨਾਂ ਸ਼ਾਮਲ ਹਨ।

ਇਕ ਨਵਾਂ ਰੇਲ ਰੂਟ ਤਖ਼ਤ ਦਮਦਮਾ ਸਾਹਿਬ ਲਈ ਰਾਮਾ ਮੰਡੀ ਤੇ ਮੌੜ ਮੰਡੀ ਰੇਲਵੇ ਸਟੇਸ਼ਨਾਂ ਵਿਚਾਲੇ ਹੋਏਗਾ। ਰੇਲ ਮੰਤਰਾਲਾ ਰੇਲਵੇ ਨਾਲ ਜੁੜੇ ਕਾਰੋਬਾਰਾਂ ਵਿਚ ਨੌਜਵਾਨਾਂ ਨੂੰ ਹੁਨਰ ਮੁਹੱਈਆ ਕਰਨ ਲਈ ਪੰਜਾਬ ਵਿਚ ਪਠਾਨਕੋਟ ਸਮੇਤ ਦੇਸ਼ ਵਿਚ 25 ਥਾਂਵਾਂ 'ਤੇ ਸਿਖਲਾਈ ਦੇਵੇਗਾ। ਐਕਸਪ੍ਰੈਸ ਗੱਡੀਆਂ ਵਿਚ

(ਬਾਕੀ ਸਫਾ 6 'ਤੇ)

## ਗੁਰਦੁਆਰਾ ਚੋਣਾਂ: ਬਾਦਲਾਂ ਦਾ ਲਿਫਾਫਾ ਕਲਚਰ ਦਿੱਲੀ ਪੁੱਜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਲਿਫ਼ਾਫਾ ਕਲਚਰ ਭਾਰੂ ਹੋ ਗਿਆ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਭੇਜੇ ਸੀਲਬੰਦ ਲਿਫ਼ਾਫ਼ੇ ਰਾਹੀਂ ਹੀ ਹੋਈ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਅਹੁਦੇਦਾਰ ਹਮੇਸ਼ਾਂ ਬਾਦਲਾਂ ਦੇ ਲਿਫ਼ਾਫ਼ਿਆਂ ਵਿਚੋਂ ਹੀ ਨਿਕਲਦੇ ਸਨ। ਸਿੱਖ ਜਥੇਬੰਦੀਆਂ ਅਜਿਹੇ ਕਲਚਰ ਦੀ ਤਿੱਖੀ ਆਲੋਚਨਾ ਕਰਦੀਆਂ ਆ ਰਹੀਆਂ ਹਨ।

### ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸਣੇ ਸਾਰੇ ਅਹੁਦੇਦਾਰਾਂ ਦੇ ਨਾਂ ਲਿਫਾਫੇ ਵਿਚੋਂ ਨਿਕਲੇ

ਜ਼ਿਕਰਯੋਗ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਕੁੱਲ 46 ਸੀਟਾਂ ਹਨ ਜਿਨ੍ਹਾਂ ਵਿਚੋਂ 37 ਸੀਟਾਂ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਲਈਆਂ ਸਨ। ਅਕਾਲੀ ਦਲ ਦਿੱਲੀ (ਸਰਨਾ ਧੜਾ) ਨੇ ਸਿਰਫ਼ ਅੱਠ ਸੀਟਾਂ ਜਿੱਤੀਆਂ ਸਨ। ਇਕ ਸੀਟ ਉਪਰ ਕੇਂਦਰੀ ਗੁਰੂ ਸਿੰਘ ਸਭਾ ਦੇ ਚੇਅਰਮੈਨ ਤੇ ਕਾਂਗਰਸੀ ਸਿੱਖ ਵਿਧਾਇਕ ਤਰਵਿੰਦਰ ਸਿੰਘ ਮਰਵਾਹ ਨੇ ਜਿੱਤ ਪ੍ਰਾਪਤ ਕੀਤੀ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਲਈ ਸ. ਸੁਖਬੀਰ ਸਿੰਘ ਬਾਦਲ ਵੱਲੋਂ ਭੇਜੇ ਲਿਫ਼ਾਫੇ ਵਿਚੋਂ ਪ੍ਰਧਾਨਗੀ ਲਈ ਮਨਜੀਤ ਸਿੰਘ ਜੀ.ਕੇ. ਦਾ ਨਾਂ ਨਿਕਲਿਆ। ਅਕਾਲੀ ਹਲਕਿਆਂ ਮੁਤਾਬਕ ਪ੍ਰਧਾਨਗੀ ਦੇ ਅਹੁਦੇ ਲਈ ਅਵਤਾਰ ਸਿੰਘ ਹਿਤ, ਉਂਕਾਰ ਸਿੰਘ ਥਾਪਰ ਅਤੇ ਮਨਜਿੰਦਰ ਸਿੰਘ ਸਿਰਸਾ ਵੱਲੋਂ ਵੀ ਦਾਅਵੇਦਾਰੀ ਜਤਾਈ ਜਾ ਰਹੀ ਸੀ, ਪਰ ਸੁਖਬੀਰ ਬਾਦਲ ਦੇ ਲਿਫ਼ਾਫੇ ਵਿਚ ਉਹ ਆਪਣਾ ਨਾਂ ਨਹੀਂ ਪੁਆ ਸਕੇ। ਇਸ ਦੇ ਨਾਲ ਹੀ ਹੋਰ ਅਹੁਦੇਦਾਰਾਂ ਅਤੇ ਕਾਰਜਕਾਰੀ ਬੋਰਡ ਦੇ ਮੈਂਬਰਾਂ ਦੀ ਚੋਣ ਵੀ ਲਿਫ਼ਾਫੇ ਵਿਚੋਂ ਨਿਕਲੇ ਨਾਂਵਾਂ ਅਨੁਸਾਰ ਹੋਈ।

ਇਸ ਚੋਣ ਲਈ ਗੁਰਦੁਆਰਾ ਚੋਣ

(ਬਾਕੀ ਸਫਾ 6 'ਤੇ)




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com

$25 3,000 Minutes
$50 • $100 Available

✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ

ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!

ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

Limited Time Offer. Restrictions & Fees Apply.

800-914-1013 • 408-726-6103

ੴ ਸਤਿਗੁਰ ਪ੍ਰਸਾਦਿ

ੴ

ਐਸੀ ਲਾਲ ਤੁਝ ਬਿਨੁ ਕਉਨ ਕਰੈ। ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।
ਨਾਥ ਕਛੂ ਨਾ ਜਾਨਓ। ਮਨ ਮਾਇਆ ਹੈ ਹਾਥ ਬਿਕਾਨੋ।

ਸੋਹੰ

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

# ਪ੍ਰਕਾਸ਼ ਪੁਰਬ

## ਸਬੰਧੀ ਵਿਸ਼ੇਸ਼ ਸਮਾਗਮ



## ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

**61-01 Broadway, Woodside NY 11377**

## ਵਿਖੇ 19 ਫਰਵਰੀ ਤੋਂ 3 ਮਾਰਚ ਤੱਕ

**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ ਹੋਵਣ**

ਦੁਨੀਆ ਦੇ ਇਤਿਹਾਸ ਨੇ ਇਹ ਸੁਨਹਿਰੀ ਬੋਲ ਹਮੇਸ਼ਾ ਲਈ ਸਾਂਭੇ ਪਏ ਹਨ ਕਿ ਜਦੋਂ ਵੀ ਸੱਚ ਨੂੰ ਅਲੋਪ ਕਰਕੇ ਝੂਠ ਦੇ ਵਪਾਰੀ ਝੂਠ ਨੂੰ ਪ੍ਰਚੰਡ ਕਰਦੇ ਹਨ ਤਾਂ ਉਸ ਸੱਚ ਨੂੰ ਹਮੇਸ਼ਾ ਲਈ ਧਰਤੀ 'ਤੇ ਪਰਪੱਕ ਕਰਨ ਲਈ ਇਸ ਇਨਸਾਨੀ ਜਾਮੇ ਵਿਚ ਪ੍ਰਮਾਤਮਾ ਦਾ ਰੂਪ ਜ਼ਰੂਰ ਪ੍ਰਗਟ ਹੁੰਦਾ ਹੈ। ਭਾਰਤ ਦੀ ਪਵਿੱਤਰ ਨਗਰੀ ਮੰਨੇ ਜਾਣ ਵਾਲੇ ਅਸਥਾਨ ਬਨਾਰਸ ਵਿੱਚ ਜਦੋਂ 14ਵੀਂ ਸਦੀ ਵਿੱਚ ਠੱਗਾਂ ਦਾ ਬੋਲਬਾਲਾ ਜ਼ਿਆਦਾ ਵਧ ਗਿਆ ਸੀ ਉਸ ਵਕਤ ਰੱਬ ਦਾ ਰੂਪ ਸਨਮਾਨਯੋਗ ਮਾਤਾ ਕਲਸਾ ਅਤੇ ਸਨਮਾਨਯੋਗ ਪਿਤਾ ਸੰਤ ਸੰਤੋਖ ਦਾਸ ਜੀ ਦੇ ਘਰ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਹੋਇਆ। ਵਕਤ ਦੇ ਧਰਮੀ ਠੇਕੇਦਾਰਾਂ ਦੀ ਬੁਕਲ ਵਿੱਚੋਂ ਧਰਮ ਨੂੰ ਸੱਚੀ ਆਜ਼ਾਦੀ ਦੁਆ ਕੇ ਗ਼ਰੀਬਾਂ ਦੀਆਂ ਕੁਲੀਆਂ ਤੱਕ ਲੈ ਕੇ ਜਾਣ ਵਾਲੇ ਇਹ ਮਹਾਨ ਸਤਿਗੁਰੂ, ਨਿਤ ਦਿਹਾੜੇ ਦਸਾਂ ਨੌਹਾਂ ਦੀ ਕਿਰਤ ਕਰਕੇ ਸਮੁੱਚੇ ਸਮਾਜ ਦੀ ਸੇਵਾ ਕਰਨ ਵਾਲੇ ਉਨ੍ਹਾਂ ਲੋਕਾਂ ਦੇ ਮਹਾਨ ਸਤਿਗੁਰੂ, ਨਿਮਾਣਿਆਂ, ਨਿਤਾਣਿਆਂ ਦੀ ਉਂਗਲ ਫੜ ਕੇ ਬੇਗਮਪੁਰੇ ਦਾ ਰਸਤਾ ਦਿਖਾਉਣ ਵਾਲੇ ਸਤਿਗੁਰੂ, ਰਾਜ ਭਾਗ ਤੋਂ ਸੱਖਣੇ ਇਨ੍ਹਾਂ ਲੋਕਾਂ ਨੂੰ ਰਾਜ ਭਾਗ ਦੇ ਨਿੱਘ ਦੀ ਗੁੱਥੀ ਸਮਝਾਉਣ ਵਾਲੇ ਸਤਿਗੁਰੂ, ਥਾਲੀਆਂ ਵਿੱਚ ਦੀਵੇ ਬਾਲ ਕੇ ਪੱਥਰਾਂ ਅੱਗੇ ਆਰਤੀ ਕਰਨ ਵਾਲਿਆਂ ਨੂੰ ਸੱਚੀ ਆਰਤੀ ਸਮਝਾਉਣ ਵਾਲੇ ਸਤਿਗੁਰੂ ਅਤੇ ਵਣਜ ਵਪਾਰ ਦੀ ਜੁਗਤ ਸਮਝਾਉਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਦੀ ਦਾ ਪਵਿੱਤਰ ਪੁਰਬ ਇਸ ਸਾਲ 25 ਫਰਵਰੀ ਦਿਨ ਸੋਮਵਾਰ ਨੂੰ ਆ ਰਿਹਾ ਹੈ। ਆਪ ਸਭ ਸੰਗਤਾਂ ਦੇ ਤਨ-ਧਨ-ਮਨ ਦੇ ਸਹਿਯੋਗ ਨਾਲ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।



ਗੁਰੂ ਪਿਆਰੀ ਸਾਧ ਸੰਗਤ ਜੀਓ,

ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੇ ਪਿਛਲੇ ਸਮੇਂ ਤੋਂ ਰੁਕੇ ਉਸਾਰੀ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਆਉਣ ਵਾਲੇ ਸਮੇਂ ਵਿਚ ਆਪ ਸਭ ਸੰਗਤਾਂ ਦੇ ਤਨ-ਮਨ-ਧਨ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਇਸ ਮਾਡਲ ਵਾਂਗਰਾਂ ਦਿੱਤੀ ਜਾਵੇਗੀ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ ਕਮਾਈਆਂ ਵਿਚੋਂ ਦਸਵੰਧ ਕੱਢ ਕੇ ਆਓ ਗੁਰੂ ਘਰ ਦੀ ਇਮਾਰਤ ਦੇ ਖ਼ੂਬਸੂਰਤ ਸੁਪਨੇ ਨੂੰ ਸਾਕਾਰ ਕਰਕੇ ਆਉਣ ਵਾਲੀ ਪੀੜ੍ਹੀ ਲਈ ਵਿਰਾਸਤ ਵਾਂਗ ਕਾਇਮ ਕਰੀਏ।

**19 ਫਰਵਰੀ ਤੋਂ 3 ਮਾਰਚ ਦੇ ਸ਼ਾਮਾਂ ਦੇ ਦੀਵਾਨ 7 ਤੋਂ 9 ਵਜੇ ਤੱਕ ਹੋਣਗੇ**
24 ਫਰਵਰੀ ਦਿਨ ਐਤਵਾਰ ਦਾ ਦੀਵਾਨ ਸਵੇਰੇ 9 ਵਜੇ ਤੋਂ 3 ਵਜੇ ਤੱਕ ਅਤੇ ਰਾਤ ਦਾ ਦੀਵਾਨ 7 ਤੋਂ 1 ਵਜੇ ਤੱਕ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 3 ਮਾਰਚ ਦੇ ਦੀਵਾਨ ਸਵੇਰੇ 9 ਤੋਂ ਸ਼ਾਮ 5 ਤੱਕ ਹੋਣਗੇ।

## ਪਹੁੰਚ ਰਹੇ ਕੀਰਤਨੀ ਜਥੇ

- ਭਾਈ ਕੁਲਦੀਪ ਸਿੰਘ ਜੀ ਹਜ਼ੂਰੀ ਰਾਗੀ ਗੁਰ: ਬੰਗਲਾ ਸਾਹਿਬ
- ਕਥਾਵਾਚਕ ਭਾਈ ਜਸਵੰਤ ਸਿੰਘ ਮਾਰਕੰਡਾ
- ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ
- ਭਾਈ ਜੋਗਾ ਸਿੰਘ ਨਵਾਂਸ਼ਹਿਰ ਵਾਲੇ
- ਭਾਈ ਖੇਮ ਸਿੰਘ ਪ੍ਰੇਮੀ ਪਟਿਆਲੇ ਵਾਲੇ
- ਭਾਈ ਗੁਰਤੇਜ ਸਿੰਘ ਗੰਗਾਨਗਰ ਵਾਲੇ
- ਭਾਈ ਗੁਰਦੀਪ ਸਿੰਘ ਸ਼ਾਨ ਯੂ. ਕੇ. ਵਾਲੇ
- ਭਾਈ ਮਨਿੰਦਰ ਸਿੰਘ ਅੰਮ੍ਰਿਤਸਰ ਵਾਲੇ

ਇਨ੍ਹਾਂ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਕਥਾਵਾਚਕ ਦੀਵਾਨ ਦੀਆਂ ਹਾਜ਼ਰੀਆਂ ਭਰਨਗੇ



ਭਾਈ ਕੁਲਦੀਪ ਸਿੰਘ ਜੀ ਹਜ਼ੂਰੀ ਰਾਗੀ ਗੁਰ: ਬੰਗਲਾ ਸਾਹਿਬ



ਭਾਈ ਅਮਰਜੀਤ ਸਿੰਘ



ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ

### ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ

ਗੁਰੂ ਪਿਆਰੀ ਸਾਧ ਸੰਗਤ ਜੀਓ

2001 ਵਿਚ ਸ਼ੁਰੂ ਕੀਤੇ ਗਏ 11 ਅਖੰਡ ਪਾਠਾਂ ਦੀ ਲੜੀ ਨੂੰ ਅਗਾਂਹ ਤੋਰਦੇ ਹੋਏ ਇਸ ਵਾਰ ਗੁਰੂ ਘਰ ਵਿਖੇ 19 ਫਰਵਰੀ ਤੋਂ 11 ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਕੇ 3 ਮਾਰਚ ਨੂੰ ਸਮਾਪਤ ਹੋਵੇਗੀ। 24 ਫਰਵਰੀ ਦਿਨ ਐਤਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਪੂਰੇ 12 ਵਜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। 19 ਫਰਵਰੀ ਤੋਂ 3 ਮਾਰਚ ਤੱਕ ਚੱਲਣ ਵਾਲੇ ਸਾਰੇ ਦੀਵਾਨਾਂ ਨੂੰ ਵਿਸ਼ੇਸ਼ ਰੰਗਤ ਦਿੱਤੀ ਗਈ ਹੈ ਜਿਸ ਵਿਚ ਕਵੀ ਦਰਬਾਰ ਹੋਵੇਗਾ, ਗੁਰੂ ਮਹਾਰਾਜ ਜੀ ਦੀ ਰਾਗਾਂ 'ਚ ਉਚਾਰੀ ਬਾਣੀ ਦੇ ਆਧਾਰ 'ਤੇ ਰਾਗ ਦਰਬਾਰ, ਕਥਾ ਦਰਬਾਰ ਤੇ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ। 3 ਮਾਰਚ ਦਿਨ ਐਤਵਾਰ ਨੂੰ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿਚ 5 ਵਜੇ ਤੱਕ ਭਾਰੀ ਦੀਵਾਨ ਸੱਜਣਗੇ।

**ਗੁਰੂ ਘਰ ਦੇ ਇਨ੍ਹਾਂ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਰਾਹੀਂ ਦੇਸ਼-ਵਿਦੇਸ਼ ਵਿਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ।**

## ਸਾਰੇ ਪ੍ਰੋਗਰਾਮਾਂ ਵਿਚ ਗੁਰੂ ਕੇ ਲੰਗਰ ਅਟੁੱਟ ਵਰਤਣਗੇ

## ਆਪ ਸਭ ਸੰਗਤਾਂ ਦੀ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ

*ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 718-898-8150, ਫੈਕਸ 718-898-0930*

| ਮੁੱਖ ਸੇਵਾਦਾਰ | ਚੇਅਰਮੈਨ | ਕੈਸ਼ੀਅਰ | ਜਨਰਲ ਸਕੱਤਰ |
|---|---|---|---|
| ਸ. ਨਿਰਮਲ ਸਿੰਘ | ਨੰਦ ਲਾਲ | ਭੋਲਾ ਕਲੇਰ | ਪਰਮਜੀਤ ਲਾਲ |
| ਫੋਨ: 347-538-8296 | ਫੋਨ: 718-658-1702 | ਫੋਨ: 917-405-1168 | ਫੋਨ: 917-854-8628 |

# ਮੋਗਾ ਜ਼ਿਮਨੀ ਚੋਣ: ਹਾਵੀ ਰਹੇ ਤਾਕਤ ਤੇ ਪੈਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਲਈ ਵੱਕਾਰ ਦਾ ਸਵਾਲ ਬਣੀ ਮੋਗਾ ਜ਼ਿਮਨੀ ਚੋਣ ਵਿਚ ਰੱਜ ਕੇ ਬੇਨੇਮੀਆਂ ਹੋਈਆਂ। ਇਥੇ ਅਸੂਲਾਂ ਤੇ ਸਿਧਾਂਤਾਂ ਦੀ ਥਾਂ ਪੈਸੇ ਤੇ ਤਾਕਤ ਦਾ ਖੁੱਲ੍ਹ ਕੇ ਮੁਜ਼ਾਹਰਾ ਹੋਇਆ। ਸ਼ਰੇਆਮ ਵੋਟਾਂ ਦੀ ਬੋਲੀ ਲੱਗੀ ਤੇ ਖੁੱਲ੍ਹ ਕੇ ਪੈਸਾ ਵੰਡਿਆ ਗਿਆ। ਇਸ ਵਾਰ ਚੋਣ ਕਮਿਸ਼ਨ ਦਾ ਡੰਡਾ ਵੀ ਕਿਧਰੇ ਨਜ਼ਰ ਨਾ ਆਇਆ। ਚੋਣ ਕਮਿਸ਼ਨ ਨੇ ਹਲਕੇ ਤੋਂ ਬਾਹਰਲੇ ਲੋਕਾਂ ਨੂੰ ਭਾਵੇਂ ਕਿ ਮੋਗਾ ਵਿਧਾਨ ਸਭਾ ਹਲਕਾ ਛੱਡਣ ਦੇ ਹੁਕਮ ਦਿੱਤੇ ਸਨ ਪਰ ਇਨ੍ਹਾਂ ਦਾ ਹਾਕਮ ਪਾਰਟੀ ਦੇ ਆਗੂਆਂ 'ਤੇ ਕੋਈ ਅਸਰ ਨਹੀਂ ਹੋਇਆ। ਮੰਤਰੀ, ਮੁੱਖ ਪਾਰਲੀਮਾਨੀ ਸਕੱਤਰ, ਵਿਧਾਇਕ ਤੇ ਅਕਾਲੀ ਲੀਡਰ ਪਿੰਡਾਂ ਤੇ ਸ਼ਹਿਰ ਵਿਚ ਡੇਰੇ ਲਾਈ ਬੈਠੇ ਰਹੇ। ਦੂਜੇ ਪਾਸੇ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਹਲਕੇ ਤੋਂ ਬਾਹਰ ਕੱਢ ਦਿੱਤਾ ਗਿਆ।

ਉਂਜ, ਚੰਗੀ ਗੱਲ ਇਹ ਰਹੀ ਕਿ ਮੋਗਾ ਸ਼ਹਿਰ ਤੇ ਪਿੰਡਾਂ ਵਿਚ ਵੋਟਾਂ ਪੈਣ ਸਮੇਂ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਕੁੱਲ ਮਿਲਾ ਕੇ 71.18 ਫੀਸਦੀ ਤੱਕ ਵੋਟਾਂ ਦਾ ਭੁਗਤਾਨ ਹੋਇਆ। ਪੇਂਡੂ ਖੇਤਰ ਵਿਚ ਵੋਟਾਂ ਜ਼ਿਆਦਾ ਪਈਆਂ ਤੇ ਸ਼ਹਿਰੀ ਘਰਾਂ ਤੋਂ ਵੋਟਰ ਘੱਟ ਹੀ ਨਿਕਲੇ। ਲੋਕਾਂ ਨੇ ਸ਼ਾਂਤੀ ਤਾਂ ਬਣਾਈ ਰੱਖੀ ਪਰ ਜ਼ਿਲ੍ਹਾ ਪ੍ਰਸ਼ਾਸਨ ਵੋਟਾਂ ਦੀ ਖਰੀਦੋ-ਫਰੋਖ਼ਤ ਤੇ ਬੂਥਾਂ 'ਤੇ ਕਬਜ਼ੇ ਦੀਆਂ ਘਟਨਾਵਾਂ ਨੂੰ ਰੋਕਣ ਵਿਚ ਕਾਮਯਾਬ ਨਹੀਂ ਹੋਇਆ। ਚੋਣ ਕਮਿਸ਼ਨ ਵੱਲੋਂ ਹਲਕੇ ਵਿਚ ਤਾਇਨਾਤ ਅਬਜ਼ਰਵਰਾਂ ਦੀਆਂ ਗੱਡੀਆਂ ਗਸ਼ਤ ਕਰਦੀਆਂ ਤਾਂ ਦਿਸਦੀਆਂ ਪਰ ਉਨ੍ਹਾਂ ਦੀ ਕਾਰਵਾਈ ਕੋਈ ਅਸਰਦਾਰ ਨਹੀਂ ਸੀ।



ਵੋਟ ਪਾਉਣ ਲਈ ਲਾਈਨ 'ਚ ਲੱਗੇ ਲੋਕ

ਮੋਗਾ ਸ਼ਹਿਰ ਦੇ ਵਿਚਕਾਰ ਸਮਰਾਟ ਹੋਟਲ ਵਿਚ ਹਾਕਮ ਧਿਰ ਨਾਲ ਸਬੰਧਤ ਆਗੂ ਚਰਨਜੀਤ ਸਿੰਘ ਸ਼ਰੇਆਮ ਪ੍ਰਤੀ ਵੋਟ 300 ਤੋਂ 500 ਰੁਪਏ ਤੱਕ ਅਦਾ ਕਰ ਰਿਹਾ ਸੀ ਪਰ ਐਨ ਨਾਲ ਖੜ੍ਹੀ ਨੀਮ ਸੁਰੱਖਿਆ ਬਲਾਂ ਦੀ ਟੁਕੜੀ ਤਮਾਸ਼ਬੀਨ ਬਣੀ ਹੋਈ ਸੀ। ਹਲਕੇ ਦੇ ਲੋਕਾਂ ਨੇ ਆਪਣਾ ਪ੍ਰਤੀਨਿਧ ਚੁਣਨ ਲਈ ਨਿੱਠ ਕੇ ਵੋਟਾਂ ਪਾਈਆਂ। ਪਿੰਡਾਂ ਵਿਚ 79.44 ਫੀਸਦੀ ਤੇ ਸ਼ਹਿਰ ਵਿਚ 64.09 ਫੀਸਦੀ ਵੋਟਾਂ ਦਾ ਭੁਗਤਾਨ ਹੋਇਆ।

ਮੋਗਾ ਸ਼ਹਿਰ ਦੇ ਗੋਧੇਵਾਲਾ ਪੋਲਿੰਗ ਬੂਥ 'ਤੇ ਸ਼੍ਰੋਮਣੀ ਅਕਾਲੀ ਦੇ ਬੰਦਿਆਂ ਵੱਲੋਂ ਕਬਜ਼ਾ ਕਰਨ ਦਾ ਰੌਲਾ ਵੀ ਪਿਆ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਸ ਬੂਥ 'ਤੇ ਕਬਜ਼ਾ ਨਹੀਂ ਹੋਇਆ ਪਰ ਇਸ ਇਲਾਕੇ ਅੰਦਰ ਹਾਲਤ ਤਣਾਅਪੂਰਨ ਬਣੀ ਰਹੀ।

ਹਲਕੇ ਵਿਚ ਵੋਟਾਂ ਦੇ ਭੁਗਤਾਨ ਦਾ ਅੰਤ ਹੋਣ ਤੱਕ ਧੜੱਲੇ ਨਾਲ ਵੋਟਾਂ ਵਿਕੀਆਂ। ਗਰੀਬਾਂ ਦੀਆਂ ਵੋਟਾਂ ਖਰੀਦਣ ਵਿਚ ਕਾਂਗਰਸ ਨੇ ਵੀ ਜ਼ੋਰ ਲਾਇਆ ਪਰ ਪੈਸਾ ਵੰਡਣ ਪੱਖੋਂ ਉਹ ਹਾਕਮ ਪਾਰਟੀ ਦਾ ਮੁਕਾਬਲਾ ਨਹੀਂ ਕਰ ਸਕੀ। ਦੋਹਾਂ ਪਾਰਟੀਆਂ ਨੇ ਗਰੀਬਾਂ ਦੇ ਘਰਾਂ ਵਿਚ ਭਾਂਡੇ ਤੇ ਹੋਰ ਲੋੜੀਂਦਾ ਸਾਮਾਨ ਵੀ ਵੰਡਿਆ। ਲੰਘੀ ਰਾਤ ਅਕਾਲੀ ਦਲ ਦਾ ਆਗੂ ਨਵਤੇਜ ਸਿੰਘ ਕਾਉਣੀ ਪਿੰਡ ਸੋਸਣ ਵਿਚ ਵੋਟਾਂ ਖਰੀਦਦਾ ਫੜਿਆ ਵੀ ਗਿਆ। ਹਾਕਮ ਪਾਰਟੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ। ਹਲਕੇ ਵਿਚਲੀਆਂ ਡੇਰਾ ਬਿਆਸ ਦੇ ਪੈਰੋਕਾਰਾਂ ਦੀਆਂ ਵੋਟਾਂ ਅਕਾਲੀ ਉਮੀਦਵਾਰ ਜੋਗਿੰਦਰ ਪਾਲ ਜੈਨ ਨੂੰ ਭੁਗਤਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ ਜਦੋਂਕਿ ਡੇਰਾ ਸਿਰਸਾ ਦੀ ਵੋਟ ਵੰਡੇ ਜਾਣ ਦੀ ਖ਼ਬਰਾਂ ਹਨ।

### ਪੌਣੇ ਦੋ ਲੱਖ ਵੋਟਰਾਂ ਦਾ ਫਤਵਾ

ਇਸ ਜ਼ਿਮਨੀ ਚੋਣ ਵਿਚ ਪੌਣੇ ਦੋ ਲੱਖ ਵੋਟਰਾਂ ਨੇ ਫਤਵਾ ਦਿੱਤਾ ਹੈ। ਚੋਣ ਦੌਰਾਨ ਕੁੱਲ 10 ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ ਪਰ ਮੁੱਖ ਮੁਕਾਬਲਾ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਤੇ ਕਾਂਗਰਸੀ ਉਮੀਦਵਾਰ ਵਿਜੇ ਸਾਥੀ ਵਿਚਕਾਰ ਹੀ ਰਿਹਾ। ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਵਕਾਰ ਦਾਅ 'ਤੇ ਲੱਗਿਆ ਹੋਇਆ ਸੀ।

ਜਨਵਰੀ 2012 ਦੀਆਂ ਚੋਣਾਂ ਵਿਚ ਤੀਜੇ ਨੰਬਰ 'ਤੇ ਰਹੇ ਡਾ. ਰਵਿੰਦਰ ਸਿੰਘ ਧਾਲੀਵਾਲ ਵੀ ਸਾਂਝੇ ਮੋਰਚੇ ਵੱਲੋਂ ਇਸ ਜ਼ਿਮਨੀ ਚੋਣ ਵਿਚ ਉਮੀਦਵਾਰ ਸਨ। ਇਸ ਵਿਧਾਨ ਸਭਾ ਹਲਕੇ ਵਿੱਚ ਮੋਗਾ ਸ਼ਹਿਰ ਤੋਂ ਇਲਾਵਾ 46 ਪਿੰਡ ਤੇ ਕੁੱਲ ਇਕ ਲੱਖ 79 ਹਜ਼ਾਰ 448 ਵੋਟਰ ਹਨ ਜਿਨ੍ਹਾਂ ਵਿਚ 94 ਹਜ਼ਾਰ 652 ਪੁਰਸ਼ ਤੇ 84 ਹਜ਼ਾਰ 796 ਮਹਿਲਾ ਵੋਟਰ ਹਨ। ਇਸ ਜ਼ਿਮਨੀ ਲਈ ਚੋਣ 93 ਪੋਲਿੰਗ ਸਟੇਸ਼ਨ ਤੇ 188 ਬੂਥ ਸਨ ਜਿਨ੍ਹਾਂ ਵਿਚੋਂ ਸ਼ਹਿਰ ਦੇ 40 ਤੇ ਪਿੰਡਾਂ ਦੇ 29 ਕੁੱਲ 69 ਬੂਥ ਤੇ 27 ਪੋਲਿੰਗ ਅਤਿ-ਸੰਵੇਦਨਸ਼ੀਲ, 90 ਬੂਥ ਤੇ 47 ਪੋਲਿੰਗ ਸਟੇਸ਼ਨਾਂ ਨੂੰ ਸੰਵੇਦਨਸ਼ੀਲ ਕਿਹਾ ਗਿਆ।

## ਗੁਰਦੁਆਰਾ ਗੁਰੂ ਰਵਿਦਾਸ ਸਭਾ ਵਿਖੇ ਵਿਸ਼ੇਸ਼ ਸਮਾਗਮ 3 ਮਾਰਚ ਨੂੰ

**ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਸਭਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ 3 ਮਾਰਚ ਐਤਵਾਰ ਨੂੰ ਵਿਸ਼ੇਸ਼ ਸਮਾਗਮ ਕੀਤਾ ਜਾ ਰਿਹਾ ਹੈ। ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਕੀਰਤਨ ਦੀਵਾਨ 19 ਫਰਵਰੀ ਤੋਂ ਹੋ ਰਹੇ ਹਨ ਅਤੇ ਇਨ੍ਹਾਂ ਦਾ ਸਿੱਧਾ ਪ੍ਰਸਾਰਣ ਗੈਟ ਪੰਜਾਬੀ ਟੀ ਵੀ ਰਾਹੀਂ ਕੀਤਾ ਜਾ ਰਿਹਾ ਹੈ।



ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਨਿਰਮਲ ਸਿੰਘ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੰਗਲਾ ਸਾਹਿਬ, ਭਾਈ ਅਮਰੀਕ ਸਿੰਘ ਗੁਰਦਾਸਪੁਰ, ਭਾਈ ਜੋਗਾ ਸਿੰਘ ਨਵਾਂ ਸ਼ਹਿਰ, ਭਾਈ ਖੇਮ ਸਿੰਘ ਪ੍ਰੇਮੀ ਪਟਿਆਲਾ, ਭਾਈ ਗੁਰਜੋਤ ਸਿੰਘ ਗੰਗਾਨਗਰ, ਭਾਈ ਗੁਰਦੀਪ ਸਿੰਘ ਸ਼ਾਨ ਯੂ ਕੇ ਅਤੇ ਭਾਈ ਮਨਿੰਦਰ ਸਿੰਘ ਅੰਮ੍ਰਿਤਸਰ ਦੇ ਰਾਗੀ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜ ਰਹੇ ਹਨ। ਇਸ ਤੋਂ ਇਲਾਵਾ ਪੰਥ ਪ੍ਰਸਿਧ ਕਥਾਵਾਚਕ ਭਾਈ ਅਮਰਜੀਤ ਸਿੰਘ ਚੰਡੀਗੜ੍ਹ ਵਾਲੇ ਵਿਸ਼ੇਸ਼ ਤੌਰ 'ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਭਾਈ ਨਿਰਮਲ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਹੈ।

# ਡੇਰਾ ਸ਼ਕਤੀ ਨੇ ਨਿਭਾਇਆ ਅਹਿਮ ਰੋਲ

**ਮੋਗਾ:** ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਲਈ ਹੁਕਮਰਾਨ ਅਕਾਲੀ ਦਲ ਤੇ ਵਿਰੋਧੀ ਪਾਰਟੀ ਕਾਂਗਰਸ ਦੇ ਆਗੂਆਂ ਨੇ ਡੇਰਿਆਂ, ਸੰਤਾਂ-ਸਾਧਾਂ ਤੇ ਧਰਮ ਅਸਥਾਨਾਂ 'ਤੇ ਵਾਰ-ਵਾਰ ਹਾਜ਼ਰੀਆਂ ਲੁਆਈਆਂ। ਇਸ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਜੋਗਿੰਦਰ ਪਾਲ ਜੈਨ ਡੇਰਾ ਬਿਆਸ ਦੇ ਪੈਰੋਕਾਰ ਹਨ। ਇਸੇ ਲਈ ਇਹ ਪ੍ਰਭਾਵ ਆਮ ਰਿਹਾ ਕਿ ਡੇਰਾ ਰਾਧਾਸੁਆਮੀ ਸਤਿਸੰਗ ਬਿਆਸ ਨੇ ਸ੍ਰੀ ਜੈਨ ਦੀ ਮਦਦ ਕੀਤੀ ਪਰ ਕਾਂਗਰਸ ਨੇ ਇਸ ਪ੍ਰਭਾਵ ਨੂੰ ਗ਼ਲਤ ਕਰਾਰ ਦਿੱਤਾ।

ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਦਾ ਕਹਿਣਾ ਹੈ ਕਿ ਉਹ ਡੇਰਾ ਬਿਆਸ ਦੇ ਮੁਖੀ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਸਪਸ਼ਟ ਕੀਤਾ ਸੀ ਕਿ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਕਿਸੇ ਉਮੀਦਵਾਰ ਦੀ ਮਦਦ ਕਰਨ ਲਈ ਨਹੀਂ ਕਿਹਾ। ਇਸ ਸ਼ਹਿਰ ਵਿਚ ਨਾਨਕਸਰ ਸੰਪਰਦਾ ਦੇ ਵੀ ਪੈਰੋਕਾਰ ਹਨ। ਉਨ੍ਹਾਂ ਦੀਆਂ ਵੋਟਾਂ ਹਾਸਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਨਾਨਕਸਰ, ਬੱਧਨੀ ਕਲਾਂ ਤੇ ਸਮਾਧ ਭਾਈ ਵਿਖੇ ਨਾਨਕਸਰ ਸੰਪਰਦਾ ਦੇ ਮੁਖੀਆਂ ਕੋਲ ਹਾਜ਼ਰੀ ਲੁਆਈ। ਇਸ ਤੋਂ ਇਲਾਵਾ ਪਿੰਡ ਦੌਧਰ ਵਿਖੇ ਸੰਤ ਗਿਆਰਵੀਂ ਵਾਲੇ, ਸੰਤ ਜਗਜੀਤ ਸਿੰਘ ਲੋਪੋ, ਬਾਬਾ ਤੇਗਾ ਸਿੰਘ ਚੰਦ ਪੁਰਾਣਾ ਦੇ ਮੁਖੀ ਬਾਬਾ ਗੁਰਦੀਪ ਸਿੰਘ, ਸਲੀਣਾ 'ਚ ਬਾਬਾ ਗੁਰਜੰਟ ਸਿੰਘ ਕੋਲ ਵੀ ਸਿਆਸੀ ਆਗੂਆਂ ਦਾ ਗੇੜਾ ਲੱਗਾ ਰਿਹਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਿੰਡ ਬੁੱਕਣਵਾਲਾ ਤੇ ਮੋਠਾਂਵਾਲੀ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰਨ ਪੁੱਜੇ ਤਾਂ ਉਥੇ ਕਿਸੇ ਆਗੂ ਨੇ ਪਿੰਡ ਵਿਚ ਡੇਰਾ ਚਲਾ ਰਹੇ ਬਾਬੇ ਦੀ ਸਿਫਤ ਕਰ ਦਿੱਤੀ। ਇਸ 'ਤੇ ਮੁੱਖ ਮੰਤਰੀ ਨੇ ਉਸੇ ਵੇਲੇ ਬਾਬੇ ਕੋਲੋਂ ਅਸ਼ੀਰਵਾਦ ਹਾਸਲ ਕੀਤਾ। ਸਿਆਸੀ ਆਗੂ ਇੱਥੇ ਡੇਰਾ ਬਿਆਸ ਤੇ ਡੇਰਾ ਸਿਰਸਾ ਦੇ ਮੁਖੀਆਂ ਦਾ ਸਮਰਥਨ ਲੈਣ ਦੀ ਦੌੜ ਵਿਚ ਲੱਗੇ ਰਹੇ। ਦੋਵਾਂ ਡੇਰਿਆਂ ਦਾ ਇਥੇ ਚੰਗਾ ਆਧਾਰ ਹੈ। ਫਰਵਰੀ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਅਕਾਲੀ-ਭਾਜਪਾ ਸਰਕਾਰ ਬਣ ਗਈ ਸੀ ਪਰ ਡੇਰਿਆਂ ਦਾ ਅਸ਼ੀਰਵਾਦ ਕਾਂਗਰਸ ਨੂੰ ਮਿਲਣ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਮਾਲਵੇ ਖਿੱਤੇ ਵਿਚ ਸਫਾਇਆ ਹੋ ਗਿਆ ਸੀ।

ਇਸ ਤੋਂ ਬਾਅਦ ਸਾਰੀਆਂ ਸਿਆਸੀ ਪਾਰਟੀਆਂ ਚੋਣਾਂ ਦੌਰਾਨ ਡੇਰਿਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਹਰੇਕ ਹੀਲਾ ਵਰਤਦੀਆਂ ਆ ਰਹੀਆਂ ਹਨ। ਉਂਜ, ਹੁਣ ਪਹਿਲਾਂ ਵਾਂਗ ਡੇਰਿਆਂ ਨੇ ਸ਼ਰ੍ਹੇਆਮ ਕਿਸੇ ਵਿਸ਼ੇਸ਼ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਦੀ ਥਾਂ ਖਾਮੋਸ਼ ਰਹਿਣ ਦੀ ਨੀਤੀ ਅਪਨਾਈ ਰੱਖੀ।

## ਅਣਪਛਾਤੇ ਵਿਅਕਤੀ ਵਲੋਂ ਹਮਲੇ 'ਚ ਸਿੱਖ ਜ਼ਖ਼ਮੀ

**ਡੇਅਟਨ ਬੀਚ, ਫਲੋਰਿਡਾ (ਬਿਊਰੋ):** ਇਥੇ ਡੇਨਲਾਅਟਨ ਐਵਨਿਊ ਬਰਿਜ ਉਪਰ ਕਿਸੇ ਅਣਪਛਾਤੇ ਵਿਅਕਤੀ ਨੇ ਗੋਲੀਆਂ ਚਲਾ ਕੇ 46 ਸਾਲਾ ਸਿੱਖ ਕੰਵਲਜੀਤ ਸਿੰਘ ਨੂੰ ਜ਼ਖ਼ਮੀ ਕਰ ਦਿਤਾ। ਕੰਵਲਜੀਤ ਸਿੰਘ ਰਾਤ ਸਮੇਂ ਆਪਣ 13 ਸਾਲਾ ਪੁੱਤਰ ਦੇ ਨਾਲ ਫੋਰਡ ਫੋਕਸ ਗਡੀ ਵਿਚ ਜਾ ਰਿਹਾ ਸੀ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਦੇ ਬਰਾਬਰ ਗਡੀ ਲਿਆ ਕੇ ਉਸ ਉਪਰ ਗੋਲੀਆਂ ਚਲਾ ਦਿਤੀਆਂ। ਬੱਚੇ ਦਾ ਕਿਸੇ ਨੁਕਸਾਨ ਤੋਂ ਬਚਾ ਹੋ ਗਿਆ। ਜਦੋਂਕਿ ਕਮਲਜੀਤ ਸਿੰਘ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਅਨੁਸਾਰ ਹਮਲਾਵਰ ਦੀ ਤਲਾਸ਼ ਕੀਤੀ ਜਾ ਰਹੀ ਹੈ ਪਰ ਅਜੇ ਤਕ ਕੋਈ ਸੂਹ ਨਹੀਂ ਮਿਲੀ। ਸਿੱਖ ਜਥੇਬੰਦੀਆਂ ਸੈਲਡੇਫ ਅਤੇ ਸਿੱਖ ਕੋਲੀਸ਼ਨ ਨੇ ਇਸ ਹਮਲੇ ਨੂੰ ਨਸਲਵਾਦੀ ਹਮਲਾ ਕਰਾਰ ਦਿੰਦਿਆਂ ਇਸ ਦੀ ਹੇਟ ਕਰਾਈਮ ਵਜੋਂ ਪੜਤਾਲ ਕੀਤੇ ਜਾਣ ਦੀ ਮੰਗ ਕੀਤੀ ਹੈ। ਜਥੇਬੰਦੀਆਂ ਅਨੁਸਾਰ ਇਹ ਹਮਲਾ ਜ਼ਾਹਰਾ ਤੌਰ 'ਤੇ ਨਸਲੀ ਨਫਰਤ ਦਾ ਨਤੀਜਾ ਹੀ ਗਿਣਿਆ ਜਾ ਸਕਦਾ ਹੈ।

# ਸੁਭਾਨਪੁਰ ਨੂੰ ਅਕਾਲੀ ਦਲ ਅਮਰੀਕਾ ਬਾਰੇ ਫੈਸਲੇ ਲੈਣ ਦਾ ਹੱਕ ਨਹੀਂ-ਬਾਠ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਬਾਠ ਅਤੇ ਜਨਰਲ ਸਕੱਤਰ ਮਲਕੀਤ ਸਿੰਘ ਸੁਰੀਂਹ ਨੇ ਸ਼੍ਰੋਮਣੀ ਅਕਾਲੀ ਦਲ ਨਿਊ ਯਾਰਕ ਦੇ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ ਦੇ ਹਵਾਲੇ ਨਾਲ ਛਪੀ ਉਸ ਖਬਰ ਦਾ ਗੰਭੀਰ ਨੋਟਿਸ ਲਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ। ਪਾਰਟੀ ਇਕਾਈ ਦੀ ਇਕ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਬਿਆਨ ਵਿਚ ਸ. ਬਾਠ ਅਤੇ ਸ. ਸੁਰੀਂਹ ਨੇ ਕਿਹਾ ਹੈ ਕਿ ਸ. ਸੁਭਾਨਪੁਰ ਸਿਰਫ ਨਿਊ ਯਾਰਕ ਇਕਾਈ ਦੇ ਪ੍ਰਧਾਨ ਹਨ ਤੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੀ ਮੀਟਿੰਗ ਸੱਦਣ ਦਾ ਕੋਈ ਹੱਕ ਨਹੀਂ ਹੈ।

ਦੋਹਾਂ ਆਗੂਆਂ ਨੇ ਸ. ਸੁਭਾਨਪੁਰ ਦੇ ਉਸ ਬਿਆਨ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸ. ਮੋਹਨ ਸਿੰਘ ਖੱਟੜਾ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਆਫੀਸ਼ੀਏਟਿੰਗ ਪ੍ਰਧਾਨ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਗੱਲ ਬਿਲਕੁਲ ਪ੍ਰਵਾਨ ਨਹੀਂ ਅਤੇ ਇਸ ਸਬੰਧੀ ਹਾਈ ਕਮਾਨ ਨਾਲ ਵੀ ਗੱਲ ਹੋ ਚੁਕੀ ਹੈ। ਅਜਿਹੇ ਫੈਸਲੇ ਕਰਨ ਦਾ ਹੱਕ ਸਿਰਫ ਸ. ਸੁਰਜੀਤ ਸਿੰਘ ਰੱਖੜਾ ਜਾਂ ਐਨ ਆਰ ਆਈ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਨੂੰ ਜਾਂ ਫਿਰ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਹੈ।

ਸ. ਬਾਠ ਤੇ ਸ. ਸੁਰੀਂਹ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਕਿਸੇ ਨੂੰ ਵੀ ਪਾਰਟੀ ਸਬੰਧੀ ਮਨਮਾਨੀਆਂ ਨਹੀਂ ਕਰਨ ਦਿੱਤੀਆਂ ਜਾਣਗੀਆਂ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਸਲਾਹ ਨਾਲ ਹੀ ਕੋਈ ਵੀ ਫੈਸਲਾ ਲਿਆ ਜਾਵੇਗਾ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਮੀਤ ਪ੍ਰਧਾਨ ਅਮਰੀਕਾ ਗੁਰਪ੍ਰੀਤ ਸਿੰਘ ਵੜੈਚ, ਡਾ. ਸੁਬੇਗ ਸਿੰਘ ਵਿਰਕ, ਅਜੈਬ ਸਿੰਘ, ਅਮਰੀਕ ਸਿੰਘ ਸਚਦੇਵਾ, ਸ਼ਮਸ਼ੇਰ ਸਿੰਘ ਬਾਠ, ਸੁਖਦੇਵ ਸਿੰਘ ਅਬਲੋਵਾਲ, ਨਿਰਮਲ ਸਿੰਘ ਕੰਗ, ਗੁਰਬਚਨ ਸਿੰਘ ਤਲਵੰਡੀ, ਨਿਰਮਲ ਸਿੰਘ ਮੋਗਾ, ਜੋਗਿੰਦਰ ਸਿੰਘ, ਕੁਲਬੀਰ ਸਿੰਘ ਬਾਸੀ, ਹਰਵਿੰਦਰ ਸਿੰਘ ਸ਼ਾਰਕੋਟ, ਦਰਸ਼ਨ ਸਿੰਘ, ਮਨਜੀਤ ਸਿੰਘ, ਨਿਰੰਜਣ ਸਿੰਘ ਮੰਡ, ਸੁਖਦੇਵ ਸਿੰਘ ਜਲੰਧਰ, ਦਲੀਪ ਸਿੰਘ ਸ਼ੇਰਗੜ੍ਹ, ਸਤਨਾਮ ਸਿੰਘ, ਨਰਿੰਦਰ ਸਿੰਘ ਨੰਬਰਦਾਰ ਲਤਾਲਾ, ਬਲਵੰਤ ਸਿੰਘ, ਰਘਬੀਰ ਸਿੰਘ, ਲਖਵਿੰਦਰ ਸਿੰਘ ਘੁੰਮਣ, ਬੂਟਾ ਸਿੰਘ ਚੀਮਾ ਅਤੇ ਬਲਵਿੰਦਰ ਸਿੰਘ ਸ਼ਾਮਲ ਹੋਏ।

## ਮਦਦ ਦੀ ਅਪੀਲ

ਇਕ ਗਿਆਰਾਂ ਸਾਲਾਂ ਦੀ ਮਾਸੂਮ ਬਾਲੜੀ ਸੀਮਾ ਪੁੱਤਰੀ ਜਗਤਾਰ, ਪਿੰਡ ਪੂਰਨ ਪੁਰ, ਜ਼ਿਲ੍ਹਾ ਜਲੰਧਰ ਇਸ ਸਮੇਂ ਗਰੀਬੀ ਦੀ ਹਾਲਤ ਨਾਲ ਜੂਝ ਰਹੇ ਪਰਿਵਾਰ 'ਚ ਮੌਤ ਨਾਲ ਲੜ



ਸੀਮਾ

ਰਹੀ ਹੈ। ਇਸ ਮਾਸੂਮ ਬੱਚੀ ਨੂੰ ਗੁਰਦਿਆਂ ਦਾ ਕੈਂਸਰ ਹੈ ਤੇ ਲਾਜਵੰਤੀ ਹਸਪਤਾਲ, ਜਲੰਧਰ ਵਿਚ ਇਸ ਵੇਲੇ ਜੇਰੇ ਇਲਾਜ ਹੈ।

ਇਸ ਦੇ ਇਲਾਜ ਲਈ ਤਕਰੀਬਨ 3 ਲੱਖ ਰੁਪਏ ਚਾਹੀਦੇ ਹਨ। ਦਾਨੀ ਤੇ ਹਮਦਰਦ ਸੱਜਣ ਇਸ ਮਾਸੂਮ ਬੱਚੀ ਦੀ ਜਾਨ ਬਚਾਉਣ ਲਈ ਇਸ ਪਰਿਵਾਰ ਦਾ ਸਹਿਯੋਗ ਕਰਨ ਤਾਂ ਉਪਰ ਵਾਲਾ ਵੀ ਸ਼ਾਇਦ ਇਸ ਬੱਚੀ ਦੀ ਸੁਣ ਲਵੇ। ਮਦਦ ਲਈ ਫੋਨ 510-909-5345 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਪੁਲਿਸ ਡੇਰਾ ਮੁਖੀ ਦੀ ਪੇਸ਼ੀ ਟਾਲਣ ਵਿਚ ਸਫਲ

**ਬਠਿੰਡਾ:** ਪੰਜਾਬ ਪੁਲਿਸ ਦੀ ਅਪੀਲ 'ਤੇ ਸਥਾਨਕ ਅਦਾਲਤ ਵੱਲੋਂ ਡੇਰਾ ਸਿਰਸਾ ਮੁਖੀ ਦੀ ਪੇਸ਼ੀ ਅੱਗੇ ਪਾ ਦਿੱਤੀ ਗਈ ਹੈ। ਅਦਾਲਤ ਨੇ ਡੇਰਾ ਮੁਖੀ ਨੂੰ 22 ਫਰਵਰੀ ਨੂੰ ਬਠਿੰਡਾ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ ਪਰ ਹੁਣ ਇਹ ਤਾਰੀਖ ਛੇ ਅਪਰੈਲ ਤੈਅ ਕਰ ਦਿੱਤੀ ਗਈ ਹੈ। ਡੇਰਾ ਮੁਖੀ ਦੀ ਸਾਢੇ ਪੰਜ ਵਰ੍ਹਿਆਂ ਮਗਰੋਂ ਪੰਜਾਬ ਵਿਚ ਇਹ ਪਹਿਲੀ ਫੇਰੀ ਹੋਵੇਗੀ।

ਜ਼ਿਲ੍ਹਾ ਪੁਲਿਸ ਕਪਤਾਨ ਵੱਲੋਂ ਜ਼ਿਲ੍ਹਾ ਅਟਾਰਨੀ ਰਾਹੀਂ ਹੀ ਅਦਾਲਤ ਵਿਚ ਦਰਖਾਸਤ ਦਿੱਤੀ ਗਈ ਸੀ ਕਿ ਡੇਰਾ ਸਿਰਸਾ ਦੇ ਮੁਖੀ ਦੀ ਨਿੱਜੀ ਪੇਸ਼ੀ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ ਤੇ ਬੰਦੋਬਸਤ ਕਰਨ ਵਾਸਤੇ ਕੁਝ ਸਮਾਂ ਚਾਹੀਦਾ ਹੈ। ਜ਼ਿਲ੍ਹਾ ਪੁਲਿਸ ਨੇ ਟੇਢੇ ਢੰਗ ਨਾਲ ਡੇਰਾ ਮੁਖੀ ਦੀ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਸੀ ਪਰ ਲਿਖਤੀ ਰੂਪ ਵਿਚ ਇਹ ਕਿਧਰੇ ਜ਼ਿਕਰ ਨਹੀਂ ਕੀਤਾ ਗਿਆ ਸੀ। ਥਾਣਾ ਕੋਤਵਾਲੀ ਵਿਚ ਡੇਰਾ ਮੁਖੀ ਵਿਰੁੱਧ 20 ਮਈ, 2007 ਨੂੰ ਧਾਰਾ 295 ਏ ਤਹਿਤ ਪੁਲਿਸ ਕੇਸ ਦਰਜ ਹੋਇਆ ਸੀ ਜਿਸ ਬਾਰੇ ਉਨ੍ਹਾਂ ਨੂੰ ਅਦਾਲਤ ਨੇ 22 ਫਰਵਰੀ ਲਈ ਨਿੱਜੀ ਤੌਰ 'ਤੇ ਤਲਬ ਕੀਤਾ ਸੀ।

ਚੀਫ ਜੁਡੀਸ਼ੀਅਲ ਮੈਜਿਸਟਰੇਟ ਹਰਜੀਤ ਸਿੰਘ ਦੀ ਅਦਾਲਤ ਨੇ 2 ਅਪਰੈਲ ਨੂੰ ਡੇਰਾ ਮੁਖੀ ਨੂੰ ਹੁਕਮ ਦਿੱਤਾ ਸੀ ਕਿ ਉਹ 11 ਮਈ ਨੂੰ ਬਠਿੰਡਾ ਅਦਾਲਤ ਵਿਚ ਪੇਸ਼ ਹੋਵੇ ਪਰ ਮਗਰੋਂ ਡੇਰਾ ਸਿਰਸਾ ਵੱਲੋਂ ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚ ਰੀਵਿਊ ਪਟੀਸ਼ਨ ਪਾ ਦਿੱਤੀ ਗਈ ਸੀ ਜਿਸ 'ਤੇ ਸੁਣਵਾਈ ਮਗਰੋਂ ਚੀਫ ਜੁਡੀਸ਼ੀਅਲ ਮੈਜਿਸਟਰੇਟ ਦਾ ਫੈਸਲਾ ਸਟੇਅ ਕਰ ਦਿੱਤਾ ਗਿਆ ਸੀ। ਹੁਣ ਐਡੀਸ਼ਨਲ ਸੈਸ਼ਨ ਜੱਜ ਬਠਿੰਡਾ ਨੇ ਅੱਠ ਫਰਵਰੀ 2013 ਨੂੰ ਰੀਵਿਊ ਪਟੀਸ਼ਨ ਖਾਰਜ ਕਰ ਦਿੱਤੀ ਸੀ। ਇਸ ਮਗਰੋਂ ਹੀ ਅਦਾਲਤ ਨੇ ਡੇਰਾ ਮੁਖੀ ਨੂੰ 22 ਫਰਵਰੀ ਲਈ ਤਲਬ ਕੀਤਾ ਸੀ। ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਨੇ ਅਦਾਲਤੀ ਫੈਸਲੇ ਮਗਰੋਂ ਕਾਫ਼ੀ ਰਾਹਤ ਮਹਿਸੂਸ ਕੀਤੀ ਹੈ।

ਨਿੱਜੀ ਪੇਸ਼ੀ ਤੋਂ ਛੋਟ ਮਿਲਣ ਕਰਕੇ ਡੇਰਾ ਮੁਖੀ ਬਠਿੰਡਾ ਅਦਾਲਤ ਵਿਚ ਪੇਸ਼ ਨਾ ਹੋਏ। ਡੇਰਾ ਸਿਰਸਾ ਦੇ ਐਡਵੋਕੇਟ ਐਸ.ਕੇ ਗਰਗ ਤੇ ਐਡਵੋਕੇਟ ਕੇਵਲ ਸਿੰਘ ਅਦਾਲਤ ਵਿਚ ਪੇਸ਼ ਹੋਏ। ਡੇਰਾ ਸਿਰਸਾ ਦੀ ਧਿਰ ਵੱਲੋਂ ਅਦਾਲਤ ਵਿਚੋਂ ਵਿਸਾਖੀ ਮਗਰੋਂ ਦੀ ਪੇਸ਼ੀ ਲਈ ਮੰਗ ਕੀਤੀ ਗਈ ਸੀ। ਡੇਰਾ ਸਿਰਸਾ ਦੇ ਮੁਖੀ ਦੇ ਕੇਸ ਵਿਚ ਮੁਦਈ ਰਜਿੰਦਰ ਸਿੰਘ ਸਿੱਧੂ ਗੈਰਹਾਜ਼ਰ ਰਹੇ।

ਮੁਦਈ ਦੇ ਐਡਵੋਕੇਟ ਜਤਿੰਦਰ ਰਾਏ ਖੱਟੜ ਨੇ ਅਦਾਲਤ ਵਿਚ ਡੇਰਾ ਮੁਖੀ ਦੀ ਪੇਸ਼ੀ ਲਈ ਲੰਮੀ ਤਾਰੀਖ ਮੰਗੇ ਜਾਣ ਦਾ ਵਿਰੋਧ ਨਹੀਂ ਕੀਤਾ। ਜ਼ਿਲ੍ਹਾ ਅਦਾਲਤ ਨੇ 2 ਅਪਰੈਲ ਨੂੰ ਮੁਦਈ ਰਜਿੰਦਰ ਸਿੰਘ ਸਿੱਧੂ ਨੂੰ ਗਵਾਹਾਂ ਦੀ ਸੂਚੀ ਦੇਣ ਵਾਸਤੇ ਆਖਿਆ ਸੀ ਪਰ ਉਸ ਨੇ ਅਦਾਲਤ ਵਿਚ ਪੇਸ਼ ਹੋਣ ਤੋਂ ਹੀ ਟਾਲਾ ਵੱਟਿਆ। ਮੁਦਈ ਧਿਰ ਵੱਲੋਂ ਜਸਪਾਲ ਸਿੰਘ ਮੰਝਪੁਰ ਤੇ ਬਾਬਾ ਹਰਦੀਪ ਸਿੰਘ ਮਹਿਰਾਜ ਅਦਾਲਤ ਵਿਚ ਪੇਸ਼ ਹੋਏ।

# ਸ੍ਰੀ ਹਰਿਮੰਦਰ ਸਾਹਿਬ ਨੇੜਲੇ ਹੋਟਲਾਂ 'ਤੇ ਕਸਿਆ ਸ਼ਿਕੰਜਾ

**ਅੰਮ੍ਰਿਤਸਰ:** ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਗਰ ਨਿਗਮ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਬਣੇ ਹੋਟਲਾਂ ਦੇ ਕੀਤੇ ਗਏ ਸਰਵੇਖਣ ਤੋਂ ਬਾਅਦ ਵੱਡੀ ਗਿਣਤੀ ਹੋਟਲ ਮਾਲਕਾਂ ਵੱਲੋਂ ਤੈਅ ਨਿਯਮਾਂ ਦੀ ਪਾਲਣਾ ਨਾ ਕੀਤੇ ਜਾਣ ਕਾਰਨ ਇਹ ਹੋਟਲ ਸੰਕਟ ਦੇ ਘੇਰੇ ਵਿਚ ਆ ਗਏ ਹਨ। ਨਗਰ ਨਿਗਮ ਵੱਲੋਂ ਇਸ ਬਾਰੇ ਤਕਰੀਬਨ ਸੌ ਹੋਟਲਾਂ ਦੀਆਂ ਇਮਾਰਤਾਂ ਦੇ ਉਸਾਰੀ ਕਾਰਜ ਨੂੰ ਰੋਕ ਦਿੱਤਾ ਗਿਆ ਹੈ ਤੇ ਤਕਰੀਬਨ 100 ਤੋਂ ਵੱਧ ਹੋਟਲਾਂ ਦੇ ਮਾਲਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਕਿ ਉਹ ਹੋਟਲ ਜਾਂ ਸਰਾਵਾਂ ਚਲਾਉਣ ਬਾਰੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ। ਇਸ ਬਾਰੇ ਸਮੁੱਚੀ ਰਿਪੋਰਟ ਨਗਰ ਨਿਗਮ ਵੱਲੋਂ ਅਗਲੇ ਮਹੀਨੇ ਹਾਈ ਕੋਰਟ ਅੱਗੇ ਪੇਸ਼ ਕੀਤੀ ਜਾਵੇਗੀ।

**ਤਕਰੀਬਨ 100 ਹੋਟਲਾਂ ਦੇ ਮਾਲਕਾਂ ਨੂੰ ਨੋਟਿਸ**

**ਹਾਈ ਕੋਰਟ ਵਿਚ ਰਿਪੋਰਟ ਅਗਲੇ ਮਹੀਨੇ**

ਜ਼ਿਕਰਯੋਗ ਹੈ ਕਿ ਹਾਈ ਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕਰਕੇ ਸ਼ਿਕਾਇਤ ਕੀਤੀ ਗਈ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਖੁੰਭਾਂ ਵਾਂਗ ਬਣੇ ਹੋਟਲਾਂ ਤੇ ਸਰਾਵਾਂ ਦੇ ਮਾਲਕਾਂ ਵੱਲੋਂ ਤੈਅ ਨਿਯਮਾਂ ਅਨੁਸਾਰ ਇਨ੍ਹਾਂ ਨੂੰ ਨਹੀਂ ਬਣਾਇਆ ਗਿਆ ਹੈ ਜੋ ਕਾਨੂੰਨ ਦੀ ਉਲੰਘਣਾ ਹੈ। 50 ਤੋਂ 100 ਗਜ ਤੇ ਇਸ ਤੋਂ ਕੁਝ ਵਧੇਰੇ ਥਾਂ ਵਿਚ ਬਣੇ ਇਨ੍ਹਾਂ ਹੋਟਲਾਂ ਕੋਲ ਵਾਹਨ ਖੜ੍ਹੇ ਕਰਨ ਲਈ ਢੁਕਵੀਂ ਪਾਰਕਿੰਗ ਨਹੀਂ ਹੈ, ਅੱਗ ਲੱਗਣ ਜਾਂ ਹੋਰ ਕੁਦਰਤੀ ਆਫਤ ਆਉਣ ਦੀ ਹੰਗਾਮੀ ਹਾਲਤ ਵਿਚ ਬਚਾਅ ਲਈ ਢੁਕਵੇਂ ਪ੍ਰਬੰਧ ਨਹੀਂ ਹਨ ਤੇ ਨਾ ਹੀ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਲਈ ਢੁਕਵੀਂ ਥਾਂ ਹੈ। ਮਨੁੱਖੀ ਅਧਿਕਾਰ ਸੰਸਥਾ ਨਾਲ ਜੁੜੇ ਅੰਮ੍ਰਿਤਸਰ ਵਾਸੀ ਸਰਬਜੀਤ ਸਿੰਘ ਨੇ ਸੂਚਨਾ ਅਧਿਕਾਰ ਐਕਟ ਹੇਠ ਨਗਰ ਨਿਗਮ ਕੋਲੋਂ ਜਾਣਕਾਰੀ ਪ੍ਰਾਪਤ ਕੀਤੀ ਸੀ ਜਿਸ ਮੁਤਾਬਕ ਤਕਰੀਬਨ 115 ਹੋਟਲ ਤੇ ਸਰਾਵਾਂ ਗੈਰ ਕਾਨੂੰਨੀ ਢੰਗ ਨਾਲ ਬਣੇ ਹੋਏ ਹਨ ਤੇ ਉਨ੍ਹਾਂ ਵੱਲੋਂ ਲੋੜੀਂਦੇ ਨਿਯਮਾਂ ਨੂੰ ਪੂਰਾ ਨਹੀਂ ਕੀਤਾ ਗਿਆ। ਇਨ੍ਹਾਂ ਹੋਟਲਾਂ ਵਿਚ ਪਾਰਕਿੰਗ ਲਈ ਥਾਂ ਨਹੀਂ ਹੈ ਤੇ ਹੋਰ ਨਿਯਮ ਵੀ ਅਧੂਰੇ ਹਨ। ਇਨ੍ਹਾਂ ਵਿਚੋਂ ਕਈ ਹੋਟਲ ਸਿਰਫ 50 ਤੋਂ 100 ਗਜ ਵਿਚ ਹਨ ਤੇ ਇਸ ਉਪਰ ਪੰਜ ਤੋਂ ਛੇ ਮੰਜ਼ਲਾ ਇਮਾਰਤਾਂ ਬਣੀਆਂ ਹੋਈਆਂ ਹਨ। ਇਹ ਰਿਹਾਇਸ਼ੀ ਇਮਾਰਤਾਂ ਵਿਚ ਬਣੇ ਹੋਏ ਹਨ ਤੇ ਇਨ੍ਹਾਂ ਦੀ ਵਪਾਰਕ ਵਰਤੋਂ ਬਾਰੇ ਪ੍ਰਵਾਨਗੀ ਵੀ ਨਹੀਂ ਪ੍ਰਾਪਤ ਕੀਤੀ ਹੋਈ ਹੈ।

ਇਸੇ ਤਰ੍ਹਾਂ ਫਾਇਰ ਬ੍ਰਿਗੇਡ ਵਿਭਾਗ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਵਿਭਾਗ ਕੋਲੋਂ 'ਇਤਰਾਜ਼ ਨਹੀਂ ਹੈ' ਦੇ ਸਰਟੀਫਿਕੇਟ ਵੀ ਪ੍ਰਾਪਤ ਨਹੀਂ ਕੀਤੇ ਗਏ ਹਨ। ਨਗਰ ਨਿਗਮ ਦੇ ਅਧਿਕਾਰੀ ਨੇ ਦੱਸਿਆ ਕਿ 100 ਤੋਂ ਵੱਧ ਹੋਟਲਾਂ ਨੂੰ ਨੋਟਿਸ ਭੇਜੇ ਹਨ ਤੇ ਕਈਆਂ ਦੇ ਉਸਾਰੀ ਕਾਰਜ ਵੀ ਰੁਕਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਰਵੇਖਣ ਦੀ ਰਿਪੋਰਟ ਅਗਲੇ ਮਹੀਨੇ ਹਾਈ ਕੋਰਟ ਭੇਜੀ ਜਾਵੇਗੀ।

ਹੋਟਲ ਤੇ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਆਖਿਆ ਕਿ ਨਗਰ ਨਿਗਮ ਨੇ ਅਚਨਚੇਤੀ ਹੋਟਲ ਤੇ ਸਰਾਂਵਾਂ ਚਲਾਉਣ ਲਈ ਨਵੇਂ ਨਿਯਮ ਥੋਪ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਹੋਟਲ ਮਾਲਕਾਂ ਵੱਲੋਂ ਨਗਰ ਨਿਗਮ ਨੂੰ ਵੱਖ-ਵੱਖ ਤਰ੍ਹਾਂ ਦੇ ਟੈਕਸ ਅਦਾ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਕਮਰਸ਼ੀਅਲ, ਕਨਜ਼ਰਵੇਂਸੀ ਤੇ ਲਗਜ਼ਰੀ ਟੈਕਸ ਵੀ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਨਗਰ ਨਿਗਮ ਵੱਲੋਂ ਇਹ ਟੈਕਸ ਪ੍ਰਾਪਤ ਕਰਨ ਮਗਰੋਂ ਹੋਟਲ ਮਾਲਕਾਂ ਨੂੰ ਇਸ ਦੀ ਰਸੀਦ ਦਿੱਤੀ ਜਾਂਦੀ ਹੈ ਜਿਸ ਤੋਂ ਸਪੱਸ਼ਟ ਹੈ ਕਿ ਨਗਰ ਨਿਗਮ ਵੱਲੋਂ ਇਨ੍ਹਾਂ ਹੋਟਲਾਂ ਨੂੰ ਪ੍ਰਵਾਨਗੀ ਪ੍ਰਾਪਤ ਹੈ ਪਰ ਹੁਣ ਕਿਸ ਆਧਾਰ 'ਤੇ ਨਗਰ ਨਿਗਮ ਵੱਲੋਂ ਇਨ੍ਹਾਂ ਹੋਟਲਾਂ 'ਤੇ ਇਤਰਾਜ਼ ਉਠਾਏ ਜਾ ਰਹੇ ਹਨ।

# 'ਸਾਕਾ ਨੀਲਾ ਤਾਰਾ' ਸਿਆਸੀ ਫੈਸਲਾ ਕਰਾਰ

**ਅੰਮ੍ਰਿਤਸਰ:** ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤਾ ਗਿਆ ਫੌਜੀ ਹਮਲਾ 'ਸਾਕਾ ਨੀਲਾ ਤਾਰਾ' ਇਕ ਸਿਆਸੀ ਫੈਸਲਾ ਸੀ ਤੇ ਤਤਕਾਲੀ ਫੌਜ ਮੁਖੀ ਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਸੀ। ਇਹ ਦਾਅਵਾ ਭਾਰਤੀ ਥਲ ਸੈਨਾ ਦੇ ਸਾਬਕਾ ਫ਼ੌਜ ਮੁਖੀ ਤੇ ਸਮਾਜ ਸੇਵੀ ਅੰਨਾ ਹਜ਼ਾਰੇ ਵੱਲੋਂ ਸ਼ੁਰੂ ਕੀਤੀ ਲੋਕ ਲਹਿਰ ਦੇ ਮੈਂਬਰ ਜਨਰਲ ਵੀ.ਕੇ ਸਿੰਘ ਨੇ ਕੀਤਾ ਹੈ।

**ਫੌਜ ਨੇ ਪ੍ਰਗਟਾਈ ਸੀ ਅਸਹਿਮਤੀ**

ਇਥੇ ਅੰਨਾ ਹਜ਼ਾਰੇ ਵੱਲੋਂ 31 ਮਾਰਚ ਨੂੰ ਅੰਮ੍ਰਿਤਸਰ ਤੋਂ ਸ਼ੁਰੂ ਕੀਤੀ ਜਾ ਰਹੀ ਭਾਰਤ ਯਾਤਰਾ ਬਾਰੇ ਸਥਾਨਕ ਆਗੂਆਂ ਨਾਲ ਤਾਲਮੇਲ ਲਈ ਆਏ ਜਨਰਲ ਵੀ.ਕੇ. ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਵੀ ਟੇਕਿਆ। ਜਨਰਲ ਵੀ.ਕੇ. ਸਿੰਘ ਭਾਵੇਂ ਉਸ ਵੇਲੇ ਭਾਰਤੀ ਫ਼ੌਜ ਵਿਚ ਮੇਜਰ ਦੇ ਅਹੁਦੇ 'ਤੇ ਤਾਇਨਾਤ ਸਨ ਪਰ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪਤਾ ਹੈ ਕਿ ਤਤਕਾਲੀ ਫੌਜੀ ਮੁਖੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜੀ ਹਮਲਾ ਕਰਨ ਦੇ ਸਿਆਸੀ ਫੈਸਲੇ ਨਾਲ ਆਪਣੀ ਅਸਹਿਮਤੀ ਪ੍ਰਗਟਾਈ ਸੀ ਪਰ ਉਹ ਨੌਕਰੀ ਦੌਰਾਨ ਇਸ ਹੁਕਮ ਦੀ ਪਾਲਣਾ ਕਰਨ ਲਈ ਮਜਬੂਰ ਸਨ।



ਤਤਕਾਲੀ ਫ਼ੌਜ ਮੁਖੀ ਜਨਰਲ ਵੀ.ਕੇ. ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਿਆ।

ਭਾਰਤੀ ਫੌਜ ਦੇ ਸਿਧਾਂਤਾਂ ਮੁਤਾਬਕ ਫੌਜ ਆਪਣੇ ਦੇਸ਼ ਵਾਸੀਆਂ ਖ਼ਿਲਾਫ਼ ਅਜਿਹੀ ਕਾਰਵਾਈ ਨਹੀਂ ਕਰਦੀ ਪਰ ਉਦੋਂ ਇਸ ਸਿਆਸੀ ਫੈਸਲੇ ਨੂੰ ਅਮਲ ਵਿਚ ਲਿਆਉਣ ਲਈ ਫੌਜ 'ਤੇ ਜ਼ੋਰ ਪਾਇਆ ਗਿਆ ਸੀ। ਇਸ ਫੈਸਲੇ ਖ਼ਿਲਾਫ਼ ਸਿੱਖ ਭਾਰਤੀ ਫੌਜੀਆਂ ਨੇ ਬਗਾਵਤ ਕਰਦਿਆਂ ਆਪਣੀਆਂ ਬੈਰਕਾਂ ਛੱਡ ਦਿੱਤੀਆਂ ਸਨ। ਇਹ ਫੌਜੀ ਹਮਲਾ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਖਾਲਿਸਤਾਨੀ ਸਮਰਥਕਾਂ ਨੂੰ ਬਾਹਰ ਕੱਢਣ ਲਈ ਕੀਤਾ ਗਿਆ ਸੀ ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਸਨ।

ਹੈਲੀਕਾਪਟਰ ਘੁਟਾਲੇ ਵਿਚ ਫੌਜੀ ਅਧਿਕਾਰੀਆਂ ਦੀ ਭੂਮਿਕਾ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਆਖਿਆ ਕਿ ਅਜਿਹੇ ਸਾਜ਼-ਸਾਮਾਨ ਦੀ ਖਰੀਦ ਵਿਚ ਫੌਜ ਦੀ ਭੂਮਿਕਾ ਨਾਮਾਤਰ ਹੁੰਦੀ ਹੈ। ਫੌਜੀ ਅਧਿਕਾਰੀਆਂ ਵੱਲੋਂ ਸਿਰਫ਼ ਹਥਿਆਰ ਤੇ ਅਜਿਹੇ ਸਾਜ਼-ਸਾਮਾਨ ਦਾ ਪ੍ਰੀਖਣ ਤੇ ਸਮੀਖਿਆ ਕੀਤੀ ਜਾਂਦੀ ਹੈ। ਅਜਿਹੇ ਫੌਜੀ ਮਾਮਲਿਆਂ ਵਿਚ ਭ੍ਰਿਸ਼ਟਾਚਾਰ ਖ਼ਤਮ ਕਰਨ ਬਾਰੇ ਆਪਣਾ ਸੁਝਾਅ ਦਿੰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਖਰੀਦ ਮਾਮਲੇ ਪਾਰਦਰਸ਼ੀ ਹੋਣੇ ਚਾਹੀਦੇ ਹਨ ਤੇ ਇਨ੍ਹਾਂ ਵਿਚ ਵਿਚੋਲਿਆਂ ਦੀ ਭੂਮਿਕਾ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ। ਪਾਕਿਸਤਾਨ ਨਾਲ ਭਾਰਤੀ ਸਬੰਧਾਂ ਬਾਰੇ ਇਕ ਫੌਜੀ ਅਧਿਕਾਰੀ ਦੇ ਨਜ਼ਰੀਏ ਵਜੋਂ ਉਨ੍ਹਾਂ ਆਖਿਆ ਕਿ ਇਸ ਬਾਰੇ ਮੌਜੂਦਾ ਨੀਤੀ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਪਾਕਿਸਤਾਨ 'ਤੇ ਜੰਮੂ ਕਸ਼ਮੀਰ ਵਿਚ ਲੁਕਵੀਂ ਜੰਗ ਕੀਤੇ ਜਾਣ ਦਾ ਦੋਸ਼ ਲਾਇਆ ਹੈ।

# ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਗਾਰਾਂ ਰੁਲੀਆਂ

**ਅੰਮ੍ਰਿਤਸਰ:** ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਬੇਰੁਖ਼ੀ ਸਦਕਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਇਤਿਹਾਸ ਤੇ ਵਿਰਾਸਤੀ ਯਾਦਗਾਰਾਂ ਪਿਛਲੇ ਲੰਬੇ ਸਮੇਂ ਤੋਂ ਤ੍ਰਾਸਦੀ ਦਾ ਸੰਤਾਪ ਭੋਗ ਰਹੀਆਂ ਹਨ। ਮਹਾਰਾਜਾ ਰਣਜੀਤ ਸਿੰਘ ਵੱਲੋਂ ਅੰਮ੍ਰਿਤਸਰ ਵਿਚ ਤਾਮੀਰ ਕਰਵਾਏ ਗਏ ਵਿਰਾਸਤੀ ਸਮਾਰਕਾਂ ਕਿਲ੍ਹਾ ਗੋਬਿੰਦਗੜ੍ਹ, ਰਾਮਬਾਗ਼ (ਕੰਪਨੀ ਬਾਗ), ਬਾਰਾਂਦਰੀ ਪੁਲ ਮੋਰਾਂ ਤੇ ਦਰਵਾਜ਼ਾ ਰਾਮਬਾਗ਼ ਦੀ ਸਾਂਭ-ਸੰਭਾਲ ਪ੍ਰਤੀ ਲੰਮੇ ਸਮੇਂ ਤੋਂ ਪਾਸਾ ਵੱਟਿਆ ਜਾ ਰਿਹਾ ਹੈ ਜਿਸ ਕਰਕੇ ਨਾ ਸਿਰਫ਼ ਇਨ੍ਹਾਂ ਯਾਦਗਾਰਾਂ ਤੇ ਮਹਾਰਾਜਾ ਨਾਲ ਸਬੰਧਤ ਇਤਿਹਾਸ ਨੂੰ ਖੁਰਦ-ਬੁਰਦ ਕੀਤਾ ਜਾ ਰਿਹਾ ਹੈ, ਸਗੋਂ ਸਮਾਰਕਾਂ ਦੇ ਨਵ-ਨਿਰਮਾਣ ਪ੍ਰਤੀ ਵੀ ਬੇਰੁਖ਼ੀ ਵਰਤੀ ਜਾ ਰਹੀ ਹੈ।

ਸਿੱਖ ਰਾਜ ਦੀ ਸ਼ਾਨ ਰਹੇ ਕਿਲ੍ਹਾ ਗੋਬਿੰਦਗੜ੍ਹ ਨੂੰ ਜਿਥੇ ਕਿਲ੍ਹੇ ਦਾ ਨਵ-ਨਿਰਮਾਣ ਕਰਾਉਣ ਵਾਲੇ ਵਿਭਾਗ ਨੇ ਜ਼ਲ੍ਹਿਆਂਵਾਲਾ ਬਾਗ ਕਾਂਡ ਦੇ ਖਲਨਾਇਕ ਜਨਰਲ ਡਾਇਰ ਨਾਲ ਜੋੜ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਇਤਿਹਾਸਕ ਪੱਖੋਂ ਉਨ੍ਹਾਂ ਦੇ ਆਪਣੇ ਹੀ ਬਣਾਏ ਕਿਲ੍ਹੇ ਵਿਚੋਂ ਬਾਹਰ ਕਰ ਦਿੱਤਾ ਹੈ, ਉਥੇ ਮਹਾਰਾਜਾ ਵੱਲੋਂ ਬਣਵਾਏ ਗਏ ਰਾਮਬਾਗ਼ ਵਿਚ ਗਰਮੀਆਂ ਦੇ ਸ਼ਾਹੀ ਮਹਿਲ ਤੇ ਸ਼ਹਿਰ ਦੀ ਸੁਰੱਖਿਆ ਲਈ ਬਣਾਏ 12 ਦਰਵਾਜ਼ਿਆਂ ਵਿਚੋਂ ਇਕੋ-ਇਕ ਬਚੇ ਦਰਵਾਜ਼ੇ ਰਾਮਬਾਗ ਦੀ ਬਾਹਰੀ ਡਿਉਢੀ ਦੇ ਕਰਵਾਏ ਜਾ ਰਹੇ ਨਵ-ਨਿਰਮਾਣ ਦੀ ਰਫਤਾਰ ਨੂੰ ਵੇਖਦਿਆਂ



ਇਹ ਕਹਿਣਾ ਅਸੰਭਵ ਹੋ ਰਿਹਾ ਹੈ ਕਿ ਵਿਰਾਸਤ ਪ੍ਰੇਮੀਆਂ ਨੂੰ ਇਨ੍ਹਾਂ ਯਾਦਗਾਰਾਂ ਦੇ ਦੀਦਾਰ ਲਈ ਅਜੇ ਹੋਰ ਕਿੰਨਾ ਇੰਤਜ਼ਾਰ ਕਰਨਾ ਪਵੇਗਾ।

ਮਹਾਰਾਜਾ ਰਣਜੀਤ ਸਿੰਘ ਵੱਲੋਂ ਅੰਮ੍ਰਿਤਸਰ ਦੇ ਪਿੰਡ ਧਨੋਏ ਕਲਾਂ ਵਿਚ ਮਾਧੋਪੁਰ ਲਾਹੌਰ ਨੂੰ ਜਾਂਦੀ ਨਹਿਰ ਦੇ ਕੋਲ ਇਸ ਬਾਰਾਂਦਰੀ ਦਾ ਨਿਰਮਾਣ ਕਰਵਾਇਆ ਸੀ। ਬਾਅਦ ਵਿਚ ਉਨ੍ਹਾਂ ਦੀ ਰਾਣੀ ਮੋਰਾਂ ਨੇ ਪਿੰਡ ਵਾਸੀਆਂ ਦੇ ਕਹਿਣ 'ਤੇ ਨਹਿਰ ਉਤੇ ਪੁਲ ਬਣਵਾ ਦਿੱਤਾ ਜੋ 'ਪੁੱਲ ਮੋਰਾਂ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। 22 ਅਗਸਤ, 1947 ਨੂੰ ਪਾਕਿਸਤਾਨ ਤਰਫੋਂ ਹੋਏ ਕਬਾਇਲੀ ਹਮਲੇ ਵਿਚ ਉਪਰੋਕਤ ਪੁਲ ਢਹਿ ਗਿਆ ਤੇ 1965 ਦੀ ਹਿੰਦ-ਪਾਕਿ ਜੰਗ ਤੋਂ ਬਾਅਦ ਭਾਰਤੀ ਫ਼ੌਜ ਵੱਲੋਂ ਨਹਿਰ ਨੂੰ ਵੀ ਮਿੱਟੀ ਨਾਲ ਪੂਰ ਦਿੱਤਾ ਗਿਆ। ਅੱਜ ਪਿੰਡ ਧਨੋਏ ਕਲਾਂ ਵਿਚ ਨਾ ਤਾਂ ਕੋਈ ਪੁੱਲ ਹੈ ਤੇ ਨਾ ਹੀ ਕੋਈ ਨਹਿਰ। ਬ੍ਰਿਟਿਸ਼ ਸ਼ਾਸਨ ਦੌਰਾਨ ਉਪਰੋਕਤ ਇਲਾਕੇ ਨੂੰ 'ਪੁਲ ਕੰਜਰੀ' ਦੇ ਨਾਂ ਨਾਲ ਸੰਬੋਧਨ ਕੀਤਾ ਜਾਣ ਲੱਗਾ ਤੇ ਹੁਣ ਪੰਜਾਬ ਦੇ ਸੈਰ ਸਪਾਟਾ ਵਿਭਾਗ ਵੱਲੋਂ 'ਪੁੱਲ ਕੰਜਰੀ' ਦੇ ਨਾਂ ਹੇਠ ਹੀ ਇਥੇ ਇਕ ਬੇਨਾਮ ਸ਼ਿਵਾਲੇ ਜਿਸ ਦਾ ਮਹਾਰਾਜਾ ਜਾਂ ਉਨ੍ਹਾਂ ਦੀ ਰਾਣੀ ਮੋਰਾਂ ਨਾਲ ਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ ਹੈ, ਦਾ ਨਵ-ਨਿਰਮਾਣ ਕਰਵਾਇਆ ਗਿਆ ਹੈ। ਜਦੋਂਕਿ ਸ਼ੇਰੇ-ਪੰਜਾਬ ਵੱਲੋਂ ਖ਼ੁਦ ਤਾਮੀਰ ਕਰਵਾਈ ਗਈ ਬਾਰਾਂਦਰੀ ਦੀ ਕੋਈ ਸੁੱਧ ਨਹੀਂ ਲਈ ਗਈ।

ਉਪਰੋਕਤ ਬਾਰਾਂਦਰੀ ਦਾ ਭਵਿੱਖ ਖ਼ਤਰੇ ਵਿਚ ਹੈ ਤੇ ਖੰਡਰ ਦਾ ਰੂਪ ਲੈ ਚੁੱਕੀ ਇਹ ਬਾਰਾਂਦਰੀ ਕਦੇ ਵੀ ਡਿੱਗ ਸਕਦੀ ਹੈ। ਇਸ ਬਾਰੇ ਇਤਿਹਾਸਕਾਰਾਂ ਨੇ ਮੰਗ ਕੀਤੀ ਹੈ ਕਿ ਪੁਲ ਦਾ ਨਾਂ ਬਦਲ ਕੇ ਪੁਲ ਮੋਰਾਂ ਰੱਖਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਇਤਿਹਾਸਕ ਤੇ ਵਿਰਾਸਤੀ ਸਮਾਰਕਾਂ ਦੇ ਚੱਲ ਰਹੇ ਨਵ-ਨਿਰਮਾਣ ਤੇ ਇਨ੍ਹਾਂ ਦੇ ਇਤਿਹਾਸ ਨਾਲ ਕੀਤੀ ਜਾ ਰਹੀ ਛੇੜ-ਛਾੜ ਬਾਰੇ ਕੋਈ ਸਖ਼ਤ ਕਦਮ ਚੁਕੇ ਨਹੀਂ ਤਾਂ ਸਿੱਖ ਰਾਜ ਦੇ ਸੁਨਹਿਰੀ ਇਤਿਹਾਸ ਦੇ ਪੰਨਿਆਂ ਵਿਚੋਂ ਇਨ੍ਹਾਂ ਵਿਰਾਸਤੀ ਸਮਾਰਕਾਂ ਦੇ ਇਤਿਹਾਸ ਵਾਲੇ ਅਧਿਆਏ ਨੂੰ ਸਮਾਪਤ ਹੋਣ ਲੱਗਿਆਂ ਜ਼ਿਆਦਾ ਸਮਾਂ ਨਹੀਂ ਲੱਗੇਗਾ।

# ਸਿੱਖ ਨੌਜਵਾਨਾਂ ਦੇ ਕਾਤਲ ਪੁਲਿਸ ਵਾਲਿਆਂ ਖਿਲਾਫ ਡਟੇ ਰਾਗੀ

**ਅੰਮ੍ਰਿਤਸਰ:** ਜਨਰਲ ਰਣਜੀਤ ਸਿੰਘ ਦਿਆਲ ਦੀ ਬਰਸੀ 'ਤੇ ਪੰਚਕੂਲਾ 'ਚ ਗੁਰਦੁਆਰੇ ਦਾ ਵਿਹੜਾ ਵਰਤਣ ਤੋਂ ਨਾਂਹ ਕਰਨਾ ਤੇ ਹੁਣ ਸਾਬਕਾ ਪੁਲਿਸ ਅਧਿਕਾਰੀ ਸਵਰਨ ਸਿੰਘ ਘੋਟਣਾ ਦੇ ਭੋਗ ਮੌਕੇ ਰਾਗੀ ਜਥੇ ਵੱਲੋਂ ਕੀਰਤਨ ਕਰਨ ਤੋਂ ਨਾਂਹ ਕਰਨ ਦੇ ਫੈਸਲੇ ਨੇ ਸਿੱਖ ਸਮਾਜ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਸ਼੍ਰੋਮਣੀ ਰਾਗੀ ਸਭਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਫੈਸਲਾ ਕੀਤਾ ਹੈ ਕਿ ਉਹ ਖਾੜਕੂਵਾਦ ਵੇਲੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਵਾਲੇ ਤੇ ਤਸ਼ੱਦਦ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਦੇ ਘਰਾਂ ਵਿਚ ਹੋਣ ਵਾਲੇ ਗੁਰਮਤਿ ਸਮਾਗਮਾਂ ਵਿਚ ਸ਼ਾਮਲ ਨਹੀਂ ਹੋਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਤੱਕ ਕਿਸੇ ਵੀ ਰਾਗੀ ਜਥੇ ਨੂੰ ਕਿਸੇ ਵੀ ਅਜਿਹੇ ਪੁਲਿਸ ਮੁਲਾਜ਼ਮ ਦੇ ਭੋਗ ਵਿਚ ਕੀਰਤਨ ਕਰਨੋਂ ਨਹੀਂ ਵਰਜਿਆ ਹੈ।

ਜ਼ਿਕਰਯੋਗ ਹੈ ਕਿ ਜਨਰਲ ਆਰ.ਐਸ. ਦਿਆਲ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਸਾਕਾ ਨੀਲਾ ਤਾਰਾ ਸਮੇਂ ਸ਼ਾਮਲ ਸਨ। ਸਾਬਕਾ ਪੁਲਿਸ ਅਧਿਕਾਰੀ ਸਵਰਨ ਸਿੰਘ ਘੋਟਣਾ ਵੀ ਆਪਣੇ ਸੇਵਾਕਾਲ ਸਮੇਂ ਸਿੱਖ ਨੌਜਵਾਨਾਂ 'ਤੇ ਤਸ਼ੱਦਦ ਕਰਨ ਦੇ ਮਾਮਲਿਆਂ ਵਿਚ ਚਰਚਾ ਦਾ ਕੇਂਦਰ ਰਹੇ ਸਨ।

ਇਸ ਮਾਮਲੇ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਵੀ ਰਾਗੀ ਜਥੇ ਨੂੰ ਸਾਬਕਾ ਪੁਲਿਸ ਅਧਿਕਾਰੀ ਦੇ ਘਰ ਕੀਰਤਨ ਕਰਨ ਲਈ ਜਾਣ ਤੋਂ ਨਹੀਂ ਰੋਕਿਆ ਗਿਆ। ਸਾਬਕਾ ਪੁਲਿਸ ਅਧਿਕਾਰੀ ਦੇ ਭੋਗ ਸਮੇਂ ਕੀਰਤਨ ਨਾ ਕਰਨ ਦਾ ਫੈਸਲਾ ਬਲਦੇਵ ਸਿੰਘ ਵਡਾਲਾ ਰਾਗੀ ਜਥੇ ਦਾ ਨਿੱਜੀ ਫੈਸਲਾ ਹੈ। ਉਨ੍ਹਾਂ ਕਿਹਾ ਕਿ ਰਾਗੀ ਸਿੰਘਾਂ ਨੇ ਵੀ ਪੰਜਾਬ ਦੁਖਾਂਤ ਨੂੰ ਦੇਖਿਆ ਤੇ ਹੰਢਾਇਆ ਹੈ। ਇਸ ਲਈ ਕਈ ਰਾਗੀ ਸਿੰਘਾਂ ਨੇ ਅੱਜ ਤੱਕ ਅਜਿਹੇ ਪੁਲਿਸ ਮੁਲਾਜ਼ਮਾਂ ਨੂੰ ਆਪਣੇ ਮਨਾਂ ਵਿਚੋਂ ਮੁਆਫ ਨਹੀਂ ਕੀਤਾ ਹੈ।

ਰਾਗੀ ਸਿੰਘਾਂ ਦੀ ਜਥੇਬੰਦੀ ਸ਼੍ਰੋਮਣੀ ਰਾਗੀ ਸਭਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੀਤ ਪ੍ਰਧਾਨ ਭਾਈ ਸੁਖਵਿੰਦਰ ਸਿੰਘ ਨੇ ਆਖਿਆ ਕਿ ਭਾਈ ਬਲਦੇਵ ਸਿੰਘ ਵਡਾਲਾ ਰਾਗੀ ਜਥੇ ਦਾ ਸਾਬਕਾ ਪੁਲਿਸ ਮੁਲਾਜ਼ਮ ਦੇ ਭੋਗ ਸਮੇਂ ਕੀਰਤਨ ਨਾ ਕਰਨ ਦਾ ਫੈਸਲਾ ਸਹੀ ਹੈ। ਸ਼੍ਰੋਮਣੀ ਰਾਗੀ ਸਭਾ ਨੇ ਫੈਸਲਾ ਕੀਤਾ ਹੈ ਕਿ ਭਵਿੱਖ ਵਿਚ ਰਾਗੀ ਜਿਨ੍ਹਾਂ ਪੁਲਿਸ ਮੁਲਾਜ਼ਮਾਂ ਨੇ ਖਾੜਕੂਵਾਦ ਵੇਲੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਤੇ ਸਿੱਖ ਪਰਿਵਾਰਾਂ ਨੂੰ ਸਰਕਾਰੀ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਸੀ, ਦੇ ਘਰਾਂ ਵਿਚ ਖੁਸ਼ੀ ਜਾਂ ਗਮੀ ਦੇ ਸਮਾਗਮਾਂ 'ਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਕਿਸੇ ਦਬਾਅ ਹੇਠ ਨਹੀਂ ਸਗੋਂ ਰਾਗੀ ਸਭਾ ਦੇ ਮੈਂਬਰਾਂ ਨੇ ਆਪਣੇ ਜ਼ਮੀਰ ਦੀ ਆਵਾਜ਼ 'ਤੇ ਕੀਤਾ ਹੈ।

ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨੇ ਰਾਗੀ ਸਿੰਘਾਂ ਦੇ ਇਸ ਫੈਸਲੇ ਬਾਰੇ ਆਖਿਆ ਕਿ ਇਹ ਫੈਸਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਅਤੀਤ ਦੀ ਪੀੜ ਅੱਜ ਵੀ ਰਾਗੀ ਸਿੰਘਾਂ ਦੇ ਮਨਾਂ ਵਿਚ ਹੈ। ਉਨ੍ਹਾਂ ਕਿਸੇ ਹੱਦ ਤੱਕ ਰਾਗੀ ਸਿੰਘਾਂ ਦੇ ਫੈਸਲੇ ਨੂੰ ਜਾਇਜ਼ ਕਰਾਰ ਦਿੱਤਾ। ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਆਖਿਆ ਕਿ ਕਿਸੇ ਦੇ ਘਰ ਵਿਚ ਜਾ ਕੇ ਖੁਸ਼ੀ ਜਾਂ ਗਮੀ ਦੇ ਮਾਮਲੇ ਵਿਚ ਕੀਰਤਨ ਕਰਨਾ ਰਾਗੀ ਸਿੰਘਾਂ ਦਾ ਨਿੱਜੀ ਫੈਸਲਾ ਹੈ ਪਰ ਜੇ ਕੋਈ ਗੁਰਦੁਆਰੇ ਵਿਚ ਆ ਕੇ ਕੀਰਤਨ ਕਰਵਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਵਰਜਿਆ ਨਹੀਂ ਜਾ ਸਕਦਾ।

# ਬੱਚਿਆਂ ਨੂੰ ਅਜੇ ਵੀ ਸਿੱਖ ਸਜਾਉਂਦੇ ਨੇ ਪਾਕਿਸਤਾਨ ਵਸਦੇ ਹਿੰਦੂ ਪਰਿਵਾਰ

**ਅੰਮ੍ਰਿਤਸਰ:** ਸਿੱਖ ਧਰਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਪਾਕਿਸਤਾਨ ਵਿਚ ਰਹਿੰਦੇ ਹਿੰਦੂ ਪਰਿਵਾਰਾਂ ਵਿਚ ਆਪਣੇ ਬੱਚਿਆਂ ਨੂੰ ਅੱਜ ਵੀ ਸਿੱਖ ਸਜਾਉਣ ਦੀ ਰਵਾਇਤ ਜਾਰੀ ਹੈ। ਪੰਜਾਬ ਵਿਚ ਸਿੱਖ ਧਰਮ ਵਿਚ ਭਾਵੇਂ ਪਤਿਤਪੁਣੇ ਦਾ ਰੁਝਾਨ ਵਧ ਰਿਹਾ ਹੈ ਪਰ ਪਾਕਿਸਤਾਨੀ ਹਿੰਦੂ ਪਰਿਵਾਰ ਆਪਣੇ ਬੱਚਿਆਂ ਨੂੰ ਸਾਬਤ-ਸੂਰਤ ਸਿੱਖ ਬਣਾਉਣ ਵਿਚ ਮਾਣ ਮਹਿਸੂਸ ਕਰ ਰਹੇ ਹਨ। ਇਸ ਦੀ ਮਿਸਾਲ ਨਨਕਾਣਾ ਸਾਹਿਬ ਦਾ ਲਾਲ ਚੰਦ ਖੱਤਰੀ ਦਾ ਪਰਿਵਾਰ ਹੈ ਜਿਸ ਨੇ ਆਪਣੇ 3 ਬੱਚਿਆਂ ਨੂੰ ਸਿੱਖ ਸਜਾਇਆ ਹੈ। ਇਹ ਪਰਿਵਾਰ ਆਪਣੇ ਬੱਚੇ ਦਾ ਇਲਾਜ ਕਰਾਉਣ ਅੰਮ੍ਰਿਤਸਰ ਆਇਆ ਹੋਇਆ ਹੈ।

ਸ੍ਰੀ ਲਾਲ ਚੰਦ ਖੱਤਰੀ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਦੇ ਰਹਿਣ ਵਾਲੇ ਹਨ। ਉਹ ਖੇਤੀਬਾੜੀ ਦਾ ਕੰਮ ਕਰਦੇ ਹਨ ਜਦੋਂਕਿ ਉਨ੍ਹਾਂ ਦੀ ਪਤਨੀ ਕਰਨਾ ਦੇਵੀ ਸਰਕਾਰੀ ਅਧਿਆਪਕ ਹੈ। ਉਨ੍ਹਾਂ ਦੇ ਤਿੰਨ ਬੱਚੇ ਹਨ ਜਿਨ੍ਹਾਂ ਵਿਚ ਦੋ ਬੇਟੇ ਤੇ ਇਕ ਬੇਟੀ ਸ਼ਾਮਲ ਹੈ। ਦੋ ਬੇਟਿਆਂ ਵਿਚ ਮਨਜੋਤ ਸਿੰਘ (12) ਤੇ ਸਰਬਜੋਤ ਸਿੰਘ (10) ਸ਼ਾਮਲ ਹਨ ਜਦੋਂਕਿ ਬੇਟੀ ਵਨਦੀਪਜੋਤ ਕੌਰ ਨੂੰ ਵੀ ਸਿੱਖ ਬਣਾਇਆ ਗਿਆ ਹੈ।

ਸ੍ਰੀ ਲਾਲ ਚੰਦ ਮੁਤਾਬਕ ਉਨ੍ਹਾਂ ਦੀ ਮਾਤਾ ਸ਼ੀਲਾ ਦੇਵੀ ਨੇ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਾ ਕੇ ਮੱਥਾ ਟੇਕ ਕੇ ਮੰਨਤ ਮੰਗੀ ਸੀ ਕਿ ਜਦੋਂ ਉਸ ਦੇ ਬੇਟੇ ਦੇ ਘਰ ਬੱਚਾ ਹੋਵੇਗਾ ਤਾਂ ਉਹ ਉਸ ਨੂੰ ਸਿੱਖ ਸਜਾਉਣਗੇ। ਇਹ ਮੰਨਤ ਪੂਰੀ ਹੋਣ 'ਤੇ ਜਦੋਂ ਬੇਟਾ ਪੈਦਾ ਹੋਇਆ ਤਾਂ ਉਸ ਨੂੰ ਸਿੱਖ ਬਣਾਇਆ ਗਿਆ। ਇਸੇ ਤਰ੍ਹਾਂ ਬਾਕੀ ਬੱਚਿਆਂ ਨੂੰ ਵੀ ਸਿੱਖ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਅੱਜ ਵੀ ਪਾਕਿਸਤਾਨ ਵਿਚ ਰਹਿੰਦੇ ਘੱਟ ਗਿਣਤੀ ਹਿੰਦੂ ਪਰਿਵਾਰਾਂ ਵਿਚ ਕਈ ਬੱਚੇ ਸਿੱਖ ਹਨ ਤੇ ਵਧੇਰੇ ਨਾਨਕ ਨਾਮ ਲੇਵਾ ਹਨ।

ਪਹਿਲਾਂ ਨਨਕਾਣਾ ਸਾਹਿਬ ਵਿਖੇ ਸਿੱਖ ਪਰਿਵਾਰਾਂ ਦੀ ਗਿਣਤੀ 50-60 ਸੀ ਪਰ ਹੁਣ ਫਰੰਟੀਅਰ ਇਲਾਕੇ ਵਿਚ ਹਾਲਾਤ ਖਰਾਬ ਹੋਣ ਕਾਰਨ ਵੱਡੀ ਗਿਣਤੀ ਵਿਚ ਉੱਥੋਂ ਘੱਟ ਗਿਣਤੀ ਹਿੰਦੂ ਸਿੱਖ ਪਰਿਵਾਰ ਇੱਥੋਂ ਨਨਕਾਣਾ ਸਾਹਿਬ ਆ ਗਏ ਹਨ ਤੇ ਹੁਣ ਨਨਕਾਣਾ ਸਾਹਿਬ ਵਿਚ ਹਿੰਦੂ ਸਿੱਖ ਪਰਿਵਾਰਾਂ ਦੀ ਗਿਣਤੀ ਵਧ ਕੇ ਤਕਰੀਬਨ ਸਾਢੇ ਤਿੰਨ ਸੌ ਹੋ ਗਈ ਹੈ।

# ਸੰਮਨਾਂ ਦੇ ਕਾਗਜ਼ ਬਾਦਲ ਦੀ ਥਾਂ ਮੈਨੂੰ ਦਿੱਤੇ ਗਏ ਗਵਾਹ ਸੁਰਿੰਦਰਪਾਲ ਸਿੰਘ ਕਾਲੜਾ

**ਮਿਲਵਾਕੀ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਿਰੁਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਅਧੀਨ ਫੈਡਰਲ ਅਦਾਲਤ ਵਿਚ ਦਾਇਰ ਕੀਤੇ ਗਏ ਇਕ ਕੇਸ ਦੇ ਸਿਲਸਿਲੇ ਵਿਚ ਸ. ਬਾਦਲ ਨੂੰ ਸੰਮਨਾਂ ਦੀ ਤਾਮੀਲ ਦੇ ਸਿਲਸਿਲੇ ਵਿਚ ਲੰਘੀ 21 ਫਰਵਰੀ ਨੂੰ ਚੱਲੀ ਲੰਮੀ ਸੁਣਵਾਈ ਦੌਰਾਨ ਕੇਸ ਨੇ ਉਸ ਵਕਤ ਇਕ ਨਵਾਂ ਮੋੜ ਕੱਟ ਲਿਆ ਜਦੋਂ ਸ. ਬਾਦਲ ਦੇ ਵਕੀਲ ਬਿਸਕੁਪਿਕ ਐਂਡ ਜੈਕਬਸ ਨੇ ਅਦਾਲਤ ਵਿਚ ਇਕ ਗਵਾਹ ਪੇਸ਼ ਕੀਤਾ ਜਿਸ ਨੇ ਕਿਹਾ ਕਿ 9 ਅਗਸਤ 2012 ਨੂੰ ਓਕ ਕਰੀਕ ਹਾਈ ਸਕੂਲ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਉਸ ਨੂੰ ਸੰਮਨ ਦਿੱਤੇ ਗਏ ਸਨ।

ਫੈਡਰਲ ਜੱਜ ਐਡਲਮੈਨ ਦੀ ਅਦਾਲਤ ਵਿਚ ਸ਼ਿਕਾਗੋ ਵਾਸੀ ਅਤੇ ਗੁਰਦੁਆਰਾ ਪੈਲਾਟਾਈਨ ਨਾਲ ਚਿਰਾਂ ਤੋਂ ਜੁੜੇ ਸ. ਸੁਰਿੰਦਰਪਾਲ ਸਿੰਘ ਕਾਲੜਾ ਨੇ ਦੱਸਿਆ ਕਿ 9 ਅਗਸਤ 2012 ਨੂੰ ਉਹ ਹਾਈ ਸਕੂਲ ਵਿਚ ਦੋਭਾਸ਼ੀਏ ਦੀ ਡਿਊਟੀ ਨਿਭਾ ਰਿਹਾ ਸੀ ਤੇ ਉਸ ਦੇ ਕੋਲ ਇਕ ਆਦਮੀ ਆਇਆ ਜਿਸ ਨੇ ਉਸ ਨੂੰ ਕੁਝ ਪੇਪਰ ਦਿੱਤੇ ਜੋ ਉਸ ਨੇ ਬਿਨਾਂ ਦੇਖਿਆਂ ਆਪਣੀ ਫਾਈਲ ਵਿਚ ਰੱਖ ਲਏ। ਸ. ਕਾਲੜਾ ਨੇ ਕਿਹਾ ਕਿ ਉਸ ਵਕਤ ਉਸ ਨੇ ਸੋਚਿਆ ਕਿ ਸ਼ਾਇਦ ਇਹ ਕਾਗਜ਼ ਮੈਂ ਸਟੇਜ ਉਤੇ ਭੁੱਲ ਆਇਆ ਸੀ, ਇਸ ਲਈ ਬਿਨਾਂ ਦੇਖੇ ਰੱਖ ਲਏ।

ਸ. ਕਾਲੜਾ ਜੋ ਕਿ ਵਰਲਡ ਸਿੱਖ ਆਰਗੇਨਾਈਜੇਸ਼ਨ ਨਾਲ ਵੀ ਸਬੰਧਤ ਹਨ ਅਤੇ ਸਿੱਖ ਜਥੇਬੰਦੀ ਸੈਲਡੈਫ ਦੇ ਇਕ ਡਾਇਰੈਕਟਰ ਜਸਜੀਤ ਸਿੰਘ ਦੇ ਪਿਤਾ ਹਨ, ਨੇ ਕਿਹਾ ਕਿ 19 ਫਰਵਰੀ 2013 ਨੂੰ ਆਪਣੀ ਕਾਰ ਦੇ ਟਰੰਕ ਦੀ ਸਫਾਈ ਕਰਦਿਆਂ ਉਸ ਨੂੰ ਇਹ ਫਾਈਲ ਮਿਲੀ ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਂ ਸੰਮਨਾਂ ਦੇ ਕਾਗਜ਼ ਸਨ। ਸ. ਕਾਲੜਾ ਨੇ ਹਲਫ ਲੈ ਕੇ ਦਿਤੇ ਬਿਆਨ ਵਿਚ ਕਿਹਾ ਕਿ ਅਸਲ ਸੰਮਨ ਮਿਲਣ ਤੋਂ ਬਾਅਦ ਉਸ ਨੇ ਫੌਰਨ ਪੰਜਾਬ ਦੇ ਕੈਬਨਿਟ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਦੇ ਭਰਾ ਤੇ ਮਿਲਵਾਕੀ ਦੇ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਨਾਲ ਸੰਪਰਕ ਕੀਤਾ ਅਤੇ ਕਾਗਜ਼ ਉਨ੍ਹਾਂ ਕੋਲ ਪਹੁੰਚਦੇ ਕੀਤੇ। ਸੂਤਰਾਂ ਅਨੁਸਾਰ ਸ. ਬਾਦਲ ਦੀ ਪੈਰਵਾਈ ਕਰ ਰਹੇ ਵਕੀਲਾਂ ਨੇ ਸਿੱਖਸ ਫਾਰ ਜਸਟਿਸ ਦੇ ਇਸ ਦਾਅਵੇ ਕਿ ਸ. ਬਾਦਲ ਨੂੰ ਓਕ ਕਰੀਕ ਹਾਈ ਸਕੂਲ ਵਿਚ ਸੰਮਨ ਤਾਮੀਲ ਕਰਵਾਏ ਗਏ ਸਨ, ਨੂੰ ਰੱਦ ਕਰਨ ਲਈ 'ਅਲੀਬੀ ਅਤੇ ਬਾਡੀ ਡਬਲ' ਦਾ ਸਹਾਰਾ ਲਿਆ। ਇਸ ਦੀ ਪੁਸ਼ਟੀ ਲਈ ਕਈ ਗਵਾਹ ਵੀ ਪੇਸ਼ ਕੀਤੇ।

ਇਥੇ ਦਸਣਯੋਗ ਹੈ ਕਿ ਮੁੱਖ ਮੰਤਰੀ ਸ. ਬਾਦਲ ਅਗਸਤ 2012 ਵਿਚ ਸ. ਧਾਲੀਵਾਲ ਦੀ ਧੀ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਮਿਲਵਾਕੀ ਆਏ ਸਨ ਜਦੋਂ ਸਿੱਖਸ ਫਾਰ ਜਸਟਿਸ ਨੇ ਵਿਸਕਾਨਸਿਨ ਦੀ ਸੰਘੀ ਜ਼ਿਲਾ ਅਦਾਲਤ ਵਿਚ ਉਨ੍ਹਾਂ ਖਿਲਾਫ ਏਲੀਅਨ ਟੋਰਟਸ ਕਲੇਮਸ ਐਕਟ ਅਤੇ ਟਾਰਚਰ ਵਿਕਟਿਮਸ ਪ੍ਰੋਟੈਕਸ਼ਨ ਐਕਟ ਤਹਿਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਦਾਇਰ ਕੀਤਾ ਸੀ।

ਦੋਹਾਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਪਿਛੋਂ ਜੱਜ ਐਡਲਮੈਨ ਨੇ ਮਨੁੱਖੀ ਅਧਿਕਾਰ ਸੰਸਥਾ ਨੂੰ 5 ਅਪਰੈਲ ਤੱਕ ਦਾ ਸਮਾਂ ਦਿੱਤਾ ਹੈ ਕਿ ਉਹ ਸ. ਬਾਦਲ ਨੂੰ ਸੰਮਨਾਂ ਦੀ ਤਾਮੀਲ ਦੇ ਸਮਰਥਨ ਵਿਚ ਦਸਤਾਵੇਜ਼ ਪੇਸ਼ ਕਰੇ।

ਇਸੇ ਦੌਰਾਨ ਸਿੱਖਸ ਫਾਰ ਜਸਟਿਸ ਅਤੇ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ 21 ਫਰਵਰੀ ਦੀ ਸੁਣਵਾਈ ਦੌਰਾਨ ਇਸ ਦੇ ਵਕੀਲਾਂ ਨੇ ਜਿਰਾਹ ਕੀਤੀ ਕਿ ਸ. ਕਾਲੜਾ ਛੇ ਮਹੀਨੇ ਚੁੱਪ ਕਿਉਂ ਰਿਹਾ ਤੇ ਹੁਣ ਕਿਉਂ ਅੱਗੇ ਆਇਆ? ਉਸ ਦੀ ਕਾਰ ਦੇ ਟਰੰਕ ਵਿਚ ਅਸਲ ਸੰਮਨਾਂ ਦਾ ਮਿਲਣ ਦਾ ਮਾਜਰਾ ਕੀ ਹੈ ਤੇ ਉਸ ਨੇ ਧਾਲੀਵਾਲ ਨਾਲ ਸੰਪਰਕ ਕਿਉਂ ਕੀਤਾ?

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਅਮਰੀਕੀ ਗ੍ਰਹਿ ਵਿਭਾਗ ਦੇ ਡਿਪਲੋਮੈਟਿਕ ਸਰਵਿਸ ਦੇ ਵਿਸ਼ੇਸ਼ ਏਜੰਟਾਂ ਨੇ ਗਵਾਹੀ ਦਿੱਤੀ ਸੀ ਕਿ ਸ. ਬਾਦਲ ਉਸ ਦਿਨ ਸ਼ਾਮ 4:49 ਤੋਂ 5:09 ਤੱਕ ਬੋਲਟਰ ਸੁਪਰ ਸਟੋਰ ਵਿਚ ਸ਼ਾਪਿੰਗ ਕਰ ਰਹੇ ਸਨ ਜਦਕਿ ਪ੍ਰੋਸੈਸ ਸਰਵਰ ਨੇ ਗਵਾਹੀ ਦਿੱਤੀ ਕਿ ਉਸ ਨੇ ਸ਼ਾਮ 4:50 ਵਜੇ ਓਕ ਕਰੀਕ ਹਾਈ ਸਕੂਲ ਵਿਚ ਬਾਦਲ ਨੂੰ ਸੰਮਨ ਤਾਮੀਲ ਕਰਵਾਏ ਸਨ ਜਿਥੇ ਓਕ ਕਰੀਕ ਗੁਰਦੁਆਰਾ ਗੋਲੀ ਕਾਂਡ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਇਕ ਸਮਾਗਮ ਹੋ ਰਿਹਾ ਸੀ।

ਇਸੇ ਦੌਰਾਨ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਿੱਖਸ ਫਾਰ ਜਸਟਿਸ ਅਮਰੀਕੀ ਗ੍ਰਹਿ ਵਿਭਾਗ ਤੋਂ ਸ. ਬਾਦਲ ਦੀ ਸਾਰੀ ਸੁਰਖਿਆ ਡਿਟੇਲ ਕਢਵਾਏਗੀ ਤਾਂ ਜੋ ਇਹ ਤਸਦੀਕ ਕੀਤਾ ਜਾ ਸਕੇ ਕਿ ਸ. ਬਾਦਲ ਅਸਲ ਵਿਚ ਕਿਥੇ ਸਨ-ਓਕ ਕਰੀਕ ਹਾਈ ਸਕੂਲ ਜਾਂ ਫਿਰ ਸ਼ਾਪਿੰਗ ਸੈਂਟਰ ਵਿਚ? ਅਟਾਰਨੀ ਪੰਨੂ ਨੇ ਇਹ ਵੀ ਕਿਹਾ ਕਿ ਗਵਾਹ ਕਾਲੜਾ ਬਾਰੇ ਇਹ ਵੀ ਪਤਾ ਲਾਇਆ ਜਾਏਗਾ ਕਿ ਉਸ ਦਾ ਪੰਜਾਬ ਵਿਚ ਕੀ ਆਰਥਿਕ ਹਿੱਤ ਹੈ ਤੇ ਉਸ ਦਾ ਦਰਸ਼ਨ ਸਿੰਘ ਧਾਲੀਵਾਲ ਨਾਲ ਕੀ ਸਬੰਧ ਹੈ?

ਉਨ੍ਹਾਂ ਦੋਸ਼ ਲਾਇਆ ਕਿ 21 ਫਰਵਰੀ ਦੀ ਸੁਣਵਾਈ ਮੌਕੇ ਪੰਜਾਬ ਪੁਲਿਸ ਦੇ ਅਫਸਰ ਵੀ ਮੌਜੂਦ ਸਨ ਜਿਨ੍ਹਾਂ ਨੂੰ ਸ. ਬਾਦਲ ਖਿਲਾਫ ਕੇਸ ਕਰਨ ਵਾਲੇ ਮਨੁੱਖੀ ਅਧਿਕਾਰ ਕਾਰਕੁੰਨਾਂ ਤੇ ਸੰਸਥਾਵਾਂ ਅਤੇ ਹੋਰਾਂ ਦੀ ਖੁਫੀਆ ਜਾਣਕਾਰੀ ਹਾਸਿਲ ਕਰਨ ਲਈ ਖਾਸ ਕਰਕੇ ਭੇਜਿਆ ਗਿਆ ਹੈ। ਇਨ੍ਹਾਂ ਪੁਲਿਸ ਅਫਸਰਾਂ ਖਿਲਾਫ ਸ਼ਿਕਾਇਤ ਦਰਜ ਕਰਵਾਈ ਜਾਏਗੀ ਕਿਉਂਕਿ ਇਹ ਅਮਰੀਕੀ ਕਾਨੂੰਨਾਂ ਦੇ ਖਿਲਾਫ ਹੈ।

## Matrimonials

### ਵਰ ਦੀ ਲੋੜ ਹੈ

ਰਾਮਦਾਸੀਆ ਸਿੱਖ, ਪੰਜਾਬ ਰਹਿੰਦੀ, 26 ਸਾਲ, 5'-5", ਰੰਗ ਸਾਫ, ਬੀ.ਐਸਸੀ (ਨਾਨਮੈਡੀਕਲ) ਐਮ. ਐਸ ਸੀ ਮੈਥ, ਬੀ.ਐਡ, ਅੰਮ੍ਰਿਤਧਾਰੀ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਤਾਇਆ ਤੇ ਭੂਆ ਪਰਿਵਾਰ ਅਮਰੀਕਾ ਦੇ ਪੱਕੇ ਬਾਸ਼ਿੰਦੇ। ਪੂਰੇ ਵੇਰਵੇ ਤੇ ਫੋਟੋ ਸਹਿਤ ਸੰਪਰਕ ਕਰੋ, ਈਮੇਲ: doabasatluj@gmail.com

### ਕੰਨਿਆ ਦੀ ਲੋੜ ਹੈ

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇਮੀਗਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029

---

ਸੋਹਣੇ ਸੁਨੱਖੇ ਜੱਟ ਸਿੱਖ ਅਮਰੀਕੀ ਸਿਟੀਜ਼ਨ ਲੜਕੇ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-704-2588 ਜਾਂ ਈਮੇਲ ਕਰੋ: matrimonial.1986@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਅਟਵਾਲ, ਉਮਰ 38, ਕੱਦ 5'-9" ਕਲੀਨਸ਼ੇਵ ਤਲਾਕਸ਼ੁਦਾ ਅਮਰੀਕਾ ਰਹਿੰਦੇ ਲੜਕੇ ਲਈ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ 'ਚ ਚੰਗਾ ਸੈਟਲ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਸੰਪਰਕ ਕਰੋ, ਫੋਨ: 408-775-0975

---

ਇੰਡੀਆ ਰਹਿੰਦੇ ਸਰਕਾਰੀ ਮੁਲਾਜ਼ਮ ਵਾਲੀਆ ਸਿੱਖ, ਐਮ ਐਸ ਸੀ ਕੈਮਿਸਟਰੀ ਲੜਕੇ, 27 ਸਾਲ, 5'-8' ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਵਿਚਾਰ ਨਹੀਂ। ਸੰਪਰਕ ਕਰੋ, ਫੋਨ: 575-815-8536, ਇੰਡੀਆ 91-94641-21807 ਜਾਂ ਈਮੇਲ: walia@gmail.com

---

**Companion Wanted**

Wanted a Punjabi lady live in help to take care of my household needs. I am a senior retiree, age 80, healthy, widower, living alone, US citizen, busy writing a book in Philadelphia, PA. Write to PO Box 342, Plainsboro, NJ 08536

# ਵੀਰੱਪਨ ਦੇ ਸਾਥੀਆਂ ਦੀ ਫਾਂਸੀ 'ਤੇ ਰੋਕ

**ਨਵੀਂ ਦਿੱਲੀ:** ਸੰਦਲ ਸਮਗਲਰ ਵੀਰੱਪਨ ਦੇ ਚਾਰ ਸਾਥੀਆਂ ਨੂੰ ਫਾਂਸੀ ਦੇਣ ਉਪਰ ਸੁਪਰੀਮ ਕੋਰਟ ਨੇ ਅਗਲੇ ਹੁਕਮਾਂ ਤਕ ਰੋਕ ਲਾ ਦਿੱਤੀ ਹੈ। ਚੀਫ਼ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਵਾਲੇ ਬੈਂਚ ਨੇ ਇਸ ਬਾਰੇ ਪਟੀਸ਼ਨ ਦੀ ਸੁਣਵਾਈ ਛੇ ਮਹੀਨਿਆਂ ਲਈ ਟਾਲਦਿਆਂ ਕਿਹਾ ਕਿ ਇਕ ਹੋਰ ਬੈਂਚ ਦਾ ਇਕ ਹੋਰ ਅਜਿਹੇ ਮੁੱਦੇ 'ਤੇ ਫੈਸਲਾ ਉਡੀਕਣਾ ਜ਼ਰੂਰੀ ਹੈ। ਬੈਂਚ ਵਿਚ ਜਸਟਿਸ ਏ.ਆਰ. ਦਵੇ ਤੇ ਵਿਕਰਮਜੀਤ ਸੇਨ ਸ਼ਾਮਲ ਕੀਤੀ ਗਏ ਹਨ। ਜ਼ਿਕਰਯੋਗ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਤੇ ਐਮ.ਐਨ. ਦਾਸ ਨੇ ਸੁਪਰੀਮ ਕੋਰਟ ਵਿਚ ਇਸ ਆਧਾਰ 'ਤੇ ਪਟੀਸ਼ਨ ਪਾਈ ਹੋਈ ਹੈ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉੱਪਰ ਲੰਬਾ ਸਮਾਂ ਅਮਲ ਨਾ ਹੋਣ ਕਾਰਨ ਉਹ ਆਪਣੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਾਉਣ ਦੇ ਹੱਕਦਾਰ ਹਨ। ਇਸ ਮੁੱਦੇ ਉਪਰ ਸੁਣਵਾਈ ਚੱਲ ਰਹੀ ਹੈ।


**HK Transport Company**

**Wanted Owner Operator & Drivers**

**Indianapolis based trucking company needs experienced CDL class A company drivers and owner operators to haul dry freights all over 48 states.**

**For company drivers-We provide Good and clean trucks, Pay every 15 days, direct deposit and weekend home.**
**For Owner operators with nice and good condition trucks who want to make more money with flexible dispatch options, we are the right choice.**

*Medical Benefits and sign-in Bonus offered*

**Contact Phone: 317-837-8577**

Fax: 317-837-1004 email: ginny@hktransportinc.com



**OKKJI Transfer LLC.**

15238 Radiance Dr., Noblesville, IN, 46060

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045, Fax: 317-774-9665



**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No minimums

**Call Paul at 1-800-705-3863**

**Transportation Funding Group, Inc.**

Minneapolis , MN 55426

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ‘ਲਾਈਫ ਆਫ ਪਾਈ’ ਨੂੰ 4 ਆਸਕਰ ਇਨਾਮ


ਸਰਵੋਤਮ ਅਦਾਕਾਰਾ ਜੈਨੀਫਰ ਲਾਰੈਂਸ

**ਲਾਸ ਏਂਜਲਸ:** ਚਾਲੀ ਸਾਲਾਂ ਦੇ ਫਿਲਮਸਾਜ਼ ਬੈਨ ਐਫਲਿੱਕ ਵੱਲੋਂ ਇਰਾਨ ‘ਚ ਕੁਝ ਲੋਕਾਂ ਨੂੰ ਬੰਦੀ ਬਣਾਉਣ ਵਾਲੇ ਐਪੀਸੋਡ ਬਾਰੇ ਬਣਾਈ ਫ਼ਿਲਮ ‘ਅਰਗੋ’ ਨੂੰ ਸਰਵੋਤਮ ਫਿਲਮ ਦਾ ਆਸਕਰ ਇਨਾਮ ਮਿਲਿਆ ਹੈ। 85ਵੇਂ ਆਸਕਰ ਪੁਰਸਕਾਰ ਸਮਾਰੋਹ ‘ਚ ‘ਲਾਈਫ ਆਫ ਪਾਈ’ ਦਾ ਡਾਇਰੈਕਟਰ ਆਂਗ ਲੀ, ਸਟੀਵਨ ਸਪੀਲਬਰਗ ਨੂੰ ਪਛਾੜ ਕੇ ਬੈਸਟ ਡਾਇਰੈਕਟਰ ਦਾ ਇਨਾਮ ਲੈ ਗਿਆ। ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ ਵ੍ਹਾਈਟ ਹਾਊਸ ਤੋਂ ਵੀਡੀਓ ਲਿੰਕ ਰਾਹੀਂ ਵਿਸ਼ੇਸ਼ ਹਾਜ਼ਰੀ ਲਗਾਉਂਦਿਆਂ ਐਕਟਰ ਜੈਕ ਨਿਕੋਲਸਨ ਦਾ ਪੁਰਸਕਾਰ ਦੇਣ ਵਿਚ ਸਾਥ ਦਿੱਤਾ।

ਆਂਗ ਲੀ ਨੇ ਆਸਕਰ ਪੁਰਸਕਾਰ ਲੈਂਦਿਆਂ ਇਸ ਦੇ ਕਲਾਕਾਰ ਸੂਰਜ ਦਾ ਨਾਮ ਲੈ ਕੇ ਉਸ ਨੂੰ ਪੁਕਾਰਿਆ ਅਤੇ ਧੰਨਵਾਦ ਕਰਦਿਆਂ ਨਮਸਤੇ ਵੀ ਕਿਹਾ। ਪੰਜ ਵਾਰ ਆਸਕਰ ਲਈ ਨਾਮਜ਼ਦ ਹੋ ਚੁੱਕੇ ਆਂਗ ਲੀ ਨੂੰ 2000 ਵਿਚ ‘ਬਰੋਕਬੈਕ ਮਾਊਂਨਟੇਨ’ ਲਈ ਇਹ ਆਸਕਰ ਮਿਲਿਆ ਸੀ।

ਬਰਤਾਨਵੀ ਐਕਟਰ ਡੇਨੀਅਲ ਡੇ-ਲੂਈਸ (55) ਜਿਸ ਨੇ ਫ਼ਿਲਮ ਲਿੰਕਨ ਵਿਚ 16ਵੀਂ ਸਦੀ ਦੇ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ ਦੀ ਭੂਮਿਕਾ ਨਿਭਾਈ, ਨੇ ਐਤਕੀਂ ਤੀਜੀ ਵਾਰ ਸਰਵੋਤਮ ਅਦਾਕਾਰ ਦਾ ਆਸਕਰ ਹਾਸਲ ਕੀਤਾ। ਉਹ ਹੁਣ ਤੱਕ ਦਾ ਇਕੱਲਾ ਅਜਿਹਾ ਅਦਾਕਾਰ ਹੈ ਜਿਸ ਨੂੰ ਤਿੰਨ ਵਾਰ ਇਹ ਮਾਣ ਮਿਲਿਆ ਹੈ। 22 ਸਾਲਾ ਜੈਨੀਫਰ ਲਾਰੈਂਸ ਨੂੰ ‘ਸਿਲਵਰ ਲਾਈਨਿੰਗ ਪਲੇਅਬੁੱਕ’ ਲਈ ਸਰਵੋਤਮ ਅਦਾਕਾਰਾ ਦਾ ਇਨਾਮ ਮਿਲਿਆ। ਉਸ ਦੇ ਮੁਕਾਬਲੇ ਵਿਚ 86 ਸਾਲਾ ਇਮੈਨੂਅਲ ਰੀਵਾ ਤੋਂ ਲੈ ਕੇ 9 ਸਾਲਾ ਵਾਲਿਸ ਸਮੇਤ ਕਈ ਹੋਰ ਅਦਾਕਾਰਾਂ ਸਨ। ਆਸਕਰ ਲੈਣ ਗਈ ਜੈਨੀਫਰ ਆਪਣੇ ਗਾਊਨ ਵਿਚ ਅੜ ਕੇ ਡਿੱਗ ਪਈ। ਫਿਰ ਜਦੋਂ ਉਹ ਸਟੇਜ ਉਤੇ ਪੁੱਜੀ, ਸਭ ਨੇ ਖੜ੍ਹੇ ਹੋ ਕੇ ਉਸ ਦਾ ਸਵਾਗਤ ਕੀਤਾ। ਇਸ ‘ਤੇ ਜੈਨੀਫਰ ਨੇ ਟਿੱਪਣੀ ਕੀਤੀ, “ਮੈਨੂੰ ਪਤਾ ਹੈ ਕਿ ਮੇਰੇ ਡਿੱਗਣ ਕਰ ਕੇ ਤੁਸੀਂ ਖੜ੍ਹੇ ਹੋਏ ਓ!”

## ਇਰਾਨ ਨੂੰ ‘ਅਰਗੋ’ ਉਤੇ ਇਤਰਾਜ਼

**ਤਹਿਰਾਨ:** ਇਰਾਨ ਨੇ ਆਸਕਰ ਪੁਰਸਕਾਰ ਜਿੱਤਣ ਵਾਲੀ ਫਿਲਮ ‘ਅਰਗੋ’ ਨੂੰ ‘ਸੀ.ਆਈ.ਏ. ਦਾ ਇਸ਼ਤਿਹਾਰ’ ਕਰਾਰ ਦਿੱਤਾ ਹੈ। ਇਹ ਫਿਲਮ ਇਰਾਨ ਦੇ ਕਿਸੇ ਸਿਨੇਮੇ ‘ਚ ਨਹੀਂ ਲੱਗੀ, ਪਰ ਡੀ.ਵੀ.ਡੀਜ਼ ਰਾਹੀਂ ਧੜਾ-ਧੜ ਦੇਖੀ ਜਾ ਰਹੀ ਹੈ। ਨਵੀਂ ਤੇ ਪੁਰਾਣੀ ਪੀੜ੍ਹੀ ਇਸ ਨੂੰ ਆਪੋ-ਆਪਣੇ ਢੰਗ ਨਾਲ ਲੈ ਰਹੀ ਹੈ। ਨਵੰਬਰ 1979 ਵਿਚ ਤਹਿਰਾਨ ‘ਚ ਅਮਰੀਕੀ ਸਫਾਰਤਖਾਨੇ ‘ਤੇ ਕਬਜ਼ਾ ਕਰ ਕੇ ਵਿਦਿਆਰਥੀਆਂ ਨੇ 52 ਅਮਰੀਕੀਆਂ ਨੂੰ 44 ਦਿਨ ਤੱਕ ਬੰਦੀ ਰੱਖਿਆ ਸੀ ਅਤੇ ਸੀ.ਆਈ.ਏ. ਨੇ ਹਾਲੀਵੁੱਡ ਦੀ ਮੱਦਦ ਨਾਲ ਫਿਲਮ ਬਣਾ ਰਹੀ ਫਰਜ਼ੀ ਟੀਮ ਬਣਾ ਕੇ ਬੰਦੀ ਛੁਡਾਏ ਸਨ।

## ਨੋਰਾ ਜੋਨਜ਼ ਦੀ ਪਲੇਠੀ ਆਸਕਰ ਪੇਸ਼ਕਾਰੀ

**ਲਾਸ ਏਂਜਲਸ:** ਮਰਹੂਮ ਸਿਤਾਰਵਾਦਕ ਰਵੀ ਸ਼ੰਕਰ ਦੀ ਧੀ ਅਤੇ ਕਈ ਵਾਰ ਗਰੈਮੀ ਪੁਰਸਕਾਰ ਲੈ ਚੁੱਕੀ ਨੋਰਾ ਜੋਨਜ਼ ਨੇ 85ਵੇਂ ਅਕਾਡਮੀ ਪੁਰਸਕਾਰ ਸਮਾਰੋਹ ਮੌਕੇ ਪਹਿਲੀ ਵਾਰ ਆਪਣੀ



ਪੇਸ਼ਕਾਰੀ ਦਿੱਤੀ। 33 ਸਾਲਾ ਗਾਇਕਾ ਨੇ ‘ਟੈਡ’ ਵਿਚੋਂ ‘ਐਵਰੀਬਾਡੀ ਨੀਡਜ਼ ਬੈਸਟ ਫਰੈਂਡ’ ਗੀਤ ਗਾਇਆ। ਇਹ ਗੀਤ ਸੇਫ ਮੈਕਫਾਰਲੇਨ ਨਾਲ ਸਾਂਝੇ ਤੌਰ ‘ਤੇ ਲਿਖਿਆ ਹੋਇਆ ਹੈ ਜੋ ਇਸ ਸ਼ਾਮ ਦਾ ਮੇਜ਼ਬਾਨ ਵੀ ਸੀ। ਇਹ ਗੀਤ ਆਸਕਰ ਲਈ ਨਾਮਜ਼ਦ ਹੋਇਆ ਸੀ।

## 85ਵੇਂ ਆਸਕਰ ਅਕਾਦਮੀ ਇਨਾਮ: ਇੱਕ ਝਾਤ


ਆਂਗ ਲੀ


ਡੇਨੀਅਲ ਡੇਅ ਲੂਈਸ

**ਸਰਵੋਤਮ ਫਿਲਮ:** ਅਰਗੋ
**ਡਾਇਰੈਕਟਰ:** ਆਂਗ ਲੀ (ਲਾਈਫ ਆਫ ਪਾਈ)
**ਅਦਾਕਾਰ:** ਡੇਨੀਅਲ ਡੇਅ ਲੂਈਸ (ਲਿੰਕਨ)
**ਅਦਾਕਾਰਾ:** ਜੈਨੀਫਰ ਲਾਰੈਂਸ (ਸਿਲਵਰ ਲਾਈਨਿੰਗ ਪਲੇਅਬੁੱਕ)
**ਸਹਾਇਕ ਅਦਾਕਾਰ:** ਕ੍ਰਿਸਟੋਫ ਵਾਲਟਜ਼ (ਜੈਂਗੋ ਅਨਚੇਨਡ)
**ਸਹਾਇਕ ਅਦਾਕਾਰਾ:** ਏਨ ਹੈਥਵੇਅ (ਲੈਸ ਮਿਜ਼ਰੇਬਲਜ਼)
**ਵਿਦੇਸ਼ੀ ਭਾਸ਼ਾ ਫਿਲਮ:** ਆਰਮਰ
**ਐਨੀਮੇਟਡ ਫਿਲਮ:** ਬਰੇਵ
**ਸਕ੍ਰੀਨਪਲੇਅ:** ਕੁਇਨਟਿਨ ਤਾਰਾਤੀਨੋ (ਜੈਂਗੋ ਅਨਚੇਨਡ)
**ਅਡਾਪਟਿਡ ਸਕ੍ਰੀਨਪਲੇਅ:** ਕ੍ਰਿਸ ਟੈਰੀਓ (ਅਰਗੋ)
**ਸਕੋਰ:** ਲਾਈਫ ਆਫ ਪਾਈ
**ਗੀਤ:** ਸਕਾਈਫਾਲ
**ਪ੍ਰੋਡਕਸ਼ਨ ਡਿਜ਼ਾਇਨ:** ਲਿੰਕਨ
**ਸਿਨੇਮਾਟੋਗ੍ਰਾਫੀ:** ਲਾਈਫ ਆਫ ਪਾਈ
**ਕਾਸਚੂਮ ਡਿਜ਼ਾਇਨ:** ਅੱਨਾ ਕਾਰੇਨਿਨਾ
**ਦਸਤਾਵੇਜ਼ੀ ਫਿਲਮ:** ਇੰਨੋਸੈਂਟ
**ਫਿਲਮ ਐਡੀਟਿੰਗ:** ਅਰਗੋ
**ਮੇਕਅੱਪ ਤੇ ਹੇਅਰਸਟਾਈਲ:** ਲੈਸ ਮਿਜ਼ਰੇਬਲਜ਼
**ਛੋਟੀ ਐਨੀਮੇਟਡ ਫਿਲਮ:** ਪੇਪਰਮੈਨ
**ਲਾਈਫ ਐਕਸ਼ਨ ਫਿਲਮ:** ਕਰਫਿਊ
**ਸਾਊਂਡ ਐਡਿਟਿੰਗ:** ਜ਼ੀਰੋ ਡਾਰਕ ਥਰਟੀ ਅਤੇ ਸਕਾਈਫਾਲ
**ਸਾਊਂਡ ਮਿਕਸਿੰਗ:** ਲੈਸ ਮਿਜ਼ਰੇਬਲਜ਼
ਵਿਜ਼ੂਅਲ ਇਫੈਕਟਸ ਲਾਈਫ ਆਫ ਪਾਈ

# ਰੇਲ ਬਜਟ ਵਿਚ ਪੰਜਾਬ ਨੂੰ ਗੱਫੇ

*(ਸਫਾ ਇਕ ਦੀ ਬਾਕੀ)*

ਅੰਮ੍ਰਿਤਸਰ-ਲਾਲਕੂਆਂ ਐਕਸਪ੍ਰੈਸ (ਹਫਤਾਵਾਰੀ) ਵਾਇਆ ਚੰਡੀਗੜ੍ਹ, ਬਠਿੰਡਾ-ਜੰਮੂ ਤਵੀ ਐਕਸਪ੍ਰੈਸ (ਹਫਤਾਵਾਰੀ) ਵਾਇਆ ਪਟਿਆਲਾ-ਰਾਜਪੁਰਾ, ਚੰਡੀਗੜ੍ਹ-ਅੰਮ੍ਰਿਤਸਰ ਇੰਟਰਸਿਟੀ ਐਕਸਪ੍ਰੈਸ (ਰੋਜ਼ਾਨਾ) ਵਾਇਆ ਗਾਜ਼ਿਆਬਾਦ, ਅਜੀਤ ਸਿੰਘ ਨਗਰ ਮੁਹਾਲੀ ਤੇ ਲੁਧਿਆਣਾ, ਦਿੱਲੀ-ਹੁਸ਼ਿਆਰਪੁਰ ਐਕਸਪ੍ਰੈਸ (ਹਫਤਾਵਾਰੀ) ਤੇ ਊਨਾ/ਨੰਗਲ ਡੈਮ-ਹਜ਼ੂਰ ਸਾਹਿਬ ਨਾਂਦੇੜ ਐਕਸਪ੍ਰੈਸ (ਹਫਤਾਵਾਰੀ) ਵਾਇਆ ਆਨੰਦਪੁਰ ਸਾਹਿਬ, ਮੋਰਿੰਡਾ, ਚੰਡੀਗੜ੍ਹ ਤੇ ਅੰਬਾਲਾ ਹਨ। ਇਕ ਪੈਸੰਜਰ ਰੇਲ ਗੱਡੀ ਬਠਿੰਡਾ-ਧੂਰੀ ਵਿਚਾਲੇ ਰੋਜ਼ ਚੱਲੇਗੀ। ਇਕ ਡੀਜ਼ਲ-ਇਲੈਕਟ੍ਰਿਕ ਮਲਟੀਪਲ ਯੂਨਿਟ (ਡੀਈਐਮਯੂ) ਤਰਨ ਤਾਰਨ-ਗੋਇੰਦਵਾਲ ਰੂਟ ‘ਤੇ ਚਲਾਏ ਜਾਣ ਦੀ ਤਜਵੀਜ਼ ਹੈ। ਦੱਪਰ-ਚੰਡੀਗੜ੍ਹ ਲਾਈਨ ਦੋਹਰੀ ਕੀਤੀ ਜਾਏਗੀ। ਜਾਖਲ-ਧੂਰੀ-ਲੁਧਿਆਣਾ ਤੇ ਰਾਜਪੁਰਾ-ਧੂਰੀ-ਲਹਿਰਾ ਮੁਹੱਬਤ ਰੇਲ ਰੂਟ ਬਿਜਲਈ ਕੀਤੇ ਜਾਣਗੇ। ਫਿਰੋਜ਼ਪੁਰ-ਪੱਟੀ ਸੈਕਸ਼ਨ ‘ਤੇ ਨਵੀਂ ਲਾਈਨ ਵਿਛਾਈ ਜਾਏਗੀ। ਕਈ ਰੇਲਾਂ ਦੇ ਗੇੜੇ ਵਧਾਏ ਗਏ ਹਨ ਜਿਨ੍ਹਾਂ ਵਿਚ 14037/14038 ਦਿੱਲੀ-ਪਠਾਨਕੋਟ ਐਕਸਪ੍ਰੈਸ (ਤਿੰਨ ਤੋਂ ਛੇ ਦਿਨ), 19325/19326 ਇੰਦੌਰ-ਅੰਮ੍ਰਿਤਸਰ ਐਕਸਪ੍ਰੈਸ (ਇਕ ਤੋਂ ਦੋ ਦਿਨ) ਤੇ 18309/18310 ਸੰਬਲਪੁਰ-ਹਜ਼ੂਰ ਸਾਹਿਬ ਨਾਂਦੇੜ ਐਕਸਪ੍ਰੈਸ (ਦੋ ਤੋਂ ਤਿੰਨ ਦਿਨ) ਹੋਣਗੀਆਂ। ਰੇਲ ਮੰਤਰੀ ਨੇ ਹਰਿਆਣਾ ਤੇ ਦੋਵੇਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਵੱਲ ਵੀ ਧਿਆਨ ਦਿੱਤਾ ਹੈ। ਚੰਡੀਗੜ੍ਹ-ਲੁਧਿਆਣਾ ਰੇਲ ਪ੍ਰਾਜੈਕਟ ਦੇ ਦੋ ਸੈਕਸ਼ਨ ਮੋਰਿੰਡਾ-ਖਮਾਣੋਂ ਤੇ ਸਮਰਾਲਾ-ਸਾਹਨੇਵਾਲ ਇਸ ਸਾਲ 31 ਮਾਰਚ ਤਕ ਮੁਕੰਮਲ ਕਰਨ ਦਾ ਵਾਅਦਾ ਕੀਤਾ ਗਿਆ ਹੈ। ਅਹੁਦਾ ਸੰਭਾਲਣ ਤੋਂ ਥੋੜ੍ਹੇ ਦਿਨਾਂ ਦੇ ਅੰਦਰ ਹੀ ਰੇਲ ਮੰਤਰੀ ਸ੍ਰੀ ਬਾਂਸਲ ਚੰਡੀਗੜ੍ਹ-ਨਵੀਂ ਦਿੱਲੀ ਵਿਚਾਲੇ ਤੀਜੀ ਸ਼ਤਾਬਦੀ ਐਕਸਪ੍ਰੈਸ ਸ਼ੁਰੂ ਕਰਵਾ ਚੁੱਕੇ ਹਨ। ਇਸ ਤੋਂ ਇਲਾਵਾ ਕੋਚੂਵੇਲੀ-ਚੰਡੀਗੜ੍ਹ ਐਕਸਪ੍ਰੈਸ ਤੇ ਮਦੁਰਾਇ-ਚੰਡੀਗੜ੍ਹ ਐਕਸਪ੍ਰੈਸ ਹੁਣ ਇਕ ਦੀ ਥਾਂ ਦੋ ਦਿਨ ਹਫਤੇ ਵਿਚ ਚੱਲਿਆ ਕਰਨਗੀਆਂ। ਸ੍ਰੀ ਬਾਂਸਲ ਵੱਲੋਂ ਇਸ ਖੇਤਰ ’ਚ 5 ਨਵੀਆਂ ਰੇਲ ਲਾਈਨਾਂ 2013-14 ਦੌਰਾਨ 4 ਪ੍ਰਾਜੈਕਟਾਂ ਨੂੰ ਬਿਜਲੀਕਰਨ ਕਰਨਾ ਤੇ ਪੰਜ ਇਕਹਿਰੀਆਂ ਲਾਈਨਾਂ ਦੋਹਰੀਆਂ ਕਰਨ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਵੱਲੋਂ ਤਜਵੀਜ਼ਸ਼ੁਦਾ ਨਵੀਆਂ ਲਾਈਨਾਂ ਦੇ 60 ਸਰਵੇਖਣਾਂ ਵਿਚੋਂ ਸੱਤ ਇਸ ਖੇਤਰ ਵਿਚ ਪੈਂਦੇ ਹਨ।

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਬਜਟ ਦੀ ਆਲੋਚਨਾ ਕਰਨ ਨੂੰ ਸਿਆਸੀ ਮਾਹਿਰਾਂ ਨੇ ਨਿਰੀ ਸਿਆਸਤ ਤੋਂ ਪ੍ਰੇਰਤ ਬਿਆਨਬਾਜ਼ੀ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਸ. ਬਾਦਲ ਨੂੰ ਅਜਿਹਾ ਨਹੀਂ ਸੀ ਕਰਨਾ ਚਾਹੀਦਾ; ਮਸੀਂ ਤਾਂ ਪੰਜਾਬ ਨੂੰ ਰੇਲ ਬਜਟ ਵਿਚ ਗੌਲਿਆ ਗਿਆ ਹੈ।

# ਬਾਦਲਾਂ ਦਾ ਲਿਫਾਫਾ ਕਲਚਰ

*(ਸਫਾ ਇਕ ਦੀ ਬਾਕੀ)*

ਡਾਇਰੈਕਟੋਰੇਟ ਵੱਲੋਂ ਗੁਰਦੁਆਰਾ ਰਕਾਬਗੰਜ ਸਥਿਤ ਕਮੇਟੀ ਦਫ਼ਤਰ ਵਿਖੇ ਇਕੱਤਰਤਾ ਕੀਤੀ ਗਈ। ਡਾਇਰੈਕਟਰ ਜੀ.ਪੀ. ਸਿੰਘ ਨੇ ਚੋਣ ਪ੍ਰਕਿਰਿਆ ਦੇ ਸੰਚਾਲਨ ਵਾਸਤੇ ਕਮੇਟੀ ਦੇ ਸੀਨੀਅਰ ਮੈਂਬਰ ਕੁਲਮੋਹਨ ਸਿੰਘ ਨੂੰ ਸੰਚਾਲਕ (ਪ੍ਰੋ-ਟੈਂਪੋ ਚੇਅਰਮੈਨ) ਥਾਪਿਆ। ਉਨ੍ਹਾਂ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਦੇ ਅਧਿਕਾਰ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਮਾਮਲਿਆਂ ਦੇ ਇੰਚਾਰਜ ਬਲਵੰਤ ਸਿੰਘ ਰਾਮੂਵਾਲੀਆ ਨੂੰ ਦੇ ਦਿੱਤੇ ਜਿਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕਮੇਟੀ ਦੇ ਅਹੁਦੇਦਾਰਾਂ ਦੀ ਸੂਚੀ ਵਾਲਾ ਸੀਲਬੰਦ ਲਿਫਾਫਾ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿੱਤ ਨੂੰ ਸੌਂਪ ਦਿੱਤਾ। ਉਨ੍ਹਾਂ ਲਿਫਾਫੇ ਦੀ ਸੂਚੀ ਦੇ ਆਧਾਰ ‘ਤੇ ਸਭ ਤੋਂ ਪਹਿਲਾਂ ਪ੍ਰਧਾਨ ਲਈ ਮਨਜੀਤ ਸਿੰਘ ਜੀ.ਕੇ. ਦਾ ਨਾਂ ਪੇਸ਼ ਕੀਤਾ ਜਿਸ ਦਾ ਕਮੇਟੀ ਮੈਂਬਰ ਸੁਰਜੀਤ ਸਿੰਘ ਚਾਂਦਨੀ ਚੌਕ ਨੇ ਸਮਰਥਨ ਕੀਤਾ। ਇਸ ਨਾਲ ਹੀ ਸ੍ਰੀ ਜੀ.ਕੇ. ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਇਸ ਮਗਰੋਂ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਰਵਿੰਦਰ ਸਿੰਘ ਖੁਰਾਣਾ, ਜੂਨੀਅਰ ਮੀਤ ਪ੍ਰਧਾਨ ਲਈ ਤਨਵੰਤ ਸਿੰਘ, ਜਨਰਲ ਸਕੱਤਰ ਵਾਸਤੇ ਮਨਜਿੰਦਰ ਸਿੰਘ ਸਿਰਸਾ ਅਤੇ ਜਾਇੰਟ ਸਕੱਤਰ ਵਾਸਤੇ ਹਰਮੀਤ ਸਿੰਘ ਕਾਲਕਾ ਦੇ ਨਾਂਵਾਂ ਦਾ ਓਂਕਾਰ ਸਿੰਘ ਥਾਪਰ ਨੇ ਵਾਰੀ-ਵਾਰੀ ਸਮਰਥਨ ਕੀਤਾ ਤੇ ਇਹ ਸਾਰੇ ਅਹੁਦੇਦਾਰ ਵੀ ਸਰਬਸੰਮਤੀ ਨਾਲ ਚੁਣੇ ਗਏ। ਸ. ਹਿੱਤ ਨੇ ਐਗਜ਼ੈਕਟਿਵ ਬੋਰਡ ਵਿਚ ਸ਼ਾਮਲ ਕੀਤੇ ਗਏ 10 ਮੈਂਬਰਾਂ ਦਾ ਐਲਾਨ ਵੀ ਕੀਤਾ। ਇਨ੍ਹਾਂ ਵਿਚੋਂ ਨੌਂ ਮੈਂਬਰ ਬੀਬੀ ਦਲਜੀਤ ਕੌਰ, ਕੁਲਵੰਤ ਸਿੰਘ ਬਾਠ, ਜਤਿੰਦਰ ਪਾਲ ਸਿੰਘ ਗੋਲਡੀ, ਹਰਵਿੰਦਰ ਸਿੰਘ ਕੇ.ਪੀ., ਇੰਦਰਪ੍ਰੀਤ ਸਿੰਘ, ਅਮਰਜੀਤ ਸਿੰਘ ਪੱਪੂ, ਇੰਦਰਜੀਤ ਸਿੰਘ ਮੌਂਟੀ, ਚਮਨ ਸਿੰਘ ਅਤੇ ਜਸਬੀਰ ਸਿੰਘ ਜੱਸੀ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਬੰਧਤ ਹਨ ਜਦਕਿ ਦਸਵੇਂ ਐਗਜ਼ੈਕਟਿਵ ਮੈਂਬਰ ਦੇ ਰੂਪ ਵਿਚ ਕੇਂਦਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤਰਵਿੰਦਰ ਸਿੰਘ ਮਾਰਵਾਹ ਨੂੰ ਚੁਣਿਆ ਗਿਆ।

ਐਗਜ਼ੈਕਟਿਵ ਮੈਂਬਰਾਂ ਦੀ ਚੋਣ ਦੌਰਾਨ ਸਰਨਾ ਦਲ ਦੇ ਦੋ ਮੈਂਬਰ ਤਜਿੰਦਰ ਪਾਲ ਸਿੰਘ ਭਾਟੀਆ ਤੇ ਹਰਪਾਲ ਸਿੰਘ ਕੋਛੜ ਮੌਜੂਦ ਸਨ। ਚੋਣ ਪ੍ਰਕਿਰਿਆ ਮੁਕੰਮਲ ਹੋਣ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਸ ਪ੍ਰਗਟਾਈ ਕਿ ਨਵੇਂ ਪ੍ਰਬੰਧਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸੰਜੀਦਗੀ ਨਾਲ ਕਰਨਗੇ। ਸ. ਓਂਕਾਰ ਸਿੰਘ ਥਾਪਰ ਨੇ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਲਈ ਸਰਨਾ ਭਰਾਵਾਂ ਦਾ ਨਾਂ ਲਏ ਬਿਨ੍ਹਾਂ ਉਨ੍ਹਾਂ ਦੀ ਆਲੋਚਨਾ ਕੀਤੀ ਜਿਸ ‘ਤੇ ਸਰਨਾ ਦਲ ਦੇ ਮੈਂਬਰ ਤਜਿੰਦਰ ਪਾਲ ਸਿੰਘ ਭਾਟੀਆ ਵੱਲੋਂ ਸਖਤ ਇਤਰਾਜ਼ ਕੀਤਾ ਗਿਆ। ਇਸ ਕਾਰਨ ਮੀਟਿੰਗ ਵਿਚ ਤਲਖੀ ਵਾਲਾ ਮਾਹੌਲ ਪੈਦਾ ਹੋ ਗਿਆ ਜਿਸ ਨੂੰ ਤੁਰੰਤ ਸ਼ਾਂਤ ਕਰ ਦਿੱਤਾ ਗਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸਤਪਾਲ ਸਿੰਘ ਵਿਸ਼ਵ ਸਿੱਖ ਕੌਂਸਲ ਅਮਰੀਕਾ ਖੇਤਰ ਦੇ ਪ੍ਰਧਾਨ ਬਣੇ

**ਕੋਲੰਬਸ, ਓਹਾਇਓ (ਬਿਊਰੋ):** ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਦੇ ਗਵਰਨਿੰਗ ਬੋਰਡ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਸ. ਸਤਪਾਲ ਸਿੰਘ ਬਫਲੋ ਨੂੰ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਬਾਕੀ ਅਹੁਦੇਦਾਰਾਂ ਵਿਚ ਮੀਤ ਪ੍ਰਧਾਨ ਮਲਕੀਤ ਸਿੰਘ ਮਿਲਸਬਰੀ, ਖਜ਼ਾਨਚੀ ਹਰਦੀਪ ਕੌਰ ਡੈਲਸ ਅਤੇ ਜਨਰਲ ਸਕੱਤਰ ਅਵਨੀਤ ਸਿੰਘ ਨਿਊ ਜਰਸੀ ਬਣਾਏ ਗਏ ਹਨ ਜਦੋਂਕਿ ਵਧੀਕ ਮੈਂਬਰਾਂ ਵਿਚ ਜਸਬੀਰ ਕੌਰ ਓਹਾਇਓ, ਅਨਾਹਤ ਕੌਰ ਲੈਫੀਐਟ, ਗੁਲਬਰਗ ਸਿੰਘ ਅਟਲਾਂਟਾ, ਗੁਰਿੰਦਰਪਾਲ ਸਿੰਘ ਸੈਨ ਹੋਜ਼ੇ, ਇੰਦਰਪ੍ਰੀਤ ਸਿੰਘ ਜਾਰਜੀਆ, ਇਕਬਾਲ ਸਿੰਘ ਪੈਲਾਟਾਈਨ (ਇਲੀਨਾਏ), ਕਿਰਪਾਲ ਸਿੰਘ ਨਿਊ ਯਾਰਕ, ਮਹਿੰਦਰ ਸਿੰਘ ਨਿਊ ਯਾਰਕ, ਪਰਦੀਪ ਕੌਰ ਮਿਸ਼ੀਗਨ, ਰਵਿੰਦਰ ਸਿੰਘ ਓਹਾਇਓ, ਸਰਬਜੀਤ ਸਿੰਘ ਲਾਸ ਏਂਜਲਸ ਅਤੇ ਸਤਵੰਤ ਕੌਰ ਲਾਸ ਏਂਜਲਸ ਲਏ ਗਏ ਹਨ।

ਇਹ ਜਾਣਕਾਰੀ ਸੰਸਥਾ ਵਲੋਂ ਜਾਰੀ ਇਕ ਬਿਆਨ ਵਿਚ ਦਿੱਤੀ ਗਈ ਹੈ। ਰਿਜਨਲ ਕਮੇਟੀ ਦੇ ਸਾਰੇ 16 ਮੈਂਬਰ ਵਿਸ਼ਵ ਸਿੱਖਸ ਕੌਂਸਲ ਅਮਰੀਕਾ ਖੇਤਰ ਦੀਆਂ ਮੈਂਬਰ ਸੰਸਥਾਵਾਂ ਕੌਮੀ ਨਾਮਜ਼ਦਗੀ ਪ੍ਰਕ੍ਰਿਆ ਰਾਹੀਂ ਚੁਣਦੀਆਂ ਹਨ। ਕਮੇਟੀ ਮੈਂਬਰ ਤਿੰਨ ਸਾਲ ਲਈ ਚੁਣੇ ਜਾਂਦੇ ਹਨ ਅਤੇ ਕਮੇਟੀ ਦਾ ਤੀਜਾ ਹਿੱਸਾ ਮੈਂਬਰ ਹਰ ਸਾਲ ਬਦਲੇ ਜਾਂਦੇ ਹਨ। ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ ਅਮਰੀਕਾ ਦੇ ਸਿੱਖ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਦੀ ਇਕ ਪ੍ਰਤੀਨਿਧ ਸੰਸਥਾ ਹੈ ਅਤੇ ਕੌਮੀ ਪੱਧਰ 'ਤੇ ਇਸ ਦੇ ਮੈਂਬਰਾਂ ਵਿਚ 49 ਗੁਰਦੁਆਰੇ ਅਤੇ ਸਿੱਖ ਸੰਸਥਾਵਾਂ ਸ਼ਾਮਲ ਹਨ।

# ਯੂਨਾਈਟਿਡ ਸਪੋਰਟਸ ਕਲੱਬ ਦਾ ਖੇਡ ਮੇਲਾ ਹੁਣ 7 ਸਤੰਬਰ ਨੂੰ

**ਫਰੀਮਾਂਟ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਵਲੋਂ ਮਈ ਮਹੀਨੇ ਕਰਵਾਇਆ ਜਾਣ ਵਾਲਾ ਖੇਡ ਟੂਰਨਾਮੈਂਟ ਮੁਲਤਵੀ ਕਰ ਦਿੱਤਾ ਗਿਆ ਅਤੇ ਹੁਣ ਇਹ ਆਉਂਦੀ 7 ਸਤੰਬਰ ਸਨਿਚਰਵਾਰ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਕਲੱਬ ਦੀ ਇਥੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਪਹਿਲਾਂ ਇਹ ਮੇਲਾ ਆਉਂਦੀ 11-12 ਮਈ ਨੂੰ ਕਰਵਾਇਆ ਜਾਣਾ ਸੀ।

ਪੰਜਾਬ ਟਾਈਮਜ਼ ਨੂੰ ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੇ ਦੱਸਿਆ ਕਿ ਮੇਲਾ ਮੁਲਤਵੀ ਕਰਨ ਦਾ ਫੈਸਲਾ ਕਲੱਬ ਵਲੋਂ ਭਾਈਚਾਰਕ ਹਿੱਤਾਂ ਨੂੰ ਮੁੱਖ ਰੱਖ ਕੇ ਲਿਆ ਗਿਆ ਹੈ। ਉਨ੍ਹਾਂ ਆਖਿਆ ਕਿ 7 ਸਤੰਬਰ ਨੂੰ ਕਰਵਾਏ ਜਾਣ ਵਾਲੇ ਕਬੱਡੀ ਤੇ ਖੇਡ ਮੇਲੇ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਵੇਂ ਪ੍ਰੋਗਰਾਮ ਸਬੰਧੀ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਇੰਡੀਆ ਵਿਚਲੇ ਖੇਡ ਪ੍ਰਬੰਧਕਾਂ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਕਲੱਬ ਦੀ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ ਭਾਟੀਆ, ਇਕਬਾਲ ਸਿੰਘ ਗਾਖਲ, ਜਗਰਾਜ ਸਿੰਘ ਸਹੋਤਾ, ਮੱਖਣ ਸਿੰਘ ਬੈਂਸ, ਕੁਲਦੀਪ ਸਿੰਘ ਮਾਨ, ਮਹਿੰਦਰ ਪੱਡਾ, ਨਰਿੰਦਰ ਸਿੰਘ ਸਹੋਤਾ ਅਤੇ ਪਲਵਿੰਦਰ ਸਿੰਘ ਗਾਖਲ ਸ਼ਾਮਲ ਹੋਏ।

# ਸ਼੍ਰੋਮਣੀ ਕਮੇਟੀ ਨੂੰ ਯੂਬਾ ਸਿਟੀ ਵਿਚ ਜ਼ਮੀਨ ਦਾਨ

**ਅੰਮ੍ਰਿਤਸਰ:** ਅਮਰੀਕਾ ਦੇ ਯੂਬਾ ਸਿਟੀ ਰਹਿੰਦੇ ਧਨਾਢ ਸਿੱਖ ਦੀਦਾਰ ਸਿੰਘ ਬੈਂਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਯੂਬਾ ਸਿਟੀ ਵਿਚ 13.8 ਏਕੜ ਜ਼ਮੀਨ ਦੇ ਦਸਤਾਵੇਜ਼ ਸੌਂਪੇ ਹਨ ਜਿਥੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਕੇਂਦਰ ਸਥਾਪਤ ਕੀਤਾ ਜਾਵੇਗਾ। ਸ. ਬੈਂਸ ਨੇ ਇਹ ਦਸਤਾਵੇਜ਼ ਤੇ ਇਕ ਲੱਖ ਇਕ ਹਜ਼ਾਰ ਰੁਪਏ ਦਾ ਚੈੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਸੌਂਪਿਆ।

ਸ. ਬੈਂਸ ਨੇ ਦੱਸਿਆ ਕਿ 13.8 ਏਕੜ ਜ਼ਮੀਨ ਯੂਬਾ ਸਿਟੀ ਦੇ ਰਿਹਾਇਸ਼ੀ ਇਲਾਕੇ ਵਿਚ ਹੈ ਜਿਥੇ ਪਹਿਲਾਂ ਬਾਗ ਸਨ। ਇਸ ਥਾਂ ਦਾ ਮੁੱਲ ਤਿੰਨ ਲੱਖ ਡਾਲਰ ਪ੍ਰਤੀ ਏਕੜ ਹੈ ਜੋ ਹੁਣ ਹੋਰ ਵੀ ਵਧ ਚੁੱਕਿਆ ਹੈ। ਇਥੇ ਨੇੜੇ ਹੀ ਗੁਰਦੁਆਰਾ ਵੀ ਸਥਿਤ ਹੈ। ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮਾਹਲਪੁਰ ਨਾਲ ਸਬੰਧਤ ਸ. ਬੈਂਸ ਪਿਛਲੇ 55 ਸਾਲਾਂ ਤੋਂ ਉਥੇ ਰਹਿ ਰਹੇ ਹਨ ਤੇ ਖੇਤੀਬਾੜੀ ਤੇ ਬਾਗਬਾਨੀ ਦੇ ਧੰਦੇ ਨਾਲ ਜੁੜੇ ਹੋਏ ਹਨ। ਉਨ੍ਹਾਂ ਕੋਲ ਕਰੀਬ 15 ਹਜ਼ਾਰ ਏਕੜ ਜ਼ਮੀਨ ਵਿਚ ਬਾਗ ਹਨ। ਇਹ ਦਸਤਾਵੇਜ਼ ਪ੍ਰਾਪਤ ਕਰਨ ਮਗਰੋਂ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਥੇ ਸਿੱਖ ਮਿਸ਼ਨ ਕੇਂਦਰ ਸਥਾਪਤ ਕੀਤਾ ਜਾਵੇਗਾ ਜਿਸ ਨੂੰ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਵਰਤਿਆ ਜਾਵੇਗਾ। ਇਸ ਬਾਰੇ ਛੇਤੀ ਹੀ ਮੁਕੰਮਲ ਯੋਜਨਾ ਤਿਆਰ ਕੀਤੀ ਜਾਵੇਗੀ।



*ਦੀਦਾਰ ਸਿੰਘ ਬੈਂਸ*

ਵਾਸ਼ਿੰਗਟਨ ਡੀ ਸੀ ਵਿਚ ਵਾਈਟ ਹਾਊਸ ਨੇੜੇ ਗੁਰਦੁਆਰੇ ਦੀ ਇਮਾਰਤ ਦੇ ਮਾਮਲੇ ਬਾਰੇ ਸ. ਮੱਕੜ ਨੇ ਕਿਹਾ, ਫਿਲਹਾਲ ਉਹ ਇਮਾਰਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਥੇ ਰਕਮ ਭੇਜਣ ਵਿਚ ਵਿੱਤੀ ਅੜਿੱਕਾ ਹੈ। ਇਹ ਗੁਰਦੁਆਰੇ ਦੀ ਇਮਾਰਤ ਕਰਜ਼ਾ ਲੈ ਕੇ ਬਣਾਈ ਗਈ ਸੀ ਪਰ ਹੁਣ ਕਰਜ਼ਾ ਵਧੇਰੇ ਹੋ ਜਾਣ ਕਾਰਨ ਪ੍ਰਬੰਧਕਾਂ ਨੇ ਇਹ ਗੁਰਦੁਆਰਾ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦੀ ਅਪੀਲ ਕੀਤੀ ਸੀ।

## ਕੈਲੀਫੋਰਨੀਆ ਦਾ ਵਫ਼ਦ ਨਤਮਸਤਕ

**ਅੰਮ੍ਰਿਤਸਰ:** ਕੈਲੀਫੋਰਨੀਆ ਖੇਤੀਬਾੜੀ ਫਾਊਂਡੇਸ਼ਨ ਦੇ 31 ਮੈਂਬਰੀ ਵਫ਼ਦ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਖੇਤੀਬਾੜੀ ਮਾਮਲਿਆਂ ਵਿਚ ਆਪਸੀ ਤਾਲਮੇਲ ਵਧਾਉਣ ਦੇ ਮੰਤਵ ਨਾਲ ਇਹ ਵਫ਼ਦ ਅਮਰੀਕਾ ਦੇ ਧਨਾਢ ਸਿੱਖ ਦੀਦਾਰ ਸਿੰਘ ਬੈਂਸ ਦੇ ਬੇਟੇ ਕਰਮਦੀਪ ਸਿੰਘ ਬੈਂਸ ਦੀ ਅਗਵਾਈ ਹੇਠ ਆਇਆ ਜੋ ਇਸ ਫਾਊਂਡੇਸ਼ਨ ਦੇ ਪ੍ਰਧਾਨ ਹਨ। ਇਸ ਵਫ਼ਦ ਦੇ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਹੈ। ਇਸ ਮੌਕੇ ਸ. ਦੀਦਾਰ ਸਿੰਘ ਬੈਂਸ ਵੀ ਹਾਜ਼ਰ ਸਨ।

ਕਰਮਦੀਪ ਸਿੰਘ ਬੈਂਸ ਨੇ ਦੱਸਿਆ ਕਿ ਵਫ਼ਦ ਵਿਚ ਖੇਤੀ ਕਾਲਜਾਂ ਦੇ ਚਾਰ ਡੀਨ, ਕੁਝ ਕੰਪਨੀਆਂ ਦੇ ਅਧਿਕਾਰੀ ਤੇ ਖੇਤੀ ਮਾਹਰ ਸ਼ਾਮਲ ਹਨ। ਇਹ ਖੇਤੀ ਮਾਹਿਰ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਬਾਰੇ ਇਥੇ ਜਾਣਕਾਰੀ ਦੇਣਗੇ। ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਸਮੇਂ ਵਫ਼ਦ ਦੇ ਮੈਂਬਰ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਵੀ ਗਏ ਜਿਥੇ ਉਨ੍ਹਾਂ ਲੰਗਰ ਪ੍ਰਥਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

# ਇਟਲੀ ਵਿਚ ਟਰਿੱਪ 'ਤੇ ਗਈ ਭਾਰਤੀ ਕੁੜੀ ਦੀ ਮੌਤ

**ਲੰਡਨ:** ਇਟਲੀ ਵਿਚ ਐਲਪਸ ਪਹਾੜ 'ਤੇ ਸਕੀਅ ਦੌਰਾਨ ਡਿੱਗਣ ਨਾਲ ਭਾਰਤੀ ਮੂਲ ਦੀ 13 ਸਾਲਾ ਲੜਕੀ ਪੂਨਮ ਭੱਠਲ ਦੀ ਮੌਤ ਹੋ ਗਈ। ਉਹ ਇਸ ਯਾਤਰਾ 'ਤੇ ਆਪਣੇ ਸਕੂਲ ਗੁਰੂ ਨਾਨਕ ਸਿੱਖ ਅਕੈਡਮੀ ਦੇ ਬੱਚਿਆਂ ਨਾਲ ਆਈ ਸੀ। ਉਹ ਕੈਲਵੀਅਰੀ ਵਿਖੇ ਰਿਜ਼ੋਰਟ ਵਿਚ 20 ਫੁੱਟ ਦੀ ਉਚਾਈ ਤੋਂ ਚੇਅਰ ਲਿਫਟ ਤੋਂ ਹੇਠਾਂ ਡਿੱਗ ਪਈ। ਹਸਪਤਾਲ ਲਿਜਾਂਦੇ ਸਮੇਂ ਐਂਬੂਲੈਂਸ ਵਿਚ ਉਸ ਦੀ ਮੌਤ ਹੋ ਗਈ।

ਇਟਲੀ ਦੀ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸਕੂਲ ਦੇ ਪ੍ਰਿੰਸੀਪਲ ਰਾਜਿੰਦਰ ਸਿੰਘ ਸੰਧੂ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। 11 ਮੈਂਬਰੀ ਵਫ਼ਦ ਸੱਤ ਦਿਨਾਂ ਦੇ ਸਕੀਅ ਟ੍ਰਿੱਪ ਉਪਰ ਇਟਲੀ ਆਇਆ ਸੀ। ਰਿਜ਼ੋਰਟ ਦੇ ਸਕੀਅ ਸਕੂਲ ਦੇ ਡਾਇਰੈਕਟਰ ਮਾਰਕੋ ਸਟੈਫਨੀਨੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਡਿੱਗਣ ਤੋਂ ਪਹਿਲਾਂ ਉਸ ਨੇ ਸੇਫਟੀ ਬਾਰ ਫੜੀ ਹੋਈ ਸੀ ਤੇ ਜਦੋਂ ਲਿਫਟ ਚਲਾਉਣ ਵਾਲੇ ਨੇ ਉਸ ਨੂੰ ਲਟਕਦੇ ਵੇਖਿਆ ਤਾਂ ਤੁਰੰਤ ਲਿਫ਼ਟ ਰੋਕ ਦਿੱਤੀ ਪਰ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ।

WANTED
OWNER OPERATORS
6% DISPATCH
CA-NJ-CA ( CHICAGO LOCAL 400 MILES ) HOT SHOTS
48 STATES USA
24/7 DISPATCH
REFFER AND DRY VANS
40% - 50% FUEL ADVANCE
24/7 HELP WITH MAP AND DIRECTIONS
NO FORCED DISPATCH NO TOUCH FREIGHT




GHUMAN TRUCK SERVICE, INC
SINCE 1998
C-VILLE, IL.
KAMALJIT 847-830-9976
GOGA 847-912-7368

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਕੈਮਰੌਨ ਦੀ ਦਰਬਾਰ ਸਾਹਿਬ ਫੇਰੀ ਸਿਆਸਤ ਤੋਂ ਪ੍ਰੇਰਿਤ?

**ਚੰਡੀਗੜ੍ਹ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਕੈਮਰੌਨ ਦੀ ਦਰਬਾਰ ਸਾਹਿਬ ਫੇਰੀ ਸਿਆਸਤ ਤੋਂ ਪ੍ਰੇਰਿਤ ਸੀ। ਉਨ੍ਹਾਂ ਦਾ ਅੰਮ੍ਰਿਤਸਰ ਵਿਖੇ ਆਉਣ ਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਮਕਸਦ ਬਰਤਾਨੀਆ ਵਿਚ ਵਸੇ ਪੰਜ ਲੱਖ ਸਿੱਖ ਵੋਟਰਾਂ ਨੂੰ ਖੁਸ਼ ਕਰਨਾ ਸੀ। ਬਰਤਾਨੀਆ ਵਿਚ ਵਸੇ ਸਿੱਖ ਭਾਈਚਾਰੇ ਨੂੰ ਪਹਿਲਾਂ ਹੀ ਆਸ ਸੀ ਕਿ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ 20 ਫਰਵਰੀ ਨੂੰ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ 1919 ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਬਾਰੇ ਜ਼ਰੂਰ ਅਫਸੋਸ ਜ਼ਾਹਰ ਕਰਨਗੇ ਜਿੱਥੇ ਅਮਨਪੂਰਵਕ ਰੋਸ ਪ੍ਰਗਟ ਕਰਦੇ ਸੈਂਕੜੇ ਸਿੱਖਾਂ ਨੂੰ ਬਰਤਾਨਵੀ ਫੌਜ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਇਨ੍ਹਾਂ ਪ੍ਰਦਰਸ਼ਨਕਾਰੀਆਂ ਵਿਚ ਬੱਚੇ ਤੇ ਔਰਤਾਂ ਵੀ ਸ਼ਾਮਲ ਸਨ।



ਗਰੇਟ ਬ੍ਰਿਟੇਨ ਵਿਚ ਸਿੱਖ ਭਾਈਚਾਰੇ ਦੇ ਪ੍ਰਤੀਨਿਧਾਂ ਨੇ ਪਿਛਲੇ ਸਮੇਂ ਤੋਂ ਥਾਂ-ਥਾਂ ਮੈਮੋਰੰਡਮ ਦੇ ਕੇ ਤੇ ਸੱਤਾਧਾਰੀ ਕੰਜ਼ਰਵੇਟਿਵ ਮੈਂਬਰਾਂ ਨਾਲ ਮੀਟਿੰਗਾਂ ਕੀਤੀਆਂ ਸਨ ਤੇ ਆਸ ਪ੍ਰਗਟਾਈ ਸੀ ਕਿ ਬਰਤਾਨਵੀ ਪ੍ਰਧਾਨ ਮੰਤਰੀ, ਭਾਰਤ ਵਿਚ ਮੌਤ ਦੀ ਸਜ਼ਾ ਦੀ ਪ੍ਰਥਾ ਬੰਦ ਕੀਤੇ ਜਾਣ ਦਾ ਮੁੱਦਾ ਵੀ ਉਠਾਉਣਗੇ ਕਿਉਂਕਿ ਪਿਛਲੇ ਤਿੰਨ ਮਹੀਨਿਆਂ ਵਿਚ ਇਥੇ ਦੋ ਵਿਅਕਤੀਆਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਬਰਤਾਨਵੀ ਸਿੱਖ ਤਾਂ ਇਹ ਵੀ ਚਾਹੁੰਦੇ ਸਨ ਕਿ ਕੈਮਰੌਨ ਅਪਰੇਸ਼ਨ ਬਲਿਊ ਸਟਾਰ ਤੇ ਨਵੰਬਰ 1984 ਵਿਚ ਉਸ ਸਮੇਂ ਦੀ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਦੇਸ਼ ਵਿੱਚ ਵੱਖ-ਵੱਖ ਥਾਈਂ ਨਿਰਦੋਸ਼ ਸਿੱਖਾਂ ਦੀਆਂ ਹੱਤਿਆਵਾਂ ਬਾਰੇ ਵੀ ਗੱਲ ਕਰਨ।

ਇਹ ਸਾਰੇ ਮੁੱਦੇ ਉਸ ਮੈਮੋਰੰਡਮ ਵਿਚ ਸ਼ੁਮਾਰ ਸਨ ਜੋ ਯੂਕੇ ਦੀ ਸਿੱਖ ਫੈਡਰੇਸ਼ਨ ਨੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੂੰ ਤਿੰਨ ਦਿਨਾ ਸਰਕਾਰੀ ਦੌਰੇ 'ਤੇ ਭਾਰਤ ਲਈ ਰਵਾਨਾ ਹੋਣ ਤੋਂ ਪਹਿਲਾਂ ਸੌਂਪੇ ਸਨ। ਕੰਜ਼ਰਵੇਟਿਵ ਪਾਰਟੀ ਹਰ ਹੀਲੇ ਬਰਤਾਨਵੀ ਸਿੱਖ ਭਾਈਚਾਰੇ ਨੂੰ ਆਪਣੇ ਵੱਲ ਕਰਨਾ ਚਾਹੁੰਦੀ ਹੈ। ਰਵਾਇਤੀ ਤੌਰ 'ਤੇ ਬਹੁਗਿਣਤੀ ਸਿੱਖ ਲੇਬਰ ਪਾਰਟੀ ਦੇ ਹੱਕ ਵਿਚ ਹਨ ਜੋ ਪਿਛਲੀਆਂ ਆਮ ਚੋਣਾਂ ਦੌਰਾਨ ਸੱਤਾ ਤੋਂ ਲਾਂਭੇ ਕਰ ਦਿੱਤੀ ਗਈ ਸੀ। ਸਿੱਖ ਫੈਡਰੇਸ਼ਨ ਨੇ ਸ੍ਰੀ ਕੈਮਰੌਨ ਨੂੰ ਚੇਤੇ ਕਰਵਾਇਆ ਕਿ ਵਿਰੋਧੀ ਧਿਰ ਵਜੋਂ ਕੰਜ਼ਰਵੇਟਿਵਾਂ ਨੇ ਦੋ ਵੱਖੋ-ਵੱਖਰੇ ਮਤੇ 1984 ਦੇ ਅਪਰੇਸ਼ਨ ਬਲਿਊ ਸਟਾਰ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ 25ਵੀਂ ਬਰਸੀ 'ਤੇ ਪੇਸ਼ ਕੀਤੇ ਸਨ।

ਬਰਤਾਨਵੀ ਮੀਡੀਆ ਵਿਚ ਛਿੜੀ ਚਰਚਾ ਤੋਂ ਹੀ ਲੱਗਦਾ ਸੀ ਕਿ ਡੇਵਿਡ ਕੈਮਰੌਨ ਜਲ੍ਹਿਆਂਵਾਲਾ ਬਾਗ ਦੀ ਫੇਰੀ ਮੌਕੇ ਬਰਤਾਨੀਆ ਵੱਲੋਂ ਅਫਸੋਸ ਜ਼ਾਹਰ ਕਰਨਗੇ। ਜ਼ਿਕਰਯੋਗ ਹੈ ਕਿ ਕੈਨੇਡਾ ਵੀ ਕਾਮਾਗਾਟਾਮਾਰੂ ਦੀ ਘਟਨਾ ਬਾਰੇ ਅਫਸੋਸ ਜ਼ਾਹਰ ਕਰ ਚੁੱਕਿਆ ਹੈ। ਕੈਨੇਡਾ ਤੇ ਬਰਤਾਨੀਆ ਸਰਕਾਰਾਂ ਸਿੱਖ ਆਵਾਸੀਆਂ ਦੇ ਮੁਲਕ ਦੀ ਉਸਾਰੀ ਤੇ ਪ੍ਰਾਪਤੀਆਂ ਵਿਚ ਵੱਡੇ ਯੋਗਦਾਨ ਨੂੰ ਮਾਨਤਾ ਦਿੰਦੀਆਂ ਹਨ ਤੇ ਹਰੇਕ ਪਾਰਟੀ ਇਨ੍ਹਾਂ ਦੀ ਹਮਾਇਤ ਹਾਸਲ ਕਰਨ ਲਈ ਯਤਨਸ਼ੀਲ ਹੁੰਦੀ ਹੈ।

ਬਰਤਾਨੀਆ ਵਿੱਚ ਸਿੱਖਾਂ ਦੀ 56 ਫੀਸਦੀ ਦੇ ਕਰੀਬ ਆਬਾਦੀ ਇਸੇ ਮੁਲਕ ਦੀ ਜੰਮਪਲ ਹੈ। ਬਰਤਾਨੀਆ ਵਿਚ ਵਸਦੇ ਸਿੱਖਾਂ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਦੇ ਨਾਲ-ਨਾਲ ਹੋਰ ਖੇਤਰਾਂ ਜਿਵੇਂ ਸੰਗੀਤ, ਸਿਨੇਮਾ ਤੇ ਖੇਡਾਂ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ। ਮੌਂਟੀ ਪਨੇਸਰ ਬਰਤਾਨੀਆ ਦਾ ਪਹਿਲਾ ਪਗੜੀਧਾਰੀ ਸਿੱਖ ਖਿਡਾਰੀ ਹੈ। ਰਵੀ ਬੋਪਾਰਾ ਤੇ ਹੋਰ ਕਈ ਖਿਡਾਰੀ ਹਾਕੀ ਦੇ ਸੁਤਿੰਦਰ, ਕੁਲਬੀਰ ਜ਼ਿਕਰਯੋਗ ਹਨ। ਪਹਿਲੀ ਵਿਸ਼ਵ ਜੰਗ ਵਿਚ ਬਰਤਾਨੀਆ ਨਾਲ ਲੜੇ ਸਿੱਖਾਂ ਵਿਚੋਂ ਵੱਡੀ ਗਿਣਤੀ ਬਰਤਾਨੀਆ ਜਾ ਵਸੇ ਸਨ ਤੇ ਕੁਝ ਸਿੱਖ ਉਹ ਸਨ ਜੋ ਅਫਰੀਕੀ (ਕੀਨੀਆ, ਯੁਗਾਂਡਾ ਤੇ ਤਨਜ਼ਾਨੀਆ) ਦੇਸ਼ਾਂ ਤੇ ਹਾਂਗਕਾਂਗ ਤੋਂ ਬਰਤਾਨੀਆ ਜਾ ਕੇ ਵਸੇ ਸਨ।

ਰਿਕਾਰਡ ਮੁਤਾਬਕ ਮਹਾਰਾਜਾ ਦਲੀਪ ਸਿੰਘ ਗਰੇਟ ਬ੍ਰਿਟੇਨ ਵਿਚ 1846 ਵਿਚ ਵਸਣ ਵਾਲਾ ਪਹਿਲਾ ਸਿੱਖ ਹੈ। ਬੁਟੇਨ ਆਈਲੈਂਡ ਵਿਚ 1999 ਵਿਚ ਲਾਇਆ ਗਿਆ ਉਸ ਦਾ ਬੁੱਤ ਸੈਲਾਨੀਆਂ ਨੂੰ ਆਕਰਸ਼ਤ ਕਰਦਾ ਹੈ। ਬਰਤਾਨੀਆ ਵਿਚ ਪਹਿਲਾ ਗੁਰਦੁਆਰਾ 1911 ਵਿਚ ਲੰਡਨ ਵਿਚ ਬਣਿਆ ਸੀ। ਹੁਣ ਉੱਥੇ ਵੱਡੀ ਗਿਣਤੀ ਵਿਚ ਗੁਰਦੁਆਰੇ ਹਨ। ਹਾਲ ਹੀ ਵਿਚ ਬਰਤਾਨੀਆ ਵਿਚ ਵਸੇ ਵੱਖ ਵੱਖ ਨਸਲਾਂ ਤੇ ਭਾਈਚਾਰਿਆਂ ਬਾਰੇ ਕਰਵਾਏ ਸਰਵੇਖਣ ਵਿਚ ਸਿੱਖ (ਯਹੂਦੀਆਂ ਤੇ ਈਸਾਈਆਂ ਤੋਂ ਵੱਧ) ਪਹਿਲੇ ਨੰਬਰ 'ਤੇ ਰਹੇ।

## ਊਧਮ ਸਿੰਘ ਦੇ ਟੱਬਰ ਵੱਲੋਂ ਸ਼ਲਾਘਾ

**ਮਹਿਲਾਂ ਚੌਕ:** ਸ਼ਹੀਦ ਊਧਮ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਹੈ ਕਿ ਭਾਵੇਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ ਜਲ੍ਹਿਆਂ ਵਾਲਾ ਬਾਗ ਸਾਕੇ ਲਈ ਮੁਆਫ਼ੀ ਤਾਂ ਨਹੀਂ ਮੰਗੀ ਗਈ ਪਰ ਉਸ ਵੱਲੋਂ ਇਸ ਨੂੰ ਸ਼ਰਮਨਾਕ ਕਾਰਵਾਈ ਦੱਸ ਕੇ ਭਾਰਤੀਆਂ ਦੇ ਦਿਲਾਂ 'ਤੇ ਮੱਲ੍ਹਮ ਜ਼ਰੂਰ ਲਾਈ ਗਈ ਹੈ।

ਉਨ੍ਹਾਂ ਨੇ ਕੈਮਰੌਨ ਦੇ ਬਿਆਨ ਦਾ ਸਵਾਗਤ ਕੀਤਾ ਹੈ। ਸੁਨਾਮ ਵਿਖੇ ਰਹਿੰਦੇ ਸ਼ਹੀਦ ਊਧਮ ਸਿੰਘ ਦੇ ਭਾਣਜੇ ਖੁਸ਼ੀ ਨੰਦ ਨੇ ਦੱਸਿਆ ਕਿ ਭਾਰਤ ਦੇ ਕਈ ਵੱਡੇ ਆਗੂਆਂ ਨੇ ਹੁਣ ਤੱਕ ਸ਼ਹੀਦ ਊਧਮ ਸਿੰਘ ਵੱਲੋਂ ਇੰਗਲੈਂਡ ਜਾ ਕੇ ਮਾਈਕਲ ਅਡਵਾਇਰ ਨੂੰ ਮਾਰਨ ਵਾਲੀ ਘਟਨਾ ਨੂੰ ਗਲਤ ਹੀ ਮੰਨਿਆ ਸੀ ਪਰ ਦੇਸ਼ 'ਤੇ ਰਾਜ ਕਰਕੇ ਗਏ ਮੁਲਕ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਵੱਲੋਂ ਜਲ੍ਹਿਆਂ ਵਾਲਾ ਬਾਗ ਘਟਨਾ ਨੂੰ ਮੰਦਭਾਗਾ ਕਰਾਰ ਦੇਣ ਨਾਲ ਮੌਕਾਪ੍ਰਸਤ ਆਗੂਆਂ ਦੇ ਮੂੰਹ 'ਤੇ ਤਾਲਾ ਲੱਗ ਗਿਆ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਅੰਗਰੇਜ਼ ਅਫਸਰ ਦੇ ਇਸ਼ਾਰੇ 'ਤੇ 13 ਅਪਰੈਲ, 1919 ਦਾ ਜਲ੍ਹਿਆਂ ਵਾਲਾ ਬਾਗ ਸਾਕਾ ਵਾਪਰਿਆ ਪਰ ਬਰਤਾਨੀਆ ਦੇ ਮੌਜੂਦਾ ਪ੍ਰਧਾਨ ਮੰਤਰੀ ਵੱਲੋਂ ਇਸ 'ਤੇ ਅਫਸੋਸ ਜਤਾਉਣਾ ਉਨ੍ਹਾਂ ਦੀ ਖੁੱਲ੍ਹਦਿਲੀ ਦਾ ਪ੍ਰਤੀਕ ਹੈ। ਜਲ੍ਹਿਆਂ ਵਾਲਾ ਬਾਗ ਘਟਨਾ ਨੂੰ ਬਰਤਾਨਵੀ ਇਤਿਹਾਸ ਵਿਚ ਸ਼ਰਮਨਾਕ ਕਾਰਾ ਮੰਨਣਾ ਹੀ ਆਪਣੇ ਆਪ ਵਿਚ ਵੱਡੀ ਗੱਲ ਹੈ ਜੋ ਮੁਆਫ਼ੀ ਮੰਗਣ ਤੋਂ ਘੱਟ ਨਹੀ। ਖ਼ੁਸ਼ੀ ਨੰਦ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਤੋਂ ਸ਼ਹੀਦ ਊਧਮ ਸਿੰਘ ਦੇ ਕੱਪੜੇ, ਰਿਵਾਲਵਰ ਤੇ ਸ਼ਹੀਦ ਦੇ ਹੋਰ ਦਸਤਾਵੇਜ਼ ਪਰਿਵਾਰਕ ਮੈਂਬਰਾਂ ਹਵਾਲੇ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸ਼ਹੀਦਾਂ ਨਾਲ ਸਬੰਧਤ ਵਸਤਾਂ ਤੇ ਹੋਰ ਸਾਮਾਨ ਉਨ੍ਹਾਂ ਦੇ ਪਰਿਵਾਰਾਂ ਨੂੰ ਹੀ ਮਿਲਣੀਆਂ ਚਾਹਦਿੀਆਂ ਹਨ। ਸਰਕਾਰ ਨੂੰ ਇਸ ਮਾਮਲੇ 'ਤੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

### ਇਤਿਹਾਸ ਬੋਲਦਾ ਹੈ...

**ਅੰਮ੍ਰਿਤਸਰ:** 13 ਅਪਰੈਲ, 1919 ਨੂੰ ਜਲ੍ਹਿਆਂਵਾਲਾ ਬਾਗ ਵਿਚ 15,000 ਤੋਂ 20,000 ਲੋਕਾਂ ਦਾ ਇਕੱਠ ਹੋਇਆ ਸੀ। ਬ੍ਰਿਗੇਡੀਅਰ ਜਨਰਲ ਈਐਚ ਡਾਇਰ ਦੇ 50 ਬੰਦੂਕਧਾਰੀ ਸਿਪਾਹੀਆਂ ਨੇ ਇਸ ਇਕੱਠ 'ਤੇ 10 ਮਿੰਟ ਗੋਲੀਬਾਰੀ ਕੀਤੀ ਸੀ। ਉਸ ਸਮੇਂ ਕੋਈ 1650 ਗੋਲੀਆਂ ਦਾਗੀਆਂ ਗਈਆਂ ਸਨ ਤੇ 1000 ਤੋਂ ਵੱਧ ਨਿਰਦੋਸ਼ ਭਾਰਤੀ ਵਿਸਾਖੀ ਦੇ ਦਿਹਾੜੇ 'ਤੇ ਮਾਰੇ ਗਏ ਸਨ ਤੇ 1100 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ।

## ਪੰਜਾਬੀ ਬਾਸਮਤੀ ਦੇ ਦੀਵਾਨੇ ਹੋਏ!

**ਅੰਮ੍ਰਿਤਸਰ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਪੰਜਾਬ ਦੀ ਬਾਸਮਤੀ ਦੇ ਦੀਵਾਨੇ ਹਨ। ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਸਥਾਨਕ ਤਰਨ ਤਾਰਨ ਰੋਡ ਸਥਿਤ ਲਾਲ ਕਿਲਾ ਬਾਸਮਤੀ ਰਾਈਸ ਮਿਲ ਵਿਚ ਪੁੱਜੇ ਜਿਥੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਬਾਸਮਤੀ ਨੂੰ ਇੰਗਲੈਂਡ ਵਿਚ ਭਰਵਾਂ ਹੁੰਗਾਰਾ ਮਿਲਣ 'ਤੇ ਉਹ ਬਾਗੋਬਾਗ ਹਨ। ਵੱਡੀ ਗਿਣਤੀ ਵਿਚ ਇੰਗਲੈਂਡ ਵਾਸੀ ਇਥੋਂ ਦੀ ਬਾਸਮਤੀ ਨੂੰ ਬਹੁਤ ਹੀ ਸਵਾਦ ਨਾਲ ਖਾਂਦੇ ਹਨ। ਲਾਲ ਕਿਲਾ ਬਾਸਮਤੀ ਰਾਈਸ ਤੇ ਇੰਗਲੈਂਡ ਸਥਿਤ ਈਸਟ ਐਂਡ ਫੂਡ ਕੰਪਨੀ ਵੱਲੋਂ 12000 ਮੀਟ੍ਰਿਕ ਟਨ ਚਾਵਲਾਂ ਦੀ ਸਪਲਾਈ ਲਈ ਕੀਤੇ ਗਏ ਸਮਝੌਤੇ ਬਾਰੇ ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਉਨ੍ਹਾਂ ਭਾਰਤ ਖਾਸ ਕਰਕੇ ਪੰਜਾਬ ਵੱਲੋਂ ਖੇਤੀ ਸੈਕਟਰ ਵਿਚ ਕੀਤੀ ਗਈ ਤਰੱਕੀ ਬਾਰੇ ਆਖਿਆ ਕਿ ਪੰਜਾਬ ਨੇ ਭਾਰਤ ਤੇ ਵਿਸ਼ਵ ਪੱਧਰ 'ਤੇ ਅਨਾਜ ਪੈਦਾ ਕਰਨ ਵਿਚ ਸ਼ਲਾਘਾ ਯੋਗ ਤਰੱਕੀ ਕੀਤੀ ਹੈ।

ਡਾਇਰੈਕਟਰ ਅਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਉੱਚ ਮਿਆਰੀ ਚਾਵਲ ਦੁਨੀਆ ਭਰ ਵਿਚ ਸਪਲਾਈ ਕੀਤੇ ਜਾਂਦੇ ਹਨ। ਇਸ ਮੌਕੇ ਅਰਵਿੰਦਰਪਾਲ ਸਿੰਘ ਨੇ ਕੈਮਰੌਨ ਨੂੰ ਦੱਸਿਆ ਕਿ ਭਾਰਤ ਨੇ ਇਸ ਸਾਲ ਥਾਈਲੈਂਡ ਨੂੰ ਪਛਾੜਦਿਆਂ ਕੌਮਾਂਤਰੀ ਪੱਧਰ 'ਤੇ ਚਾਵਲ ਭੇਜਣ ਵਿਚ ਮੱਲ੍ਹਾਂ ਮਾਰੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਬਾਸਮਤੀ ਹੇਠ ਰਕਬਾ ਵਧਿਆ ਹੈ। ਬਾਸਮਤੀ ਪੈਦਾ ਕਰਨ ਵਿਚ ਪਾਣੀ ਦੀ ਬਚਤ ਤੇ ਕੀਮਤ ਵਿਚ 2200 ਰੁਪਏ ਤੋਂ 3700 ਰੁਪਏ ਤੱਕ ਵਾਧਾ ਹੋਣ ਨਾਲ ਇਸ ਖਿਤੇ ਦੇ ਕਿਸਾਨਾਂ ਨੂੰ ਲਾਭ ਹੋਇਆ ਹੈ।

## ਦਲ ਖਾਲਸਾ ਆਗੂਆਂ ਵੱਲੋਂ ਜੀ ਆਇਆਂ ਨੂੰ...

**ਅੰਮ੍ਰਿਤਸਰ (ਬਿਊਰੋ):** ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਨੂੰ ਅਤਿ ਮਹੱਤਵਪੂਰਨ ਦੱਸਦਿਆਂ ਜਥੇਬੰਦੀ ਵੱਲੋਂ ਡੇਵਿਡ ਕੈਮਰੌਨ ਨੂੰ ਜੀ ਆਇਆਂ ਕਿਹਾ ਹੈ। ਉਨ੍ਹਾਂ ਬਰਤਾਨਵੀ ਦੂਤਾਵਾਸ ਨੂੰ ਭੇਜੇ ਪੱਤਰ ਵਿਚ ਪ੍ਰਧਾਨ ਮੰਤਰੀ ਦਾ ਭਾਰਤ ਦੌਰੇ ਦੌਰਾਨ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਆਉਣ ਨੂੰ ਦੁਨੀਆਂ ਭਰ ਦੇ ਸਿੱਖਾਂ ਲਈ ਹਾਂ ਪੱਖੀ ਸੰਕੇਤ ਦੱਸਿਆ ਹੈ। ਉਨ੍ਹਾਂ ਇੰਗਲੈਂਡ ਸਰਕਾਰ ਤੋਂ ਮੰਗ ਕੀਤੀ ਕਿ ਉਹ ਅੰਮ੍ਰਿਤਸਰ ਵਿਖੇ ਬ੍ਰਿਟਿਸ਼ ਕੌਂਸਲ ਲਾਇਬ੍ਰੇਰੀ ਦੀ ਸਥਾਪਨਾ ਕਰਨ ਤਾਂ ਜੋ ਇਸ ਖਿੱਤੇ ਦੇ ਵਿਦਿਆਰਥੀ ਉਸ ਤੋਂ ਲਾਹਾ ਲੈ ਸਕਣ। ਉਨ੍ਹਾਂ ਆਸ ਪ੍ਰਗਟਾਈ ਕਿ ਬਰਤਾਨਵੀ ਸਰਕਾਰ ਐਂਗਲੋ ਸਿੱਖ ਇਤਿਹਾਸਕ ਰਿਸ਼ਤਿਆਂ ਦੇ ਮੱਦੇਨਜ਼ਰ ਸਿੱਖਾਂ ਦੇ ਹੱਕ ਸੁਰੱਖਿਅਤ ਕਰਨ ਵਿੱਚ ਮਦਦ ਕਰੇਗੀ।

ਇਸ ਦੌਰਾਨ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਪ੍ਰਧਾਨ ਮੰਤਰੀ ਰਾਹੀਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੂੰ ਭੇਜੇ ਮੰਗ ਪੱਤਰ ਵਿਚ ਅਪੀਲ ਕੀਤੀ ਹੈ ਕਿ ਅੰਮ੍ਰਿਤਸਰ ਅਤੇ ਬਰਤਾਨੀਆ ਦੇ ਸ਼ਹਿਰਾਂ ਵਿਚਾਲੇ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚ ਸੈਰ ਸਪਾਟਾ ਤੇ ਕੱਪੜਾ ਵਪਾਰ ਨੂੰ ਵਧਾਉਣ ਦੇ ਕਈ ਮੌਕੇ ਹਨ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਹਜ਼ਾਰਾਂ ਵਿਦੇਸ਼ੀ ਸ਼ਰਧਾਲੂ ਆਉਂਦੇ ਹਨ ਜਿਨ੍ਹਾਂ ਵਿੱਚ ਇੰਗਲੈਂਡ ਤੋਂ ਵੀ ਵੱਡੀ ਗਿਣਤੀ ਸ਼ਰਧਾਲੂ ਸ਼ਾਮਲ ਹੁੰਦੇ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਅੰਮ੍ਰਿਤਸਰ ਅਤੇ ਬਰਤਾਨੀਆ ਦੇ ਸ਼ਹਿਰ ਲੰਡਨ, ਬਰਮਿੰਘਮ, ਲਿਵਰਪੂਲ ਤੇ ਮਾਨਚੇਸਟਰ ਵਿਚਾਲੇ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## ਡੇਵਿਡ ਕੈਮਰੌਨ ਦੇ ਬਿਆਨ ਨੇ ਪੀੜਤਾਂ ਦੇ ਹਿਰਦਿਆਂ ਨੂੰ ਠਾਰਿਆ

**ਚੰਡੀਗੜ੍ਹ:** ਜਲ੍ਹਿਆਂਵਾਲਾ ਬਾਗ ਕਤਲੇਆਮ ਵਿਚੋਂ ਬਚੇ 98 ਸਾਲਾ ਭਰਪੂਰ ਸਿੰਘ ਨੇ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਸ਼ਲਾਘਾ ਕੀਤੀ ਹੈ ਜਿਸ ਨੇ ਇਸ ਕਾਂਡ ਨੂੰ ਬਰਤਾਨਵੀ ਇਤਿਹਾਸ ਵਿਚਲਾ 'ਬੇਹੱਦ ਸ਼ਰਮਨਾਕ' ਕਾਰਾ ਕਰਾਰ ਦਿੱਤਾ ਸੀ। ਇਸ ਵੇਲੇ ਮੈਲਬਰਨ ਵਿਚ ਰਹਿ ਰਹੇ ਭਰਪੂਰ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੂੰ ਕੈਮਰੌਨ ਦਾ ਬਿਆਨ ਸੁਣ ਕੇ ਚੰਗਾ ਲੱਗਿਆ। ਇਸ ਬਿਆਨ ਤੋਂ ਬਰਤਾਨਵੀਆਂ ਦੀ ਸਿਆਣਪ ਝਲਕਦੀ ਹੈ।

### ਜਲ੍ਹਿਆਂਵਾਲਾ ਬਾਗ ਕਾਂਡ ਸ਼ਰਮਨਾਕ ਕਾਰਾ ਕਰਾਰ

ਪਿਛਲੇ ਹਫਤੇ ਅੰਮ੍ਰਿਤਸਰ ਵਿਚ ਜਲ੍ਹਿਆਂਵਾਲਾ ਬਾਗ ਦੀ ਫੇਰੀ 'ਤੇ ਆਏ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਭਾਰਤ ਵਿਚ ਬਰਤਾਨਵੀ ਸਾਸ਼ਨਕਾਲ ਦੌਰਾਨ 1919 ਵਿਚ ਵਿਸਾਖੀ ਮੌਕੇ ਅਮਨਪੂਰਵਕ ਰੋਸ ਪ੍ਰਦਰਸ਼ਨ ਕਰ ਰਹੇ ਭਾਰਤੀਆਂ ਦੇ ਘਾਣ ਦੀ ਕਾਰਵਾਈ ਨੂੰ 'ਬੇਹੱਦ ਸ਼ਰਮਨਾਕ' ਕਿਹਾ ਸੀ ਪਰ ਉਨ੍ਹਾਂ ਇਸ ਬਾਰੇ ਮੁਆਫ਼ੀ ਨਹੀਂ ਮੰਗੀ ਸੀ। ਜਲ੍ਹਿਆਂਵਾਲਾ ਬਾਗ ਦੀ ਯਾਤਰੀ ਪੁਸਤਕ ਵਿਚ ਕੈਮਰੌਨ ਨੇ ਲਿਖਿਆ ਸੀ ਕਿ ਇਹ ਬਰਤਾਨਵੀ ਇਤਿਹਾਸ ਦਾ ਬੜਾ ਸ਼ਰਮਨਾਕ ਕਾਂਡ ਸੀ ਜਿਸ ਨੂੰ ਵਿੰਸਟਨ ਚਰਚਿਲ ਨੇ ਵੀ ਉਸ ਸਮੇਂ ਬਹੁਤ ਘਿਨੌਣਾ ਕਿਹਾ ਸੀ।



ਭਰਪੂਰ ਸਿੰਘ ਨੇ ਦੱਸਿਆ ਕਿ ਕੈਮਰੌਨ ਦੇ ਵਿਜ਼ਟਰੇਜ਼ ਬੁੱਕ ਵਿਚਲੇ ਸੁਨੇਹੇ ਨੇ ਉਨ੍ਹਾਂ ਨੂੰ ਕਤਲੇਆਮ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ ਜਦੋਂ ਉਹ ਆਪਣੇ ਬਜ਼ੁਰਗਾਂ ਨਾਲ ਇਸ ਰੈਲੀ ਵਿਚ ਹਿੱਸਾ ਲੈਣ ਗਏ ਸਨ। ਉਦੋਂ ਉਹ ਚਾਰ ਸਾਲ ਦੇ ਸਨ ਤੇ ਆਪਣੇ ਦਾਦੇ ਤੇ ਚਾਚੇ ਨਾਲ ਇਸ ਅਮਨ ਰੈਲੀ ਵਿਚ ਗਏ ਸਨ। ਉਸ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਤਾਂ ਉਹ ਆਪਣੀਆਂ ਜਾਨਾਂ ਬਚਾਉਣ ਲਈ ਭੱਜੇ। ਉਨ੍ਹਾਂ ਨੇ ਬਾਗ ਦੇ ਦੱਖਣੀ ਪਾਸੇ ਬਣੇ ਕੱਚੇ ਘਰਾਂ ਉੱਤੇ ਛਾਲਾਂ ਮਾਰੀਆਂ ਤੇ ਉਸ ਦੌਰਾਨ ਉਸ ਦੇ ਇਕ ਵਡੇਰੇ ਦੀ ਬਾਂਹ ਟੁੱਟ ਗਈ।

ਉਹ ਗ੍ਰਿਫਤਾਰੀ ਤੋਂ ਡਰਦੇ ਉਸ ਨੂੰ ਹਸਪਤਾਲ ਵੀ ਨਹੀਂ ਲਿਜਾ ਸਕੇ ਸਨ। ਉਨ੍ਹਾਂ ਕਿਹਾ ਕਿ ਹੋਰ ਬਹੁਤ ਸਾਰੇ ਪਰਿਵਾਰ ਹੋਣਗੇ ਜਿਨ੍ਹਾਂ ਦੀਆਂ ਜਲ੍ਹਿਆਂਵਾਲਾ ਬਾਗ ਕਾਂਡ ਨਾਲ ਯਾਦਾਂ ਜੁੜੀਆਂ ਹੋਣਗੀਆਂ ਤੇ ਹੁਣ ਬਰਤਾਨਵੀ ਪ੍ਰਧਾਨ ਮੰਤਰੀ ਵੱਲੋਂ ਉਸ ਅਸਥਾਨ 'ਤੇ ਸ਼ਰਧਾਂਜਲੀ ਭੇਟ ਕਰਨ ਨਾਲ ਉਨ੍ਹਾਂ ਨੂੰ ਥੋੜ੍ਹਾ ਸਕੂਨ ਜ਼ਰੂਰ ਮਿਲਿਆ ਹੈ। ਭਰਪੂਰ ਸਿੰਘ ਨੇ ਕਿਹਾ ਕਿ ਉਹ ਹਾਲੇ ਵੀ ਉਸ ਕਾਂਡ ਬਾਰੇ ਸੋਚ ਕੇ ਕੰਬ ਜਾਂਦਾ ਹੈ ਪਰ ਬਰਤਾਨਵੀ ਹੁਕਮਰਾਨ ਦੀ ਇਹ ਸਰਗਰਮੀ ਸਰਾਹੁਣਯੋਗ ਹੈ। ਜਲ੍ਹਿਆਂਵਾਲਾ ਬਾਗ ਕਤਲੇਆਮ 13 ਅਪਰੈਲ, 1919 ਨੂੰ ਹੋਇਆ ਸੀ। ਇਸ ਬਾਗ ਵਿਚ ਕੋਈ 20,000 ਲੋਕਾਂ ਦਾ ਇਕੱਠ ਹੋਣ ਦੀ ਗੱਲ ਸੁਣ ਕੇ ਬ੍ਰਿਗੇਡੀਅਰ ਜਨਰਲ ਆਰ.ਈ.ਐਚ. ਡਾਇਰ ਨੇ ਆਪਣੇ 50 ਸੈਨਿਕਾਂ ਨਾਲ ਇਸ ਇਕੱਠ 'ਤੇ ਗੋਲੀਆਂ ਚਲਾਈਆਂ ਸਨ। ਡਾਇਰ ਨੇ ਕੋਈ 10 ਮਿੰਟ ਫਾਇਰਿੰਗ ਕਰਾਈ ਜਦੋਂ ਤਕ ਗੋਲੀ-ਸਿੱਕਾ ਮੁੱਕ ਨਾ ਗਿਆ। ਉਨ੍ਹਾਂ ਕੁੱਲ 1650 ਰੌਂਦ ਦਾਗੇ ਸਨ ਤੇ 1000 ਤੋਂ ਵੱਧ ਨਿਰਦੋਸ਼ ਤੇ ਨਿਹੱਥੇ ਭਾਰਤੀ ਮਾਰੇ ਗਏ ਸਨ। ਭਰਪੂਰ ਸਿੰਘ 1985 ਵਿਚ ਅੰਮ੍ਰਿਤਸਰ ਤੋਂ ਮੈਲਬਰਨ ਆ ਵੱਸੇ ਸਨ ਤੇ ਇਸ ਵੇਲੇ ਉਹ ਸ਼ਹਿਰ ਦੇ ਪੱਛਮੀ ਸਬਅਰਬ ਵਿਚ ਸੀਨੀਅਰ ਕਮਿਊਨਿਟੀ ਕਲੱਬ ਦੇ ਸਰਗਰਮ ਮੈਂਬਰ ਹਨ।

### ਸ਼ਹੀਦਾਂ ਦੇ ਪਰਿਵਾਰ ਅਜੇ ਵੀ ਖ਼ਫ਼ਾ

**ਅੰਮ੍ਰਿਤਸਰ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ ਜਲ੍ਹਿਆਂਵਾਲਾ ਬਾਗ ਸਾਕੇ ਬਾਰੇ ਅਫਸੋਸ ਦਾ ਪ੍ਰਗਟਾਵਾ ਕਰਨ ਤੇ ਉਸ ਨੂੰ ਬੇਹੱਦ ਸ਼ਰਮਨਾਕ ਕਾਰਵਾਈ ਕਰਾਰ ਦੇਣ 'ਤੇ ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਨੇ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਪ੍ਰਧਾਨ ਮੰਤਰੀ ਨੂੰ ਬਰਤਾਨੀਆ ਸਰਕਾਰ ਦੇ ਪ੍ਰਤੀਨਿਧ ਵਜੋਂ ਉਸ ਘਟਨਾ ਲਈ ਸਪੱਸ਼ਟ ਰੂਪ ਵਿਚ ਮੁਆਫ਼ੀ ਮੰਗਣੀ ਚਾਹੀਦੀ ਸੀ। ਸ਼ਹੀਦਾਂ ਦੇ ਪਰਿਵਾਰਾਂ ਦੀ ਜਥੇਬੰਦੀ ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਦੇ ਆਗੂ ਭੂਸ਼ਣ ਬਹਿਲ ਜਿਸ ਦੇ ਦਾਦਾ ਲਾਲਾ ਹਰੀ ਰਾਮ ਬਹਿਲ 13 ਅਪਰੈਲ, 1919 ਨੂੰ ਵਾਪਰੀ ਘਟਨਾ ਵਿਚ ਸ਼ਹੀਦ ਹੋ ਗਏ ਸਨ, ਨੇ ਦੱਸਿਆ ਕਿ ਸਮਿਤੀ ਦੇ ਮੈਂਬਰ ਪ੍ਰਧਾਨ ਮੰਤਰੀ ਕੈਮਰੌਨ ਨੂੰ ਮਿਲਣ ਦੇ ਇੱਛੁਕ ਸਨ ਤਾਂ ਜੋ ਉਨ੍ਹਾਂ ਨੂੰ ਮੰਗ ਪੱਤਰ ਸੌਂਪ ਕੇ ਉਸ ਘਟਨਾ ਲਈ ਮੁਆਫ਼ੀ ਮੰਗਣ ਵਾਸਤੇ ਆਖਿਆ ਜਾ ਸਕੇ।

## ਹੈਲੀਕਾਪਟਰ ਘੁਟਾਲੇ 'ਚ ਹਵਾਈ ਸੈਨਾ ਦੇ ਸਾਬਕਾ ਮੁਖੀ ਨੂੰ ਲਪੇਟਾ

**ਨਵੀਂ ਦਿੱਲੀ:** ਵੀ ਵੀ ਆਈ ਪੀ ਹੈਲੀਕਾਪਟਰ ਸੌਦੇ ਵਿਚ ਰਿਸ਼ਵਤਾਂ ਚੱਲਣ ਦੇ ਦੋਸ਼ਾਂ ਦੀ ਮੁੱਢਲੀ ਜਾਂਚ ਵਿਚ ਸੀ ਬੀ ਆਈ ਨੇ ਹਵਾਈ ਸੈਨਾ ਦੇ ਸਾਬਕਾ ਮੁਖੀ ਐਸ.ਪੀ. ਤਿਆਗੀ ਦਾ ਨਾਂ ਲਿਆ ਹੈ। ਕਿਸੇ ਘੁਟਾਲੇ ਦੀ ਜਾਂਚ ਵਿਚ ਨਾਂ ਬੋਲੇ ਜਾਣ ਦੇ ਮਾਮਲੇ ਵਿਚ ਤਿਆਗੀ ਭਾਰਤੀ ਸੈਨਾ ਵਿਚ ਦੂਜੇ ਅਧਿਕਾਰੀ ਬਣ ਗਏ ਹਨ। ਭਾਰਤੀ ਹਵਾਈ ਸੈਨਾ ਦੇ ਸਾਬਕਾ ਮੁਖੀ ਤੋਂ ਇਲਾਵਾ ਉਸ ਦੇ ਚਚੇਰੇ ਭੈਣ-ਭਰਾਵਾਂ ਸਮੇਤ 10 ਹੋਰਾਂ, ਜੂਲੀ, ਡੋਸਕਾ ਤੇ ਸੰਦੀਪ ਤਿਆਗੀ ਦੇ ਨਾਂ ਵੀ ਚਾਰ ਕੰਪਨੀਆਂ ਸਮੇਤ ਸ਼ਾਮਲ ਕੀਤੇ ਗਏ ਹਨ।

ਸੀ ਬੀ ਆਈ ਦੀ ਮੁੱਢਲੀ ਜਾਂਚ ਵਿਚ ਸ਼ੱਕ ਦੀ ਸੂਈ ਇਨ੍ਹਾਂ ਸਭ ਵੱਲ ਜਾ ਰਹੀ ਹੈ। ਫ਼ੌਜੀ ਸੇਵਾਵਾਂ ਦੇ ਕਿਸੇ ਸਾਬਕਾ ਮੁਖੀ ਦਾ ਨਾਂ ਸੀ ਬੀ ਆਈ ਦੀ ਜਾਂਚ 'ਚ ਬੋਲਣ ਦਾ ਇਹ ਦੂਜਾ ਮਾਮਲਾ ਹੈ। 2000 ਦੇ ਸ਼ੁਰੂ ਵਿਚ ਬਾਰਾਕ ਮਿਜ਼ਾਈਲਾਂ ਦੀ ਖਰੀਦ ਦੇ ਮਾਮਲੇ 'ਚ ਵੀ ਵੱਢੀ ਦੇ ਕਥਿਤ ਦੋਸ਼ਾਂ ਦੀ ਜਾਂਚ ਮੌਕੇ ਸਾਬਕਾ ਐਡਮਿਰਲ ਸੁਸ਼ੀਲ ਕੁਮਾਰ ਦਾ ਨਾਂ ਆਇਆ ਸੀ।

## ਬਾਬਾ ਰਾਮਦੇਵ ਵੱਲੋਂ ਕਾਂਗਰਸ ਨੂੰ ਹਰਾਉਣ ਦਾ ਸੰਕਲਪ

**ਚੇਨਈ:** ਯੋਗਾ ਗੁਰੂ ਬਾਬਾ ਰਾਮਦੇਵ ਨੇ ਰਾਸ਼ਟਰ ਤੋਂ ਭ੍ਰਿਸ਼ਟਾਚਾਰ ਦਾ ਦਾਗ ਧੋਣ ਲਈ ਵੱਡੀ ਮੁਹਿੰਮ ਚਲਾ ਕੇ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਲਈ ਕੰਮ ਕਰਨ ਦਾ ਸੰਕਲਪ ਲਿਆ ਹੈ। ਬਾਬਾ ਰਾਮਦੇਵ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਉਨ੍ਹਾਂ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਸਮਾਜ ਸੇਵੀ ਅੰਨਾ ਹਜ਼ਾਰੇ ਨੂੰ ਲੋਕ ਸਭਾ 'ਚ ਲੋਕਪਾਲ ਬਿੱਲ ਪਾਸ ਕਰਾਉਣ ਦੇ ਦਿੱਤੇ ਭਰੋਸੇ ਤੋਂ ਪਿੱਛੇ ਹਟਣ ਲਈ ਆਲੋਚਨਾ ਕੀਤੀ ਅਤੇ ਕਿਹਾ ਕਿ ਉਹ ਭ੍ਰਿਸ਼ਟ ਸਿਆਸਤਦਾਨਾਂ ਤੋਂ ਦੇਸ਼ ਨੂੰ ਬਚਾਉਣ ਲਈ ਪੂਰੀ ਵਾਹ ਲਾਉਣਗੇ।

# ਫੌਜਾ ਸਿੰਘ ਵੱਲੋਂ ਮੈਰਾਥਨ ਨੂੰ ਅਲਵਿਦਾ

**ਹਾਂਗਕਾਂਗ:** ਦੁਨੀਆਂ ਦੇ ਸਭ ਤੋਂ ਵੱਡੀ ਉਮਰ ਦੇ ਮੈਰਾਥਨ ਦੌੜਾਕ 101 ਸਾਲਾ ਫੌਜਾ ਸਿੰਘ ਨੇ ਲੰਬੀਆਂ ਦੌੜਾਂ ਨੂੰ ਅਲਵਿਦਾ ਆਖ



ਦਿੱਤੀ ਹੈ ਪਰ ਇਸ ਦੇ ਨਾਲ ਹੀ ਉਸ ਨੇ ਕਿਹਾ ਹੈ ਕਿ ਉਹ ਚੈਰਿਟੀ ਲਈ ਦੌੜਦਾ ਰਹੇਗਾ। 'ਟਰਬਨਡ ਟੋਰਨਾਡੋ' ਵਜੋਂ ਜਾਣੇ ਜਾਂਦੇ ਫੌਜਾ ਸਿੰਘ ਨੇ ਲੰਘੇ ਦਿਨੀਂ ਹਾਂਗਕਾਂਗ ਮੈਰਾਥਨ ਦੀ 10 ਕਿਲੋਮੀਟਰ ਦੌੜ ਇਕ ਘੰਟਾ 32 ਮਿੰਟ, 28 ਸੈਕਿੰਡ ਵਿਚ ਪੂਰੀ ਕੀਤੀ ਪਰ ਉਹ ਆਪਣੇ ਹੀ ਰਿਕਾਰਡ 5.40 ਦੀ ਬਰਾਬਰੀ ਨਾ ਕਰ ਸਕਿਆ। ਇਹ ਉਸ ਦੀ ਆਖਰੀ ਮੈਰਾਥਨ ਸੀ।

ਭਾਰਤੀ ਮੂਲ ਦਾ ਬਰਤਾਨਵੀ ਨਾਗਰਿਕ ਫੌਜਾ ਸਿੰਘ ਪਹਿਲੀ ਅਪਰੈਲ ਨੂੰ 102 ਸਾਲਾਂ ਦਾ ਹੋ ਜਾਵੇਗਾ। ਉਹ 2011 ਵਿਚ ਟੋਰਾਂਟੋ ਵਿਚ ਪੂਰੀ ਮੈਰਾਥਨ ਦੌੜ ਕੇ ਸਭ ਤੋਂ ਵੱਧ ਉਮਰ ਦਾ ਦੌੜਾਕ ਬਣਿਆ ਪਰ ਉਸ ਦੇ ਰਿਕਾਰਡ ਨੂੰ ਗਿੰਨੀਜ਼ ਬੁੱਕ ਨੇ ਮਾਨਤਾ ਨਹੀਂ ਦਿੱਤੀ ਗਈ ਕਿਉਂਕਿ ਉਹ ਉਮਰ ਬਾਰੇ ਸਰਟੀਫਿਕੇਟ ਪੇਸ਼ ਨਹੀਂ ਕਰ ਸਕਿਆ। ਫੌਜਾ ਸਿੰਘ ਪੰਜਾਬ ਵਿਚ ਬਿਆਸ ਨੇੜੇ ਦਾ ਜੰਮਪਲ ਹੈ। ਉਹ ਟੋਰਾਂਟੋ, ਲੰਡਨ ਤੇ ਨਿਊਯਾਰਕ ਵਿਚ 26 ਮੀਲ ਦੀਆਂ ਨੌਂ ਮੈਰਾਥਨ ਦੌੜਾਂ ਪੂਰੀਆਂ ਕਰ ਚੁੱਕਾ ਹੈ। ਉਸ ਨੇ ਸਭ ਤੋਂ ਚੰਗਾ ਟਾਈਮ ਟੋਰਾਂਟੋ ਵਿਚ ਕੱਢਿਆ ਜੋ ਪੰਜ ਘੰਟੇ, 40 ਮਿੰਟ ਤੇ ਚਾਰ ਸੈਕਿੰਡ ਦਾ ਸੀ।

ਫੌਜਾ ਸਿੰਘ ਦਾ ਦਾਅਵਾ ਹੈ ਕਿ ਉਸ ਨੂੰ ਅਜੇ ਤਕ ਕੋਈ ਸਰੀਰਕ ਰੋਗ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਬਸ ਉਸ ਨੂੰ ਇਕ ਹੀ ਪਛਤਾਵਾ ਹੈ ਕਿ ਉਸ ਨੂੰ ਅੰਗਰੇਜ਼ੀ ਪੜ੍ਹਨੀ ਤੇ ਲਿਖਣੀ ਨਹੀਂ ਆਉਂਦੀ। ਫੌਜਾ ਸਿੰਘ ਨੇ 1999 ਵਿਚ ਜਦੋਂ ਉਹ 89 ਸਾਲ ਦਾ ਸੀ, ਚੈਰਿਟੀ ਲਈ ਦੌੜਨਾ ਸ਼ੁਰੂ ਕੀਤਾ। ਪਹਿਲੀ ਵਾਰੀ ਉਹ ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ ਬੱਚਿਆਂ ਦੀ ਚੈਰਿਟੀ ਲਈ ਦੌੜਿਆ ਤੇ ਇਸ ਤਰ੍ਹਾਂ ਉਹ ਸਭ ਤੋਂ ਵੱਧ ਨੌਜਵਾਨਾਂ ਲਈ ਦੌੜਨ ਵਾਲਾ ਸਭ ਤੋਂ ਬਜ਼ੁਰਗ ਆਦਮੀ ਬਣ ਗਿਆ। ਫੌਜਾ ਸਿੰਘ 100 ਸਾਲ ਤੋਂ ਵਡੇਰੀ ਉਮਰ ਦਾ ਪਹਿਲਾ ਮਨੁੱਖ ਹੈ ਜਿਸ ਨੇ ਅਕਤੂਬਰ 2011 ਵਿਚ ਟੋਰਾਂਟੋ ਦੀ ਵਾਟਰ ਫਰੰਟ ਮੈਰਾਥਨ ਦੌੜਦਿਆਂ 42.2 ਕਿਲੋਮੀਟਰ ਦਾ ਪੰਧ ਅੱਠ ਘੰਟੇ 11 ਮਿੰਟ ਛੇ ਸੈਕਿੰਡ ਵਿਚ ਪੂਰਾ ਕੀਤਾ। ਉਸ ਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਆ ਜਾਣਾ ਸੀ ਜੇ ਉਸ ਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫਿਕੇਟ ਲੱਭ ਜਾਂਦਾ। ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਉਸ ਨੂੰ ਮਹਾਰਾਣੀ ਬਰਤਾਨੀਆ ਨੇ ਸੌ ਸਾਲ ਦਾ ਹੋ ਜਾਣ ਦੀ ਵਧਾਈ ਦਿੱਤੀ ਤੇ ਮਹਿਲਾਂ ਵਿਚ ਖਾਣੇ 'ਤੇ ਸੱਦਿਆ।

ਟੋਰਾਂਟੋ ਵਿਚ ਸਕੋਸ਼ੀਆ ਬੈਂਕ ਦੀ ਮੈਰਾਥਨ ਦੌੜ ਵਿਚ ਉਸ ਨੇ 92 ਸਾਲ ਦੀ ਉਮਰ ਵਿਚ 42.2 ਕਿਲੋਮੀਟਰ ਦੀ ਦੌੜ ਪੰਜ ਘੰਟੇ 40 ਮਿੰਟ 04 ਸਕਿੰਟ ਵਿਚ ਪੂਰੀ ਕਰਕੇ ਨਵਾਂ ਵਿਸ਼ਵ ਰਿਕਾਰਡ ਰੱਖਿਆ ਸੀ। ਉਹ ਪਹਿਲੀ ਅਪਰੈਲ 1911 ਨੂੰ ਬਿਆਸ ਪਿੰਡ ਵਿਚ ਜੰਮਿਆ ਸੀ। ਆਪਣੇ ਇਕ ਪੁੱਤ ਦੀ ਮੌਤ ਹੋ ਜਾਣ ਪਿਛੋਂ ਉਹ ਬੁਢਾਪੇ ਵਿਚ ਆਪਣੇ ਦੂਜੇ ਪੁੱਤ ਕੋਲ ਇੰਗਲੈਂਡ ਰਹਿਣ ਲੱਗਿਆ ਜਿੱਥੇ ਕੋਚ ਹਰਮਿੰਦਰ ਸਿੰਘ ਨੇ ਉਸ ਨੂੰ ਮੈਰਾਥਨ ਦੌੜ ਲਈ ਤਿਆਰ ਕੀਤਾ। ਲੰਡਨ ਦੀ ਮੈਰਾਥਨ ਵਿਚ 32860 ਦੌੜਾਕ ਦੌੜੇ ਜਿਨ੍ਹਾਂ ਵਿਚ 65 ਸਾਲ ਤੋਂ ਵਡੇਰੀ ਉਮਰ ਵਾਲਿਆਂ ਵਿਚ 85 ਸਾਲਾਂ ਦਾ ਫੌਜਾ ਸਿੰਘ ਅੱਵਲ ਰਿਹਾ।

### 'ਟਰਬਨਡ ਟੌਰਨੈਡੋ' ਫੌਜਾ ਸਿੰਘ

**ਲੰਡਨ:** ਜ਼ਿੰਦਗੀ ਦਾ ਸੈਂਕੜਾ ਪੂਰਾ ਕਰ ਚੁੱਕੇ ਮੈਰਾਥਨ ਦੌੜਾਕ ਫੌਜਾ ਸਿੰਘ ਦੀ ਜੀਵਨੀ ਕਾਲਮਨਵੀਸ ਤੇ ਲੇਖਕ ਖੁਸ਼ਵੰਤ ਸਿੰਘ ਨੇ ਲਿਖੀ ਹੈ ਜਿਸ ਨੂੰ 'ਟਰਬਨਡ ਟੌਰਨੈਡੋ' ਦਾ ਸਿਰਲੇਖ ਦਿੱਤਾ ਗਿਆ ਹੈ। ਇਸ 114 ਸਫਿਆਂ ਦੀ ਕਿਤਾਬ ਵਿਚ ਲੇਖਕ ਨੇ ਫੌਜਾ ਸਿੰਘ ਦੇ ਜ਼ਿੰਦਗੀ ਜਿਉਣ ਦੇ ਜਜ਼ਬੇ ਤੇ ਬੁਲੰਦ ਹੌਸਲੇ ਦਾ ਜ਼ਿਕਰ ਕੀਤਾ ਹੈ। ਕਿਤਾਬ ਵਿਚ ਫੌਜਾ ਸਿੰਘ ਦੀਆਂ ਜੜ੍ਹਾਂ ਦੀ ਤਲਾਸ਼ ਕਰਦਿਆਂ ਉਸ ਦੇ ਸਮੁੱਚੇ ਜੀਵਨ ਸਫ਼ਰ 'ਤੇ ਝਾਤ ਪੁਆਈ ਗਈ ਹੈ ਤੇ ਨਾਲ ਹੀ ਆਲੇ-ਦੁਆਲੇ ਦੀ ਦੁਨੀਆਂ ਦੇ ਫੌਜਾ ਸਿੰਘ 'ਤੇ ਪੈਣ ਵਾਲੇ ਅਸਰ ਦਾ ਜ਼ਿਕਰ ਵੀ ਕੀਤਾ ਗਿਆ ਹੈ।

ਲੇਖਕ ਖੁਸ਼ਵੰਤ ਸਿੰਘ ਦਾ ਕਹਿਣਾ ਹੈ ਕਿ ਫੌਜਾ ਸਿੰਘ ਲਈ 'ਕੁਝ ਵੀ ਅਸੰਭਵ ਨਹੀਂ' ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਹ ਸਭ ਤੋਂ ਪਹਿਲਾਂ 2005 ਵਿਚ ਫੌਜਾ ਸਿੰਘ ਨੂੰ ਮਿਲੇ ਤਾਂ "ਉਦੋਂ ਆਪਣੀ ਪਹਿਲੀ ਕਿਤਾਬ ਸਿੱਖਜ਼ ਅਨਲਿਮਟਿਡ ਲਿਖ ਰਹੇ ਸਨ। ਉਨ੍ਹਾਂ ਦਾ ਕਹਿਣਆ ਹੈ ਕਿ "ਫੌਜਾ ਸਿੰਘ ਨੇ ਉਦੋਂ ਦੌੜਨਾ ਸ਼ੁਰੂ ਕੀਤਾ ਜਦੋਂ ਬਹੁਤੇ ਲੋਕ ਅਜਿਹਾ ਸੋਚ ਵੀ ਨਹੀਂ ਸਕਦੇ। ਉਹ ਆਪਣੇ ਗ਼ਰੀਬ ਮਾਪਿਆਂ ਦੇ ਚਾਰ ਬੱਚਿਆਂ ਵਿਚੋਂ ਸਭ ਤੋਂ ਛੋਟੇ ਸਨ। ਦੱਸਿਆ ਜਾਂਦਾ ਹੈ ਕਿ ਬਚਪਨ ਵਿਚ ਫੌਜਾ ਸਿੰਘ ਦੀ ਸਿਹਤ ਜ਼ਿਆਦਾ ਵਧੀਆ ਨਹੀਂ ਸੀ ਤੇ ਉਨ੍ਹਾਂ ਤੁਰਨਾ ਵੀ ਪੰਜ ਸਾਲ ਦੀ ਉਮਰ ਵਿਚ ਸ਼ੁਰੂ ਕੀਤਾ ਸੀ। ਇਸ ਲਈ ਉਨ੍ਹਾਂ ਦੇ ਅਥਲੀਟ ਬਣਨ ਬਾਰੇ ਤਾਂ ਕੋਈ ਸੋਚ ਵੀ ਨਹੀਂ ਸੀ ਸਕਦਾ।

## 'ਸਿੱਖ ਵਾਤਾਵਰਣ ਦਿਵਸ' ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਫੈਸਲਾ

**ਚੰਡੀਗੜ੍ਹ:** ਵਾਸ਼ਿੰਗਟਨ ਇੰਟਰਨੈਸ਼ਨਲ ਸਿੱਖ ਗਰੁੱਪ 'ਈਕੋਸਿੱਖ' ਵੱਲੋਂ 14 ਮਾਰਚ ਨੂੰ ਸਿੱਖਾਂ ਦੇ ਸੱਤਵੇਂ ਗੁਰੂ ਹਰਿ ਰਾਏ ਦੇ ਗੁਰਗੱਦੀ ਪੁਰਬ ਮੌਕੇ ਕੌਮਾਂਤਰੀ ਪੱਧਰ 'ਤੇ 'ਸਿੱਖ ਵਾਤਾਵਰਣ ਦਿਵਸ' ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਕੈਨੇਡਾ, ਅਮਰੀਕਾ, ਬਰਾਜ਼ੀਲ, ਆਸਟ੍ਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ, ਮਲੇਸ਼ੀਆ ਸਮੇਤ ਭਾਰਤ ਵਿੱਚ ਕਰੀਬ 1500 ਗੁਰਦੁਆਰਿਆਂ, ਵਿਦਿਅਕ ਸੰਸਥਾਵਾਂ ਤੇ ਸਿੱਖ ਸੰਸਥਾਵਾਂ ਵੱਲੋਂ 14 ਮਾਰਚ ਨੂੰ ਇਹ ਦਿਵਸ ਮਨਾਇਆ ਜਾਵੇਗਾ। ਸ੍ਰੀ ਹਜ਼ੂਰ ਸਾਹਿਬ ਕਮੇਟੀ ਨਾਂਦੇੜ ਦੇ ਚੀਫ ਐਗਜ਼ੈਕੇਟਿਵ ਅਫਸਰ (ਸੀਈਓ) ਡੀਪੀਐਸ ਚਾਵਲਾ, ਈਕੋਸਿੱਖ ਸੰਸਥਾ ਦੇ ਭਾਰਤ ਵਿਚਲੇ ਪ੍ਰਾਜੈਕਟ ਮੈਨੇਜਰ ਰਵਨੀਤ ਪਾਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਸੱਭਰਵਾਲ, ਚੰਡੀਗੜ੍ਹ ਗੁਰਦੁਆਰਾ ਸੰਗਠਨ ਦੇ ਸਕੱਤਰ ਜਨਰਲ ਹਰਜੀਤ ਸਿੰਘ, ਏਆਈਪੀਐਲ ਅੰਬੂਜਾ ਦੇ ਸੀਨੀਅਰ ਜਨਰਲ ਮੈਨੇਜਰ ਕਰਨਲ ਕੁਲਦੀਪ ਸਿੰਘ ਸੰਧੂ, ਗੰਗਾ ਨਰਸਰੀ ਜ਼ੀਰਕਪੁਰ ਦੇ ਭਾਈ ਮਨਜੀਤ ਸਿੰਘ, ਜਸਪ੍ਰੀਤ ਕੌਰ ਨੇ ਕਿਹਾ ਕਿ ਗੁਰੂ ਹਰਿ ਰਾਏ ਜੀ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਮੁਹਿੰਮ ਚਲਾਈ ਸੀ। ਅੱਤ ਦੀ ਗਰਮੀ ਤੇ ਸਰਦੀ ਦੇ ਅਚਨਚੇਤੀ ਪੈਦਾ ਹੋ ਰਹੇ ਮੌਸਮਾਂ ਕਾਰਨ ਮਨੁੱਖਤਾ ਦੇ ਭਲੇ ਲਈ ਵਾਤਾਵਰਣ ਨੂੰ ਬਚਾਉਣਾ ਹਰੇਕ ਇਨਸਾਨ ਦਾ ਮੁੱਢਲਾ ਫਰਜ਼ ਹੈ। ਉਨ੍ਹਾਂ ਕਿਹਾ ਕਿ 'ਸਿੱਖ ਵਾਤਾਵਰਣ ਦਿਵਸ' ਮੌਕੇ ਪੌਦੇ ਲਾਏ ਜਾਣਗੇ। ਹਜ਼ੂਰ ਕਮੇਟੀ ਦੇ ਸੀਓ ਡੀ.ਪੀ. ਸਿੰਘ ਚਾਵਲਾ ਨੇ ਦੱਸਿਆ ਕਿ ਨਾਂਦੇੜ ਵਿਖੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਯਾਤਰੀਆਂ ਲਈ ਡੀਲਕਸ ਬੱਸ ਸਰਵਿਸ ਸ਼ੁਰੂ ਕਰਵਾਈ ਤੇ ਤਖਤ ਹਜ਼ੂਰ ਸਾਹਿਬ ਦੇ ਆਲੇ-ਦੁਆਲੇ ਨੂੰ ਹਰਾ-ਭਰਾ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ।

## ਨਾਮਧਾਰੀ ਸੰਪਰਦਾ ਦੇ ਦੋ ਗੁੱਟ ਆਪਸ ਵਿਚ ਭਿੜੇ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਨਾਮਧਾਰੀ ਸੰਪਰਦਾ ਦੇ ਦੋ ਗੁੱਟਾਂ ਠਾਕੁਰ ਉਦੈ ਸਿੰਘ ਤੇ ਠਾਕੁਰ ਦਲੀਪ ਸਿੰਘ ਦੇ ਸਮਰਥਕਾਂ ਵਿਚਾਲੇ ਹੋਏ ਝਗੜੇ ਦੌਰਾਨ ਗੋਲੀ ਤੇ ਡਾਂਗਾਂ ਚੱਲਣ ਤੇ ਪਥਰਾਅ ਹੋਣ ਦੀ ਵਾਪਰੀ ਘਟਨਾ ਵਿੱ ਦੋਵਾਂ ਧਿਰਾਂ ਦੇ ਤਕਰੀਬਨ ਅੱਧੀ ਦਰਜਨ ਤੋਂ ਵਧੇਰੇ ਸ਼ਰਧਾਲੂ ਜ਼ਖਮੀ ਹੋ ਗਏ। ਇਸ ਝਗੜੇ ਵਿਚ ਸਵਰਨ ਸਿੰਘ, ਸ਼ਿੰਦਰ ਸਿੰਘ ਖਾਲੜਾ ਤੇ ਗੁਰਦੀਪ ਸਿੰਘ ਰਿੰਕੂ (ਠਾਕੁਰ ਦਲੀਪ ਸਿੰਘ ਸਮਰਥਕ) ਤੇ ਰਣਜੀਤ ਸਿੰਘ ਨੂੰ ਗੰਭੀਰ ਸੱਟਾਂ ਵੱਜੀਆਂ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ।

ਇਹ ਝਗੜਾ ਇਥੇ ਇਤਿਹਾਸਕ ਰਾਮਬਾਗ ਨੇੜੇ ਸਥਿਤ ਨਾਮਧਾਰੀ ਸ਼ਹੀਦੀ ਬੋਹੜ ਸਮਾਰਕ ਵਾਲੇ ਸਥਾਨ 'ਤੇ ਹੋਇਆ ਜਿਥੇ ਇਕ ਸਮਾਗਮ ਚੱਲ ਰਿਹਾ ਸੀ। ਇਸ ਸਮਾਗਮ ਵਿਚ ਨਾਮਧਾਰੀ ਸੰਪਰਦਾ ਦੇ ਮੌਜੂਦਾ ਮੁਖੀ ਠਾਕੁਰ ਉਦੈ ਸਿੰਘ ਤੇ ਮਾਤਾ ਚੰਦ ਕੌਰ ਪੁੱਜੇ ਹੋਏ ਸਨ। ਦੂਜੇ ਪਾਸੇ ਠਾਕੁਰ ਦਲੀਪ ਸਿੰਘ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਸਰਹੱਦੀ ਪਿੰਡ ਮੁਹਾਵਾ ਸਥਿਤ ਨਾਮਧਾਰੀ ਗੁਰਦੁਆਰੇ ਵਿਖੇ ਸਮੂਹ ਵਿਆਹ ਕਰਵਾਏ ਗਏ ਸਨ।

ਉਨ੍ਹਾਂ ਦੇ ਕੁਝ ਸਮਰਥਕ ਬਾਬਾ ਸ਼ਿੰਦਾ ਸਿੰਘ ਦੀ ਅਗਵਾਈ ਹੇਠ ਨਾਮਧਾਰੀ ਸੰਪਰਦਾ ਵਿਚ ਏਕਤਾ ਦਾ ਮੁੱਦਾ ਲੈ ਕੇ ਮਾਤਾ ਚੰਦ ਕੌਰ ਨੂੰ ਮਿਲਣ ਲਈ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਗਏ ਜਿਥੇ ਦੋਵਾਂ ਧਿਰਾਂ ਵਿਚਾਲੇ ਹੋਈ ਤਕਰਾਰ ਝਗੜੇ ਦਾ ਰੂਪ ਧਾਰ ਗਈ। ਝਗੜੇ ਦੌਰਾਨ ਹਵਾ ਵਿਚ ਗੋਲੀਆਂ ਵੀ ਚੱਲੀਆਂ ਤੇ ਡਾਂਗਾ ਦੀ ਵੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਸ ਦੌਰਾਨ ਦੋਵੇਂ ਪਾਸਿਓਂ ਪਥਰਾਅ ਵੀ ਹੋਇਆ ਤੇ ਕਈ ਵਿਅਕਤੀ ਜ਼ਖਮੀ ਹੋ ਗਏ। ਜਦੋਂ ਇਹ ਝਗੜਾ ਹੋਇਆ ਤਾਂ ਉਸ ਵੇਲੇ ਇਥੇ ਪੁਲਿਸ ਵੀ ਤਾਇਨਾਤ ਸੀ।

ਠਾਕੁਰ ਦਲੀਪ ਸਿੰਘ ਸਮਰਥਕਾਂ ਨੇ ਦਾਅਵਾ ਕੀਤਾ ਕਿ ਉਹ ਸੁਲਾਹ ਸਫਾਈ ਤੇ ਪੰਥਕ ਏਕਤਾ ਦਾ ਮੁੱਦਾ ਲੈ ਕੇ ਮਾਤਾ ਚੰਦ ਕੌਰ ਨੂੰ ਮਿਲਣ ਲਈ ਗਏ ਸਨ ਪਰ ਉਥੇ ਤਾਇਨਾਤ ਸੇਵਾਦਾਰਾਂ ਨੇ ਮਾਤਾ ਚੰਦ ਕੌਰ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਠਾਕੁਰ ਉਦੈ ਸਿੰਘ ਦੇ ਸਮਰਥਕਾਂ ਵੱਲੋਂ ਮੁਲਾਕਾਤ ਲਈ ਗਏ ਸ਼ਰਧਾਲੂਆਂ ਜਿਨ੍ਹਾਂ ਵਿਚ ਬੀਬੀਆਂ ਤੇ ਬੱਚੇ ਵੀ ਸ਼ਾਮਲ ਸਨ, 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ ਗੋਲੀ ਚਲਾਈ ਤੇ ਪਥਰਾਅ ਵੀ ਕੀਤਾ ਜਿਸਦੇ ਸਿੱਟੇ ਵਜੋਂ ਕਈ ਸ਼ਰਧਾਲੂ ਜ਼ਖਮੀ ਹੋ ਗਏ।

ਨਾਮਧਾਰੀ ਸ਼ਹੀਦੀ ਸਮਾਰਕ, ਉਹ ਸਥਾਨ ਹੈ ਜਿਥੇ 1871 ਵਿਚ ਅੰਗਰੇਜ਼ ਹੁਕਮਰਾਨਾਂ ਨੇ ਨਾਮਧਾਰੀ ਸੰਪਰਦਾ ਦੇ ਚਾਰ ਸਿੰਘਾਂ ਸੰਤ ਲਹਿਣਾ ਸਿੰਘ, ਸੰਤ ਬਹਿਲਾ ਸਿੰਘ, ਸੰਤ ਫਤਹਿ ਸਿੰਘ, ਸੰਤ ਹਾਕਮ ਸਿੰਘ ਨੂੰ ਇਥੇ ਬੋਹੜ ਦੇ ਦਰਖ਼ਤ ਨਾਲ ਫਾਂਸੀ ਦਿੱਤੀ ਸੀ। ਇਨ੍ਹਾਂ ਚਾਰਾਂ ਵਿਅਕਤੀਆਂ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਚੱਲ ਰਹੇ ਬੁੱਚੜਖਾਨੇ ਨੂੰ ਬੰਦ ਕਰਾਉਣ ਤੇ ਬੁੱਚੜਖਾਨੇ ਦੇ ਪ੍ਰਬੰਧਕਾਂ ਨੂੰ ਕਤਲ ਕਰਨ ਦਾ ਦੋਸ਼ ਸੀ।

## ਐਂਟਾਰਕਟਿਕਾ ਵਿਚ ਝੁੱਲੇਗਾ ਖਾਲਸਈ ਝੰਡਾ

**ਅੰਮ੍ਰਿਤਸਰ:** ਐਂਟਾਰਕਟਿਕਾ ਵਿਚ ਵਿਸ਼ਵ ਪੱਧਰ 'ਤੇ ਹੋਣ ਵਾਲੀ ਮੁਹਿੰਮ ਦੌਰਾਨ ਇਸ ਵਾਰ ਉੱਥੇ ਭਾਰਤੀ ਤਿਰੰਗੇ ਦੇ ਨਾਲ-ਨਾਲ ਸਿੱਖ ਝੰਡਾ ਵੀ ਲਹਿਰਾਇਆ ਜਾਵੇਗਾ। ਇੰਟਰਨੈਸ਼ਨਲ ਐਂਟਾਰਟਿਕਾ ਐਕਸਪੀਡੀਸ਼ਨ 2013 ਵਿਚ ਹਿੱਸਾ ਲੈਣ ਲਈ ਇਸ ਵਾਰ ਪੰਜਾਬ ਤੋਂ ਇੰਜੀਨੀਅਰ ਬੰਧਨਜੋਤ ਸਿੰਘ ਦੀ ਵੀ ਚੋਣ ਕੀਤੀ ਗਈ ਹੈ ਜੋ ਇਸ ਮੁਹਿੰਮ 'ਚ ਵਿਗਿਆਨੀ ਵਜੋਂ ਹਿੱਸਾ ਲਵੇਗਾ। ਇਹ ਐਕਸਪੀਡੀਸ਼ਨ ਵਾਤਾਵਰਣ ਖੋਜੀ ਸਰ ਰੋਬਟ ਸਵਾਨ ਦੀ ਅਗਵਾਈ ਹੇਠ ਹੋ ਰਹੀ ਹੈ।

ਇਸ ਮੁਹਿੰਮ 'ਤੇ ਜਾਣ ਤੋਂ ਪਹਿਲਾਂ ਵਾਤਾਵਰਣ ਪ੍ਰੇਮੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨੇ ਇਸ ਨੌਜਵਾਨ ਨੂੰ ਨਿਸ਼ਾਨ ਸਾਹਿਬ ਸੌਂਪਿਆ ਹੈ ਜੋ ਇਹ ਉਥੇ ਐਂਟਾਰਟਿਕਾ ਵਿਚ ਸਾਊਥ ਪੋਲ ਵਿਖੇ ਸਥਾਪਿਤ ਕਰੇਗਾ। ਉਨ੍ਹਾਂ ਆਖਿਆ ਕਿ ਇਹ ਸਿੱਖ ਨਿਸ਼ਾਨ ਸਾਹਿਬ ਵਿਸ਼ਵ ਭਾਈਚਾਰੇ ਤੇ ਸ਼ਾਂਤੀ ਦਾ ਪ੍ਰਤੀਕ ਹੋਵੇਗਾ। ਬੰਧਨਜੀਤ ਸਿੰਘ ਦੇ ਪਿਤਾ ਇੰਜਨੀਅਰ ਲਾਭ ਸਿੰਘ ਬੀ.ਐਸ.ਐਨ.ਐਲ. ਵਿਚ ਸਰਹੱਦੀ ਜ਼ਿਲ੍ਹੇ ਦੇ



ਜਨਰਲ ਮੈਨੇਜਰ ਹਨ। ਇਸ ਮੁਹਿੰਮ ਤਹਿਤ ਵਿਸ਼ਵ ਭਰ ਤੋਂ 100 ਖੋਜੀ ਤੇ ਵਿਗਿਆਨੀ ਉਥੇ 15 ਦਿਨਾਂ ਲਈ ਇਕੱਠੇ ਹੋਣਗੇ ਜੋ ਵੱਖ ਵੱਖ ਵਿਸ਼ਿਆਂ 'ਤੇ ਖੋਜ ਕਰਨਗੇ।

## ਰਾਊਲ ਕਾਸਤਰੋ ਵੀ ਸੇਵਾਮੁਕਤ ਹੋਣ ਦੇ ਇਛੁੱਕ

**ਹਵਾਨਾ:** ਕਿਊਬਾ ਦੇ ਰਾਸ਼ਟਰਪਤੀ ਰਾਊਲ ਕਾਸਤਰੋ ਨੇ ਅਚਾਨਕ ਕਹਿ ਦਿੱਤਾ ਕਿ ਉਹ ਵੀ ਰਿਟਾਇਰ ਹੋ ਰਹੇ ਹਨ। ਯਾਦ ਰਹੇ ਕਿ ਉਨ੍ਹਾਂ 2006 ਵਿਚ ਆਪਣੇ ਵੱਡੇ ਭਰਾ ਤੇ ਕਿਊਬਾ ਇਨਕਲਾਬ ਦੇ ਮੋਹਰੀ ਆਗੂ ਫੀਦਲ ਕਾਸਤਰੋ ਦੀ ਥਾਂ ਮੱਲੀ ਸੀ। ਫੀਦਲ ਉਨ੍ਹੀਂ ਦਿਨੀਂ ਬਿਮਾਰ ਚੱਲ ਰਹੇ ਸਨ। ਸ੍ਰੀ ਰਾਊਲ ਕਾਸਤਰੋ ਅਗਲੇ ਐਤਵਾਰ ਇਕ ਵਾਰ ਫਿਰ ਪੰਜ ਸਾਲ ਲਈ ਦੇਸ਼ ਦੀ ਵਾਗਡੋਰ ਸੰਭਾਲ ਰਹੇ ਹਨ। ਉਸ ਦਿਨ ਉਨ੍ਹਾਂ ਵਿਸ਼ੇਸ਼ ਭਾਸ਼ਨ ਵੀ ਦੇਣਾ ਹੈ।

ਸਿਆਸੀ ਮਾਹਿਰ ਇਸ ਬਿਆਨ ਨੂੰ ਉਸੇ ਭਾਸ਼ਨ ਦੇ ਪ੍ਰਸੰਗ ਵਿਚ ਦੇਖ ਰਹੇ ਹਨ। ਕਾਮਰੇਡ ਕਾਸਤਰੋ ਨੇ ਕਿਹਾ, ਕਿ ਹੁਣ ਉਹ 82 ਸਾਲ ਦੇ ਹੋ ਗਏ ਹਨ। ਉਨ੍ਹਾਂ ਨੂੰ ਵੀ ਰਿਟਾਇਰ ਹੋਣ ਦਾ ਹੱਕ ਹੈ। ਕਾਮਰੇਡ ਰਾਊਲ ਕਾਸਤਰੋ ਨੇ ਇਹ ਟਿੱਪਣੀ ਉਦੋਂ ਕੀਤੀ, ਜਦੋਂ ਦੌਰੇ 'ਤੇ ਆਏ ਰੂਸੀ ਪ੍ਰਧਾਨ ਮੰਤਰੀ ਦਮਿੱਤਰੀ ਮੈਦਵੇਦੇਵ ਉਥੇ ਮੌਜੂਦ ਸਨ। ਸ੍ਰੀ ਮੈਦਵੇਦਵੇ ਸੰਸਾਰ ਵਿਚ ਵੱਖ-ਵੱਖ ਥਾਈਂ ਮਾਰੇ ਗਏ ਰੂਸੀ ਫ਼ੌਜੀਆਂ ਦੀ ਯਾਦ ਵਿਚ ਬਣਾਈ ਯਾਦਗਾਰ ਦਾ ਉਦਘਾਟਨ ਕਰਨ ਪੁੱਜੇ ਸਨ। ਉਂਜ ਕਾਮਰੇਡ ਕਾਸਤਰੋ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਸਿਆਸੀ ਸਟੇਜ ਤੋਂ ਕਦੋਂ ਲਾਂਭੇ ਹੋ ਰਹੇ ਹਨ। ਚੇਤੇ ਰਹੇ ਕਿ ਅਮਰੀਕਾ ਨੇ ਪਿਛਲੇ 51 ਸਾਲ ਤੋਂ ਕਿਊਬਾ ਉੱਤੇ ਆਰਥਿਕ ਪਾਬੰਦੀਆਂ ਲਾਈਆਂ ਹੋਈਆਂ ਸਨ। ਇਹ ਤਕਰਾਰ ਉਦੋਂ ਸ਼ੁਰੂ ਹੋਇਆ ਸੀ, ਜਦੋਂ ਪਹਿਲੀ ਜਨਵਰੀ 1959 ਵਿਚ ਕਾਮਰੇਡ ਫੀਦਲ ਕਾਸਤਰੋ, ਰਾਊਲ ਕਾਸਤਰੋ ਤੇ ਅਰਜਨਟੀਨਾ ਦੇ ਇਨਕਲਾਬੀ ਕਾਮਰੇਡ ਚੀ ਗੁਏਰਾ ਦੀ ਅਗਵਾਈ ਵਿਚ ਅਮਰੀਕਾ ਪੱਖੀ ਸ਼ਾਸਕ ਫਲਗੈਂਸੀਓ ਬਤਿਸਤਾ ਦਾ ਤਖ਼ਤ ਉਲਟਾ ਦਿੱਤਾ ਗਿਆ ਸੀ। ਅਮਰੀਕਾ ਦਾ ਐਲਾਨ ਹੈ ਕਿ ਜਦੋਂ ਤੱਕ ਕਿਊਬਾ ਦੀ ਅਗਵਾਈ ਕਾਸਤਰੋ ਭਰਾਵਾਂ ਦੇ ਹੱਥ ਵਿਚ ਹੈ, ਆਰਥਿਕ ਪਾਬੰਦੀਆਂ ਹਟਾਈਆਂ ਨਹੀਂ ਜਾਣਗੀਆਂ।

# ਪਟਿਆਲਾ ਦਾ ਮੇਅਰ ਨੂੰਹ ਦੇ ਕਤਲ ਕੇਸ ਵਿਚ ਫਸਿਆ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਝਟਕਾ ਲੱਗਿਆ ਜਦੋਂ ਪਟਿਆਲਾ ਨਗਰ ਨਿਗਮ ਦੇ ਅਕਾਲੀ ਮੇਅਰ ਜਸਪਾਲ ਸਿੰਘ ਪ੍ਰਧਾਨ ਦੇ ਖ਼ਿਲਾਫ਼ ਦੋ ਬੱਚਿਆਂ ਦੀ ਮਾਂ 29 ਸਾਲਾ ਔਰਤ ਪਰਮਪ੍ਰੀਤ ਕੌਰ ਦੀ ਹੱਤਿਆ ਕਰਨ ਦੇ ਦੋਸ਼ਾਂ ਅਧੀਨ ਕੇਸ ਦਰਜ ਕਰ ਲਿਆ ਗਿਆ। ਕੇਸ ਵਿਚ ਤਿੰਨ ਹੋਰਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਇਸ ਸਬੰਧੀ ਮੀਡੀਆ ਵਿਚ ਅਲੋਚਨਾ ਤੋਂ ਬਾਅਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੇਅਰ ਤੋਂ ਅਸਤੀਫ਼ਾ ਲੈ ਲਿਆ ਹੈ।



ਥਾਣਾ ਕੋਤਵਾਲੀ ਪਟਿਆਲਾ ਵਿਚ ਧਾਰਾ 302 ਤੇ 34 ਅਧੀਨ ਦਰਜ ਕੇਸ ਵਿਚ ਨਾਮਜ਼ਦ ਕੀਤੇ ਗਏ ਬਾਕੀ ਮੁਲਜ਼ਮਾਂ ਵਿਚ ਮ੍ਰਿਤਕਾ ਦੇ ਪਤੀ ਹਰਪ੍ਰੀਤ ਸਿੰਘ ਤੇ ਸੱਸ ਪਰਮਜੀਤ ਕੌਰ ਦੇ ਨਾਂ ਸ਼ਾਮਲ ਹਨ। ਇਹ ਕੇਸ ਮ੍ਰਿਤਕਾ ਪਰਮਪ੍ਰੀਤ ਕੌਰ (29) ਦੇ ਪਿਤਾ ਅਮਰਜੀਤ ਸਿੰਘ ਸੋਢੀ ਵਾਸੀ ਤਵੱਕਲੀ ਮੋੜ ਦੇ ਬਿਆਨਾਂ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਪੁਲਿਸ ਕੋਲ ਦਰਜ ਬਿਆਨਾਂ ਵਿਚ ਉਸ ਨੇ ਆਖਿਆ ਹੈ ਕਿ ਉਸ ਦੀ ਬੇਟੀ ਪਰਮਪ੍ਰੀਤ ਕੌਰ ਦੀ ਸ਼ਾਦੀ ਤਕਰੀਬਨ ਦਸ ਸਾਲ ਪਹਿਲਾਂ ਹਰਪ੍ਰੀਤ ਸਿੰਘ ਵਾਸੀ ਟੋਭਾ ਕਸ਼ਮੀਰੀਆਂ ਨਾਲ ਹੋਈ ਸੀ ਜਿਸ ਦੀ ਅੱਠ ਸਾਲਾ ਲੜਕੀ ਤੇ ਛੇ ਸਾਲਾਂ ਦਾ ਬੇਟਾ ਹੈ।

ਸਹੁਰਾ ਪਰਿਵਾਰ ਉਸ ਨੂੰ ਦਹੇਜ ਲਈ ਤੰਗ ਕਰਦਾ ਸੀ। ਇਸੇ ਦੌਰਾਨ ਉਨ੍ਹਾਂ ਨੂੰ ਸੁਨੇਹਾ ਮਿਲਿਆ ਕਿ ਉਨ੍ਹਾਂ ਦੀ ਲੜਕੀ ਦੀ ਤਬੀਅਤ ਠੀਕ ਨਹੀਂ ਹੈ। ਉਹ ਜਦੋਂ ਉਸ ਦੇ ਸਹੁਰੇ ਘਰ ਪੁੱਜੇ ਤਾਂ ਉਸ ਦੀ ਧੀ ਮਰੀ ਪਈ ਸੀ ਤੇ ਕੋਲ ਇਕ ਰੱਸੀ ਵੀ ਮੌਜੂਦ ਸੀ। ਉਨ੍ਹਾਂ ਵੇਖਿਆ ਤਾਂ ਉਸ ਦਾ ਰੱਸੀ ਨਾਲ ਗਲਾ ਘੋਟਿਆ ਹੋਇਆ ਸੀ ਕਿਉਂਕਿ ਗਲ 'ਤੇ ਰੱਸੀ ਦੇ ਨਿਸ਼ਾਨ ਸਨ। ਆਪਣੇ ਬਿਆਨਾਂ ਵਿਚ ਉਸ ਨੇ ਕਿਹਾ ਕਿ ਉਸ ਵਕਤ ਪਟਿਆਲਾ ਦੇ ਮੇਅਰ ਜਸਪਾਲ ਸਿੰਘ ਪ੍ਰਧਾਨ ਵੀ ਉਥੇ ਮੌਜੂਦ ਸਨ। ਇਸ ਤੋਂ ਬਾਅਦ ਉਥੋਂ ਲਾਸ਼ ਚੁੱਕਣ ਦੇ ਮਾਮਲੇ ਨੂੰ ਲੈ ਕੇ ਹੋਏ ਤਕਰਾਰ ਦਾ ਵੀ ਉਨ੍ਹਾਂ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਪੁਲੀਸ ਨੇ ਇਨ੍ਹਾਂ ਬਿਆਨਾਂ 'ਤੇ ਉਹੀ ਕਾਰਵਾਈ ਕੀਤੀ ਹੈ ਜੋ ਕਾਨੂੰਨਨ ਬਣਦੀ ਸੀ। ਜ਼ਿਕਰਯੋਗ ਹੈ ਕਿ ਜਸਪਾਲ ਸਿੰਘ ਪ੍ਰਧਾਨ ਤੀਜੀ ਵਾਰ ਕੌਂਸਲਰ ਬਣੇ ਹਨ ਤੇ ਐਤਕੀਂ ਉਹ ਆਪਣੇ ਵਾਰਡ ਵਿਚੋਂ ਬਿਨਾਂ ਮੁਕਾਬਲੇ ਤੋਂ ਐਮ ਸੀ ਬਣੇ ਸਨ। ਇਸ ਤੋਂ ਬਾਅਦ ਸਿਆਸੀ ਜ਼ੋਰ-ਅਜ਼ਮਾਈ ਦੌਰਾਨ ਕੁਝ ਮਹੀਨੇ ਪਹਿਲਾਂ ਉਹ ਮੇਅਰ ਦੀ ਅਹਿਮ ਕੁਰਸੀ ਹਾਸਲ ਕਰਨ ਵਿਚ ਸਫਲ ਰਹੇ ਸਨ।

ਕੇਸ ਦਾ ਇਕ ਅਹਿਮ ਤੇ ਗੁੰਝਲਦਾਰ ਪਹਿਲੂ ਇਹ ਵੀ ਹੈ ਕਿ ਮੇਅਰ ਜਸਪਾਲ ਸਿੰਘ ਪ੍ਰਧਾਨ ਭਾਵੇਂ ਇਥੇ ਫੂਲਕੀਆ ਐਨਕਲੇਵ ਵਿਖੇ ਆਪਣੇ ਪਰਿਵਾਰ ਸਮੇਤ ਰਹਿ ਰਹੇ ਹਨ ਪਰ ਦਰਜ ਕਰਵਾਏ ਗਏ ਕੇਸ ਵਿਚ ਪ੍ਰਧਾਨ ਨੂੰ ਮ੍ਰਿਤਕਾ ਦਾ ਸਹੁਰਾ ਲਿਖਵਾਇਆ ਗਿਆ ਹੈ। ਦੂਜੇ ਪਾਸੇ ਮੇਅਰ ਦੇ ਪਰਿਵਾਰ ਵੱਲੋਂ ਅਜਿਹੇ ਦੋਸ਼ਾਂ ਦਾ ਖੰਡਨ ਕੀਤਾ ਗਿਆ ਹੈ। ਇਸ ਬਾਰੇ ਜਦੋਂ ਮੇਅਰ ਦੇ ਲੜਕੇ ਤੇ ਯੂਥ ਅਕਾਲੀ ਦਲ ਦੀ ਸ਼ਹਿਰੀ ਇਕਾਈ ਦੇ ਪਟਿਆਲਾ ਦੇ ਪ੍ਰਧਾਨ ਕੈਪਟਨ ਪ੍ਰੀਤਇੰਦਰ ਸਿੰਘ ਦੇ ਨਾਲ ਗੱਲ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹੀ ਕੋਈ ਗੱਲ ਨਹੀਂ ਹੈ।

ਉਂਜ, ਇਸ ਪਰਿਵਾਰ ਦੇ ਨਾਲ ਉਨ੍ਹਾਂ ਦੇ ਪਰਿਵਾਰ ਦੇ ਨੇੜਲੇ ਸਬੰਧ ਹਨ। ਉਸ ਦਾ ਇਹ ਵੀ ਕਹਿਣਾ ਸੀ ਕਿ ਉਕਤ ਲੜਕੇ ਹਰਪ੍ਰੀਤ ਸਿੰਘ ਦੇ ਨਾਲ ਉਸ (ਕੈਪਟਨ) ਦੀ ਦੋਸਤੀ ਹੈ। ਇਸੇ ਦੌਰਾਨ ਸਾਲ 2012 ਵਿਚ ਛਪੀ ਇਕ ਵੋਟਰ ਸੂਚੀ ਵੀ ਬਣੀ ਵੋਟ ਨੰਬਰ 2308 ਵਿਚ ਹਰਪ੍ਰੀਤ ਸਿੰਘ ਨਾਮੀ ਵੋਟਰ ਦੇ ਪਿਤਾ ਦਾ ਨਾਂ ਜਸਪਾਲ ਸਿੰਘ ਲਿਖਿਆ ਹੋਇਆ ਹੈ ਪਰ ਮੇਅਰ ਦਾ ਪਰਿਵਾਰ ਇਸ ਨੂੰ ਵੀ ਗਲਤੀ ਨਾਲ ਛਪੀ ਦੱਸ ਰਿਹਾ ਹੈ।

# ਝਬਾਲ ਵਿਚ ਨੌਜਵਾਨ ਦੀ ਹੱਤਿਆ

**ਝਬਾਲ:** ਇਥੇ ਲੰਘੇ ਦਿਨੀਂ ਤੇਜ਼ਧਾਰ ਹਥਿਆਰਾਂ ਨਾਲ ਲੈਸ ਕੁਝ ਨੌਜਵਾਨਾਂ ਨੇ ਦਿਨ ਦਿਹਾੜੇ ਸੁਰਜੀਤ ਸਿੰਘ ਨਾਮੀ ਵਿਅਕਤੀ ਦਾ ਕਤਲ ਕਰ ਦਿੱਤਾ ਤੇ ਫਰਾਰ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਸੁਰਜੀਤ ਸਿੰਘ (34) ਪੁੱਤਰ ਬਲਵਿੰਦਰ ਸਿੰਘ ਬਿੱਲਾ ਵਾਸੀ ਝਬਾਲ 12 ਕੁ ਵਜੇ ਆਪਣੇ ਘਰ ਤੋਂ ਅੱਡਾ ਝਬਾਲ ਵਿਖੇ ਪੈਦਲ ਚੱਲ ਕੇ ਆ ਰਿਹਾ ਸੀ ਜਦ ਉਹ ਖੇਡ ਸਟੇਡੀਅਮ ਕੋਲ ਪੁੱਜਾ ਤਾਂ ਪਿੱਛੋਂ ਆਏ ਕੁਝ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ ਉਪਰ ਹਮਲਾ ਕਰਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਤੇ ਫਰਾਰ ਹੋ ਗਏ।

ਪੁਲਿਸ ਨੇ ਐਂਬੂਲੈਂਸ ਰਾਹੀਂ ਉਸ ਨੂੰ ਹਸਪਤਾਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਰਸਤੇ ਵਿਚ ਹੀ ਉਸ ਦੀ ਮੌਤ ਹੋ ਗਈ। ਪੁਲਿਸ ਨੇ ਮੌਕੇ ਦਾ ਜਾਇਜ਼ਾ ਲੈਣ ਤੋਂ ਬਾਅਦ ਸੁਰਜੀਤ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਦੇ ਬਿਆਨਾਂ 'ਤੇ ਸੁਖਦੇਵ ਸਿੰਘ ਗੋਲੂ, ਕਾਲੂ, ਕਰਮ ਸਿੰਘ ਤੇ ਸੁਖਜਿੰਦਰ ਸਿੰਘ ਖਿਲਾਫ ਪਰਚਾ ਦਰਜ ਕਰ ਲਿਆ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਉਨ੍ਹਾਂ ਦੇ ਆਪਣੇ ਗੁਆਂਢੀਆਂ ਨਾਲ ਪਿਛਲੇ ਕੁਝ ਸਮੇਂ ਤੋਂ ਹੀ ਖਿੱਚੋਤਾਣ ਚਲਦੀ ਆ ਰਹੀ ਹੈ।

# ਜਰਮਨੀ ਤੋਂ ਆ ਕੇ ਕਰਵਾਇਆ ਪਤਨੀ ਦਾ ਕਤਲ

**ਮੁੱਲਾਂਪੁਰ ਦਾਖਾ:** ਥਾਣਾ ਦਾਖਾ ਦੀ ਪੁਲਿਸ ਨੇ ਨੇੜਲੇ ਪਿੰਡ ਭੱਟੀਆ ਵਾਸੀ ਔਰਤ ਦੇ ਕਤਲ ਦੇ ਮਾਮਲੇ ਵਿਚ ਉਸ ਦੇ ਪਤੀ ਸਮੇਤ ਚਾਰ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਲੁਧਿਆਣਾ ਵਾਸੀ ਗੁਰਦਿਆਲ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਧੀ ਹਰਪਾਲ ਕੌਰ (53 ਸਾਲ) ਬੀਤੀ 29 ਜਨਵਰੀ ਤੋਂ ਘਰੋਂ ਲਾਪਤਾ ਹੈ ਜਿਸ ਦਿਨ ਉਸ ਦੀ ਧੀ ਗਾਇਬ ਹੋਈ ਹੈ, ਉਸ ਤੋਂ ਦੋ ਦਿਨ ਬਾਅਦ ਹੀ ਉਸ ਦਾ ਜਵਾਈ ਬਲਵੀਰ ਸਿੰਘ ਵਾਸੀ ਭੱਟੀਆ ਢਾਹਾ (ਥਾਣਾ ਦਾਖਾ) ਆਪਣੇ ਭਰਾ ਤੇ ਭਾਣਜੇ ਨਾਲ ਵਾਪਸ ਜਰਮਨੀ ਚਲਾ ਗਿਆ।

ਦਾਖਾ ਪੁਲਿਸ ਨੇ ਸ਼ਿਕਾਇਤ ਦਰਜ ਕਰਕੇ ਹਰਪਾਲ ਕੌਰ ਦੀ ਭਾਲ ਸ਼ੁਰੂ ਕਰ ਦਿੱਤੀ ਸੀ। ਗੁਰਦਿਆਲ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਸ਼ੱਕ ਹੈ ਕਿ ਉਸ ਦੇ ਜਵਾਈ ਨੇ ਹੀ ਉਸ ਦੀ ਧੀ ਦਾ ਕਤਲ ਕੀਤਾ ਹੈ। ਇਸ ਤੋਂ ਬਾਅਦ ਪੁਲਿਸ ਜਾਂਚ ਦੌਰਾਨ ਪਤਾ ਲੱਗਿਆ ਕਿ ਹਰਪਾਲ ਕੌਰ ਦੀ 26 ਸਾਲਾ ਧੀ ਵੀ 25 ਜਨਵਰੀ ਤੋਂ ਲੁਧਿਆਣਾ ਤੋਂ ਗਾਇਬ ਹੈ। ਪੁਲਿਸ ਅਨੁਸਾਰ ਬਲਵੀਰ ਸਿੰਘ ਨੇ ਆਪਣੇ ਭਰਾ ਮਨਜੀਤ ਸਿੰਘ ਤੇ ਭਾਣਜੇ ਸਰਬਜੀਤ ਸਿੰਘ ਨਾਲ ਮਿਲ ਕੇ ਹਰਪਾਲ ਕੌਰ ਨੂੰ ਮਾਰਨ ਦੀ ਯੋਜਨਾ ਬਣਾਈ। ਇਹ ਸਾਰੇ ਜਰਮਨੀ ਰਹਿੰਦੇ ਹਨ। ਸਰਬਜੀਤ ਸਿੰਘ ਨੇ ਆਪਣੇ ਦੋਸਤ ਦੀਪਕ ਕੁਮਾਰ ਵਾਸੀ ਤਲਵੰਡੀ ਮੱਲੀਆ ਥਾਣਾ ਮਹਿਣਾ ਮੋਗਾ ਨੂੰ ਵੀ ਨਾਲ ਮਿਲਾ ਲਿਆ।

ਪੁਲਿਸ ਅਨੁਸਾਰ ਬਲਵੀਰ ਸਿੰਘ ਆਪਣੀ ਪਤਨੀ ਨੂੰ 29 ਜਨਵਰੀ ਦੀ ਸਵੇਰ ਬਹਾਨੇ ਨਾਲ ਘਰੋਂ ਬਾਹਰ ਲੈ ਗਿਆ। ਪਿੰਡ ਭੱਟੀਆ ਢਾਹਾ ਤੋਂ ਬਾਹਰ ਉਸ ਨੇ ਹਰਪਾਲ ਕੌਰ ਨੂੰ ਆਪਣੇ ਭਾਣਜੇ ਸਰਬਜੀਤ ਸਿੰਘ ਤੇ ਉਸ ਦੇ ਦੋਸਤ ਦੀਪਕ ਨਾਲ ਕਾਰ ਵਿਚ ਬਿਠਾ ਦਿੱਤਾ। ਦੀਪਕ ਤੇ ਸਰਬਜੀਤ ਉਸ ਨੂੰ ਲੈ ਕੇ ਫਰੀਦਕੋਟ ਦੀ ਵੱਡੀ ਨਹਿਰ 'ਤੇ ਲੈ ਗਏ ਤੇ ਉਥੇ ਪਹੁੰਚ ਕੇ ਉਨ੍ਹਾਂ ਨੇ ਬੇਸਬਾਲ ਨਾਲ ਹਰਪਾਲ ਕੌਰ ਦੇ ਸਿਰ 'ਤੇ ਵਾਰ ਕਰਕੇ ਉਸ ਦਾ ਕਤਲ ਕਰ ਦਿੱਤਾ ਤੇ ਲਾਸ਼ ਨਹਿਰ ਵਿਚ ਸੁੱਟ ਦਿੱਤੀ। ਇਸ ਤੋਂ ਬਾਅਦ ਬਲਵੀਰ ਸਿੰਘ, ਆਪਣੇ ਭਰਾ ਮਨਜੀਤ ਸਿੰਘ ਤੇ ਭਾਣਜੇ ਸਰਬਜੀਤ ਸਿੰਘ ਨਾਲ 31 ਜਨਵਰੀ ਨੂੰ ਵਾਪਸ ਜਰਮਨੀ ਚਲਾ ਗਿਆ। ਇਸ ਕਤਲ ਦੇ ਮੁਲਜ਼ਮ ਦੀਪਕ ਕੁਮਾਰ ਵਾਸੀ ਤਲਵੰਡੀ ਮੱਲੀਆ ਥਾਣਾ ਮਹਿਣਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਤੋਂ ਇਸ ਮਾਮਲੇ ਬਾਰੇ ਪੁੱਛ-ਗਿੱਛ ਕੀਤੀ ਜਾ ਰਹੀ ਹੈ।

# ਜਾਂਚ ਪੜਤਾਲ ਲਈ ਤਸੀਹੇ ਦੇਣ ਤੋਂ ਹਾਈ ਕੋਰਟ ਖ਼ਫ਼ਾ

**ਚੰਡੀਗੜ੍ਹ:** ਪੁਲਿਸ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੁਹਰਾਇਆ ਹੈ ਕਿ ਕਿਸੇ ਅਪਰਾਧ ਦੀ ਜਾਂਚ ਲਈ ਏਜੰਸੀਆਂ ਵੱਲੋਂ ਥਰਡ ਡਿਗਰੀ ਢੰਗ ਤਰੀਕੇ ਨਾ ਵਰਤੇ ਜਾਣ। ਰਣਜੀਤ ਸਿੰਘ ਰਾਣਾ ਦੀ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਜਸਟਿਸ ਰਣਜੀਤ ਸਿੰਘ ਨੇ ਕਿਹਾ ਹੈ ਕਿ ਕਿਸੇ 'ਤੇ ਅਪਰਾਧ ਕਰਨ ਦੇ ਦੋਸ਼ਾਂ ਨਾਲ ਪੁਲਿਸ ਨੂੰ ਇਹ ਲਾਇਸੈਂਸ ਨਹੀਂ ਮਿਲ ਜਾਂਦਾ ਕਿ ਮੁਲਜ਼ਮ ਨੂੰ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਜਾਵੇ ਤੇ ਤੀਜੇ ਦਰਜੇ ਦੇ ਢੰਗ-ਤਰੀਕੇ ਵਰਤ ਕੇ ਤਸੀਹੇ ਦਿੱਤੇ ਜਾਣ।

ਰਣਜੀਤ ਸਿੰਘ ਰਾਣਾ ਨੇ ਤਕਰੀਬਨ ਦਹਾਕਾ ਪਹਿਲਾਂ ਸੀਆਈਏ ਸਟਾਫ ਤਰਨ ਤਾਰਨ ਕੋਲ ਆਪਣੀ ਗੈਰਕਾਨੂੰਨੀ ਹਿਰਾਸਤ ਮੌਕੇ ਦਿੱਤੇ ਗਏ ਤਸੀਹਿਆਂ ਤੇ ਇਸ ਬੰਦੀ ਬਾਰੇ ਅਜ਼ਾਦਾਨਾ ਢੰਗ ਨਾਲ ਜਾਂਚ ਕਰਾਏ ਜਾਣ ਦੀ ਬੇਨਤੀ ਕੀਤੀ ਹੈ। ਇਹ ਚੇਤਾਵਨੀ ਹਾਈ ਕੋਰਟ ਵੱਲੋਂ ਤੀਜੇ ਦਰਜੇ ਦੇ ਢੰਗ-ਤਰੀਕੇ ਵਰਤਣ, ਤਸੀਹੇ ਦੇਣ 'ਤੇ ਪਾਬੰਦੀ ਲਾਏ ਜਾਣ ਤੋਂ 15 ਸਾਲ ਮਗਰੋਂ ਆਈ ਹੈ। 1997 ਨੂੰ ਫੌਜਦਾਰੀ ਰਿੱਟ ਪਟੀਸ਼ਨ ਜਨਹਿਤ ਵਿਚ ਦਾਇਰ ਕੀਤੀ ਗਈ ਸੀ।

ਡਾ. ਵਿਨੀਤਾ ਗੁਪਤਾ ਬਨਾਮ ਪੰਜਾਬ ਰਾਜ ਪਟੀਸ਼ਨ 'ਤੇ ਫੈਸਲਾ ਦਿੰਦਿਆਂ 29 ਅਪਰੈਲ, 1998 ਨੂੰ ਜਸਟਿਸ ਆਰ.ਐਲ. ਆਨੰਦ ਨੇ ਕਿਹਾ ਸੀ ਕਿ ਇਹ ਪਟੀਸ਼ਨ ਇਨ੍ਹਾਂ ਹਦਾਇਤਾਂ ਨਾਲ ਨਿਬੇੜਦੀ ਜਾਂਦੀ ਹੈ ਕਿ ਸਬੰਧਤ ਧਿਰਾਂ ਵੱਖ ਵੱਖ ਥਾਣਿਆਂ, ਸੀਆਈਏ ਸਟਾਫ ਦਫਤਰਾਂ, ਪੁਲਿਸ ਚੌਕੀਆਂ ਜਾਂ ਹੋਰ ਅਜਿਹੀਆਂ ਥਾਵਾਂ ਜਿੱਥੇ ਅਪਰਾਧੀਆਂ ਨੂੰ ਪੁੱਛ-ਪੜਤਾਲ ਲਈ ਰੱਖਿਆ ਜਾਂਦਾ ਹੈ, ਵਿਚ ਤੀਜੇ ਦਰਜੇ ਦੇ ਢੰਗ-ਤਰੀਕੇ ਨਹੀਂ ਵਰਤਣਗੀਆਂ। ਅਦਾਲਤ ਨੇ ਇਹ ਹਦਾਇਤਾਂ ਪੰਜਾਬ ਦੇ ਨਾਲ-ਨਾਲ ਹਰਿਆਣਾ ਤੇ ਯੂਟੀ ਚੰਡੀਗੜ੍ਹ ਲਈ ਵੀ ਜਾਰੀ ਕੀਤੀਆਂ ਸਨ।

ਸ. ਰਾਣਾ ਦੀ ਪਟੀਸ਼ਨ ਦਾ ਹਵਾਲਾ ਦਿੰਦਿਆਂ ਜਸਟਿਸ ਰਣਜੀਤ ਸਿੰਘ ਨੇ ਟਿੱਪਣੀ ਕੀਤੀ ਕਿ ਪਟੀਸ਼ਨਰ ਕਿਸੇ ਅਪਰਾਧ ਵਿਚ ਸ਼ਾਮਲ ਹੋ ਸਕਦਾ ਹੈ ਪਰ ਇਸ ਨਾਲ ਪੁਲਿਸ ਨੂੰ ਇਹ ਲਾਇਸੈਂਸ ਨਹੀਂ ਮਿਲ ਜਾਂਦਾ ਕਿ ਉਸ ਨੂੰ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਜਾਵੇ ਤੇ ਫਿਰ ਤੀਜੇ ਦਰਜੇ ਦੇ ਢੰਗ-ਤਰੀਕੇ ਵਰਤ ਕੇ ਉਸ ਨੂੰ ਤਸੀਹੇ ਦਿੱਤੇ ਜਾਣ। ਕਿਸੇ ਜਾਂਚ ਏਜੰਸੀ ਨੂੰ ਅਪਰਾਧ ਦੀ ਜਾਂਚ ਲਈ ਤੀਜੇ ਦਰਜੇ ਦੇ ਢੰਗ-ਤਰੀਕੇ ਵਰਤਣ ਦਾ ਕੋਈ ਅਧਿਕਾਰ ਨਹੀਂ ਹੈ।

ਸ. ਰਾਣਾ ਨੇ ਦੋਸ਼ ਲਾਏ ਸਨ ਕਿ ਉਸ ਨੂੰ ਦੋ ਫਰਵਰੀ, 2003 ਨੂੰ ਚੁੱਕਿਆ ਗਿਆ ਤੇ ਸੱਤ ਫਰਵਰੀ 2003 ਤਕ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ। ਉਸ ਨੂੰ ਬਹੁਤ ਤਸੀਹੇ ਦਿੱਤੇ ਗਏ ਤੇ 11 ਜ਼ਖ਼ਮ ਉਸ ਦੇ ਸਰੀਰ 'ਤੇ ਹੋ ਗਏ ਸਨ। ਸ਼ੁਰੂ ਵਿਚ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੇ ਜਾਂਚ ਦੇ ਹੁਕਮ ਦਿੱਤੇ ਸਨ ਤੇ ਤੱਥਦਾਰ ਦੇ ਦੋਸ਼ ਕਾਫੀ ਹੱਦ ਤਕ ਸਾਬਤ ਵੀ ਹੋ ਗਏ ਸਨ ਪਰ ਇਹ ਰਿਪੋਰਟ ਸਵੀਕਾਰ ਨਹੀਂ ਹੋਈ ਸੀ ਤੇ ਇਕ ਹੋਰ ਜਾਂਚ ਦੇ ਹੁਕਮ ਹੋਏ ਸਨ ਜਿਸ ਵਿਚ ਸ਼ਿਕਾਇਤ ਝੂਠੀ ਪਾਈ ਗਈ ਤੇ ਕੇਸ 2006 ਵਿਚ ਬੰਦ ਹੋ ਗਿਆ ਪਰ ਵਰਤਮਾਨ ਪਟੀਸ਼ਨ 2010 ਵਿਚ ਪਾਈ ਗਈ ਸੀ। ਪਟੀਸ਼ਨ ਦਾ ਨਿਬੇੜਾ ਕਰਦਿਆਂ ਜਸਟਿਸ ਰਣਜੀਤ ਸਿੰਘ ਨੇ ਇਹ ਕਹਿੰਦਿਆਂ ਪਟੀਸ਼ਨਰ ਨੂੰ ਸ਼ਿਕਾਇਤ ਦਾਇਰ ਕਰਨ ਦੀ ਖੁੱਲ੍ਹ ਦੇ ਦਿੱਤੀ ਕਿ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਪਟੀਸ਼ਨਰ ਲਗਪਗ ਚਾਰ ਸਾਲ ਕਿਉਂ ਚੁੱਪ ਰਿਹਾ ਪਰ ਇਸ ਪਟੀਸ਼ਨ 'ਤੇ ਅਦਾਲਤ ਕੁਝ ਹਦਾਇਤਾਂ ਜਾਰੀ ਕਰ ਸਕਦੀ ਹੈ।

# ਸਵਰਨ ਸਿੰਘ ਘੋਟਣੇ ਦੀਆਂ ਅੰਤਮ ਰਸਮਾਂ ਨਿਭਾਉਣ ਤੋਂ ਇਨਕਾਰ ਦੀ ਸ਼ਲਾਘਾ

**ਨਿਊ ਯਾਰਕ (ਬਿਊਰੋ):** ਟਰਾਈ ਸਟੇਟ ਦੀਆਂ ਪੰਥਕ ਜਥੇਬੰਦੀਆਂ ਨੇ ਪੰਜਾਬ ਪੁਲਿਸ ਦੇ 'ਜ਼ਾਲਮ' ਅਫਸਰ ਸਵਰਨ ਸਿੰਘ ਘੋਟਣੇ ਦੇ ਮਰਨ ਉਪਰੰਤ ਰੱਖੇ ਗਏ ਭੋਗ ਸਮਾਗਮ ਵਿਚ ਭਾਈ ਬਲਦੇਵ ਸਿੰਘ ਵਡਾਲਾ ਦੇ ਰਾਗੀ ਜਥੇ ਸਮੇਤ ਰਾਗੀ ਸਿੰਘਾਂ ਵਲੋਂ ਸਮੂਹਕ ਤੌਰ 'ਤੇ ਧਾਰਮਕ ਸੇਵਾਵਾਂ ਨਿਭਾਉਣ ਤੋਂ ਇਨਕਾਰ ਦੀ ਸ਼ਲਾਘਾ ਕਰਦਿਆਂ ਇਸ ਨੂੰ 1984 ਤੋਂ ਬਾਅਦ ਸਿੱਖ ਕੌਮ ਵਿਚ ਪੈਦਾ ਹੋਏ ਵਿਦਰੋਹ ਦੀ ਨਿਰੰਤਰਤਾ ਦਾ ਸਬੂਤ ਕਰਾਰ ਦਿਤਾ ਹੈ। ਇਥੇ ਜਾਰੀ ਇਕ ਬਿਆਨ ਵਿਚ ਇਨ੍ਹਾਂ ਜਥੇਬੰਦੀਆਂ ਨੇ ਕਿਹਾ ਹੈ ਕਿ ਰਾਗੀ ਸਿੰਘਾਂ ਦੇ ਇਸ ਫੈਸਲੇ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਵੀ ਕਹਿਣਾ ਪਿਆ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਰਾਗੀ ਜਾਂ ਪ੍ਰਚਾਰਕ ਨੂੰ ਕਿਸੇ ਸਮਾਗਮ ਵਿਚ ਜਾਣ ਲਈ ਮਜਬੂਰ ਨਹੀਂ ਕਰ ਸਕਦੀ।

ਬਿਆਨ ਵਿਚ ਇਸ ਗੱਲ 'ਤੇ ਵੀ ਅਫਸੋਸ ਜਾਹਰ ਕੀਤਾ ਗਿਆ ਹੈ ਕਿ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੀ ਜੁਰਅਤ ਤੇ ਦਲੇਰੀ ਨੂੰ ਸਲਾਮ ਕਰਨ ਦੀ ਥਾਂ ਕੁਝ ਆਗੂਆਂ ਨੇ ਉਨ੍ਹਾਂ ਉਤੇ ਦਬਾਅ ਪਾਇਆ। ਇਹ ਲੋਕ ਇਹ ਗੱਲ ਭੁੱਲ ਚੁਕੇ ਹਨ ਕਿ 'ਦੁਸ਼ਟ' ਘੋਟਣਾ ਗੱਭਰੂਆਂ ਨੂੰ ਕਿਵੇਂ ਤਸੀਹੇ ਦੇ ਕੇ ਅਤੇ ਟੁੱਕ-ਟੁੱਕ ਕੇ ਮਾਰਦਾ ਸੀ ਤੇ ਕਿਵੇਂ ਇਨ੍ਹਾਂ ਤਸੀਹਿਆਂ ਦੇ ਅਮਲ ਵਿਚੋਂ ਸਵਾਦ ਲੈਂਦਾ ਸੀ। ਇਸੇ ਘੋਟਣੇ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ। ਪੰਥਕ ਕਮੇਟੀ ਮੈਂਬਰ ਗੁਰਦੇਵ ਸਿੰਘ ਉਸਮਾਨ ਵਾਲਾ ਨੂੰ ਪਾਣੀ ਵਿਚ ਉਬਾਲ ਕੇ ਸ਼ਹੀਦ ਕਰਨ ਵਾਲਾ ਵੀ ਇਹੀ ਸੀ ਅਤੇ ਅਜਿਹੇ ਕਾਤਲਾਂ ਨੂੰ ਸਿੱਖ ਕੌਮ ਸਦਾ ਤ੍ਰਿਸਕਾਰ ਦੀਆਂ ਨਜ਼ਰਾਂ ਨਾਲ ਹੀ ਦੇਖਦੀ ਹੈ। ਬਿਆਨ ਵਿਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਗਈ ਹੈ ਕਿ ਸਿੱਖ ਕੌਮ ਦੇ ਅਜਿਹੇ ਕਾਤਲਾਂ ਦੀ ਇਕ ਸੂਚੀ ਜਾਰੀ ਕੀਤੀ ਜਾਵੇ ਤਾਂ ਜੋ ਹਰ ਆਮ ਸਿੱਖ ਸਾਵਧਾਨ ਰਹੇ।

ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਜੇ ਪਿਛਲੇ ਮਹੀਨੇ ਹੀ ਜਨਰਲ ਦਿਆਲ ਦੀਆਂ ਅੰਤਮ ਰਸਮਾਂ ਨਿਭਾਉਣ ਤੋਂ ਇਨਕਾਰ ਕਰਦਿਆਂ ਪੰਚਕੂਲਾ ਦੇ ਇਕ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਕਿਹਾ ਸੀ ਕਿ ਸਿੱਖ ਕੌਮ ਦੇ ਕਾਤਲਾਂ ਦੀਆਂ ਰਸਮਾਂ ਗੁਰਦੁਆਰਾ ਸਾਹਿਬ ਵਿਚ ਨਹੀਂ ਹੋ ਸਕਦੀਆਂ। ਜ਼ਿਕਰਯੋਗ ਹੈ ਕਿ ਜਨਰਲ ਦਿਆਲ ਨੇ ਜੂਨ 1984 ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਉਤੇ ਹੋਏ ਹਮਲੇ ਦੀ ਅਗਵਾਈ ਕੀਤੀ ਸੀ।

ਜਿਨ੍ਹਾਂ ਜਥੇਬੰਦੀਆਂ ਵਲੋਂ ਇਹ ਬਿਆਨ ਜਾਰੀ ਕੀਤਾ ਗਿਆ ਹੈ ਉਨ੍ਹਾਂ ਵਿਚ ਸਿੱਖ ਯੂਥ ਆਫ ਅਮਰੀਕਾ, ਪੰਥਕ ਸਿੱਖ ਸੁਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੁਸਾਇਟੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖਸ ਫਾਰ ਜਸਟਿਸ, ਅਮੈਰਿਕਨ ਸਿੱਖ ਆਰਗੇਨਾਈਜੇਸ਼ਨ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਦਲ ਖਾਲਸਾ, ਸਾਕਾ ਜਥੇਬੰਦੀ, ਵਾਇਸ ਫਾਰ ਫਰੀਡਮ ਅਤੇ ਅਮੈਰਿਕਨ ਸਿੱਖ ਅਵੇਅਰਨੈਸ ਐਸੋਸੀਏਸ਼ਨ ਸ਼ਾਮਲ ਹਨ।

# ਬਲਾਤਕਾਰ ਦੇ ਦੋਸ਼ 'ਚ ਸੱਤਾਂ ਨੂੰ ਦਸ ਦਸ ਸਾਲ ਕੈਦ

**ਗੁਰਦਾਸਪੁਰ:** ਤਕਰੀਬਨ ਡੇਢ ਮਹੀਨਾ ਪਹਿਲਾਂ ਵਾਪਰੇ ਗੁਰਦਾਸਪੁਰ ਸਮੂਹਿਕ ਬਲਾਤਕਾਰ ਕਾਂਡ ਮਾਮਲੇ ਦਾ ਨਿਬੇੜਾ ਕਰਦਿਆਂ ਵਧੀਕ ਸੈਸ਼ਨ ਜੱਜ (ਗੁਰਦਾਸਪੁਰ) ਬਲਜਿੰਦਰ ਸਿੱਧੂ ਨੇ ਕਾਂਡ ਵਿਚ ਸ਼ਾਮਲ ਸਾਰੇ ਸੱਤ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ 10-10 ਵਰ੍ਹਿਆਂ ਦੀ ਕੈਦ ਤੇ 10-10 ਹਜ਼ਾਰ ਰੁਪਏ ਜੁਰਮਾਨਾ ਭਰਨ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਨੂੰ ਕੇਂਦਰੀ ਜੇਲ੍ਹ (ਗੁਰਦਾਸਪੁਰ) ਭੇਜ ਦਿੱਤਾ ਗਿਆ ਹੈ।

ਗੌਰਤਲਬ ਹੈ ਕਿ ਥਾਣਾ ਕਾਹਨੂੰਵਾਨ ਦੀ ਪੁਲਿਸ ਨੇ ਪੀੜਤਾ ਦੇ ਬਿਆਨਾਂ ਉਤੇ ਬੀਤੀ 12 ਜਨਵਰੀ ਨੂੰ ਪ੍ਰਾਈਵੇਟ ਬੱਸ ਦੇ ਡਰਾਈਵਰ ਤੇ ਕੰਡਕਟਰ ਸਮੇਤ ਸੱਤ ਜਣਿਆਂ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ ਕੀਤਾ ਸੀ। ਇਹ 29 ਸਾਲਾ ਪੀੜਤਾ ਕਾਹਨੂੰਵਾਨ ਦੇ ਪਿੰਡ ਘੁੱਕਲਾ ਵਿਚ ਵਿਆਹੀ ਤੇ ਦੋ ਬੱਚਿਆਂ ਦੀ ਮਾਂ ਹੈ। ਉਸ ਦੇ ਪੇਕੇ ਪਠਾਨਕੋਟ ਦੇ ਪਿੰਡ ਜਗਤਪੁਰ ਹਨ ਜੋ 11 ਜਨਵਰੀ ਨੂੰ ਬੱਸ ਰਾਹੀਂ ਆਪਣੇ ਪੇਕਿਆਂ ਤੋਂ ਪ੍ਰਾਈਵੇਟ ਬੱਸ ਰਾਹੀਂ ਸਹੁਰੇ ਪਿੰਡ ਪਰਤ ਰਹੀ ਸੀ। ਬੱਸ ਵਿਚ ਔਰਤ ਨੂੰ ਇਕੱਲੀ ਵੇਖ ਕੇ ਮੁਜਰਮ ਬੱਸ ਨੂੰ ਪਿੰਡ ਕੋਲ ਰੋਕਣ ਦੀ ਬਜਾਏ ਗੁਰਦਾਸਪੁਰ ਲੈ ਆਏ ਤੇ ਸੁੰਨਸਾਨ ਜਗ੍ਹਾ 'ਤੇ ਲੈ ਗਏ। ਉਨ੍ਹਾਂ ਆਪਣੇ ਪੰਜ ਹੋਰ ਸਾਥੀਆਂ ਨੂੰ ਉਥੇ ਬੁਲਾ ਲਿਆ ਤੇ ਘਟਨਾ ਨੂੰ ਅੰਜਾਮ ਦਿੱਤਾ। ਫੇਰ ਉਹ ਪੀੜਤਾ ਨੂੰ ਨੇੜਲੇ ਪਿੰਡ ਭੱਟੀਆਂ ਕੋਲ ਛੱਡ ਗਏ। ਪੁਲਿਸ ਨੇ ਸਮੂਹਿਕ ਬਲਾਤਕਾਰ ਕਾਂਡ ਦੇ ਮਾਮਲੇ ਵਿਚ ਡਰਾਈਵਰ ਪਿੰਡ ਭਿੱਟੇਵੱਡ ਦੇ ਦਲੇਰ ਸਿੰਘ, ਕੰਡਕਟਰ ਪਿੰਡ ਸਹਾਏਪੁਰ ਵਾਸੀ ਅੰਮ੍ਰਿਤਪਾਲ ਸਿੰਘ ਉਰਫ ਰਵੀ ਤੇ ਲਾਧੂਪੁਰ ਵਾਸੀ ਜਸਵਿੰਦਰ ਸਿੰਘ ਉਰਫ ਸੰਨੀ, ਸਰਬਜੀਤ ਸਿੰਘ ਉਰਫ ਰਿੰਕੂ, ਜਾਗੋਵਾਲ ਬਾਂਗਰ ਦੇ ਜਗਪ੍ਰੀਤ ਸਿੰਘ ਉਰਫ ਰਾਜੂ ਅਤੇ ਸਤਵੰਤ ਸਿੰਘ ਉਰਫ ਜੱਸਾ ਤੇ ਪਿੰਡ ਘੁੱਤੇਵਾਹ ਦੇ ਪਲਵਿੰਦਰ ਸਿੰਘ ਨੂੰ ਨਾਮਜ਼ਦ ਕੀਤਾ ਸੀ। ਬੱਸ ਦੇ ਡਰਾਈਵਰ ਤੇ ਕੰਡਕਟਰ ਸਮੇਤ ਪੰਜ ਮੁਜਰਮਾਂ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਸੀ ਤੇ ਦੋ ਜਣਿਆਂ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਜ਼ੋਰ ਲਾਉਣਾ ਪਿਆ ਸੀ। ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਸਿਆਸੀ ਆਗੂਆਂ ਮਾਮਲੇ ਨੂੰ ਉਛਾਲਦਿਆਂ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹਾ ਕਰ ਦਿੱਤਾ ਸੀ। ਪੁਲਿਸ ਨੇ 22 ਜਨਵਰੀ ਨੂੰ ਅਦਾਲਤ ਵਿਚ ਚਾਲਾਨ ਪੇਸ਼ ਕਰ ਦਿੱਤਾ ਗਿਆ ਸੀ। ਅਦਾਲਤ ਨੇ ਮਾਮਲੇ ਦੀ ਸੁਣਵਾਈ ਬੰਦ ਕਮਰੇ ਅੰਦਰ ਕੀਤੀ ਤੇ ਕਿਸੇ ਮੀਡੀਆ ਕਰਮੀ ਨੂੰ ਨੇੜੇ ਨਹੀਂ ਫਟਕਣ ਦਿੱਤਾ ਗਿਆ।

## ਡੀ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਬਹਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਡੀ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਬਹਾਲ ਕਰ ਦਿੱਤਾ ਹੈ। ਅਹਿਮ ਤੱਥ ਇਹ ਹੈ ਕਿ ਬਹਾਲੀ ਪਿਛੋਂ ਉਨ੍ਹਾਂ ਨੂੰ ਮੁੜ ਅੰਮ੍ਰਿਤਸਰ ਰੇਂਜ ਦਾ ਹੀ ਡੀ ਆਈ ਜੀ ਨਿਯੁਕਤ ਕੀਤਾ ਗਿਆ ਹੈ।

ਸ. ਉਮਰਾਨੰਗਲ ਨੂੰ ਦਸੰਬਰ ਮਹੀਨੇ ਦੇ ਅਰੰਭ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਚਨਚੇਤੀ ਫੈਸਲਾ ਲੈਂਦਿਆਂ ਮੁਅੱਤਲ ਕਰ ਦਿੱਤਾ ਸੀ। ਇਸ ਪਿਛੋਂ ਅੰਮ੍ਰਿਤਸਰ ਰੇਂਜ ਵਿਚ ਕੋਈ ਅਧਿਕਾਰੀ ਤਾਇਨਾਤ ਨਹੀਂ ਸੀ ਕੀਤਾ ਗਿਆ। ਇਸ ਪੁਲਿਸ ਅਧਿਕਾਰੀ ਦੀ ਮੁਅੱਤਲੀ ਦੀ ਚਰਚਾ ਕੁਝ ਜ਼ਿਆਦਾ ਹੀ ਹੋ ਗਈ ਸੀ ਕਿਉਂਕਿ ਉਨ੍ਹਾਂ ਦਿਨਾਂ ਦੌਰਾਨ ਹੀ ਅੰਮ੍ਰਿਤਸਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਇਕ ਆਗੂ ਨੇ ਇਕ ਥਾਣੇਦਾਰ ਦੀ ਦਿਨ ਦਿਹਾੜੇ ਹੱਤਿਆ ਕਰ ਦਿੱਤੀ ਸੀ।

# ਸੰਕਟ ’ਚ ਵੀ ਸਿਆਸਤਦਾਨਾਂ ਦਾ ਆਪੋ ਆਪਣਾ ਰਾਗ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਦਹਿਸ਼ਤਗਰਦੀ ਦਾ ਖਤਰਾ ਬਹੁਤ ਗੰਭੀਰ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਕਾਹਲੀ ਵਿਚ ਇਹੋ ਜਿਹੇ ਪੈਂਤੜੇ ਮੱਲਣ ਤੁਰ ਪਿਆ ਜਾਵੇ ਕਿ ਅਸੀਂ ਅਮਰੀਕਾ ਵਾਂਗ ਆਪਣੇ ਦੇਸ਼ ਦੀ ਸੁਰੱਖਿਆ ਯਕੀਨੀ ਬਣਾਉਣੀ ਹੈ। ਇਹ ਸਮਝਣਾ ਵੀ ਮੂਰਖਤਾ ਹੈ ਕਿ ਅਮਰੀਕਾ ਦੇ ਆਪਣੇ ਘਰ ਵਿਚ ਕੋਈ ਬੇਚੈਨੀ ਨਹੀਂ ਹੈ। ਉਸ ਦੀ ਫੌਜ ਦੁਨੀਆਂ ਦੇ ਕਈ ਦੇਸ਼ਾਂ ਵਿਚ ਸਿੰਗ ਫਸਾਈ ਬੈਠੀ ਹੈ ਤੇ ਜਦੋਂ ਉਥੋਂ ਅਮਰੀਕੀ ਨੌਜਵਾਨਾਂ ਦੀਆਂ ਲਾਸ਼ਾਂ ਦੇ ਤਾਬੂਤ ਆਉਂਦੇ ਹਨ ਤਾਂ ਰੋਸ ਉਥੋਂ ਦੇ ਲੋਕਾਂ ਵਿਚ ਵੀ ਥੋੜ੍ਹਾ ਨਹੀਂ ਹੁੰਦਾ, ਸਿਰਫ ਇਹ ਹੈ ਕਿ ਉਥੋਂ ਦੇ ਮੀਡੀਏ ਨੇ ਕਦੀ ਲਾਸ਼ਾਂ ਵਿਖਾਈਆਂ ਨਹੀਂ ਤੇ ਭਾਰਤੀ ਮੀਡੀਆ ਆਪਣੇ ਦੇਸ਼ ਦੇ ਰਾਜਸੀ ਆਗੂਆਂ ਵਾਂਗ ਹੀ ਆਪਣੇ ਲੋਕਾਂ ਦੀ ਮਾਨਸਿਕਤਾ ਨੂੰ ਵਲੂੰਧਰਨ ਤੱਕ ਜਾਂਦਾ ਹੈ।***

ਇੱਕੀ ਫਰਵਰੀ ਦੀ ਸ਼ਾਮ ਅਚਾਨਕ ਇਹ ਮੰਦਭਾਗੀ ਖਬਰ ਆਈ ਕਿ ਹੈਦਰਾਬਾਦ ਵਿਚ ਬੰਬਾਂ ਦੇ ਲੜੀਵਾਰ ਧਮਾਕੇ ਹੋ ਗਏ ਹਨ। ਪਹਿਲਾਂ ਜ਼ਿਆਦਾ ਦੱਸੇ ਗਏ ਪਰ ਬਾਅਦ ਵਿਚ ਦੋ ਧਮਾਕੇ ਨਿਕਲੇ। ਦੋ ਵੀ ਥੋੜ੍ਹੇ ਨਹੀਂ ਹੁੰਦੇ ਤੇ ਇਨ੍ਹਾਂ ਦੋਂਹ ਨੇ ਜਿਵੇਂ ਸੋਲਾਂ ਇਨਸਾਨਾਂ ਦੀ ਜਾਨ ਲੈ ਲਈ, ਉਸ ਦਾ ਸਾਰੇ ਦੇਸ਼ ਦੇ ਲੋਕਾਂ ਨੂੰ ਦੁੱਖ ਹੋਵੇਗਾ। ਇਸ ਦੇ ਨਾਲ ਹੀ ਦੇਸ਼ ਅਤੇ ਦੇਸ਼ਵਾਸੀਆਂ ਦੇ ਸਾਹਮਣੇ ਸੰਕਟ ਦੀ ਸਥਿਤੀ ਦੀ ਚਰਚਾ ਹੋਣ ਲੱਗ ਪਈ। ਇਹ ਚਰਚਾ ਟੀ ਵੀ ਚੈਨਲਾਂ ਨੇ ਅੱਧੇ ਘੰਟੇ ਦੇ ਅੰਦਰ ਸ਼ੁਰੂ ਕਰ ਲਈ ਤੇ ਪਾਰਲੀਮੈਂਟ ਵਿਚ ਅਗਲਾ ਸਾਰਾ ਦਿਨ ਹੁੰਦੀ ਰਹੀ, ਪਰ ਸਿਵਾਏ ਇਹ ਸੁਣਨ ਤੋਂ ਕਿ ਦੇਸ਼ ਦੇ ਸਾਹਮਣੇ ਸੰਕਟ ਹੈ, ਇਸ ਚਰਚਾ ਵਿਚੋਂ ਕਿਸੇ ਦੇ ਪੱਲੇ ਹੋਰ ਕੁਝ ਨਹੀਂ ਪੈ ਸਕਿਆ। ਜਦੋਂ ਕਿਸੇ ਕੌਮ ਲਈ ਸੰਕਟ ਹੋਵੇ ਤਾਂ ਉਸ ਦਾ ਟਾਕਰਾ ਕਰਨ ਲਈ ਸਾਰਿਆਂ ਨੂੰ ਇੱਕ ਬੋਲੀ ਬੋਲਣੀ ਜ਼ਰੂਰੀ ਹੋ ਜਾਂਦੀ ਹੈ ਪਰ ਭਾਰਤ ਵਿਚ ਕਿਉਂਕਿ ਮੜ੍ਹੀਆਂ ਤੱਕ ਰਾਜਨੀਤੀ ਚੱਲਦੀ ਹੈ, ਇਸ ਲਈ ਸੰਕਟ ਵਿਚ ਵੀ ਇੱਕ ਬੋਲੀ ਕੋਈ ਨਹੀਂ ਸੀ ਬੋਲ ਰਿਹਾ। ਹਰ ਕੋਈ ਆਪਣਾ ਰਾਗ ਅਲਾਪੀ ਜਾਂਦਾ ਸੀ ਤਾਂ ਕਿ ਇਹ ਸਾਬਤ ਕਰ ਸਕੇ ਕਿ ਦੇਸ਼ ਲਈ ਦਰਦ ਸਿਰਫ ਉਸੇ ਦੇ ਸੀਨੇ ਵਿਚ ਹੈ, ਬਾਕੀ ਸਭ ਦੇ ਸਭ ਡਰਾਮੇਬਾਜ਼ੀ ਕਰ ਰਹੇ ਹਨ।

ਇਹ ਗੱਲ ਸਭ ਤੋਂ ਵੱਧ ਦੁਖਦਾਈ ਹੈ ਕਿ ਇੱਕ ਥਾਣੇਦਾਰ ਦੇ ਪੱਧਰ ਤੋਂ ਦੇਸ਼ ਦੇ ਗ੍ਰਹਿ ਮੰਤਰੀ ਤੱਕ ਦਾ ਸਫਰ ਕਰ ਗਏ ਸੁਸ਼ੀਲ ਕੁਮਾਰ ਸ਼ਿੰਦੇ ਦਾ ਵਿਹਾਰ ਦੁੱਖ ਦੀਆਂ ਘੜੀਆਂ ਵਿਚ ਵੀ ਠੀਕ ਨਹੀਂ। ਉਸ ਦੀ ਜਿਹੜੀ ਭੱਲ ਇੱਕ ਪਾਰਲੀਮੈਂਟ ਮੈਂਬਰ ਦੇ ਤੌਰ ਉਤੇ ਹੁੰਦੀ ਸੀ, ਮਹਾਰਾਸ਼ਟਰ ਦਾ ਮੁੱਖ ਮੰਤਰੀ ਬਣ ਕੇ ਨਹੀਂ ਸੀ ਰਹੀ, ਆਂਧਰਾ ਪ੍ਰਦੇਸ਼ ਦਾ ਗਵਰਨਰ ਬਣ ਕੇ ਵੀ ਨਹੀਂ ਤੇ ਜਦੋਂ ਕੇਂਦਰ ਦਾ ਵਜ਼ੀਰ ਬਣਿਆ ਤਾਂ ਰਹਿੰਦੀ ਸਾਖ ਵੀ ਖੁਰਦੀ ਜਾਪਣ ਲੱਗ ਪਈ।

ਪਿਛਲੇ ਸਾਲ ਅੱਗੜ-ਪਿੱਛੜ ਜਦੋਂ ਨੈਸ਼ਨਲ ਗਰਿੱਡ ਵੀ ਫੇਲ੍ਹ ਹੁੰਦੇ ਗਏ ਤੇ ਦੋ ਦਿਨ ਇਸ ਦੇਸ਼ ਦਾ 60 ਫੀਸਦੀ ਇਲਾਕਾ ਬਿਜਲੀ ਤੋਂ ਵਾਂਝਾ ਹੋ ਗਿਆ, ਰੇਲ ਗੱਡੀਆਂ ਰਾਹਾਂ ਵਿਚ ਖੜੋ ਗਈਆਂ, ਹਵਾਈ ਅੱਡਿਆਂ ਦੇ ਰਾਡਾਰ ਕੰਮ ਛੱਡਣ ਲੱਗ ਪਏ, ਉਦੋਂ ਇਹੋ ਸੁਸ਼ੀਲ ਕੁਮਾਰ ਸ਼ਿੰਦੇ ਬਿਜਲੀ ਮੰਤਰੀ ਹੁੰਦਾ ਸੀ। ਸਾਰੇ ਦੇਸ਼ ਵਿਚੋਂ ਉਸ ਦੀ ਛਾਂਟੀ ਕਰਨ ਦੀ ਮੰਗ ਉਠ ਰਹੀ ਸੀ ਤੇ 'ਬਿੱਲੀ ਦੇ ਭਾਗੀਂ ਛਿੱਕਾ ਟੁੱਟਾ' ਦੀ ਕਹਾਵਤ ਅਨੁਸਾਰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾਏ ਗਏ ਪ੍ਰਣਬ ਮੁਕਰਜੀ ਵੱਲੋਂ ਖਾਲੀ ਕੀਤੀ ਖਜ਼ਾਨਾ ਮੰਤਰੀ ਦੀ ਕੁਰਸੀ ਪੀ. ਚਿਦੰਬਰਮ ਨੂੰ ਮਿਲਦੇ ਸਾਰ ਦੇਸ਼ ਦੇ ਗ੍ਰਹਿ ਮੰਤਰੀ ਬਣਨ ਦਾ ਮੌਕਾ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਦੇ ਦਿੱਤਾ ਗਿਆ। ਉਸ ਪਿੱਛੋਂ ਦਾ ਸਮਾਂ ਉਹ ਇੱਕ ਜਾਂ ਦੂਸਰੇ ਕਾਰਨ ਕਰ ਕੇ ਚਰਚਾ ਵਿਚ ਰਿਹਾ ਤੇ ਹੁਣ ਜਦੋਂ ਬੰਬ ਧਮਾਕੇ ਹੋਏ ਤਾਂ ਪੰਜ ਮਿੰਟ ਵੀ ਕੱਟੇ ਬਿਨਾਂ ਇਹ ਕਹਿ ਕੇ ਵਿਵਾਦ ਖੜਾ ਕਰ ਬੈਠਾ ਕਿ ਸਾਨੂੰ ਇਸ ਤਰ੍ਹਾਂ ਦੀ ਵਾਰਦਾਤ ਦੀ ਅਗਾਊਂ ਸੂਚਨਾ ਸੀ। ਉਸ ਨੇ ਇਹ ਕਹਿ ਕੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ ਕਿ ਇਸ ਬਾਰੇ ਚੇਤਾਵਨੀ ਰਾਜਾਂ ਨੂੰ ਭੇਜ ਦਿੱਤੀ ਸੀ ਪਰ ਚੇਤਾਵਨੀ ਦੇ ਬਾਅਦ ਕਿਸੇ ਅਮਲ ਨੂੰ ਚੈਕ ਕੀਤਾ ਗਿਆ, ਇਸ ਦਾ ਉਸ ਨੂੰ ਪਤਾ ਹੀ ਕੋਈ ਨਹੀਂ ਸੀ। ਧਮਾਕੇ ਵਾਲੀ ਥਾਂ ਦਾ ਦੌਰਾ ਕਰ ਕੇ ਮੁੜਿਆ ਤਾਂ ਸਿਰਫ ਇਹ ਬਿਆਨ ਦੇਈ ਗਿਆ ਕਿ ਐਨੇ ਵੱਜ ਕੇ ਐਨੇ ਮਿੰਟ ਉਤੇ ਧਮਾਕੇ ਹੋਏ ਤੇ ਐਨੇ ਪੈਸੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦੇਣ ਦੇ ਨਾਲ ਐਨੇ ਪੈਸੇ ਜ਼ਖਮੀਆਂ ਨੂੰ ਦੇ ਦੇਣੇ ਹਨ। ਇੰਨਾ ਕੰਮ ਤਾਂ ਕਲਰਕ ਵੀ ਕਰ ਸਕਦਾ ਸੀ, ਦੇਸ਼ ਦੇ ਗ੍ਰਹਿ ਮੰਤਰੀ ਤੋਂ ਜੋ ਕੁਝ ਸੁਣਨ ਨੂੰ ਮਿਲ ਸਕਦਾ ਸੀ, ਉਹ ਕਹਿਣ ਵਾਲੀ ਉਸ ਨੇ ਕੋਈ ਗੱਲ ਹੀ ਨਹੀਂ ਸੀ ਕੀਤੀ ਤੇ ਸ਼ਾਮ ਤੱਕ ਕਦੇ ਇੱਕ ਤੇ ਕਦੀ ਦੂਸਰੇ ਸਦਨ ਵਿਚ ਫਸਿਆ ਫਿਰਦਾ ਸੀ।

ਸੰਕਟ ਦੀ ਦੁਹਾਈ ਸਭ ਤੋਂ ਵੱਧ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਨੇ ਦਿੱਤੀ ਹੈ। ਉਨ੍ਹਾਂ ਨੇ ਇਹ ਮੁੱਦਾ ਫਿਰ ਚੁੱਕ ਲਿਆ ਕਿ ਪਾਰਲੀਮੈਂਟ ਉਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਨੂੰ ਫਾਂਸੀ ਦੇਣ ਦਾ ਕੰਮ ਕਈ ਸਾਲ ਟਾਲਿਆ ਜਾਂਦਾ ਰਿਹਾ ਸੀ। ਇਹ ਵੀ ਕਹਿ ਦਿੱਤਾ ਕਿ ਇਸ ਸਰਕਾਰ ਦਾ ਦਹਿਸ਼ਤਗਰਦਾਂ ਵੱਲ ਨਰਮ ਵਤੀਰਾ ਹੈ। ਪਾਰਟੀ ਦੇ ਬੁਲਾਰੇ ਨੇ ਇਹ ਗੱਲ ਵੀ ਕਾਫੀ ਜ਼ੋਰ ਦੇ ਕੇ ਆਖੀ ਕਿ ਇਸ ਸਰਕਾਰ ਦੇ ਮੰਤਰੀ ਤਾਂ ਪਾਕਿਸਤਾਨ ਬੈਠੇ ਦਹਿਸ਼ਤਗਰਦਾਂ ਦੀ ਮਾਂ ਮੰਨੇ ਜਾਂਦੇ ਹਾਫਿਜ਼ ਸਈਦ ਨੂੰ 'ਸ੍ਰੀ ਹਾਫਿਜ਼ ਸਈਦ' ਕਹਿਣ ਤੋਂ ਵੀ ਸੰਕੋਚ ਨਹੀਂ ਕਰਦੇ। ਜਦੋਂ ਵਿਰੋਧ ਹੀ ਕਰਨਾ ਹੋਵੇ ਤਾਂ ਕੁਝ ਵੀ ਕਿਹਾ ਜਾ ਸਕਦਾ ਹੈ ਪਰ ਅਜਿਹਾ ਕਰਨ ਵੇਲੇ ਆਪਣੇ ਅਮਲਾਂ ਬਾਰੇ ਵੀ ਸੋਚ ਲੈਣਾ ਚਾਹੀਦਾ ਹੈ। ਮਿਸਾਲ ਵਜੋਂ ਜਦੋਂ ਹਾਫਿਜ਼ ਸਈਦ ਨੂੰ ਕਾਂਗਰਸ ਦੇ ਇੱਕ ਜਨਰਲ ਸਕੱਤਰ ਵੱਲੋਂ 'ਸ੍ਰੀ ਹਾਫਿਜ਼ ਸਈਦ' ਕਹਿਣ ਦੀ



*ਹੈਦਰਾਬਾਦ ਵਿਚ ਬੰਬ ਧਮਾਕੇ ਤੋਂ ਬਾਅਦ ਦਾ ਦ੍ਰਿਸ਼*

ਚਰਚਾ ਹੋ ਰਹੀ ਸੀ, ਉਸ ਦੌਰਾਨ ਭਾਜਪਾ ਦੇ ਇੱਕ ਸਾਬਕਾ ਪ੍ਰਧਾਨ ਦੇ ਆਪਣੇ ਮੂੰਹੋਂ ਵੀ ਸਵਾਲ-ਜਵਾਬ ਦੌਰਾਨ 'ਸ੍ਰੀ ਹਾਫਿਜ਼ ਸਈਦ' ਨਿਕਲ ਗਿਆ। ਕੀ ਇਹ ਹੀ ਬਹੁਤ ਵੱਡਾ ਮੁੱਦਾ ਹੈ ਕਿ ਕਿਸੇ ਨੂੰ 'ਸ੍ਰੀ' ਕਿਹਾ ਜਾਵੇ ਜਾਂ ਨਾ ਕਿਹਾ ਜਾਵੇ? ਇਸ ਦੀ ਥਾਂ ਬਹੁਤ ਸਾਰੇ ਕੰਮ ਦੇ ਮੁੱਦਿਆਂ ਦੀ ਚਰਚਾ ਕੀਤੀ ਜਾਣੀ ਚਾਹੀਦੀ ਹੈ।

ਜਦੋਂ ਕੰਮ ਦੇ ਮੁੱਦਿਆਂ ਦੀ ਚਰਚਾ ਹੋਵੇ ਤਾਂ ਭਾਜਪਾ ਆਗੂਆਂ ਦਾ ਇਹ ਕਹਿਣਾ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਹੁਣ ਵਾਲੀ ਸਰਕਾਰ ਦੀ ਨਰਮੀ ਦੇ ਕਾਰਨ ਦਹਿਸ਼ਤਗਰਦ ਹਮਲੇ ਹੋ ਰਹੇ ਹਨ। ਉਹ ਇਹ ਤਾਂ ਕਹਿ ਸਕਦੇ ਹਨ ਕਿ ਹਮਲੇ ਹੋ ਰਹੇ ਹਨ ਪਰ ਇਹ ਨਹੀਂ ਕਹਿ ਸਕਦੇ ਕਿ ਅੱਗੇ ਨਾਲੋਂ ਵਧ ਗਏ ਹਨ। ਪਿਛਲੇ ਸਮੇਂ ਵਿਚ ਇਸ ਤਰ੍ਹਾਂ ਦੇ ਹਮਲਿਆਂ ਦੀ ਗਿਣਤੀ ਵਿਚ ਆਈ ਕਮੀ ਅੰਕੜਿਆਂ ਤੋਂ ਸਾਫ ਪਤਾ ਲੱਗ ਜਾਂਦੀ ਹੈ। ਮੰਗ ਇਹ ਹੋਣੀ ਚਾਹੀਦੀ ਹੈ ਕਿ ਸਿਰਫ ਕਮੀ ਹੀ ਕਾਫੀ ਨਹੀਂ, ਇਹ ਸਾਰੇ ਹਮਲੇ ਰੋਕਣ ਲਈ ਲੋੜੀਂਦੇ ਕਦਮ ਚੁੱਕੇ ਜਾਣ। ਇਸ ਸਬੰਧ ਵਿਚ ਜੇ ਸੇਧ ਲੈਣੀ ਹੋਵੇ ਤਾਂ ਕਮਿਊਨਿਸਟ ਪਾਰਟੀ ਦੇ ਆਗੂ ਗੁਰੂਦਾਸ ਦਾਸਗੁਪਤਾ ਦੀ ਪਾਰਲੀਮੈਂਟ ਵਿਚ ਕੀਤੀ ਤਕਰੀਰ ਤੋਂ ਮਿਲ ਸਕਦੀ ਹੈ, ਜਿਸ ਨੇ ਸਰਕਾਰ ਦੀ ਜਾਇਜ਼ ਹੱਦ ਤੱਕ ਨੁਕਤਾਚੀਨੀ ਦੇ ਬਾਅਦ ਇਹ ਕਿਹਾ ਕਿ ਇਹ ਹਮਲੇ ਸਾਡੇ ਦੇਸ਼ ਨੂੰ ਝੁਕਾਉਣ ਲਈ ਕੀਤੇ ਜਾ ਰਹੇ ਹਨ ਤੇ ਸਾਨੂੰ ਸਾਰਿਆਂ ਨੂੰ ਇੱਕ ਆਵਾਜ਼ ਵਿਚ ਕਹਿਣਾ ਚਾਹੀਦਾ ਹੈ ਕਿ ਸਾਡੇ ਮੱਤਭੇਦ ਹੋਰ ਗੱਲਾਂ ਵਿਚ ਬਿਨਾਂ ਸ਼ੱਕ ਹੁੰਦੇ ਰਹਿਣ, ਦੇਸ਼ ਦੀ ਰਾਖੀ ਦੇ ਸਵਾਲ ਉਤੇ ਅਸੀਂ ਇੱਕ-ਮੁੱਠ ਹਾਂ ਤੇ ਅਸੀਂ ਝੁਕਾਂਗੇ ਨਹੀਂ। ਭਾਜਪਾ ਦੇ ਲੀਡਰ ਸਰਕਾਰ ਉਤੇ ਸਖਤੀ ਨਾ ਕਰਨ ਦੇ ਦੋਸ਼ਾਂ ਤੋਂ ਅੱਗੇ ਨਹੀਂ ਵਧ ਸਕੇ। ਇਹ ਸਵਾਲ ਉਨ੍ਹਾਂ ਦੇ ਇੱਕ ਆਗੂ ਨੇ ਪਾਰਲੀਮੈਂਟ ਵਿਚ ਵੀ ਕਰ ਦਿੱਤਾ ਕਿ ਅਮਰੀਕਾ ਨੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਵਾਲੀ ਇੱਕ ਘਟਨਾ ਤੋਂ ਬਾਅਦ ਦੂਸਰੀ ਘਟਨਾ ਵਾਪਰ ਸਕਣ ਦੀ ਗੁੰਜਾਇਸ਼ ਨਹੀਂ ਛੱਡੀ, ਭਾਰਤ ਸਰਕਾਰ ਏਦਾਂ ਦੇ ਪ੍ਰਬੰਧ ਕਿਉਂ ਨਹੀਂ ਕਰ ਸਕਦੀ? ਬਹੁਤ ਵਾਜਬ ਇਸ ਸਵਾਲ ਦੇ ਜਵਾਬ ਵਿਚ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਜਦੋਂ ਭਾਜਪਾ ਦੇ ਕੋਲ ਦੇਸ਼ ਦੀ ਕਮਾਨ ਸੀ ਤਾਂ ਲਾਲ ਕਿਲ੍ਹੇ ਉਤੇ ਵੀ ਹਮਲਾ ਹੋ ਗਿਆ, ਫਿਰ ਪਾਰਲੀਮੈਂਟ ਅਤੇ ਅਕਸ਼ਰ ਧਾਮ ਮੰਦਰ ਉਤੇ ਵੀ, ਉਹ ਵਾਰ-ਵਾਰ ਹੁੰਦੇ ਹਮਲਿਆਂ ਦਾ ਰਾਹ ਆਪ ਕਿਉਂ ਨਹੀਂ ਸੀ ਰੋਕ ਸਕੀ?

ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਾਡੇ ਗਵਾਂਢ ਵਿਚ ਉਹ ਦੇਸ਼ ਹੈ, ਜਿਹੜਾ ਆਪਣੇ ਘਰ ਦੀ ਹਾਲਤ ਸੁਧਾਰਨ ਤੋਂ ਵੱਧ ਆਪਣੇ ਆਂਢ-ਗਵਾਂਢ ਦੀ ਹਾਲਤ ਵਿਗਾੜਨ ਵਿਚ ਦਿਲਚਸਪੀ ਲੈਂਦਾ ਹੈ ਤਾਂ ਕਿ ਸੰਸਾਰ ਦੇ ਲੋਕਾਂ ਨੂੰ ਇਹ ਕਹਿ ਸਕੇ ਕਿ ਸਿਰਫ ਸਾਡੇ ਹੀ ਨਹੀਂ, ਨਾਲ ਦੇ ਦੇਸ਼ ਵਿਚ ਵੀ ਇਹੋ ਹਾਲਤ ਹੈ। ਉਸ ਦੇਸ਼ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਰਹਿਮ ਦਾ ਮੁਥਾਜ ਮੰਨਿਆ ਜਾਂਦਾ ਹੈ। ਅੱਗੋਂ ਰਾਸ਼ਟਰਪਤੀ ਉਹ ਹੈ, ਜਿਸ ਦੇ ਨਾਂ ਇਹ ਦੋਸ਼ ਲੱਗ ਚੁੱਕਾ ਹੈ ਕਿ ਅਮਰੀਕਾ ਨਾਲ ਮਿਲ ਕੇ ਓਸਾਮਾ ਬਿਨ ਲਾਦੇਨ ਨੂੰ ਮਾਰਨ ਦਾ ਅਪਰੇਸ਼ਨ ਸਿਰੇ ਚੜ੍ਹਾਉਣ ਮਗਰੋਂ ਉਸ ਨੇ ਆਪਣੇ ਅਮਰੀਕਾ ਵਿਚਲੇ ਰਾਜਦੂਤ ਦੇ ਰਾਹੀਂ ਅਮਰੀਕਾ ਦੇ ਇੱਕ ਵੱਡੇ ਫੌਜੀ ਕਮਾਂਡਰ ਨੂੰ ਚਿੱਠੀ ਲਿਖ ਕੇ ਆਪਣੀ ਫੌਜ ਦੇ ਕਹਿਰ ਤੋਂ ਬਚਾਉਣ ਲਈ ਮਦਦ ਮੰਗੀ ਸੀ। ਆਪਣੇ ਦੇਸ਼ ਦੀ ਫੌਜ ਦੇ ਖਿਲਾਫ ਵਿਦੇਸ਼ੀ ਫੌਜ ਦੀ ਮਦਦ ਮੰਗਣ ਦੀ ਗੱਲ ਝੂਠੀ ਹੋਵੇ ਜਾਂ ਸੱਚੀ, ਇਸ ਗੱਲ ਦੀ ਚਰਚਾ ਉਸ ਦੇਸ਼ ਵਿਚ ਨਹੀਂ ਹੁੰਦੀ। ਉਥੇ ਆਏ ਦਿਨ ਕਤਲ ਹੁੰਦੇ ਹਨ, ਜਿਹੜੇ ਕਦੀ ਆਤਮਘਾਤੀ ਦਹਿਸ਼ਤਗਰਦ ਆਪਣੇ ਪੇਟ ਨਾਲ ਬੰਬ ਬੰਨ੍ਹ ਕੇ ਕਰ ਦਿੰਦੇ ਹਨ ਤੇ ਕਦੀ ਕਿਸੇ ਥਾਂ ਸਿੱਧਾ ਹਮਲਾ ਵੀ ਕਰ ਦਿੱਤਾ ਜਾਂਦਾ ਹੈ। ਪਿਛਲੇ ਇੱਕ ਹਫਤੇ ਦੌਰਾਨ ਹੀ ਕਈ ਵਾਰਦਾਤਾਂ ਹੋ ਗਈਆਂ ਹਨ। ਇੱਕ ਥਾਂ ਸਿਆਸੀ ਪਾਰਟੀਆਂ ਦੀ ਸਾਂਝੀ ਮੀਟਿੰਗ ਹੁੰਦੀ ਤੋਂ ਹਮਲਾ ਕਰ ਦਿੱਤਾ ਗਿਆ ਤਾਂ ਸੱਤ ਬੰਦੇ ਮਾਰੇ ਗਏ। ਕੋਇਟਾ ਸ਼ਹਿਰ ਦੇ ਸ਼ੀਆ ਬਹੁਗਿਣਤੀ ਵਾਲੇ ਬਾਜ਼ਾਰ ਵਿਚ ਹਮਲਾ ਕੀਤਾ ਗਿਆ ਤਾਂ ਮੌਤਾਂ ਦੀ ਗਿਣਤੀ ਸੌ ਦੇ ਨੇੜੇ ਜਾ ਪੁੱਜੀ। ਸਰਕਾਰ ਨੂੰ ਸ਼ੀਆ ਭਾਈਚਾਰੇ ਨੂੰ ਝੂਠਾ-ਸੱਚਾ ਇਹ ਯਕੀਨ ਦੇਣ ਲਈ ਮਜਬੂਰ ਹੋਣਾ ਪਿਆ ਕਿ ਉਨ੍ਹਾਂ ਦੀ ਪੂਰੀ ਰਾਖੀ ਕੀਤੀ ਜਾਵੇਗੀ ਪਰ ਲਾਸ਼ਾਂ ਦਫਨਾਉਣ ਤੋਂ ਪਹਿਲਾਂ ਹੀ ਹਮਲੇ ਕਰਨ ਵਾਲੇ ਲਸ਼ਕਰੇ-ਝੰਗਵੀ ਦੀ ਇਹ ਧਮਕੀ ਆ ਗਈ ਕਿ ਹਾਲੇ ਤਾਂ ਹੋਰ ਹਮਲੇ ਕੀਤੇ ਜਾਣੇ ਹਨ। ਹਾਲਾਤ ਇੰਨੇ ਗੰਭੀਰ ਹੋ ਗਏ ਹਨ ਕਿ ਕਿਸੇ ਨੂੰ ਵੀ ਆਪਣੀ ਘੜੀ-ਪਲ ਦੀ ਜ਼ਿੰਦਗੀ ਦਾ ਉਥੇ ਵਸਾਹ ਨਹੀਂ ਰਿਹਾ।

ਜਦੋਂ ਸਾਡੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੀ ਮੁੱਖ ਪਾਰਟੀ ਇਹ ਕਹਿੰਦੀ ਹੈ ਕਿ ਅਮਰੀਕਾ ਜਿੰਨੀ ਸਖਤੀ ਤੋਂ ਬਿਨਾਂ ਦਹਿਸ਼ਤਗਰਦੀ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਤਾਂ ਉਹ ਕਹਿਣਾ ਕੀ ਚਾਹੁੰਦੀ ਹੈ? ਜਿਸ ਅਮਰੀਕਾ ਦੀ ਉਹ ਗੱਲ ਕਰਦੇ ਹਨ, ਉਸ ਨੇ ਤਾਂ ਦਹਿਸ਼ਤਗਰਦੀ ਵਿਰੁਧ ਜੰਗ ਦੇ ਨਾਂ ਹੇਠ ਅਫਗਾਨਿਸਤਾਨ ਉਤੇ ਫੌਜ ਚਾੜ੍ਹ ਦਿੱਤੀ ਸੀ ਤੇ ਇਰਾਕ ਵਿਚ ਉਥੋਂ ਦੇ ਹੁਕਮਰਾਨ ਨੂੰ ਮਾਰ ਕੇ ਆਪਣੀ ਕਠਪੁਤਲੀ ਸਰਕਾਰ ਥਾਪ ਰੱਖੀ ਹੈ, ਕੀ ਭਾਰਤ ਇਸ ਤਰ੍ਹਾਂ ਕਰਨ ਬਾਰੇ ਕਦੇ ਸੋਚ ਵੀ ਸਕਦਾ ਹੈ? ਅਮਰੀਕਾ ਦੇ ਡਰੋਨ ਹਵਾਈ ਜਹਾਜ਼ ਉਡਾਰੀ ਭਰ ਕੇ ਪਾਕਿਸਤਾਨ ਦੇ ਖੇਤਰ ਵਿਚ ਜਾ ਕੇ ਜਿੱਥੇ ਦਿਲ ਕਰੇ, ਹਮਲੇ ਕਰਦੇ ਤੇ ਲੋਕਾਂ ਨੂੰ ਮਾਰਦੇ ਹਨ, ਕਈ ਵਾਰ ਬੇਗੁਨਾਹਾਂ ਦਾ ਕਤਲ ਵੀ ਉਨ੍ਹਾਂ ਦੇ ਨਾਂ ਲੱਗ ਜਾਂਦਾ ਹੈ ਤਾਂ ਪ੍ਰਵਾਹ ਨਹੀਂ ਕਰਦੇ, ਭਾਰਤ ਕਦੇ ਵੀ ਇਸ ਤਰ੍ਹਾਂ ਨਹੀਂ ਕਰ ਸਕਦਾ। ਜੇ ਸਖਤ ਹੋ ਕੇ ਵਿਖਾਉਣ ਦਾ ਮਨ ਹੀ ਕਰਦਾ ਸੀ ਤਾਂ ਭਾਰਤ ਦੀ ਪਾਰਲੀਮੈਂਟ ਉਤੇ ਹਮਲੇ ਪਿੱਛੋਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਇੱਕ ਵਾਰੀ ਫੌਜ ਸਰਹੱਦਾਂ ਉਤੇ ਲੈ ਗਈ ਸੀ, ਫਿਰ ਵਾਪਸ ਕਿਉਂ ਲੈ ਆਈ ਸੀ? ਇਸ ਲਈ ਲਿਆਈ ਸੀ ਕਿ ਬਾਹਰ ਬੈਠ ਕੇ ਦੂਸਰੇ ਨੂੰ ਇਹ ਕਹਿਣਾ ਸੌਖਾ ਹੈ ਕਿ ਇਹ ਕਾਸੇ ਜੋਗਾ ਨਹੀਂ, ਜਦੋਂ ਸਰਕਾਰ ਚਲਾਉਣ ਦਾ ਜ਼ਿੰਮਾ ਆਪਣੇ ਸਿਰ ਹੋਵੇ, ਉਦੋਂ ਕਈ ਕੁਝ ਸੋਚ ਕੇ ਚੱਲਣਾ ਪੈਂਦਾ ਹੈ, ਤੇ ਉਦੋਂ ਵਾਜਪਾਈ ਸਾਹਿਬ ਨੂੰ ਵੀ ਸੋਚਣਾ ਪਿਆ ਸੀ। ਸਿਰਫ ਸੋਚਣਾ ਨਹੀਂ ਸੀ ਪਿਆ, ਅਗਲੀ ਗੱਲ ਇਹ ਕਿ ਜਿਹੜੇ ਅਮਰੀਕਾ ਦੀ ਤਰਜ਼ ਉਤੇ ਸਖਤੀ ਵਿਖਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਸੇ ਅਮਰੀਕਾ ਦੀ ਰਾਏ ਮੰਨ ਕੇ ਕਾਰਗਿਲ ਦੇ ਕਾਤਲ ਜਨਰਲ ਪਰਵੇਜ਼ ਮੁਸ਼ੱਰਫ ਨੂੰ ਆਗਰੇ ਵਿਚ ਸੱਦ ਕੇ ਤਾਜ ਮਹਿਲ ਦਾ ਦੀਦਾਰ ਵੀ ਕਰਾਉਣਾ ਪੈ ਗਿਆ ਸੀ।

ਹਾਲਾਤ ਸੁਖਾਵੇਂ ਨਹੀਂ ਹਨ, ਦਹਿਸ਼ਤਗਰਦੀ ਦਾ ਖਤਰਾ ਬਹੁਤ ਗੰਭੀਰ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਕਾਹਲੀ ਵਿਚ ਇਹੋ ਜਿਹੇ ਪੈਂਤੜੇ ਮੱਲਣ ਤੁਰ ਪਿਆ ਜਾਵੇ ਕਿ ਅਸੀਂ ਅਮਰੀਕਾ ਵਾਂਗ ਆਪਣੇ ਦੇਸ਼ ਦੀ ਸੁਰੱਖਿਆ ਯਕੀਨੀ ਬਣਾਉਣੀ ਹੈ। ਇਹ ਸਮਝਣਾ ਵੀ ਮੂਰਖਤਾ ਹੈ ਕਿ ਅਮਰੀਕਾ ਦੇ ਆਪਣੇ ਘਰ ਵਿਚ ਕੋਈ ਬੇਚੈਨੀ ਨਹੀਂ ਹੈ। ਉਸ ਦੀ ਫੌਜ ਦੁਨੀਆਂ ਦੇ ਕਈ ਦੇਸ਼ਾਂ ਵਿਚ ਸਿੰਗ ਫਸਾਈ ਬੈਠੀ ਹੈ ਤੇ ਜਦੋਂ ਉਥੋਂ ਅਮਰੀਕੀ ਨੌਜਵਾਨਾਂ ਦੀਆਂ ਲਾਸ਼ਾਂ ਦੇ ਤਾਬੂਤ ਆਉਂਦੇ ਹਨ ਤਾਂ ਰੋਸ ਉਥੋਂ ਦੇ ਲੋਕਾਂ ਵਿਚ ਵੀ ਥੋੜ੍ਹਾ ਨਹੀਂ ਹੁੰਦਾ, ਸਿਰਫ ਇਹ ਹੈ ਕਿ ਉਥੋਂ ਦੇ ਮੀਡੀਏ ਨੇ ਕਦੀ ਲਾਸ਼ਾਂ ਵਿਖਾਈਆਂ ਨਹੀਂ ਤੇ ਭਾਰਤੀ ਮੀਡੀਆ ਆਪਣੇ ਦੇਸ਼ ਦੇ ਰਾਜਸੀ ਆਗੂਆਂ ਵਾਂਗ ਹੀ ਆਪਣੇ ਲੋਕਾਂ ਦੀ ਮਾਨਸਿਕਤਾ ਨੂੰ ਵਲੂੰਧਰਨ ਤੱਕ ਜਾਂਦਾ ਹੈ। ਉਥੇ ਵਰਲਡ ਟਰੇਡ ਸੈਂਟਰ ਵਿਚ ਪੰਜ ਸੌ ਮਰੇ ਜਾਂ ਪੰਜ ਹਜ਼ਾਰ, ਇਹ ਵੀ ਮੰਨ ਲਿਆ ਗਿਆ ਕਿ ਕਈ ਲੋਕਾਂ ਦੇ ਸਰੀਰਾਂ ਦੇ ਟੁਕੜੇ ਮਲਬੇ ਵਿਚੋਂ ਕੱਢੇ ਬਿਨਾਂ ਮਲਬੇ ਦੇ ਢੇਰ ਚੁੱਕ ਦਿੱਤੇ ਗਏ ਸਨ ਪਰ ਅੱਜ ਤੱਕ ਉਸ ਘਟਨਾ ਵਿਚ ਮਾਰੇ ਗਏ ਇੱਕ ਵੀ ਵਿਅਕਤੀ ਦੀ ਲਾਸ਼ ਕਿਸੇ ਨੇ ਨਹੀਂ ਵੇਖੀ। ਭਾਰਤ ਵਿਚ ਇਸ ਤੋਂ ਉਲਟ ਕੰਮ ਹੁੰਦਾ ਹੈ। ਇਥੇ ਬੰਬ ਧਮਾਕੇ ਨਾਲ ਚੀਥੜੇ ਹੋਏ ਸਰੀਰ ਵਿਖਾ ਕੇ ਕਿਹਾ ਜਾਂਦਾ ਹੈ ਕਿ ਇਹ ਦ੍ਰਿਸ਼ ਵਿਖਾਉਣ ਵਿਚ ਸਾਡਾ ਚੈਨਲ ਬਾਕੀ ਸਾਰਿਆਂ ਨੂੰ ਪਿੱਛੇ ਛੱਡ ਗਿਆ ਹੈ। ਚੈਨਲਾਂ ਦੀ ਲੜਾਈ ਵਿਚ ਜਿਹੜੇ ਪਰਿਵਾਰਾਂ ਦੇ ਜੀਆਂ ਦੇ ਚੀਥੜੇ ਵਿਖਾਏ ਜਾਂਦੇ ਹਨ, ਉਹ ਸਾਰੀ ਉਮਰ ਉਸ ਦ੍ਰਿਸ਼ ਨੂੰ ਯਾਦ ਕਰ ਕੇ ਕਲਪਦੇ ਹਨ ਤੇ ਮੀਡੀਆ ਹਰ ਵਾਰੀ ਨਵੇਂ ਚੀਥੜੇ ਵਿਖਾਉਣ ਦੇ ਨਾਲ ਪਿਛਲੀ ਵਾਰੀ ਦੇ ਇਹੋ ਜਿਹੇ ਦ੍ਰਿਸ਼ ਵੀ ਵਿਖਾਉਣੋਂ ਨਹੀਂ ਹਟਦਾ।

ਇਹ ਕੋਈ ਸਾਊ ਸਮਾਜ ਦਾ ਵਿਹਾਰ ਨਹੀਂ। ਸਾਊ ਸਮਾਜ ਦਾ ਵਿਹਾਰ ਇਹ ਹੀ ਹੈ ਕਿ ਦਹਿਸ਼ਤਗਰਦੀ ਵਾਲੇ ਵਰਤਾਰੇ ਬਾਰੇ ਚੌਕਸੀ ਪੂਰੀ ਰੱਖੀ ਜਾਵੇ, ਜਿੱਥੇ ਕਮੀ ਨਜ਼ਰ ਆਵੇ, ਦੂਰ ਵੀ ਕੀਤੀ ਜਾਵੇ ਤੇ ਜੇ ਗ੍ਰਹਿ ਮੰਤਰੀ ਅਸਲੋਂ ਨਿਕੰਮਾ ਜਾਪੇ ਤਾਂ ਬਦਲ ਦਿੱਤਾ ਜਾਵੇ ਪਰ ਉਕਸਾਹਟਾਂ ਦੀ ਬੋਲੀ ਬੋਲਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ।

# ਕੋਹੇਨੂਰ ਹੀਰਾ ਅਸਲ ਮਾਲਕਾਂ ਹਵਾਲੇ ਕਰਨ ‘ਤੇ ਜ਼ੋਰ

**ਇਸਲਾਮਾਬਾਦ:** ਬਰਤਾਨਵੀ ਸਾਮਰਾਜ ਦੌਰਾਨ ਕੋਹੇਨੂਰ ਹੀਰੇ ਸਮੇਤ ਲੁੱਟੇ ਗਏ ਹੋਰ ਖਜ਼ਾਨੇ ਨੂੰ ਅਸਲ ਮਾਲਕਾਂ ਦੇਸ਼ਾਂ ਦੇ



ਸਪੁਰਦ ਕੀਤਾ ਜਾਵੇ ਤੇ ਇਤਿਹਾਸਕ ਗਲਤੀਆਂ ਨੂੰ ਦਰੁਸਤ ਕੀਤਾ ਜਾਵੇ। ਪਾਕਿਸਤਾਨੀ ਅਖ਼ਬਾਰ ਡਾਨ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ ਕਿ ਹੋ ਸਕਦਾ ਹੈ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਆਪਣੇ ਭਾਰਤ ਦੇ ਤਾਜ਼ਾ ਦੌਰੇ ਦੌਰਾਨ ਵਪਾਰਕ ਸਬੰਧ ਵਧਾਉਣ ਵਿਚ ਤੀਬਰ ਇੱਛਾ ਪ੍ਰਗਟਾਈ ਹੋਵੇ ਪਰ ਉਨ੍ਹਾਂ ਨੇ ਕੋਹੇਨੂਰ ਹੀਰਾ ਵਾਪਸ ਕਰਨ ਦੀ ਚਿਰੋਕਣੀ ਮੰਗ ਠੁਕਰਾ ਦਿੱਤੀ ਹੈ।

ਅਖ਼ਬਾਰ ਅਨੁਸਾਰ ਕੋਹੇਨੂਰ ਦੀ ਅਸਲ ਮਾਲਕੀ ਦੀਆਂ ਜੜ੍ਹਾਂ ਬਰਤਾਨੀਆ ਦੇ ਬਸਤੀਵਾਦੀ ਅਤੀਤ ਵਿਚ ਹਨ। ਇਹ ਕੀਮਤੀ ਹੀਰਾ ਦੱਖਣੀ ਭਾਰਤ ਵਿਚੋਂ ਕਈ ਸਦੀਆਂ ਪਹਿਲਾਂ ਲੱਭਾ ਸੀ ਤੇ ਭਾਰਤ ਦੀ ਬਰਤਾਨਵੀ ਪਿੱਠੂ ਸਰਕਾਰ ਵੱਲੋਂ ਵਿਕਟੋਰੀਆ ਦੀ ਮਹਾਰਾਣੀ ਨੂੰ ਸੌਂਪਣ ਤੋਂ ਪਹਿਲਾਂ ਇਹ ਹੀਰਾ ਸਮੇਂ ਸਮੇਂ ‘ਤੇ ਹਿੰਦੂ, ਮੁਸਲਮਾਨ ਤੇ ਸਿੱਖ ਰਾਜਿਆਂ ਕੋਲ ਰਿਹਾ। ਅਖ਼ਬਾਰ ਨੇ ਅਮਰੀਕਨਾਂ ਨੂੰ ਲੁਟੇਰਿਆਂ ਦਾ ਸਰਗਨਾ ਦੱਸਦਿਆਂ ਲਿਖਿਆ ਹੈ ਕਿ 2003 ਵਿਚ ਅਮਰੀਕੀ ਹਮਲੇ ਦੌਰਾਨ ਇਰਾਕ ਦੇ ਇਤਿਹਾਸਕ ਖਜ਼ਾਨੇ ਨੂੰ ਵੀ ਬੇਰਹਿਮੀ ਨਾਲ ਲੁੱਟਿਆ ਗਿਆ ਹੈ। ਅੰਤ ਵਿਚ ਅਖ਼ਬਾਰ ਨੇ ਲਿਖਿਆ ਹੈ ਕਿ ਨੈਤਿਕ ਤੌਰ ‘ਤੇ ਇਸ ਦਲੀਲ ਵਿਚ ਦਮ ਹੈ ਕਿ ਬਰਤਾਨਵੀ ਸਲਤਨਤ ਦੌਰਾਨ ਲੁੱਟਿਆ ਖਜ਼ਾਨਾ ਅਸਲ ਮਾਲਕ ਦੇਸ਼ਾਂ ਦੇ ਹਵਾਲੇ ਕੀਤਾ ਜਾਵੇ ਕਿਉਂਕਿ ਉਹ ਆਪਣੀ ਵਿਰਾਸਤ ਨੂੰ ਵਧੇਰੇ ਚੰਗੀ ਤਰਾਂ ਸਾਂਭ ਸਕਦੇ ਹਨ।

## ਅਦਾਲਤ ਵੱਲੋਂ ਰਾਮ ਮੰਦਰ ਦੀ ਮੁਰੰਮਤ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਯੁੱਧਿਆ ਵਿਚ ਭਗਵਾਨ ਰਾਮ ਦੇ ਆਰਜ਼ੀ ਮੰਦਰ ਵਿਚ ਮੁਰੰਮਤ ਦੀ ਆਗਿਆ ਦੇ ਦਿੱਤੀ ਹੈ ਪਰ ਨਾਲ ਹੀ ਝਗੜੇ ਵਾਲੀ ਥਾਂ ‘ਤੇ ਸਥਿਤੀ ਜਿਉਂ ਦੀ ਤਿਉਂ ਰੱਖੇ ਜਾਣ ਦੀ ਤਾਕੀਦ ਵੀ ਕੀਤੀ ਗਈ।

ਜਸਟਿਸ ਆਫਤਾਬ ਆਲਮ ਤੇ ਰੰਜਨਾ ਪ੍ਰਕਾਸ਼ ਦੇਸਾਈ ਨੇ ਮੰਦਰ ਲਈ ਵਰਤੀ ਤਰਪਾਲ ਤੇ ਰੱਸੇ ਬਦਲਣ ਦੀ ਆਗਿਆ ਦੇ ਦਿੱਤੀ। ਇਸ ਤੋਂ ਪਹਿਲਾਂ ਬੈਂਚ ਨੇ ਪ੍ਰਸ਼ਾਸਨ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਅਯੁੱਧਿਆ ਵਿਚ ਖੁਦਾਈ ਦੇ ਕੰਮ ਨਾਲ ‘ਜਿਉਂ ਦੀ ਤਿਉਂ ਸਥਿਤੀ‘ ਵਿਚ ਕੋਈ ਵਿਘਨ ਨਾ ਪਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 2 ਮਾਰਚ 2013*

# ਮਾਂ ਬੋਲੀ ਲਈ ਮਹਾਮਾਰਚ

ਇਕ ਹੋਰ ਕੌਮਾਂਤਰੀ ਮਾਂ ਬੋਲੀ ਦਿਵਸ ਲੰਘ ਗਿਆ ਹੈ। ਉਂਜ ਐਤਕੀਂ ਇਹ ਦਿਵਸ ਪਿਛਲੇ ਸਾਰੇ ਸਾਲਾਂ ਨਾਲੋਂ ਰਤਾ ਕੁ ਵੱਖਰਾ ਸੀ। ਅਜਿਹੇ ਦਿਵਸ ਭਾਵੇਂ ਬਹੁਤ ਹੱਦ ਤੱਕ ਰਸਮ ਜਿਹੀ ਬਣ ਕੇ ਰਹਿ ਜਾਂਦੇ ਹਨ, ਪਰ ਇਸ ਵਾਰ ਪੰਜਾਬ ਵਿਚ ਹਰ ਪੱਧਰ ਉਤੇ ਮਾਂ ਬੋਲੀ ਪੰਜਾਬੀ ਬਾਰੇ ਚੇਤਨਾ ਦਾ ਪਾਸਾਰ ਹੁੰਦਾ ਨਜ਼ਰੀਂ ਆਇਆ। ਅਸਲ ਵਿਚ ਚੇਤਨਾ ਹੀ ਉਹ ਮੋੜ ਹੈ ਜੋ ਹਰ ਸੰਕਟ ਜਾਂ ਔਕੜ ਨੂੰ ਵੱਢ ਸੁੱਟਣ ਦੀ ਤਾਕਤ ਰੱਖਦਾ ਹੈ। ਮਾਂ ਬੋਲੀ ਬਾਰੇ ਚੇਤਨਾ ਦੀ ਇਹ ਲਹਿਰ ਹਰ ਸੰਕਟ ਵੱਢਣ ਲਈ ਤੂਫਾਨ ਬਣੇਗੀ, ਅਜਿਹੀ ਆਸ ਕਰਨੀ ਚਾਹੀਦੀ ਹੈ। ਅਜਿਹਾ ਇਸ ਕਰ ਕੇ ਵੀ ਜ਼ਰੂਰੀ ਹੈ ਕਿਉਂਕਿ ਹਰ ਪਾਸੇ ਵਿਰੋਧੀ ਹਾਲਾਤ ਹਨ। ਆਲੇ-ਦੁਆਲੇ ਵਿਚ ਅੰਗਰੇਜ਼ੀ ਅਤੇ ਹਿੰਦੀ ਦਾ ਅਸਰ ਇੰਨਾ ਜ਼ਿਆਦਾ ਹੈ ਕਿ ਅਸਲ ਪੰਜਾਬੀ ਲਗਾਤਾਰ ਹਾਸ਼ੀਏ ਉਤੇ ਜਾ ਰਹੀ ਹੈ। ਹਰ ਦੌਰ ਦਾ ਭਾਵੇਂ ਆਪਣਾ ਇਕ ਮੁਹਾਵਰਾ ਹੁੰਦਾ ਹੈ, ਪਰ ਅੱਜਕੱਲ੍ਹ ਸੰਚਾਰ ਦੇ ਸਾਧਨਾਂ ਨੇ ਕਈ ਮਾਮਲਿਆਂ ਵਿਚ ਪੰਜਾਬੀਆਂ ਨੂੰ ਨਿਹੱਥੇ ਕਰ ਦਿੱਤਾ ਹੈ। ਕੰਪਿਊਟਰ ਅਤੇ ਤਕਨੀਕੀ ਪਾਸਾਰ ਨੇ ਤਾਂ ਸਗੋਂ ਅੰਗਰੇਜ਼ੀ ਉਤੇ ਨਿਰਭਰਤਾ ਪਹਿਲਾਂ ਨਾਲੋਂ ਕਈ ਗੁਣਾ ਵਧਾ ਦਿੱਤੀ ਹੈ। ਗਿਆਨ ਦੇ ਸਰੋਤ ਇੰਟਰਨੈਟ ਨਾਲ ਜੁੜ ਕੇ ਇਸ ਖਾਸ ਭਾਸ਼ਾ ਤੱਕ ਸਿਮਟ ਗਏ ਹਨ। ਅਜਿਹੇ ਹਾਲਾਤ ਵਿਚ ਮਾਂ ਬੋਲੀ ਲਈ ਉਚੇਚੇ ਤਰੱਦਦ ਦੀ ਲੋੜ ਪੈਂਦੀ ਹੈ ਤਾਂ ਕਿ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਦੇ ਹਾਣ ਮੁਤਾਬਕ ਵਰ ਮੇਚਿਆ ਜਾ ਸਕੇ। ਇਥੋਂ ਹੀ ਪੰਜਾਬੀ ਦੀ ਤਰਾਸਦੀ ਆਰੰਭ ਹੁੰਦੀ ਹੈ। ਕੰਪਿਊਟਰ ਅਤੇ ਤਕਨੀਕ ਦੇ ਪੱਖ ਤੋਂ ਭਾਵੇਂ ਇਸ ਖੇਤਰ ਦੇ ਕਾਮਿਆਂ ਨੇ ਬਥੇਰੀਆਂ ਮੱਲਾਂ ਮਾਰੀਆਂ ਹਨ ਪਰ ਅਜੇ ਬਹੁਤ ਕੁਝ ਹੋਣਾ ਬਾਕੀ ਹੈ। ਇਕ ਗੱਲ ਹੋਰ, ਪੰਜਾਬੀ ਨਾਲ ਹੋ ਰਹੀ ਵਧੀਕੀ ਦਾ ਕਾਰਨ ਇਕੱਲੀਆਂ ਅਜਿਹੀਆਂ ਤਕਨੀਕਾਂ ਆਦਿ ਹੀ ਨਹੀਂ, ਕੁਝ ਹੋਰ ਕਾਰਨ ਵੀ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਲਈ ਬਹੁਤੇ ਪੰਜਾਬੀ ਅਜੇ ਤੱਕ ਤਿਆਰ ਨਹੀਂ ਹਨ। ਸਿਆਸਤ ਹੁਣ ਕਿਉਂਕਿ ਨਿਰੋਲ ਵਪਾਰ ਦਾ ਜਰੀਆ ਬਣ ਗਈ ਹੈ, ਇਸ ਲਈ ਸਿਆਸੀ ਆਗੂਆਂ ਦੇ ਏਜੰਡੇ ਉਤੇ ਮਾਂ ਬੋਲੀ ਦਾ ਪਾਸਾਰ ਬਿਲਕੁਲ ਨਹੀਂ ਹੈ। ਨਹੀਂ ਤਾਂ ਜੱਗ-ਜਹਾਨ ਨੂੰ ਪਤਾ ਹੈ ਕਿ ਪੰਜਾਬ ਦੇ ਸਕੂਲਾਂ ਵਿਚ ਹੀ ਪੰਜਾਬੀ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ; ਹੋਰ ਤਾਂ ਹੋਰ ਕਈ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਬੱਚੇ ਨੂੰ ਸਜ਼ਾ ਤੱਕ ਦਿੱਤੀ ਜਾਂਦੀ ਹੈ, ਤੇ ਇਸ ਮਸਲੇ ਉਤੇ ਸਰਕਾਰ ਦੇ ਕੰਨ 'ਤੇ ਕਦੀ ਜੂੰ ਤੱਕ ਨਹੀਂ ਸਰਕਦੀ। ਬਾਕੀ ਰਹਿ ਜਾਂਦੀਆਂ ਹਨ ਪੰਜਾਬੀ ਨੂੰ ਸਮਰਪਿਤ ਸੰਸਥਾਵਾਂ ਜਾਂ ਜਥੇਬੰਦੀਆਂ; ਇਨ੍ਹਾਂ ਦਾ ਹਾਲ ਇਹ ਹੈ ਕਿ ਇਸ ਕਾਜ ਲਈ ਇਹ ਅਜੇ ਤੱਕ ਜਥੇਬੰਦ ਹੀ ਨਹੀਂ ਹੋ ਸਕੀਆਂ। ਕੇਂਦਰੀ ਲੇਖਕ ਸਭਾ ਨੇ ਇਸ ਮਸਲੇ ਨੂੰ ਲੈ ਕੇ ਪਹਿਲਾਂ ਕਈ ਵਾਰ ਹੰਭਲਾ ਮਾਰਿਆ, ਪਰ ਹਰ ਵਾਰ ਸਰਕਾਰੀ ਭਰੋਸੇ ਤੋਂ ਬਾਅਦ ਪਿੱਛੇ ਮੁੜਦੇ ਰਹੇ। ਇਸ ਵਾਰ ਇਸ ਦੀ ਅਗਵਾਈ ਹੇਠ ਪੰਜਾਬੀ ਦੇ ਵਡੇ ਮੁੱਦਈ ਮਰਹੂਮ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦੇ ਪਿੰਡ ਚੂਹੜ ਚੱਕ ਤੋਂ ਚੇਤਨਾ ਮਾਰਚ ਕੀਤਾ ਗਿਆ, ਪਰ ਮੁੱਦਾ ਹੁਣ ਇਹ ਹੈ ਕਿ ਅਜਿਹੇ ਕਾਰਜਾਂ ਦੀ ਲਗਾਤਾਰਤਾ ਬਹੁਤੀ ਦੇਰ ਨਹੀਂ ਰਹਿੰਦੀ। ਸਿੱਟੇ ਵਜੋਂ ਕੁਝ ਚਿਰ ਦੀ ਸਰਗਰਮੀ ਤੋਂ ਬਾਅਦ ਮਸਲਾ ਠੱਪ ਹੋ ਜਾਂਦਾ ਹੈ। ਅਗਲੇ ਸਾਲ ਫਿਰ ਉਹੀ ਗੱਲਾਂ, ਉਹੀ ਬਾਤਾਂ!

ਇਸ ਅਹਿਮ ਮਸਲੇ ਬਾਬਤ ਰਤਾ ਕੁ ਨੀਝ ਨਾਲ ਘੋਖ ਕਰਦਿਆਂ ਪਤਾ ਲੱਗ ਜਾਂਦਾ ਹੈ ਕਿ ਸਰਕਾਰ ਇਸ ਬਾਰੇ ਉਕਾ ਹੀ ਅਵੇਸਲੀ ਹੈ, ਸਗੋਂ ਕਹਿਣਾ ਚਾਹੀਦਾ ਹੈ ਕਿ ਇਹ ਮਾਂ ਬੋਲੀ ਲਈ ਫਿਕਰਮੰਦ ਹੀ ਨਹੀਂ ਹੈ। ਹੁਣ ਢਾਂਚਾ ਵੀ ਇੱਦਾਂ ਦਾ ਬਣਾ ਦਿੱਤਾ ਗਿਆ ਹੈ ਕਿ ਲੇਖਕਾਂ ਨੂੰ ਪਤਿਆਉਣ-ਵਰਾਉਣ ਨੂੰ ਹੀ ਮਾਂ ਬੋਲੀ ਦੀ ਸੇਵਾ ਮੰਨ ਲਿਆ ਗਿਆ ਹੈ। ਇਸ ਤੋਂ ਵੱਧ ਪੰਜਾਬ ਵਿਚ ਬਣੀ ਕੋਈ ਸਰਕਾਰ ਵੀ ਕੁਝ ਕਰ ਕੇ ਰਾਜ਼ੀ ਨਹੀਂ ਅਤੇ ਲੇਖਕਾਂ ਦਾ ਦਾਈਆ ਵੀ ਇੱਥੋਂ ਤੱਕ ਹੀ ਸੀਮਤ ਰਿਹਾ ਹੈ। ਵਿੱਦਿਆ ਦੇ ਉਚ ਕੇਂਦਰਾਂ ਯੂਨੀਵਰਸਿਟੀਆਂ ਦੇ ਵਿਦਵਾਨ ਲੋਕਾਂ ਦੇ ਕਹਿਣੇ ਹੀ ਕੀ! ਇਨ੍ਹਾਂ ਦੀ ਬਦੌਲਤ ਹੁਣ ਪੰਜਾਬੀ ਦੀ ਵੱਖਰੀ ਵੰਨਗੀ ਵੀ ਬਣ ਗਈ ਹੈ। ਆਪਣੀ ਵਿਦਵਤਾ ਦੀ ਨੁਮਾਇਸ਼ ਲਈ ਇਹ ਆਪਣੀਆਂ ਲਿਖਤਾਂ ਹੋਰ ਭਾਸ਼ਾਵਾਂ ਦੇ ਭਾਰੇ-ਗੌਰੇ ਸ਼ਬਦਾਂ ਨਾਲ ਸ਼ਿੰਗਾਰਦੇ ਹਨ। ਅੰਗਰੇਜ਼ੀ ਦੀ ਨਕਲ ਮਾਰਦਿਆਂ ਵਾਕ ਬਣਤਰ ਇੰਨੀ ਮਸ਼ੀਨੀ ਬਣਾ ਦਿੱਤੀ ਗਈ ਹੈ ਕਿ ਲਿਖਤ ਪੜ੍ਹਦਿਆਂ ਪਾਠਕ ਦਾ ਸਾਹ ਅੱਧ-ਵਾਟੇ ਹੀ ਟੁੱਟ ਜਾਂਦਾ ਹੈ। ਅਸਲ ਵਿਚ ਪੰਜਾਬੀ ਨਾਲ ਹਾਦਸਾ-ਦਰ-ਹਾਦਸਾ ਹੋਇਆ। ਸਭ ਤੋਂ ਵੱਡਾ ਹਾਦਸਾ ਪੰਜਾਬ ਦੀ ਵੰਡ ਸੀ। ਇਸ ਵੰਡ ਨੇ ਭਾਸ਼ਾ ਨੂੰ ਧਰਮ ਵੱਲ ਧੱਕ ਦਿੱਤਾ। ਸੁੱਤੇ-ਸਿੱਧ ਹੀ ਉਰਦੂ ਮੁਸਲਮਾਨਾਂ ਅਤੇ ਪੰਜਾਬੀ ਸਿੱਖਾਂ ਨਾਲ ਜੁੜ ਗਈ। ਇਸੇ ਤਰ੍ਹਾਂ ਹਿੰਦੂ, ਹਿੰਦੀ ਵੱਲ ਖਿੱਚੇ ਗਏ। ਇਹ ਲਕੀਰਾਂ ਅਜੇ ਤੱਕ ਮੇਟੀਆਂ ਨਹੀਂ ਜਾ ਸਕੀਆਂ। ਵੰਡ ਦਾ ਇਹ ਕਹਿਰ ਸਦਾ ਹੀ ਪੰਜਾਬੀ ਦੇ ਨਾਲ-ਨਾਲ ਚੱਲਿਆ ਹੈ। ਇਸ ਕੁਹਜ ਦੇ ਮਾਰੂ ਨਤੀਜੇ ਹੁਣ ਪੰਜਾਬੀ ਦੇ ਲਗਾਤਾਰ ਵਿਗਾੜ ਅਤੇ ਨਿਘਾਰ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ। ਨਿੱਤ ਦਿਨ ਪੰਜਾਬੀ ਦਾ ਠੁੱਕਦਾਰ ਮੁਹਾਵਰਾ ਬੀਤੇ ਦੀਆਂ ਬਾਤਾਂ ਬਣ ਰਿਹਾ ਹੈ। ਸਿਤਮਜ਼ਰੀਫੀ ਇਹ ਕਿ ਇਸ ਨੂੰ ਠੱਲ੍ਹ ਪਾਉਣ ਲਈ ਕੋਈ ਜਥੇਬੰਦ ਉਪਰਾਲਾ ਕਿਸੇ ਪਾਸੇ ਦਿਖਾਈ ਨਹੀਂ ਦੇ ਰਿਹਾ। ਨਵੀਂ ਪੀੜ੍ਹੀ ਰੁਜ਼ਗਾਰ ਅਤੇ ਕਿੱਤਿਆਂ ਦੇ ਬਹਾਨੇ ਇਸ ਤੋਂ ਮੂੰਹ ਮੋੜ ਰਹੀ ਹੈ। ਅੱਜ ਹਰ ਮਹਿਫਿਲ ਵਿਚ ਅਖੌਤੀ ਪੰਜਾਬੀ ਗੀਤ-ਸੰਗੀਤ, ਲਿਬਾਸ, ਖਾਣਿਆਂ ਆਦਿ ਦਾ ਬੋਲ-ਬਾਲਾ ਹੁੰਦਾ ਹੈ, ਪਰ ਕੀ ਕਾਰਨ ਹਨ ਕਿ ਇਸ ਸਭ ਦੇ ਬਵਜੂਦ ਮਾਂ ਬੋਲੀ ਪੰਜਾਬੀ ਪਛੜ ਰਹੀ ਹੈ? ਜਿੰਨਾ ਚਿਰ ਅਸੀਂ ਇਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਨਹੀਂ ਕਰਦੇ, ਉਨਾ ਚਿਰ ਅਸੀਂ ਬੱਸ ਇਕ-ਦੂਜੇ ਨੂੰ ਉਲਾਂਭੇ ਦਿੰਦੇ ਰਹਾਂਗੇ। ਪਰਦੇਸਾਂ ਵਿਚ ਵੀ ਅਸੀਂ ਪੰਜਾਬੀ ਦਾ ਫਿਕਰ ਤਾਂ ਕਰਦੇ ਹਾਂ ਪਰ ਬੱਚਿਆਂ ਨਾਲ ਗੱਲ ਅੰਗਰੇਜ਼ੀ ਵਿਚ ਹੀ ਕਰਦੇ ਹਾਂ। ਨਿੱਗਰ ਕੰਮ ਉਦੋਂ ਹੀ ਸੰਭਵ ਬਣ ਸਕੇਗਾ ਜਦੋਂ ਤੇਜ਼ੀ ਨਾਲ ਆ ਰਹੇ ਨਿਘਾਰ ਦੀ ਜੜ੍ਹ ਫੜ ਲਈ। ਸਾਡੇ ਸਾਰਿਆਂ ਸਿਰ ਮਾਂ ਬੋਲੀ ਦਾ ਕਰਜ਼ਾ ਹੈ ਜਿਸ ਨੂੰ ਹਰ ਹੀਲੇ ਉਤਾਰਨ ਲਈ ਟਿੱਲ ਲਾਉਣਾ ਚਾਹੀਦਾ ਹੈ। ਇਸ ਦੇ ਲਈ ਕੀਤੀ ਕੋਈ ਵੀ ਕੁਰਬਾਨੀ ਅਤੇ ਤਾਰੀ ਗਈ ਕੋਈ ਵੀ ਕੀਮਤ ਛੋਟੀ ਹੀ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਾਗੋਆਂ ਹੋਈਆਂ ਬੇ-ਅਸਰ!*

ਗੁਰੂਆਂ ਪੀਰਾਂ ਫਕੀਰਾਂ ਦਾ ਕਹੀ ਜਾਂਦੇ ਭ੍ਰਿਸ਼ਟਾਚਾਰੀਆਂ ਠੱਗਾਂ ਦਾ ਦੇਸ ਲੱਗੇ।
'ਨ੍ਹੇਰੀ ਝੂਠ ਦੀ ਵਗੇ ਤੂਫਾਨ ਬਣ ਕੇ ਦੀਵੇ ਸੱਚ ਦੇ ਹੋਣ ਬੇ-ਪੇਸ਼ ਲੱਗੇ।
ਰਹਿੰਦੇ ਝੂਰਦੇ ਹੱਕ ਨੂੰ ਚਾਹੁਣ ਵਾਲੇ ਮੌਕਾਪ੍ਰਸਤਾਂ ਦਾ ਦਾਅ ਹਮੇਸ਼ ਲੱਗੇ।
ਨਾਲ ਹਾਕਮਾਂ ਜੂਝਣਾ ਕਿਰਤੀਆਂ ਨੇ ਪੱਲੇ ਪੈ ਗਿਆ ਇਹੋ ਕਲੇਸ਼ ਲੱਗੇ।
ਹਾਲੇ ਟੁੱਟਦਾ ਨਹੀਂ ਮਾਲੂਮ ਹੁੰਦਾ ਤਪ-ਤੇਜ ਹੰਕਾਰਿਆਂ ਭਾਗੋਆਂ ਦਾ।
ਕਰਵਟ ਲਈ ਨਾ ਢੀਠ ਹੋ ਸੁੱਤਿਆਂ ਨੇ ਹੋਇਆ ਅਸਰ ਕੀ ਕੱਢੀਆਂ ਜਾਗੋਆਂ ਦਾ?

# ਫੌਜ ਦਾ ਦਮਨ ਬਨਾਮ ਜਮਹੂਰੀ ਜਲਸਾ

***ਕਸ਼ਮੀਰ ਅਤੇ ਉੱਤਰ-ਪੂਰਬ ਵਿਚ ਲਾਪਤਾ ਲੋਕਾਂ ਦੀ ਸੂਚੀ ਦਾ ਕੋਈ ਅੰਤ ਨਹੀਂ ਹੈ। ਇਹ ਦਿਨੋ ਦਿਨ ਲੰਮੀ ਹੋ ਰਹੀ ਹੈ। ਇਕੱਲੇ ਕਸ਼ਮੀਰ ਵਿਚ ਕਈ ਹਜ਼ਾਰ ਅਣਪਛਾਤੀਆਂ ਕਬਰਾਂ ਦੀ ਪਛਾਣ ਹੋ ਚੁੱਕੀ ਹੈ ਜੋ ਅਸਲ ਵਿਚ ਭਾਰਤੀ ਫੌਜ ਤੇ ਨੀਮ-ਫੌਜੀ ਦਸਤਿਆਂ ਵਲੋਂ ਮਾਰ ਕੇ ਚੁੱਪ-ਚੁਪੀਤੇ ਦਫ਼ਨਾ ਦਿੱਤੇ ਜਾਂ ਗਾਇਬ ਕਰ ਦਿੱਤੇ ਗਏ ਆਮ ਕਸ਼ਮੀਰੀ ਹਨ। ਇਉਂ ਮਾਰੇ ਗਿਆਂ ਦੀ ਅਸਲ ਤਾਦਾਦ ਨਾ ਪੰਜਾਬ 'ਚ ਸਾਹਮਣੇ ਆਈ ਹੈ, ਨਾ ਕਸ਼ਮੀਰ ਤੇ ਉੱਤਰ-ਪੂਰਬ ਜਾਂ ਨਕਸਲੀ ਲਹਿਰ ਦੇ ਇਲਾਕਿਆਂ ਵਿਚ ਸਾਹਮਣੇ ਆਵੇਗੀ! ਦਰਅਸਲ, ਭਾਰਤੀ ਸਟੇਟ ਕਤਲਾਂ ਦੀ ਮਸ਼ੀਨ ਵਾਲਾ ਕੰਮ ਕਰ ਰਹੀ ਹੈ: ਕਿਤੇ ਆਰਥਿਕ ਦਹਿਸ਼ਤਵਾਦ ਰਾਹੀਂ ਆਵਾਮ ਦੀਆਂ ਜਾਨਾਂ ਲੈ ਕੇ ਅਤੇ ਕਿਤੇ ਪੁਲਿਸ, ਫੌਜ ਦੀਆਂ ਦਮਨਕਾਰੀ ਮਸ਼ੀਨਰੀ ਰਾਹੀਂ ਵੱਖ-ਵੱਖ ਰੂਪਾਂ 'ਚ ਕਤਲੋਗਾਰਤ ਕਰਵਾ ਕੇ!***

ਭਾਰਤੀ ਰਾਜ (ਸਟੇਟ) ਅਸਲ ਵਿਚ ਕੀ ਹੈ? ਜਮਹੂਰੀਅਤ ਜਾਂ ਕੁਝ ਹੋਰ? ਅਜਿਹੇ ਸਿੱਧੇ ਸਵਾਲ ਜ਼ਿਆਦਾਤਰ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੰਦੇ ਹਨ। ਅਜਿਹਾ ਇਸ ਲਈ, ਕਿਉਂਕਿ ਭਾਰਤੀ ਸਟੇਟ ਦੇ ਉਸਰੱਈਆਂ ਨੇ ਇਸ ਦੇ ਆਲੇ-ਦੁਆਲੇ ਮਿੱਥਾਂ ਦਾ ਵਿਸ਼ਾਲ ਆਭਾ-ਮੰਡਲ ਸਿਰਜ ਕੇ ਅਵਾਮ ਨੂੰ ਇਸ ਭਰਮ ਜਾਲ 'ਚ ਫਸਾਇਆ ਹੋਇਆ ਹੈ ਕਿ ਉਹ ਤਾਂ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਸੁਭਾਗੇ ਨਾਗਰਿਕ ਹਨ। ਉਨ੍ਹਾਂ ਨੂੰ ਭਰਮ ਹੈ ਕਿ ਉਹ ਤਾਂ ਜਮਹੂਰੀਅਤ ਦਾ ਸੁਰਗ ਮਾਣ ਰਹੇ ਹਨ, ਸਾਡੇ ਗੁਆਂਢੀ ਮੁਲਕ ਪਾਕਿਸਤਾਨ ਦਾ ਅਵਾਮ ਫੌਜੀ ਤਾਨਾਸ਼ਾਹੀ ਹੇਠ ਪਿਸ ਕੇ ਦੋਜਖ 'ਚ ਸੜ ਰਿਹਾ ਹੈ, ਫਿਰ ਜਮਹੂਰੀਅਤ ਦੀ ਖ਼ਿਲਾਫ਼ਤ ਕਿਉਂ ਕੀਤੀ ਜਾਵੇ? ਜਮਹੂਰੀਅਤ ਅਸਲ ਵਿਚ ਕੀ ਹੁੰਦੀ ਹੈ ਅਤੇ

**ਬੂਟਾ ਸਿੰਘ**

ਫੋਨ: 91-94634-74342

ਭਾਰਤੀ ਸਟੇਟ ਇਸ ਉੱਪਰ ਪੂਰਾ ਉਤਰਦਾ ਵੀ ਹੈ ਜਾਂ ਨਹੀਂ, ਇਸ ਨਜ਼ਰੀਏ ਨਾਲ ਸਵਾਲ ਨੂੰ ਕਦੇ ਮੁਖ਼ਾਤਿਬ ਹੀ ਨਹੀਂ ਹੋਇਆ ਜਾਂਦਾ। ਬੱਸ, ਜਮਹੂਰੀਅਤ ਦੇ ਦੰਭ ਨੂੰ ਹੀ ਜਮਹੂਰੀਅਤ ਮੰਨ ਲਿਆ ਗਿਆ ਹੈ।

ਪਿਛਲੇ ਦਿਨੀਂ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਝੰਡਾਬਰਦਾਰ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਬਿਆਨ ਦਿੱਤਾ ਜੋ ਸਭ ਤੋਂ ਵੱਡੀ ਜਮਹੂਰੀਅਤ ਦੀ ਹਕੀਕਤ ਸਮਝਣ ਲਈ ਆਹਲਾ ਮਿਸਾਲ ਹੈ। ਲੰਘੀ 6 ਫਰਵਰੀ ਨੂੰ ਨਵੀਂ ਦਿੱਲੀ ਦੇ ਇੰਸਟੀਚਿਊਟ ਆਫ ਡਿਫੈਂਸ ਸਟੱਡੀਜ਼ ਵਿਖੇ ਤਕਰੀਰ ਕਰਦਿਆਂ ਸ੍ਰੀ ਚਿਦੰਬਰਮ ਨੇ ਫਰਮਾਇਆ, "(ਅਫਸਪਾ ਬਾਰੇ) ਆਮ ਸਹਿਮਤੀ ਨਾ ਹੋਣ ਦੀ ਵਜ੍ਹਾ ਨਾਲ ਅਸੀਂ ਅੱਗੇ ਨਹੀਂ ਤੁਰ ਸਕਦੇ। ਫੌਜਾਂ ਦੇ ਮੌਜੂਦਾ ਅਤੇ ਸਾਬਕਾ ਮੁਖੀਆਂ ਨੇ ਸਖ਼ਤ ਪੁਜ਼ੀਸ਼ਨ ਲਈ ਹੈ ਕਿ ਇਸ ਕਾਨੂੰਨ 'ਚ ਸੋਧ ਨਹੀਂ ਕੀਤੀ ਜਾਣੀ ਚਾਹੀਦੀ ਅਤੇ ਉਹ ਨਹੀਂ ਚਾਹੁੰਦੇ ਕਿ ਹਕੂਮਤ ਇਸ ਨੂੰ ਵਾਪਸ ਲੈਣ ਲਈ ਨੋਟੀਫੀਕੇਸ਼ਨ ਜਾਰੀ ਕਰੇ। ਹੁਣ ਹਕੂਮਤ ਅਫਸਪਾ ਨੂੰ ਵੱਧ ਇਨਸਾਨੀ ਚਿਹਰੇ ਵਾਲਾ ਕਾਨੂੰਨ (ਭਾਵ ਨਰਮ) ਕਿਵੇਂ ਬਣਾ ਦੇਵੇ?" ਸਾਬਕਾ ਕੇਂਦਰੀ ਗ੍ਰਹਿ ਮੰਤਰੀ ਦਾ ਇਸ਼ਾਰਾ ਜਸਟਿਸ ਵਰਮਾ ਕਮੇਟੀ ਦੀ ਉਸ ਅਹਿਮ ਸਿਫ਼ਾਰਸ਼ ਵੱਲ ਸੀ ਜਿਸ ਵਿਚ ਅਫਸਪਾ ਦੇ ਛੇਵੇਂ ਹਿੱਸੇ 'ਚ ਕਾਨੂੰਨੀ ਸੋਧ 'ਤੇ ਜ਼ੋਰ ਦਿੰਦਿਆਂ ਕਿਹਾ ਗਿਆ ਸੀ ਕਿ ਫੌਜ/ਨੀਮ-ਫੌਜ ਨੂੰ ਇਸ ਕਾਨੂੰਨ ਤਹਿਤ ਮਿਲੀ ਖੁੱਲ੍ਹ ਖ਼ਤਮ ਕੀਤੀ ਜਾਣੀ ਚਾਹੀਦੀ ਹੈ ਅਤੇ ਔਰਤਾਂ ਨਾਲ ਜਬਰ ਜਨਾਹ ਕਰਨ ਵਾਲੇ ਫੌਜੀਆਂ ਖ਼ਿਲਾਫ਼ ਸਿਵਲੀਅਨ ਕਾਨੂੰਨਾਂ ਤਹਿਤ ਮੁਕੱਦਮੇ ਦਰਜ ਹੋਣੇ ਚਾਹੀਦੇ ਹਨ। ਇਸ ਤੋਂ ਪਹਿਲਾਂ ਕੇਂਦਰੀ ਕਾਨੂੰਨ ਮੰਤਰੀ ਵੀ ਐੱਨ.ਡੀ.ਟੀ.ਵੀ. ਨਾਲ ਗੱਲਬਾਤ 'ਚ ਸਪਸ਼ਟ ਕਹਿ ਚੁੱਕਾ ਹੈ ਕਿ ਕਮੇਟੀ ਦੀ ਇਸ ਸਿਫਾਰਸ਼ ਨੂੰ ਲਾਗੂ ਕਰਨ 'ਚ ਦਿੱਕਤ ਆ ਰਹੀ ਹੈ।

ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ-1958) ਉਹ ਕਾਨੂੰਨ ਹੈ ਜੋ ਕਿਸੇ ਇਲਾਕੇ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਕੇ ਉੱਥੇ ਫੌਜ ਜਾਂ ਨੀਮ-ਫੌਜੀ ਬਲ ਲਗਾਉਣ ਸਮੇਂ ਲਾਗੂ ਕੀਤਾ ਜਾਂਦਾ ਹੈ। ਇਸ ਕਾਨੂੰਨ ਤਹਿਤ ਫੌਜ ਜਾਂ ਸੁਰੱਖਿਆ ਬਲਾਂ ਨੂੰ ਅਤਿਵਾਦ ਨੂੰ ਦਬਾਉਣ ਦੇ ਨਾਂ ਹੇਠ ਮਨਮਾਨੀਆਂ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ। ਕਾਨੂੰਨ ਐਨਾ ਦਮਨਕਾਰੀ ਹੈ ਕਿ ਜਿੱਥੇ ਵੀ ਇਹ ਲਾਗੂ ਹੋ ਜਾਂਦਾ ਹੈ, ਉੱਥੇ ਫੌਜੀ ਜਵਾਨਾਂ/ਅਫ਼ਸਰਾਂ ਉੱਪਰ ਕਤਲ, ਜਬਰ ਜਨਾਹ ਵਰਗੇ ਘੋਰ ਜੁਰਮ ਕਰਨ 'ਤੇ ਵੀ ਕੋਈ ਪਰਚਾ ਦਰਜ ਨਹੀਂ ਹੁੰਦਾ, ਕਿਉਂਕਿ ਇਸ ਲਈ ਗ੍ਰਹਿ ਮੰਤਰਾਲੇ ਦੀ ਇਜਾਜ਼ਤ ਜ਼ਰੂਰੀ ਹੈ। ਜੇ ਨਿਜ਼ਾਮ ਦੀ ਪਹੁੰਚ ਹੀ ਸਿਆਸੀ ਮਸਲਿਆਂ ਨੂੰ ਅਮਨ-ਕਾਨੂੰਨ ਦੇ ਮਸਲੇ ਬਣਾ ਕੇ ਇਨ੍ਹਾਂ ਨੂੰ ਪੁਲਿਸ-ਫੌਜ ਦੀਆਂ ਬੰਦੂਕਾਂ ਦੇ ਜ਼ੋਰ ਨਜਿੱਠਣ ਦੀ ਹੈ, ਉਹ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਲਈ ਖ਼ੁਦ ਦੀ ਸ਼ਿਸ਼ਕੇਰੀ ਫੌਜ ਖ਼ਿਲਾਫ਼ ਕਾਰਵਾਈ ਕਰਨ ਦੀ ਇਜਾਜ਼ਤ ਭਲਾ ਕਿਉਂ ਦੇਵੇਗਾ? ਕਸ਼ਮੀਰ ਅਤੇ ਉੱਤਰ-ਪੂਰਬ ਵਿਚ ਤਾਇਨਾਤ ਭਾਰਤੀ ਫੌਜ ਤੇ ਨੀਮ-ਫੌਜੀ ਦਸਤੇ ਦਹਾਕਿਆਂ ਤੋਂ ਨਿਰਦੋਸ਼ ਲੋਕਾਂ ਨੂੰ ਪੁਲਿਸ ਮੁਕਾਬਲਿਆਂ ਦੇ ਨਾਂ ਹੇਠ ਕਤਲ ਕਰਦੇ ਆ ਰਹੇ ਹਨ। ਫੌਜੀ ਦਸਤੇ ਜਦੋਂ ਵੀ ਚਾਹੁਣ, ਕਿਸੇ ਵੀ ਬੰਦੇ ਨੂੰ ਚੁੱਕ ਲਿਜਾਂਦੇ ਹਨ, ਹਿਰਾਸਤ 'ਚ ਬੇਖੌਫ਼ ਹੋ ਕੇ ਤਸੀਹੇ ਦਿੰਦੇ ਹਨ, ਔਰਤਾਂ ਨਾਲ ਨਿੱਤ ਜਬਰ ਜਨਾਹ ਕਰਦੇ ਹਨ ਅਤੇ ਹਿਰਾਸਤ 'ਚ ਲਏ ਬੰਦੇ ਨੂੰ ਆਮ ਹੀ ਮਾਰ ਕੇ ਖਪਾ ਦਿੰਦੇ ਹਨ। 80ਵਿਆਂ ਤੋਂ ਲੈ ਕੇ 90ਵਿਆਂ ਦੇ ਸ਼ੁਰੂ ਤੱਕ ਪੰਜਾਬ ਨੇ ਪੂਰਾ ਇਕ ਦਹਾਕਾ ਇਹ ਸੰਤਾਪ ਆਪਣੇ ਪਿੰਡੇ 'ਤੇ ਹੰਢਾਇਆ ਸੀ। ਇੱਥੇ ਵੀ ਕੇਂਦਰੀ ਹੁਕਮਰਾਨ ਤੇ ਇਨ੍ਹਾਂ ਦੇ ਸੂਬੇਦਾਰ ਇਸੇ ਤਰ੍ਹਾਂ ਦਲੀਲ ਦਿੰਦੇ ਸਨ ਕਿ ਪੁਲਿਸ/ਨੀਮ-ਫੌਜੀ ਦਸਤਿਆਂ ਖ਼ਿਲਾਫ਼ ਮੁਕੱਦਮੇ ਦਰਜ ਕਰਨ ਨਾਲ ਅਤਿਵਾਦ ਵਿਰੁੱਧ ਲੜਾਈ 'ਚ ਉਨ੍ਹਾਂ ਦੇ ਮਨੋਬਲ ਉੱਪਰ ਮਾੜਾ ਅਸਰ ਪਵੇਗਾ; ਇਸ ਲਈ ਉਨ੍ਹਾਂ ਵਿਰੁੱਧ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਕਸ਼ਮੀਰ ਅਤੇ ਉੱਤਰ-ਪੂਰਬ ਵਿਚ ਲਾਪਤਾ ਲੋਕਾਂ ਦੀ ਸੂਚੀ ਦਾ ਕੋਈ ਅੰਤ ਨਹੀਂ ਹੈ। ਇਹ ਦਿਨੋ ਦਿਨ ਲੰਮੀ ਹੋ ਰਹੀ ਹੈ। ਇਕੱਲੇ ਕਸ਼ਮੀਰ ਵਿਚ ਕਈ ਹਜ਼ਾਰ ਅਣਪਛਾਤੀਆਂ ਕਬਰਾਂ ਦੀ ਪਛਾਣ ਹੋ ਚੁੱਕੀ ਹੈ ਜੋ ਅਸਲ ਵਿਚ ਭਾਰਤੀ ਫੌਜ ਤੇ ਨੀਮ-ਫੌਜੀ ਦਸਤਿਆਂ ਵਲੋਂ ਮਾਰ ਕੇ ਚੁੱਪ-ਚੁਪੀਤੇ ਦਫ਼ਨਾ ਦਿੱਤੇ ਜਾਂ ਗ਼ਾਇਬ ਕਰ ਦਿੱਤੇ ਗਏ ਆਮ ਕਸ਼ਮੀਰੀ ਹਨ। ਇਉਂ ਮਾਰੇ ਗਿਆਂ ਦੀ ਅਸਲ ਤਾਦਾਦ ਨਾ ਪੰਜਾਬ 'ਚ ਸਾਹਮਣੇ ਆਈ ਹੈ, ਨਾ ਕਸ਼ਮੀਰ ਤੇ ਉੱਤਰ-ਪੂਰਬ ਜਾਂ ਨਕਸਲੀ ਲਹਿਰ ਦੇ ਇਲਾਕਿਆਂ ਵਿਚ ਸਾਹਮਣੇ ਆਵੇਗੀ! ਦਰਅਸਲ, ਭਾਰਤੀ ਸਟੇਟ ਕਤਲਾਂ ਦੀ ਮਸ਼ੀਨ ਵਾਲਾ ਕੰਮ ਕਰ ਰਿਹਾ ਹੈ: ਕਿਤੇ ਆਰਥਿਕ ਦਹਿਸ਼ਤਵਾਦ ਰਾਹੀਂ ਅਵਾਮ ਦੀਆਂ ਜਾਨਾਂ ਲੈ ਕੇ ਅਤੇ ਕਿਤੇ ਪੁਲਿਸ, ਫੌਜ ਦੀਆਂ ਦਮਨਕਾਰੀ ਮਸ਼ੀਨਰੀ ਰਾਹੀਂ ਵੱਖ-ਵੱਖ ਰੂਪਾਂ 'ਚ ਕਤਲੋਗ਼ਾਰਤ ਕਰਵਾ ਕੇ!!

ਪਿਛਲੇ ਪੰਜ ਦਹਾਕਿਆਂ 'ਚ ਕਸ਼ਮੀਰ, ਉੱਤਰ-ਪੂਰਬ ਅਤੇ ਭਾਰਤ ਦੇ ਕਿਸੇ ਵੀ 'ਗੜਬੜਗ੍ਰਸਤ' ਸੂਬੇ ਵਿਚ ਫੌਜ/ਨੀਮ-ਫੌਜ ਵਲੋਂ ਕੀਤੇ ਜੁਰਮਾਂ ਦੇ ਕੋਈ ਪ੍ਰਭਾਵਕਾਰੀ ਮਾਮਲੇ ਦਰਜ ਨਹੀਂ ਹੋਏ; ਹਾਲਾਂਕਿ ਉਥੇ ਮਨੁੱਖੀ ਹੱਕਾਂ ਦੀਆਂ ਹਜ਼ਾਰਾਂ ਘੋਰ ਉਲੰਘਣਾਵਾਂ ਆਮ ਹੁੰਦੀਆਂ ਰਹੀਆਂ ਹਨ। ਇਹੀ ਵਜ੍ਹਾ ਹੈ ਕਿ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਹੋਰ ਜਮਹੂਰੀ ਤਾਕਤਾਂ ਇਹ ਕਾਨੂੰਨ ਤੁਰੰਤ ਵਾਪਸ ਲੈਣ ਦੀ ਮੰਗ ਕਰ ਰਹੀਆਂ ਹਨ। ਮਨੀਪੁਰ ਦੀ ਬਹਾਦਰ ਧੀ ਇਰੋਮ ਸ਼ਰਮੀਲਾ ਇਹ ਕਾਨੂੰਨ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਸਾਢੇ ਬਾਰਾਂ ਸਾਲ ਤੋਂ ਮਰਨ ਵਰਤ 'ਤੇ ਬੈਠੀ ਹੈ। ਉਸ ਦੀ ਮੰਗ ਨਾ ਸਿਰਫ਼ ਮਨੀਪੁਰ, ਸਗੋਂ ਸਮੁੱਚੇ ਉਤਰ-ਪੂਰਬ, ਕਸ਼ਮੀਰ ਅਤੇ ਹੋਰ ਥਾਵਾਂ ਦੀਆਂ ਔਰਤਾਂ ਦੇ ਦਰਦ ਦੀ ਨੁਮਾਇੰਦਗੀ ਕਰਦੀ ਹੈ। ਇੰਫਾਲ ਦੀ 30 ਸਾਲਾ ਮੁਟਿਆਰ ਮਨੋਰਮਾ ਦੇਵੀ ਦੇ ਫੌਜ ਵੱਲੋਂ ਕੀਤੇ ਜਬਰ ਜਨਾਹ ਅਤੇ ਕਤਲ (ਜਿਸ ਬਾਰੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ) ਦੀ ਜਾਂਚ ਲਈ ਬਣਾਏ ਜੀਵਨ ਰੈੱਡੀ ਕਮਿਸ਼ਨ ਨੇ ਵੀ 2005 'ਚ ਸਪਸ਼ਟ ਕਿਹਾ ਸੀ ਕਿ ਅਫਸਪਾ ਵਾਪਸ ਲਿਆ ਜਾਣਾ ਚਾਹੀਦਾ ਹੈ। ਇੱਥੇ ਇੰਟੈਲੀਜੈਂਸ ਬਿਓਰੋ ਦੇ ਉਤਰ-ਪੂਰਬ ਦੇ ਸਾਬਕਾ ਮੁਖੀ ਆਰ.ਐੱਨ. ਰਵੀ ਦੇ ਬਿਆਨ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਜਿਸ ਨੇ ਸਪਸ਼ਟ ਕਿਹਾ ਸੀ ਕਿ ਅਫਸਪਾ ਖਿੱਤੇ ਅੰਦਰ ਅਮਨ ਦੇ ਰਾਹ 'ਚ ਸਭ ਤੋਂ ਵੱਡਾ ਅੜਿੱਕਾ ਹੈ। ਚੇਤੇ ਰਹੇ, 1958 'ਚ ਅਫਸਪਾ ਲਾਗੂ ਕੀਤੇ ਜਾਣ ਸਮੇਂ ਮਨੀਪੁਰ ਵਿਚ ਜੋ ਇਕ ਖਾੜਕੂ ਸੀ, ਅੱਜ 20 ਦੇ ਕਰੀਬ ਹਨ। ਐਨੇ ਵਿਰੋਧ ਦੇ ਬਾਵਜੂਦ ਜੇ ਭਾਰਤ ਦੇ ਹੁਕਮਰਾਨ ਇਹ ਕਾਨੂੰਨ ਜਾਰੀ ਰੱਖਣ ਲਈ ਬਜ਼ਿੱਦ ਹਨ ਤਾਂ ਇਸ ਦੀਆਂ ਤੰਦਾਂ ਮਹਿਜ਼ ਫੌਜ ਦੇ ਮੁਖੀਆਂ ਦੇ ਵਿਰੋਧ ਨਾਲ ਨਹੀਂ, ਸਗੋਂ ਹੁਕਮਰਾਨ ਜਮਾਤ ਦੇ ਆਪਣੇ ਸੌੜੇ ਹਿੱਤਾਂ ਨਾਲ ਵੀ ਜੁੜੀਆਂ ਹੋਈਆਂ ਹਨ ਜਿਨ੍ਹਾਂ ਦੀ ਪੂਰਤੀ ਲਈ ਅਜਿਹੇ ਕਾਨੂੰਨ ਬਣਾਏ ਗਏ/ਬਣਾਏ ਜਾ ਰਹੇ ਹਨ ਅਤੇ ਬੇਝਿਜਕ ਲਾਗੂ ਕੀਤੇ ਜਾ ਰਹੇ ਹਨ।

ਆਮ ਸਹਿਮਤੀ ਨਾਲ ਫੌਜ ਦਾ ਕੀ ਸਬੰਧ? ਜੇ ਭਾਰਤ ਦੇ ਸੰਵਿਧਾਨ ਦੀ ਕੋਈ ਵੁੱਕਤ ਹੈ ਤਾਂ ਇਹ ਸਵਾਲ ਲਾਜ਼ਮੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਸੰਵਿਧਾਨ ਅਨੁਸਾਰ ਕਾਨੂੰਨ ਬਾਰੇ ਫ਼ੈਸਲਾ ਲੈਣ ਦਾ ਅਧਿਕਾਰ 'ਚੁਣੀ ਹੋਈ' ਹਕੂਮਤ ਨੂੰ ਹੈ ਜਾਂ ਫੌਜ ਨੂੰ? ਆਮ ਸਹਿਮਤੀ ਨਾਗਰਿਕਾਂ ਦੀ ਜ਼ਰੂਰੀ ਹੈ ਕਿ ਫੌਜ ਦੇ ਮੁਖੀਆਂ ਦੀ? ਅਸਲ ਵਿਚ, ਜਦੋਂ ਹੁਕਮਰਾਨ ਆਪਣੇ ਸੌੜੇ ਮੁਫ਼ਾਦਾਂ ਦੀ ਪੂਰਤੀ ਲਈ ਪੁਲਿਸ, ਫੌਜ ਜਾਂ ਨੀਮ-ਫੌਜ ਨੂੰ ਵਿਸ਼ੇਸ਼ 'ਗੜਬੜਗ੍ਰਸਤ' ਹਾਲਾਤ ਦੇ ਨਾਂ ਹੇਠ ਬੇਪਨਾਹ ਤਾਕਤਾਂ ਦੇ ਕੇ ਬੇਲਗਾਮ ਕਰ ਦਿੰਦੇ ਹਨ ਤਾਂ ਮਨਮਾਨੀਆਂ, ਤਰੱਕੀਆਂ, ਲਾਭਾਂ, ਵਿਸ਼ੇਸ਼ ਸਹੂਲਤਾਂ ਦਾ ਵਿਸ਼ੇਸ਼ ਸਾਲਮ ਧੰਦਾ ਵਿਕਸਤ ਹੋ ਜਾਂਦਾ ਹੈ। ਇਸ ਧੰਦੇ 'ਚ ਸ਼ਾਮਲ ਦਮਨਕਾਰੀ ਮਸ਼ੀਨਰੀ ਕਿਸੇ ਵੀ ਬਹਾਨੇ ਇਸ ਲਾਹਿਆਂ/ਤਰੱਕੀਆਂ/ਵਿਸ਼ੇਸ਼ ਸਹੂਲਤਾਂ ਨੂੰ ਆਂਚ ਨਹੀਂ ਆਉਣ ਦੇਣੀ ਚਾਹੁੰਦੀ ਅਤੇ ਇਨ੍ਹਾਂ ਨੂੰ ਵਾਪਸ ਲਏ ਜਾਣ ਦਾ ਤਿੱਖਾ ਵਿਰੋਧ ਕਰਦੀ ਹੈ। ਪੰਜਾਬ ਵਿਚ ਕੇ.ਪੀ.ਐੱਸ ਗਿੱਲ ਲਾਬੀ ਵੱਲੋਂ 'ਕੌਮੀ ਹਿੱਤਾਂ' ਦਾ ਵਾਸਤਾ ਪਾ ਕੇ ਪੁਲਿਸ ਦੇ ਮਨਮਾਨੇ ਅਧਿਕਾਰਾਂ 'ਚ ਕਟੌਤੀਆਂ ਵਿਰੁੱਧ ਹੋ ਹੱਲਾ ਇਸ ਦੀ ਮਿਸਾਲ ਰਿਹਾ ਹੈ।

ਫਿਰ ਵੀ ਇਹ ਦੋਇਮ ਪਹਿਲੂ ਹੈ। ਇਸ ਵਿਰੋਧ ਦਾ ਅਸਲ ਸਬੰਧ ਹੁਕਮਰਾਨਾਂ ਦੀ ਆਪਣੀ ਪਹੁੰਚ ਨਾਲ ਹੈ। ਚਿਦੰਬਰਮ ਦਾ ਬਿਆਨ ਅਧੂਰਾ ਸੱਚ ਹੈ। ਪੂਰਾ ਸੱਚ ਇਹ ਹੈ ਕਿ ਹੁਕਮਰਾਨ ਖ਼ੁਦ ਹੀ ਨਹੀਂ ਚਾਹੁੰਦੇ ਕਿ ਦਮਨਕਾਰੀ ਕਾਨੂੰਨਾਂ ਦਾ ਸ਼ਿਕੰਜਾ ਢਿੱਲਾ ਪਵੇ ਅਤੇ ਸਥਾਪਤੀ ਦੀਆਂ ਨੀਤੀਆਂ ਦੇ ਵਿਰੋਧ ਦੀ ਜਮਹੂਰੀ ਖੁੱਲ੍ਹ ਅਵਾਮ ਨੂੰ ਦਿੱਤੀ ਜਾਵੇ। ਇਕ ਪਾਸੇ ਚਿਦੰਬਰਮ ਅਫਸਪਾ ਦੇ ਵਿਰੋਧ ਦਾ ਠੀਕਰਾ ਫੌਜ ਦੇ ਮੁਖੀਆਂ ਸਿਰ ਭੰਨ ਕੇ ਇਹ ਪ੍ਰਭਾਵ ਦੇ ਰਿਹਾ ਹੈ ਕਿ ਹਕੂਮਤ ਤਾਂ ਅਫਸਪਾ 'ਚ ਸੋਧਾਂ ਕਰਨ ਲਈ ਤਿਆਰ ਹੈ, ਪਰ ਡਾਢੀ ਫੌਜ ਅੱਗੇ ਉਨ੍ਹਾਂ ਦੀ ਪੇਸ਼ ਨਹੀਂ ਜਾ ਰਹੀ। ਦੂਜੇ ਪਾਸੇ, ਇਸੇ ਹੀ ਸਮੇਂ ਦੌਰਾਨ ਇਸੇ ਹਕੂਮਤ ਨੇ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿਚ ਸੋਧਾਂ ਪਾਸ ਕਰਵਾ ਕੇ ਇਸ ਨੂੰ ਸਗੋਂ ਹੋਰ ਦਮਨਕਾਰੀ ਬਣਾ ਦਿੱਤਾ ਹੈ। ਹੈਦਰਾਬਾਦ ਦੇ ਲੜੀਵਾਰ ਬੰਬ ਧਮਾਕਿਆਂ ਦਾ ਬਹਾਨਾ ਬਣਾ ਕੇ ਅਤਿਵਾਦ ਵਿਰੋਧੀ ਕੇਂਦਰ (ਐੱਨ.ਸੀ.ਟੀ.ਸੀ.) ਬਣਾਉਣ ਦਾ ਮੁੱਦਾ ਫਿਰ ਚੁੱਕ ਲਿਆ ਗਿਆ ਹੈ ਜਿਸ ਨੂੰ ਮੁਲਕ ਦੀਆਂ ਮਨੁੱਖੀ/ਜਮਹੂਰੀ ਹੱਕਾਂ ਦੀਆਂ ਸਮੂਹ ਜਥੇਬੰਦੀਆਂ ਅਤੇ ਜਾਗਰੂਕ ਹਿੱਸਿਆਂ ਦੇ ਤਿੱਖੇ ਵਿਰੋਧ ਕਾਰਨ ਪਿਛਲੇ ਵਰ੍ਹੇ ਠੱਪ ਕਰਨਾ ਪਿਆ ਸੀ। ਇਸ ਵਿਚ ਕੁਝ ਮੁੱਖ ਮੰਤਰੀਆਂ ਦਾ ਵਿਰੋਧ ਵੀ ਸ਼ਾਮਲ ਸੀ, ਹਾਲਾਂਕਿ ਉਹ ਸਿਰਫ਼ ਆਪਣੇ 'ਖ਼ਦਸ਼ੇ' ਦੂਰ ਕਰਨ ਲਈ ਭਰਵੀਂ ਬਹਿਸ ਦੀ ਮੰਗ ਕਰ ਰਹੇ ਸਨ। ਨਾਲੇ, 1958 ਵਿਚ ਅਫਸਪਾ ਪਰਖ ਵਜੋਂ ਮਹਿਜ਼ ਛੇ ਮਹੀਨੇ ਲਈ ਬਣਾਇਆ ਗਿਆ ਸੀ, ਪਰ ਭਾਰਤੀ ਹੁਕਮਰਾਨ ਐਨੇ ਬੇਹਯਾ ਹਨ ਕਿ ਉਨ੍ਹਾਂ ਵਿਚ ਇਹ ਕਬੂਲਣ ਦਾ ਇਖ਼ਲਾਕੀ ਜੇਰਾ ਵੀ ਨਹੀਂ ਕਿ ਉਹ ਖ਼ੁਦ ਸਾਢੇ ਪੰਜ ਦਹਾਕੇ ਬਾਅਦ ਵੀ ਇਸ ਨੂੰ ਵਾਪਸ ਨਹੀਂ ਲੈਣਾ ਚਾਹੁੰਦੇ। ਉਹ ਮੁਲਕ ਦੇ ਅਵਾਮ ਨੂੰ ਸਮਾਜੀ ਇਨਸਾਫ਼ ਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਦਾ ਹੱਕ ਦੇਣ ਦੇ ਇੱਛੁਕ ਹੀ ਨਹੀਂ ਹਨ। ਇਸੇ ਲਈ ਅਵਾਮ ਨੂੰ ਕੁਚਲਣ ਵਾਲੇ ਦਮਨਕਾਰੀ ਕਾਨੂੰਨ ਉਨ੍ਹਾਂ ਦੀ ਅਣਸਰਦੀ ਲੋੜ ਹਨ।

# 2014 ਲਈ ਭਾਰਤ, ਪਕਿਸਤਾਨ ਤੇ ਅਮਰੀਕਾ ਦੀ ਸਿਆਸਤ

***ਅਰੁੰਧਤੀ ਰਾਏ ਨੇ ਸਦਾ ਲੀਕ ਤੋਂ ਹਟਵੀਂ ਗੱਲ ਕੀਤੀ ਹੈ। ਉਹਦੀਆਂ ਲਿਖਤਾਂ ਵਿਚ ਪੇਸ਼ ਤੱਥ ਬੜੇ ਜ਼ੋਰਦਾਰ ਹੁੰਦੇ ਹਨ। ਸਥਾਪਤੀ ਨੂੰ ਉਸ ਨੇ ਪੂਰੇ ਤਾਣ ਨਾਲ ਵੰਗਾਰਿਆ ਹੈ। ਆਪਣੇ ਇਸ ਨਵੇਂ ਇਸ ਲੇਖ ਵਿਚ ਉਸ ਨੇ ਗੱਲ ਭਾਵੇਂ ਅਫ਼ਜ਼ਲ ਗੁਰੂ ਤੋਂ ਆਰੰਭੀ ਹੈ, ਪਰ ਚਰਚਾ ਸਮੁੱਚੇ ਖਿੱਤੇ ਦੇ ਬਣ-ਵਿਗਸ ਰਹੇ ਹਾਲਾਤ ਦੀ ਕੀਤੀ ਹੈ। ਇਸ ਚਰਚਾ ਵਿਚ ਭਾਰਤ ਸਰਕਾਰ ਤੇ ਇੱਥੋਂ ਦੇ ਫਿਰਕਾਪ੍ਰਸਤ ਲਾਣੇ ਦੇ ਨਾਲ-ਨਾਲ ਪਾਕਿਸਤਾਨ ਅਤੇ ਅਮਰੀਕਾ ਦੀ ਪਹੁੰਚ ਬਾਰੇ ਵੀ ਤਿੱਖੀਆਂ ਟਿੱਪਣੀਆਂ ਹਨ। ਇਸ ਲੇਖ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ।***



2001 ਦੇ ਸੰਸਦ ਹਮਲੇ ਦੇ ਮੁੱਖ ਦੋਸ਼ੀ ਅਫ਼ਜ਼ਲ ਗੁਰੂ ਨੂੰ ਚੁੱਪ-ਚੁਪੀਤੇ ਅਤੇ ਅਚਾਨਕ ਫ਼ਾਂਸੀ ਦੇਣ ਦੇ ਕੀ ਸਿੱਟੇ ਨਿਕਲਣਗੇ? ਕੀ ਕੋਈ ਜਾਣਦਾ ਹੈ? ਕੇਂਦਰੀ ਜੇਲ੍ਹ ਨੰ. 3, ਤਿਹਾੜ, ਨਵੀਂ ਦਿੱਲੀ ਦੇ ਸੁਪਰਡੈਂਟ ਵਲੋਂ 'ਸ਼੍ਰੀਮਤੀ ਤਬੱਸੁਮ, ਪਤਨੀ ਸ੍ਰੀ ਅਫ਼ਜ਼ਲ ਗੁਰੂ' ਨੂੰ ਭੇਜੇ ਗਏ ਰੁੱਕੇ ਜਿਸ ਵਿਚ ਸੰਵੇਦਨਹੀਣ, ਨੌਕਰਸ਼ਾਹ ਅੰਦਾਜ਼ 'ਚ ਹਰ ਨਾਂ ਅਪਮਾਨਜਨਕ ਤਰੀਕੇ ਨਾਲ ਲਿਖਿਆ ਗਿਆ ਹੈ, ਕਿਹਾ ਗਿਆ ਹੈ: 'ਸ਼੍ਰੀ ਮੁਹੰਮਦ ਅਫ਼ਜ਼ਲ ਗੁਰੂ, ਵਾਲਿਦ ਹਬੀਬ ਉੱਲਾ ਦੀ ਮੁਆਫ਼ੀ ਦੀ ਅਰਜ਼ੀ ਨੂੰ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਵਲੋਂ ਰੱਦ ਕਰ ਦਿੱਤਾ ਗਿਆ ਹੈ। ਇਸ ਲਈ ਮੁਹੰਮਦ ਅਫ਼ਜ਼ਲ ਵਾਲਿਦ ਹਬੀਬਉੱਲਾ ਨੂੰ 09/02/2013 ਨੂੰ ਸਵੇਰੇ ਅੱਠ ਵਜੇ ਕੇਂਦਰੀ ਜੇਲ੍ਹ ਨੰਬਰ 3 ਵਿਚ ਫ਼ਾਂਸੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

**ਅਰੁੰਧਤੀ ਰਾਏ**

**ਅਨੁਵਾਦ: ਬੂਟਾ ਸਿੰਘ**

ਤੁਹਾਨੂੰ ਇਤਲਾਹ ਦੇਣ ਅਤੇ ਅਗਲੀ ਜ਼ਰੂਰੀ ਕਾਰਵਾਈ ਲਈ ਭੇਜਿਆ ਗਿਆ।'

ਰੁੱਕਾ ਭੇਜਣ ਦਾ ਵਕਤ ਜਾਣ-ਬੁੱਝ ਕੇ ਅਜਿਹਾ ਚੁਣਿਆ ਗਿਆ ਕਿ ਉਹ ਤਬੱਸੁਮ ਤੱਕ ਉਸ ਦੇ ਖਾਵੰਦ ਨੂੰ ਫਾਹੇ ਲਾਏ ਜਾਣ ਤੋਂ ਪਿੱਛੋਂ ਹੀ ਪਹੁੰਚੇ, ਤੇ ਇਸ ਤਰ੍ਹਾਂ ਉਨ੍ਹਾਂ ਨੂੰ ਉਨ੍ਹਾਂ ਦੇ ਆਖ਼ਿਰੀ ਕਾਨੂੰਨੀ ਮੌਕੇ, ਭਾਵ ਰਹਿਮ ਦੀ ਅਪੀਲ ਰੱਦ ਕਰਨ ਨੂੰ ਚੁਣੌਤੀ ਦੇਣ ਦੇ ਹੱਕ, ਤੋਂ ਵਾਂਝੇ ਕਰ ਦਿੱਤਾ ਗਿਆ। ਅਫ਼ਜ਼ਲ ਅਤੇ ਉਸ ਦੇ ਪਰਿਵਾਰ, ਦੋਵਾਂ ਨੂੰ ਵੱਖੋ-ਵੱਖਰਾ ਇਹ ਹੱਕ ਹਾਸਲ ਸੀ। ਦੋਵਾਂ ਨੂੰ ਹੀ ਇਹ ਹੱਕ ਇਸਤੇਮਾਲ ਕਰਨ ਤੋਂ ਰੋਕ ਦਿੱਤਾ ਗਿਆ। ਇੱਥੋਂ ਤੱਕ ਕਿ ਕਾਨੂੰਨ ਵਿਚ ਲਾਜ਼ਮੀ ਹੋਣ ਦੇ ਬਾਵਜੂਦ ਤਬੱਸੁਮ ਨੂੰ ਭੇਜੇ ਰੁੱਕੇ ਵਿਚ ਰਾਸ਼ਟਰਪਤੀ ਵਲੋਂ ਰਹਿਮ ਦੀ ਅਰਜ਼ੀ ਰੱਦ ਕੀਤੇ ਜਾਣ ਦੀ ਕੋਈ ਵਜ੍ਹਾ ਨਹੀਂ ਦੱਸੀ ਗਈ। ਜੇ ਕੋਈ ਵਜ੍ਹਾ ਨਹੀਂ ਦੱਸੀ ਗਈ ਹੈ, ਤਾਂ ਤੁਸੀਂ ਕਿਸ ਆਧਾਰ 'ਤੇ ਅਪੀਲ ਕਰੋਗੇ? ਭਾਰਤ ਵਿਚ ਫ਼ਾਂਸੀ ਦੀ ਸਜ਼ਾ ਪ੍ਰਾਪਤ ਸਾਰੇ ਕੈਦੀਆਂ ਨੂੰ ਇਹ ਆਖ਼ਿਰੀ ਮੌਕਾ ਦਿੱਤਾ ਜਾਂਦਾ ਰਿਹਾ ਹੈ।

ਫ਼ਾਂਸੀ ਦੇਣ ਤੋਂ ਪਹਿਲਾਂ ਕਿਉਂਕਿ ਤਬੱਸੁਮ ਨੂੰ ਆਪਣੇ ਖਾਵੰਦ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ, ਕਿਉਂਕਿ ਉਨ੍ਹਾਂ ਦੇ ਬੇਟੇ ਨੂੰ ਆਪਣੇ ਬਾਪ ਨਾਲ ਆਖ਼ਰੀ ਦੋ ਬੋਲ ਸਾਂਝੇ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ, ਕਿਉਂਕਿ ਉਨ੍ਹਾਂ ਨੂੰ ਸਪੁਰਦੇ-ਖ਼ਾਕ ਕਰਨ ਲਈ ਅਫ਼ਜ਼ਲ ਦੀ ਲਾਸ਼ ਨਹੀਂ ਦਿੱਤੀ ਗਈ, ਤੇ ਕਿਉਂਕਿ ਕੋਈ ਜਨਾਜ਼ਾ ਨਹੀਂ ਨਿਕਲਿਆ, ਤਾਂ ਜੇਲ੍ਹ ਮੈਨੂਅਲ ਮੁਤਾਬਿਕ 'ਅਗਲੀ ਜ਼ਰੂਰੀ ਕਾਰਵਾਈ ਕੀ ਹੈ' ਭਲਾ? ਰੋਹ? ਕਦੇ ਨਾ ਦੂਰ ਹੋਣ ਵਾਲਾ ਦੁੱਖ? ਬਿਨਾਂ ਕਿਸੇ ਸਵਾਲ ਦੇ, ਜੋ ਹੋਇਆ ਉਸ ਨੂੰ ਭਾਣਾ ਮੰਨ ਲੈਣਾ? ਸੰਪੂਰਨ ਅਖੰਡਤਾ?

ਫ਼ਾਂਸੀ ਤੋਂ ਪਿੱਛੋਂ ਜਸ਼ਨ ਮਨਾਏਆ ਗਏ। ਸੰਸਦ ਹਮਲੇ ਵਿਚ ਮਾਰੇ ਗਏ ਲੋਕਾਂ ਦੀਆਂ ਗ਼ਮਗੀਨ ਪਤਨੀਆਂ ਟੀ.ਵੀ. ਉੱਪਰ ਦਿਖਾਈਆਂ ਗਈਆਂ, ਨੂੰਹੇ ਦੀ ਪੂਛ ਵਰਗੀਆਂ ਮੁੱਛਾਂ ਵਾਲਾ ਐਂਟੀ-ਟੈਰਰਿਸਟ ਫਰੰਟ ਦਾ ਪ੍ਰਧਾਨ ਐੱਮ.ਐੱਸ. ਬਿੱਟਾ ਉਨ੍ਹਾਂ ਦੀ ਨਿੱਕੀ ਜਿਹੀ ਉਦਾਸ ਕੰਪਨੀ ਦੇ ਸੀ.ਈ.ਓ. ਦੀ ਭੂਮਿਕਾ ਨਿਭਾਅ ਰਿਹਾ ਸੀ। ਕੀ ਕੋਈ ਉਨ੍ਹਾਂ ਨੂੰ ਦੱਸੇਗਾ ਕਿ ਜਿਸ ਇਨਸਾਨ ਨੇ ਉਨ੍ਹਾਂ ਦੇ ਪਤੀਆਂ ਨੂੰ ਮਾਰਿਆ, ਉਹ ਵੀ ਉਸੇ ਵਕਤ, ਥਾਏਂ ਮਾਰਿਆ ਗਿਆ ਸੀ? ਤੇ ਜਿਨ੍ਹਾਂ ਲੋਕਾਂ ਨੇ ਹਮਲੇ ਦੀ ਯੋਜਨਾ ਬਣਾਈ, ਉਨ੍ਹਾਂ ਨੂੰ ਕਦੇ ਸਜ਼ਾ ਨਹੀਂ ਮਿਲੇਗੀ, ਕਿਉਂਕਿ ਸਾਨੂੰ ਅੱਜ ਵੀ ਨਹੀਂ ਪਤਾ ਉਹ ਕੌਣ ਸਨ?

ਇਸ ਦਰਮਿਆਨ ਇਕ ਵਾਰ ਫਿਰ ਕਸ਼ਮੀਰ ਵਿਚ ਕਰਫ਼ਿਊ ਲੱਗਿਆ। ਇਕ ਵਾਰ ਫਿਰ ਇਸ ਦੇ ਅਵਾਮ ਨੂੰ ਵਾੜੇ ਵਿਚ ਡੰਗਰਾਂ ਵਾਂਗ ਡੱਕ ਦਿੱਤਾ ਗਿਆ। ਇਕ ਵਾਰ ਫਿਰ ਉਹ ਕਰਫ਼ਿਊ ਨੂੰ ਮੰਨਣ ਤੋਂ ਨਾਬਰ ਹੋਏ। ਤਿੰਨ ਦਿਨਾਂ 'ਚ ਤਿੰਨ ਬੰਦੇ ਮਾਰੇ ਜਾ ਚੁੱਕੇ ਸਨ ਅਤੇ ਪੰਜਾਹ ਗੰਭੀਰ ਰੂਪ 'ਚ ਫੱਟੜ ਸਨ। ਅਖ਼ਬਾਰ ਬੰਦ ਕਰਾ ਦਿੱਤੇ, ਪਰ ਜਿਸ ਕਿਸੇ ਨੂੰ ਵੀ ਇੰਟਰਨੈੱਟ ਉੱਪਰ ਤਲਾਸ਼ ਕਰਨ ਦਾ ਵੱਲ ਆਉਂਦਾ, ਉਹ ਦੇਖੇਗਾ ਕਿ ਨੌਜਵਾਨ ਕਸ਼ਮੀਰੀਆਂ ਦਾ ਗੁੱਸਾ ਉਨਾ ਨਾਬਰ ਅਤੇ ਸਾਫ਼ ਜ਼ਾਹਿਰ ਨਹੀਂ ਹੈ ਜਿੰਨਾ ਇਹ 2008, 2009 ਅਤੇ 2010 ਦੇ ਹੁਨਾਲਾਂ ਦੇ ਲੋਕ ਉਭਾਰਾਂ ਸਮੇਂ ਸੀ-ਇੱਥੋਂ ਤੱਕ ਕਿ ਉਨ੍ਹਾਂ ਮੌਕਿਆਂ 'ਤੇ 180 ਲੋਕਾਂ ਨੇ ਆਪਣੀ ਜਾਨ ਗਵਾਈ ਸੀ। ਇਸ ਵਾਰ ਰੋਹ ਠੰਢਾ ਯਖ ਅਤੇ ਤਿੱਖਾ ਹੈ। ਬੇਰਹਿਮ। ਇਹ ਇੱਦਾਂ ਹੀ ਹੋਣਾ ਸੀ। ਕੀ ਕੋਈ ਵਜ੍ਹਾ ਹੈ ਕਿ ਇਸ ਨੂੰ ਅਜਿਹਾ ਨਹੀਂ ਸੀ ਹੋਣਾ ਚਾਹੀਦਾ?

20 ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਕਸ਼ਮੀਰੀ ਫ਼ੌਜੀ ਕਬਜ਼ੇ ਦਾ ਸੰਤਾਪ ਝੱਲ ਰਹੇ ਹਨ। ਜਿਨ੍ਹਾਂ ਦਹਿ ਹਜ਼ਾਰ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ; ਉਹ ਜੇਲ੍ਹਾਂ, ਤਸੀਹਾ ਕੇਂਦਰਾਂ 'ਚ ਅਤੇ ਅਸਲੀ ਜਾਂ ਝੂਠੇ 'ਮੁਕਾਬਲਿਆਂ' ਵਿਚ ਮਾਰੇ ਗਏ। ਅਫ਼ਜ਼ਲ ਗੁਰੂ ਦੀ ਫ਼ਾਂਸੀ ਨੂੰ ਜਿਹੜੀ ਚੀਜ਼ ਇਨ੍ਹਾਂ ਸਾਰਿਆਂ ਤੋਂ ਵਖਰਿਆਉਂਦੀ, ਉਹ ਇਹ ਹੈ ਕਿ ਇਸ ਫ਼ਾਂਸੀ ਨੇ ਉਨ੍ਹਾਂ ਨੌਜਵਾਨਾਂ ਨੂੰ ਜਿਨ੍ਹਾਂ ਨੂੰ ਕਦੇ ਵੀ ਜਮਹੂਰੀਅਤ ਦਾ ਸਿੱਧਾ ਅਨੁਭਵ ਨਹੀਂ ਰਿਹਾ, ਸਭ ਤੋਂ ਅਗਲੀਆਂ ਕੁਰਸੀਆਂ 'ਤੇ ਬੈਠ ਕੇ ਭਾਰਤੀ ਜਮਹੂਰੀਅਤ ਨੂੰ ਪੂਰੀ ਸ਼ਾਨੋ-ਸ਼ੌਕਤ ਨਾਲ ਕੰਮ ਕਰਦਿਆਂ ਦੇਖਣ ਦਾ ਮੌਕਾ ਮੁਹੱਈਆ ਕਰਾਇਆ ਹੈ। ਉਨ੍ਹਾਂ ਨੇ ਇਸ ਦੇ ਪਹੀਏ ਘੁੰਮਦੇ ਦੇਖੇ ਹਨ, ਉਨ੍ਹਾਂ ਨੇ ਇਕ ਇਨਸਾਨ, ਇਕ ਕਸ਼ਮੀਰੀ ਨੂੰ ਫਾਹੇ ਟੰਗਣ ਲਈ ਇਸ ਦੇ ਤਮਾਮ ਪੁਰਾਣੇ ਅਦਾਰਿਆਂ, ਹਕੂਮਤ, ਪੁਲਿਸ, ਅਦਾਲਤਾਂ, ਰਾਜਸੀ ਪਾਰਟੀਆਂ ਅਤੇ ਹਾਂ, ਮੀਡੀਆ ਨੂੰ ਇਕਜੁੱਟ ਹੁੰਦੇ ਦੇਖਿਆ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਉਸ ਦੇ ਮੁਕੱਦਮੇ ਦੀ ਨਿਰਪੱਖ ਸੁਣਵਾਈ ਨਹੀਂ ਹੋਈ ਅਤੇ ਉਨ੍ਹਾਂ ਦੇ ਅਜਿਹਾ ਮੰਨਣ ਦੇ ਚੋਖੇ ਕਾਰਨ ਹਨ।



**2014 ਇਤਿਹਾਸਕ ਵਰ੍ਹਾ ਬਣਨ ਜਾ ਰਿਹਾ ਹੈ। ਪਾਕਿਸਤਾਨ, ਭਾਰਤ ਅਤੇ ਜੰਮੂ ਤੇ ਕਸ਼ਮੀਰ ਵਿਚ ਚੋਣਾਂ ਹੋਣਗੀਆਂ। ਅਸੀਂ ਜਾਣਦੇ ਹਾਂ ਕਿ ਜਦੋਂ ਅਮਰੀਕਾ ਅਫ਼ਗਾਨਿਸਤਾਨ 'ਚੋਂ ਆਪਣੀਆਂ ਫ਼ੌਜਾਂ ਕੱਢ ਲਵੇਗਾ ਤਾਂ ਪਹਿਲਾਂ ਤੋਂ ਹੀ ਨਾਜ਼ੁਕ ਰੂਪ 'ਚ ਅਸਥਿਰ ਪਾਕਿਸਤਾਨ ਦੀ ਗੜਬੜ ਕਸ਼ਮੀਰ ਤੱਕ ਫੈਲ ਜਾਵੇਗੀ, ਜਿਵੇਂ ਪਹਿਲਾਂ ਵਾਪਰ ਚੁੱਕਾ ਹੈ। ਜਿਸ ਤਰ੍ਹਾਂ ਨਾਲ ਅਫ਼ਜ਼ਲ ਨੂੰ ਫ਼ਾਂਸੀ ਦਿੱਤੀ ਗਈ ਹੈ, ਉਸ ਨਾਲ ਭਾਰਤ ਸਰਕਾਰ ਨੇ ਇਸ ਅਸਥਿਰਤਾ ਦੇ ਅਮਲ ਨੂੰ ਜਰਬਾਂ ਦੇਣ ਦਾ ਫ਼ੈਸਲਾ ਕੀਤਾ ਹੈ।**

ਹੇਠਲੀ ਅਦਾਲਤ ਵਿਚ ਅਫ਼ਜ਼ਲ ਦਾ ਪੱਖ ਪੇਸ਼ ਕਰਨ ਵਾਲਾ ਲਗਭਗ ਕੋਈ ਨਹੀਂ ਸੀ। ਅਦਾਲਤ ਵੱਲੋਂ ਉਸ ਨੂੰ ਦਿੱਤਾ ਵਕੀਲ ਉਸ ਨੂੰ ਕਦੇ ਜੇਲ੍ਹ 'ਚ ਜਾ ਕੇ ਮਿਲਿਆ ਵੀ ਨਹੀਂ, ਤੇ ਅਸਲ ਵਿਚ ਉਸ ਨੇ ਆਪਣੇ ਹੀ ਮੁਵੱਕਿਲ ਦੇ ਖ਼ਿਲਾਫ਼ ਇਲਜ਼ਾਮ ਲਾਉਣ ਵਾਲੇ ਸਬੂਤ ਪੇਸ਼ ਕੀਤੇ। (ਸੁਪਰੀਮ ਕੋਰਟ ਨੇ ਇਸ ਮਾਮਲੇ ਬਾਰੇ ਵਿਚਾਰ ਕੀਤੀ ਅਤੇ ਫਿਰ ਫ਼ੈਸਲਾ ਲਿਆ ਕਿ ਠੀਕ ਹੀ ਤਾਂ ਹੈ!) ਸੰਖੇਪ 'ਚ, ਕਿਸੇ ਵੀ ਤਰ੍ਹਾਂ ਨਾਲ ਤਰਕਪੂਰਨ ਸ਼ੱਕ ਤੋਂ ਉੱਪਰ ਉੱਠ ਕੇ ਉਸ ਦਾ ਦੋਸ਼ ਸਾਬਤ ਨਹੀਂ ਹੋਇਆ। ਹੁਣ ਨੌਜਵਾਨ ਕਸ਼ਮੀਰੀਆਂ ਨੇ ਦੇਖਿਆ ਕਿ ਹਕੂਮਤ ਨੇ ਉਸ ਨੂੰ ਫ਼ਾਂਸੀ ਦੀ ਸਜ਼ਾ ਉਡੀਕ ਰਹੇ ਲੋਕਾਂ ਦੇ ਵਿਚੋਂ ਚੁਣ ਕੇ, ਬੇਵਕਤ ਫਾਹੇ ਲਾ ਦਿੱਤਾ। ਇਹ ਨਵਾਂ ਠੰਢਾ ਯੱਖ, ਤਿੱਖਾ ਰੋਹ ਕੀ ਰੁਖ਼ ਅਤੇ ਕੀ ਰੂਪ ਅਖ਼ਤਿਆਰ ਕਰੇਗਾ? ਕੀ ਇਹ ਉਨ੍ਹਾਂ ਨੂੰ ਉਹ ਮੁਕਤੀ (ਆਜ਼ਾਦੀ) ਦਿਵਾਏਗਾ ਜੋ ਉਨ੍ਹਾਂ ਦੀ ਰੀਝ ਹੈ ਅਤੇ ਜਿਸ ਦੇ ਲਈ ਉਨ੍ਹਾਂ ਨੇ ਪੂਰੀ ਪੀੜ੍ਹੀ ਕੁਰਬਾਨ ਕਰ ਦਿੱਤੀ ਹੈ; ਜਾਂ ਇਸ ਦਾ ਅੰਜਾਮ ਤਬਾਹੀ ਨਾਲ ਲਬਰੇਜ਼ ਹਿੰਸਾ ਦੇ ਇਕ ਹੋਰ ਸਿਲਸਿਲਾ, ਮਸਲ ਦਿੱਤੀ ਜਾਣ ਵਾਲੀ ਅਤੇ ਫ਼ੌਜੀ ਬੂਟਾਂ ਦੁਆਰਾ ਥੋਪੀ ਗਈ 'ਆਮ ਹਾਲਾਤ' ਵਾਲੀ ਜ਼ਿੰਦਗੀ ਹੋਵੇਗਾ?

ਇਨ੍ਹਾਂ ਵਿਚੋਂ ਜਿਹੜੇ ਵੀ ਇਸ ਇਲਾਕੇ ਵਿਚ ਰਹਿੰਦੇ ਹਨ, ਉਹ ਜਾਣਦੇ ਹਨ ਕਿ 2014 ਇਤਿਹਾਸਕ ਵਰ੍ਹਾ ਬਣਨ ਜਾ ਰਿਹਾ ਹੈ। ਪਾਕਿਸਤਾਨ, ਭਾਰਤ ਅਤੇ ਜੰਮੂ ਤੇ ਕਸ਼ਮੀਰ ਵਿਚ ਚੋਣਾਂ ਹੋਣਗੀਆਂ। ਅਸੀਂ ਜਾਣਦੇ ਹਾਂ ਕਿ ਜਦੋਂ ਅਮਰੀਕਾ ਅਫ਼ਗਾਨਿਸਤਾਨ 'ਚੋਂ ਆਪਣੀਆਂ ਫ਼ੌਜਾਂ ਕੱਢ ਲਵੇਗਾ ਤਾਂ ਪਹਿਲਾਂ ਤੋਂ ਹੀ ਨਾਜ਼ੁਕ ਰੂਪ 'ਚ ਅਸਥਿਰ ਪਾਕਿਸਤਾਨ ਦੀ ਗੜਬੜ ਕਸ਼ਮੀਰ ਤੱਕ ਫੈਲ ਜਾਵੇਗੀ, ਜਿਵੇਂ ਪਹਿਲਾਂ ਵਾਪਰ ਚੁੱਕਾ ਹੈ। ਜਿਸ ਤਰ੍ਹਾਂ ਨਾਲ ਅਫ਼ਜ਼ਲ ਨੂੰ ਫ਼ਾਂਸੀ ਦਿੱਤੀ ਗਈ ਹੈ, ਉਸ ਨਾਲ ਭਾਰਤ ਸਰਕਾਰ ਨੇ ਇਸ ਅਸਥਿਰਤਾ ਦੇ ਅਮਲ ਨੂੰ ਜਰਬਾਂ ਦੇਣ ਦਾ ਫ਼ੈਸਲਾ ਲਿਆ ਹੈ। ਅਸਲ ਵਿਚ ਉਸ ਨੇ ਇਸ ਨੂੰ ਦਾਅਵਤ ਦਿੱਤੀ ਹੈ। (ਜਿਵੇਂ ਇਸ ਨੇ ਪਹਿਲਾਂ ਵੀ, 1987 'ਚ ਕਸ਼ਮੀਰ ਦੀਆਂ ਚੋਣਾਂ ਵਿਚ ਧੋਖਾਧੜੀ ਕਰ ਕੇ ਕੀਤਾ ਸੀ) ਵਾਦੀ ਵਿਚ ਲਗਾਤਾਰ ਤਿੰਨ ਵਰ੍ਹੇ ਚੱਲੀ ਅਵਾਮੀ ਤਹਿਰੀਕ ਦੇ 2010 'ਚ ਖ਼ਤਮ ਹੋਣ ਤੋਂ ਬਾਅਦ ਹਕੂਮਤ ਨੇ 'ਆਮ ਹਾਲਾਤ' ਦਾ ਆਪਣਾ ਵਿਚਾਰ ਲਾਗੂ ਕਰਨ ਦੀ ਕਾਫ਼ੀ ਵਾਹ ਲਾਈ ਹੈ (ਖੁਸ਼ਹਾਲ ਸੈਲਾਨੀ, ਵੋਟਾਂ ਪਾ ਰਹੇ ਕਸ਼ਮੀਰੀ)। ਸਵਾਲ ਹੈ ਕਿ ਕਿਉਂ ਇਹ ਆਪਣੇ ਹੀ ਯਤਨਾਂ ਨੂੰ ਉਲਟਾਉਣਾ ਚਾਹੁੰਦੀ ਹੈ? ਜਿਵੇਂ ਅਫ਼ਜ਼ਲ ਗੁਰੂ ਨੂੰ ਫਾਹੇ ਲਾਇਆ ਗਿਆ, ਜੇ ਉਸ ਦੇ ਕਾਨੂੰਨੀ, ਇਖ਼ਲਾਕੀ ਤੇ ਅਣਮਨੁੱਖੀ ਪਹਿਲੂਆਂ ਨੂੰ ਦਰਕਿਨਾਰ ਵੀ ਕਰ ਦੇਈਏ ਅਤੇ ਇਸ ਨੂੰ ਮਹਿਜ਼ ਸਿਆਸੀ, ਦਾਅਪੇਚਕ ਰੂਪ 'ਚ ਦੇਖੀਏ ਤਾਂ ਇਹ ਖ਼ਤਰਨਾਕ ਅਤੇ ਗ਼ੈਰ-ਜ਼ਿੰਮੇਦਾਰਾਨਾ ਕਾਰਵਾਈ ਹੈ; ਪਰ ਇਹ ਕੀਤੀ ਗਈ ਹੈ। ਸਾਫ਼ ਸਾਫ਼ ਅਤੇ ਜਾਣ-ਬੁੱਝ ਕੇ। ਕਿਉਂ ਭਲਾ?

ਮੈਂ 'ਗ਼ੈਰਜ਼ਿੰਮੇਦਾਰਾਨਾ' ਲਫ਼ਜ਼ ਸੋਚ-ਸਮਝ ਕੇ ਹੀ ਵਰਤਿਆ ਹੈ। ਪਿਛਲੇ ਸਮੇਂ 'ਚ ਜੋ ਕੁਝ ਹੋਇਆ, ਉਸ 'ਤੇ ਨਿਗ੍ਹਾਹ ਮਾਰ ਲੈਂਦੇ ਹਾਂ।

2001 'ਚ ਸੰਸਦ ਉੱਪਰ ਹਮਲੇ ਦੇ ਹਫ਼ਤੇ ਦੇ ਅੰਦਰ (ਅਫ਼ਜ਼ਲ ਗੁਰੂ ਦੀ ਗ੍ਰਿਫ਼ਤਾਰੀ ਤੋਂ ਕੁਝ ਦਿਨਾਂ ਪਿੱਛੋਂ) ਹਕੂਮਤ ਨੇ ਪਾਕਿਸਤਾਨ ਤੋਂ ਆਪਣਾ ਸਫ਼ੀਰ ਵਾਪਸ ਬੁਲਾ ਲਿਆ ਅਤੇ ਆਪਣੀ ਪੰਜ ਲੱਖ ਫ਼ੌਜ ਸਰਹੱਦ ਉੱਪਰ ਲਾ ਦਿੱਤੀ। ਅਜਿਹਾ ਕਿਸ ਆਧਾਰ 'ਤੇ ਕੀਤਾ ਗਿਆ? ਅਵਾਮ ਨੂੰ ਸਿਰਫ਼ ਇਹੀ ਦੱਸਿਆ ਗਿਆ ਕਿ ਦਿੱਲੀ ਪੁਲਿਸ ਵਿਸ਼ੇਸ਼ ਸੈੱਲ ਦੀ ਹਿਰਾਸਤ ਵਿਚ ਅਫ਼ਜ਼ਲ ਗੁਰੂ ਨੇ ਪਾਕਿਸਤਾਨ ਸਥਿਤ ਅਤਿਵਾਦੀ ਧੜੇ ਜੈਸ਼-ਏ-ਮੁਹੰਮਦ ਦਾ ਮੈਂਬਰ ਹੋਣ ਦਾ ਇਕਬਾਲ ਕਰ ਲਿਆ ਹੈ। ਸੁਪਰੀਮ ਕੋਰਟ ਨੇ ਪੁਲਿਸ ਹਿਰਾਸਤ 'ਚ ਦਿੱਤੇ ਇਕਬਾਲੀਆ ਬਿਆਨ ਨੂੰ ਕਾਨੂੰਨੀ ਨੁਕਤਾ-ਨਜ਼ਰ ਤੋਂ ਗ਼ੈਰਮੰਨਣਯੋਗ ਕਰਾਰ ਦਿੱਤਾ; ਫਿਰ ਕਾਨੂੰਨ ਦੀ ਨਜ਼ਰ 'ਚ ਜੋ ਮੰਨਣ ਯੋਗ ਨਹੀਂ ਹੈ, ਕੀ ਉਹ ਜੰਗ 'ਚ ਮੰਨਣਯੋਗ ਹੋ ਸਕਦਾ ਹੈ?

ਇਸ ਮਾਮਲੇ ਦੇ ਆਪਣੇ ਆਖ਼ਰੀ ਫ਼ੈਸਲੇ 'ਚ, ਹੁਣ ਕਾਫ਼ੀ ਮਸ਼ਹੂਰ ਹੋ ਚੁੱਕੇ 'ਸਮੂਹਕ ਆਤਮਾ ਦੀ ਸੰਤੁਸ਼ਟੀ' ਵਾਲੇ ਬਿਆਨ ਅਤੇ ਕੋਈ ਸਬੂਤ ਨਾ ਹੋਣ ਤੋਂ ਇਲਾਵਾ, ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਇਸ ਦਾ 'ਕੋਈ ਸਬੂਤ ਨਹੀਂ ਸੀ ਕਿ ਮੁਹੰਮਦ ਅਫ਼ਜ਼ਲ ਗੁਰੂ ਦਾ ਸਬੰਧ ਕਿਸੇ ਦਹਿਸ਼ਤਪਸੰਦ ਧੜੇ ਜਾਂ ਜਥੇਬੰਦੀ ਨਾਲ ਹੈ।' ਤਾਂ ਫਿਰ ਕਿਹੜੀ ਗੱਲ ਉਸ ਫ਼ੌਜੀ ਚੜ੍ਹਾਈ, ਫ਼ੌਜੀਆਂ ਦੇ ਉਸ ਜਾਨੀ ਨੁਕਸਾਨ, ਅਵਾਮ ਦੇ ਪੈਸੇ ਨੂੰ ਪਾਣੀ ਵਾਂਗ ਰੋੜ੍ਹਨ ਅਤੇ ਪਰਮਾਣੂ ਯੁੱਧ ਦੇ ਸੱਚਮੁੱਚ ਖ਼ਤਰੇ ਨੂੰ ਜਾਇਜ਼ ਠਹਿਰਾਉਂਦੀ? (ਤੁਹਾਨੂੰ ਚੇਤੇ ਹੈ, ਵਿਦੇਸ਼ੀ ਸਫ਼ਾਰਤਖ਼ਾਨਿਆਂ ਵੱਲੋਂ ਸਫ਼ਰ ਸਲਾਹਕਾਰ ਲਾਉਣ ਅਤੇ ਆਪਣੇ ਅਮਲੇ-ਫ਼ੈਲੇ ਨੂੰ ਵਾਪਸ ਬੁਲਾਉਣ ਦੀ ਗੱਲ?) ਸੰਸਦ ਹਮਲੇ ਅਤੇ ਅਫ਼ਜ਼ਲ ਗੁਰੂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਕੀ ਕੋਈ ਖੁਫ਼ੀਆ ਸੂਚਨਾ ਆਈ ਸੀ, ਜਿਸ ਬਾਰੇ ਸਾਨੂੰ ਨਹੀਂ ਦੱਸਿਆ ਗਿਆ? ਜੇ ਅਜਿਹਾ ਸੀ, ਤਾਂ ਹਮਲਾ ਹੋਣ ਕਿਵੇਂ ਦਿੱਤਾ ਗਿਆ? ਤੇ ਜੇ ਖੁਫ਼ੀਆ ਸੂਚਨਾ ਸਿੱਕੇਬੰਦ ਸੀ, ਤੇ ਇਹ ਦਰੁਸਤ ਸੀ ਕਿ ਉਸ ਨਾਲ ਅਜਿਹੀ ਖ਼ਤਰਨਾਕ ਫ਼ੌਜੀ ਤਾਇਨਾਤੀ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਸੀ, ਤਾਂ ਕੀ ਭਾਰਤ, ਪਾਕਿਸਤਾਨ ਅਤੇ ਕਸ਼ਮੀਰ ਦੇ ਅਵਾਮ ਨੂੰ ਇਹ ਜਾਣਨ ਦਾ ਹੱਕ ਨਹੀਂ ਹੈ ਕਿ ਉਹ ਜਾਣਕਾਰੀ ਕੀ ਸੀ? ਅਫ਼ਜ਼ਲ ਗੁਰੂ ਦਾ ਜੁਰਮ ਸਾਬਤ ਕਰਨ ਲਈ ਉਹ ਸਬੂਤ ਅਦਾਲਤ 'ਚ ਕਿਉਂ ਨਹੀਂ ਪੇਸ਼ ਕੀਤਾ ਗਿਆ?

*ਕੀ ਅਗਲੀ ਵਾਰੀ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਫ਼ਾਂਸੀ ਦਾ ਇੰਤਜ਼ਾਰ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਹੋਵੇਗੀ? ਉਸ ਦੀ ਫ਼ਾਂਸੀ ਪੰਜਾਬ ਵਿਚ ਖ਼ਾਲਿਸਤਾਨੀ ਭਾਵਨਾਵਾਂ ਭੜਕਾ ਦੇਵੇਗੀ ਅਤੇ ਅਕਾਲੀ ਦਲ ਮੁਸ਼ਕਿਲ 'ਚ ਫਸ ਜਾਵੇਗਾ। ਇਹ ਕਾਂਗਰਸੀ ਸਿਆਸਤ ਦਾ ਉਹੀ ਪੁਰਾਣਾ ਤਰੀਕਾ ਹੈ।*

ਸੰਸਦ ਉੱਪਰ ਹਮਲੇ ਦੇ ਮਾਮਲੇ ਦੀਆਂ ਕੁਲ ਅਮੁੱਕ ਬਹਿਸਾਂ 'ਚ ਇਸ ਮੁੱਦੇ ਉੱਪਰ, ਜੋ ਸਭ ਤੋਂ ਅਹਿਮ ਮੁੱਦਾ ਹੈ, ਖੱਬੇਪੱਖੀ, ਸੱਜੇਪੱਖੀ, ਹਿੰਦੂਤਵਵਾਦੀ, ਧਰਮਨਿਰਪੱਖ, ਕੌਮਵਾਦੀ, ਦੇਸ਼ਧ੍ਰੋਹੀ, ਸਨਕੀ, ਆਲੋਚਕ-ਸਾਰੇ ਹਲਕਿਆਂ 'ਚ ਮੁਰਦਾ ਖ਼ਾਮੋਸ਼ੀ ਹੈ। ਕਿਉਂ?

ਹੋ ਸਕਦਾ ਹੈ ਕਿ ਹਮਲੇ ਦੇ ਪਿੱਛੇ ਜੈਸ਼-ਏ-ਮੁਹੰਮਦ ਦਾ ਦਿਮਾਗ ਹੋਵੇ। ਭਾਰਤੀ ਮੀਡੀਆ ਦੇ ਮੰਨੇ-ਪ੍ਰਮੰਨੇ 'ਦਹਿਸ਼ਤਵਾਦ' ਮਾਹਰ ਪ੍ਰਵੀਨ ਸਵਾਮੀ ਜਿਸ ਦੇ ਭਾਰਤੀ ਪੁਲਿਸ ਅਤੇ ਖੁਫ਼ੀਆ ਏਜੰਸੀਆਂ ਵਿਚ ਅਜਿਹੇ ਸੂਤਰ ਹਨ ਕਿ ਦੇਖ ਕੇ ਈਰਖਾ ਹੁੰਦੀ ਹੈ, ਵੱਲੋਂ ਹਾਲ ਹੀ ਵਿਚ ਇਕ ਸਾਬਕਾ ਆਈ.ਐੱਸ.ਆਈ. ਮੁਖੀ ਲੈਫਟੀਨੈਂਟ ਜਨਰਲ ਜਾਵੇਦ ਅਸ਼ਰਫ਼ ਕਾਜ਼ੀ ਦੇ 2003 ਦੇ ਇਕ ਬਿਆਨ ਦਾ ਅਤੇ ਇਕ ਪਾਕਿਸਤਾਨੀ ਵਿਦਵਾਨ ਮੁਹੰਮਦ ਆਮਿਰ ਰਾਣਾ ਦੀ 2004 ਦੀ ਇਕ ਕਿਤਾਬ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿਚ ਸੰਸਦ ਹਮਲੇ ਵਿਚ ਜੈਸ਼-ਏ-ਮੁਹੰਮਦ ਨੂੰ ਜ਼ਿੰਮੇਦਾਰ ਠਹਿਰਾਇਆ ਗਿਆ ਹੈ। (ਇਕ ਐਸੀ ਜਥੇਬੰਦੀ ਦੇ ਮੁਖੀ ਦੇ ਬਿਆਨ ਦੀ ਸਚਾਈ ਉੱਪਰ ਯਕੀਨ ਨੇ ਮਨ ਮੋਹ ਲਿਆ ਜਿਸ ਦਾ ਕੰਮ ਭਾਰਤ ਨੂੰ ਅਸਥਿਰ ਕਰਨਾ ਹੈ!) ਪਰ ਤਾਂ ਵੀ ਇਹ, ਇਹ ਨਹੀਂ ਦੱਸਦਾ ਕਿ 2001 'ਚ ਜਦੋਂ ਫ਼ੌਜ ਲਾਈ ਜਾ ਰਹੀ ਸੀ, ਇਨ੍ਹਾਂ ਦੇ ਕੋਲ ਕਿਹੜੇ ਸਬੂਤ ਸਨ!

ਚਲੋ ਬਹਿਸ ਦੀ ਖ਼ਾਤਰ ਮੰਨ ਲੈਂਦੇ ਹਾਂ ਕਿ ਜੈਸ਼-ਏ-ਮੁਹੰਮਦ ਨੇ ਹਮਲਾ ਕਰਾਇਆ ਸੀ। ਹੋ ਸਕਦਾ ਹੈ ਕਿ ਆਈ.ਐੱਸ.ਆਈ. ਵੀ ਇਸ ਵਿਚ ਸ਼ਾਮਲ ਹੋਵੇ। ਸਾਨੂੰ ਇਹ ਦਿਖਾਵਾ ਕਰਨ ਦੀ ਜ਼ਰੂਰਤ ਨਹੀਂ ਹੈ ਕਿ ਪਾਕਿਸਤਾਨ ਦੀ ਹਕੂਮਤ ਦਾ ਕਸ਼ਮੀਰ ਵਿਚ ਖੁਫ਼ੀਆ ਕਾਰਵਾਈਆਂ ਕਰਨ ਤੋਂ ਦਾਮਨ ਸਾਫ਼ ਹੈ। (ਜਿਵੇਂ ਭਾਰਤ ਸਰਕਾਰ ਬਲੋਚਸਤਾਨ ਅਤੇ ਪਾਕਿਸਤਾਨ ਦੇ ਹੋਰ ਇਲਾਕਿਆਂ 'ਚ ਕਰਦਾ ਹੈ। ਚੇਤੇ ਕਰੋ ਕਿ ਭਾਰਤੀ ਫ਼ੌਜ ਨੇ 1970 ਦੇ ਦਹਾਕੇ ਵਿਚ ਪੂਰਬੀ ਪਾਕਿਸਤਾਨ ਵਿਚ ਮੁਕਤੀ ਵਾਹਿਨੀ ਨੂੰ ਅਤੇ 1980 'ਚ ਲਿੱਟੇ ਸਹਿਤ ਸ੍ਰੀਲੰਕਾ ਦੇ ਛੇ ਇੰਤਹਾਪਸੰਦ ਧੜਿਆਂ ਨੂੰ ਸਿਖਲਾਈ ਦਿੱਤੀ ਸੀ)

ਇਹ ਬੜਾ ਘ੍ਰਿਣਤ ਮੰਜ਼ਰ ਹੈ। ਪਾਕਿਸਤਾਨ ਨਾਲ ਯੁੱਧ ਵਿਚੋਂ ਕੀ ਮਿਲਣਾ ਸੀ ਅਤੇ ਹਾਲੇ ਵੀ ਇਸ ਵਿਚੋਂ ਕੀ ਮਿਲੇਗਾ? (ਘੋਰ ਜਾਨੀ ਨੁਕਸਾਨ ਤੋਂ ਬਿਨਾਂ। ਤੇ ਹਥਿਆਰਾਂ ਦੇ ਕੁਝ ਤਾਜ਼ਰਾਂ ਦੇ ਬੈਂਕ ਖ਼ਾਤਿਆਂ ਨੂੰ ਜਰਬਾਂ ਆਉਣ ਤੋਂ ਬਿਨਾਂ) ਭਾਰਤੀ ਜੰਗਬਾਜ਼ ਲਗਾਤਾਰ ਇਹ ਸੁਝਾਅ ਦੇ ਰਹੇ ਹਨ ਕਿ 'ਮਸਲੇ ਨੂੰ ਜੜ੍ਹੋਂ ਖ਼ਤਮ ਕਰਨ' ਦਾ ਇਕੋ ਇਕ ਢੰਗ 'ਸਖ਼ਤੀ ਨਾਲ ਪਿੱਛਾ ਕਰਦੇ ਹੋਏ' ਪਾਕਿਸਤਾਨ ਵਿਚ ਮੌਜੂਦ 'ਅਤਿਵਾਦੀ ਕੈਂਪ ਖ਼ਤਮ ਕਰਨਾ' ਹੈ। ਸੱਚਮੁੱਚ? ਮਜ਼ੇ ਦੀ ਗੱਲ ਇਹ ਹੈ ਕਿ ਸਾਡੇ ਟੀ.ਵੀ. ਸਕਰੀਨਾਂ ਉੱਪਰ ਨਜ਼ਰ ਆਉਣ ਵਾਲੇ ਕਿੰਨੇ ਹਮਲਾਵਰ ਰਣਨੀਤਕ ਮਾਹਰਾਂ ਅਤੇ ਰੱਖਿਆ ਵਿਸ਼ਲੇਸ਼ਣਕਾਰਾਂ ਦੇ ਹਿੱਤ ਰੱਖਿਆ ਅਤੇ ਹਥਿਆਰਾਂ ਦੀ ਸਨਅਤ 'ਚ ਹਨ। ਉਨ੍ਹਾਂ ਨੂੰ ਯੁੱਧ ਦੀ ਲੋੜ ਹੀ ਨਹੀਂ ਹੈ। ਉਨ੍ਹਾਂ ਨੂੰ ਤਾਂ ਇਕ ਯੁੱਧ ਵਰਗੀ ਹਾਲਤ ਦੀ ਲੋੜ ਹੈ ਜਿਸ ਵਿਚ ਫ਼ੌਜੀ ਖ਼ਰਚ ਦਾ ਗ੍ਰਾਫ਼ ਉੱਚਾ ਹੁੰਦਾ ਜਾਵੇ। ਸਖ਼ਤੀ ਨਾਲ ਪਿੱਛਾ ਕਰਨ ਦਾ ਖ਼ਿਆਲ ਬੇਵਕੂਫ਼ੀ ਭਰਿਆ ਹੈ ਅਤੇ ਜਿੰਨਾ ਲਗਦਾ ਹੈ, ਉਸ ਤੋਂ ਕਿਤੇ ਵੱਧ ਤਰਸਯੋਗ ਹੈ। ਇਹ ਕਿਸ ਉੱਪਰ ਬੰਬਾਰੀ ਕਰਨਗੇ? ਕੁਝ ਬੰਦਿਆਂ ਉੱਪਰ? ਉਨ੍ਹਾਂ ਦੀਆਂ ਬੈਰਕਾਂ ਅਤੇ ਖਾਣੇ ਦੀ ਸਪਲਾਈ ਉੱਪਰ? ਜਾਂ ਉਨ੍ਹਾਂ ਦੀ ਵਿਚਾਰਧਾਰਾ ਉੱਪਰ? ਜ਼ਰਾ ਦੇਖੋ, ਅਫ਼ਗਾਨਿਸਤਾਨ ਵਿਚ ਅਮਰੀਕਾ ਵਲੋਂ 'ਸਖ਼ਤੀ ਨਾਲ ਪਿੱਛਾ ਕਰਨ' ਦਾ ਅੰਜਾਮ ਕੀ ਹੋਇਆ ਹੈ। ਤੇ ਜ਼ਰਾ ਦੇਖੋ ਕਿ ਕਿਵੇਂ ਪੰਜ ਲੱਖ ਫ਼ੌਜੀਆਂ ਦਾ 'ਸੁਰੱਖਿਆ ਤਾਣਾਬਾਣਾ' ਕਸ਼ਮੀਰ ਦੀ ਨਿਹੱਥੀ, ਨਾਗਰਿਕ ਆਬਾਦੀ ਨੂੰ ਕਾਬੂ ਨਹੀਂ ਕਰ ਸਕਿਆ। ਤੇ ਭਾਰਤ ਸਰਹੱਦ ਟੱਪ ਕੇ ਇਕ ਐਸੇ ਮੁਲਕ ਉੱਪਰ ਬੰਬਾਰੀ ਕਰਨ ਜਾ ਰਿਹਾ ਹੈ ਜਿਸ ਦੇ ਕੋਲ ਪਰਮਾਣੂ ਬੰਬ ਹੈ ਅਤੇ ਜੋ ਦਿਨੋ-ਦਿਨ ਗੜਬੜ 'ਚ ਧਸਦਾ ਜਾ ਰਿਹਾ ਹੈ। ਭਾਰਤ ਵਿਚਲੇ ਜੰਗਬਾਜ਼ ਪੇਸ਼ੇਵਰਾਂ ਨੂੰ ਪਾਕਿਸਤਾਨ ਵਿਚਲੀ ਗੜਬੜ ਦੇਖ ਕੇ ਕਾਫ਼ੀ ਸਕੂਨ ਮਿਲਦਾ ਹੈ। ਜਿਸ ਨੂੰ ਇਤਿਹਾਸ ਤੇ ਭੂਗੋਲ ਦਾ ਮਾੜਾ-ਮੋਟਾ, ਕੰਮ ਚਲਾਊ ਇਲਮ ਵੀ ਹੋਵੇਗਾ, ਉਹ ਵੀ ਜਾਣ ਸਕਦਾ ਹੈ ਕਿ ਪਾਕਿਸਤਾਨ ਦਾ ਟੁੱਟਣਾ (ਜਨੂੰਨੀ, ਸਰਵਨਿਖੇਧਵਾਦੀ, ਮਜ਼੍ਹਬੀ ਹਮਾਇਤੀਆਂ ਦੇ ਗੈਂਗਲੈਂਡ ਦੇ ਰੂਪ 'ਚ ਇਸ ਦਾ ਟੁਕੜੇ ਟੁਕੜੇ ਹੋਣਾ) ਕਿਸੇ ਲਈ ਵੀ ਖ਼ੁਸ਼ੀ ਮਨਾਉਣ ਦੀ ਵਜ੍ਹਾ ਨਹੀਂ ਹੈ।

ਅਫ਼ਗਾਨਿਸਤਾਨ ਅਤੇ ਇਰਾਕ ਵਿਚ ਅਮਰੀਕੀ ਮੌਜੂਦਗੀ ਅਤੇ ਅਤਿਵਾਦ ਖ਼ਿਲਾਫ਼ ਜੰਗ ਵਿਚ ਅਮਰੀਕੀ ਮਾਤਹਿਤ ਦੇ ਰੂਪ 'ਚ ਪਾਕਿਸਤਾਨ ਦੀ ਭੂਮਿਕਾ ਨੇ ਇਸ ਇਲਾਕੇ ਨੂੰ ਸਭ ਤੋਂ ਵੱਧ ਖ਼ਬਰਾਂ ਦੀਆਂ ਸੁਰਖ਼ੀਆਂ ਵਿਚ ਰਹਿਣ ਵਾਲਾ ਮੁਲਕ ਬਣਾ ਦਿੱਤਾ ਹੈ। ਉੱਥੇ ਜੋ ਵੱਧ ਖ਼ਤਰਨਾਕ ਚੀਜ਼ਾਂ ਹੋ ਰਹੀਆਂ ਹਨ, ਘੱਟੋ ਘੱਟ ਬਾਕੀ ਦਾ ਆਲਮ ਉਸ ਬਾਰੇ ਜਾਣਦਾ ਹੈ, ਪਰ ਉਸ ਖ਼ਤਰਨਾਕ ਤੂਫ਼ਾਨ ਬਾਰੇ ਬਹੁਤ ਘੱਟ ਜਾਣਿਆ-ਸਮਝਿਆ ਜਾਂਦਾ ਹੈ ਅਤੇ ਉਸ ਤੋਂ ਵੀ ਘੱਟ ਪੜ੍ਹਿਆ ਜਾਂਦਾ ਹੈ ਜੋ ਆਲਮ ਦੀ ਪਸੰਦ ਦੀ ਮਹਾਸ਼ਕਤੀ ਦੀ ਦੁਨੀਆਂ ਵਿਚ ਤੇਜ਼ੀ ਅਖ਼ਤਿਆਰ ਕਰ ਰਿਹਾ ਹੈ। ਭਾਰਤੀ ਅਰਥਚਾਰਾ ਗੰਭੀਰ ਮੁਸ਼ਕਿਲਾਂ 'ਚ ਘਿਰਿਆ ਹੋਇਆ ਹੈ। ਆਰਥਿਕ ਉਦਾਰੀਕਰਨ ਨੇ ਨਵੇਂ ਨਵੇਂ ਉੱਭਰੇ ਮੱਧ ਵਰਗ ਵਿਚ ਜੋ ਹਮਲਾਵਰ, ਲੋਭੀ ਲਾਲਸਾਵਾਂ ਪੈਦਾ ਕਰ ਦਿੱਤੀਆਂ ਹਨ, ਉਹ ਤੇਜ਼ੀ ਨਾਲ ਉਨੀ ਹੀ ਹਮਲਾਵਰ ਮਾਯੂਸੀ 'ਚ ਬਦਲ ਰਹੀਆਂ ਹਨ। ਜਿਸ ਹਵਾਈ ਜਹਾਜ਼ ਵਿਚ ਉਹ ਸਵਾਰ ਸਨ, ਉਹ ਉਡਾਣ ਭਰਦੇ ਸਾਰ ਤੁਰੰਤ ਬੰਦ ਹੋ ਗਿਆ ਹੈ। ਖ਼ੁਸ਼ੀ ਦਾ ਦੌਰਾ ਦਹਿਸ਼ਤ 'ਚ ਬਦਲ ਗਿਆ ਹੈ।

2014 'ਚ ਆਮ ਚੋਣਾਂ ਹੋਣ ਵਾਲੀਆਂ ਹਨ। ਐਗਜ਼ਿਟ ਪੋਲ ਤੋਂ ਬਗ਼ੈਰ ਵੀ ਮੈਂ ਤੁਹਾਨੂੰ ਦੱਸ ਸਕਦੀ ਹਾਂ ਕਿ ਨਤੀਜੇ ਕੀ ਹੋਣਗੇ; ਹਾਲਾਂਕਿ ਹੋ ਸਕਦਾ ਹੈ ਕਿ ਇਹ ਨੰਗੀ ਅੱਖ ਨੂੰ ਨਜ਼ਰ ਨਾ ਆਵੇ, ਸਾਡੇ ਕੋਲ ਇਕ ਵਾਰ ਫਿਰ ਕਾਂਗਰਸ-ਭਾਜਪਾ ਗੱਠਜੋੜ ਹੋਵੇਗਾ। (ਦੋਵਾਂ ਵਿਚੋਂ ਹਰੇਕ ਪਾਰਟੀ ਦੇ ਦਾਮਨ ਉੱਪਰ ਘੱਟ-ਗਿਣਤੀਆਂ ਦੇ ਹਜ਼ਾਰਾਂ ਲੋਕਾਂ ਦੇ ਕਤਲੇਆਮ ਦੇ ਕਲੰਕ ਹਨ) ਸੀ.ਪੀ.ਆਈ. (ਐੱਮ.) ਬਾਹਰੋਂ ਹਮਾਇਤ ਕਰੇਗੀ, ਹਾਲਾਂਕਿ ਉਸ ਤੋਂ ਇਹ ਮੰਗੀ ਨਹੀਂ ਜਾਵੇਗੀ। ਵਾਹ! ਤੇ ਇਹ ਮਜ਼ਬੂਤ ਰਾਜ ਹੋਵੇਗਾ। (ਫ਼ਾਂਸੀ ਲਈ ਫੰਦੇ ਤਿਆਰ ਹਨ। ਕੀ ਅਗਲੀ ਵਾਰੀ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਫ਼ਾਂਸੀ ਦਾ ਇੰਤਜ਼ਾਰ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਹੋਵੇਗੀ? ਉਸ ਦੀ ਫ਼ਾਂਸੀ ਪੰਜਾਬ ਵਿਚ ਖ਼ਾਲਿਸਤਾਨੀ ਭਾਵਨਾਵਾਂ ਭੜਕਾ ਦੇਵੇਗੀ ਅਤੇ ਅਕਾਲੀ ਦਲ ਮੁਸ਼ਕਿਲ 'ਚ ਫਸ ਜਾਵੇਗਾ। ਇਹ ਕਾਂਗਰਸੀ ਸਿਆਸਤ ਦਾ ਉਹੀ ਪੁਰਾਣਾ ਤਰੀਕਾ ਹੈ।)

***(ਬਾਕੀ ਸਫ਼ਾ 21 'ਤੇ)***

# ਸੱਚ ਮਿਰਚਾਂ-ਝੂਠ ਗੁੜ !

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਸਚਿਆਰਾਂ ਅਤੇ ਕੂੜਿਆਰਾਂ ਦੇ ਵਿਹੜਿਆਂ 'ਚ ਝਾਤੀ ਮਾਰਨ ਤੋਂ ਪਹਿਲਾਂ ਇਕ ਦੰਦ-ਕਥਾ ਕੰਨੀਂ ਪਾ ਲਈਏ ਜੋ ਇਨ੍ਹਾਂ ਸਵਾਲਾਂ ਦੇ ਬਖੂਬੀ ਉਤਰ ਦਿੰਦੀ ਹੈ ਕਿ ਸੱਚ ਤੋਂ ਸਾਰੇ ਤ੍ਰਹਿੰਦੇ ਕਿਉਂ ਹਨ? ਦੁਨੀਆਂ ਨੂੰ ਇਹ ਕਿਉਂ ਨਹੀਂ ਚੰਗਾ ਲਗਦਾ? ਹਰ ਥਾਂ ਝੂਠ ਹੀ ਕਿਉਂ ਪ੍ਰਧਾਨ ਬਣਿਆ ਰਹਿੰਦਾ ਹੈ? ਜਿਵੇਂ ਅੱਜਕੱਲ੍ਹ ਕੁੰਭ ਦੇ ਇਸ਼ਨਾਨ ਦੀ ਬੜੀ ਚਰਚਾ ਚੱਲ ਰਹੀ ਹੈ, ਲੱਖਾਂ ਲੋਕ ਹਰਿਦੁਆਰ ਨੂੰ ਡੁਬਕੀ ਲਾਉਣ ਵਾਸਤੇ ਵਹੀਰਾਂ ਘੱਤੀ ਜਾ ਰਹੇ ਹਨ। ਇਹੋ ਜਿਹੇ ਕਿਸੇ ਮੇਲੇ 'ਤੇ ਜਾ ਰਹੀਆਂ ਭੀੜਾਂ ਵੱਲ ਦੇਖ ਕੇ ਝੂਠ ਨੂੰ ਵੀ ਮੇਲੇ ਜਾਣ ਦਾ ਚਾਅ ਚੜ੍ਹ ਗਿਆ। 'ਕੱਲਾ ਜਾਣ ਨਾਲੋਂ ਉਹਦੇ ਮਨ 'ਚ ਆਈ, ਕਿਉਂ ਨਾ ਸੱਚ ਨੂੰ ਸਾਥੀ ਬਣਾ ਲਿਆ ਜਾਵੇ। ਸੱਚ ਨੂੰ ਕਿਹਾ ਤਾਂ ਉਸ ਨੇ ਇਹ ਆਖ ਕੇ ਜਵਾਬ ਦੇ ਦਿੱਤਾ ਕਿ ਭਰਾਵਾ, ਤੇਰਾ ਮੇਰਾ ਮੇਲ ਕਾਹਦਾ? ਨਾਲੇ ਮੈਨੂੰ ਕਿਸੇ ਤੀਰਥ 'ਤੇ ਜਾਣ ਦੀ ਲੋੜ ਈ ਕੋਈ ਨਹੀਂ। ਮੈਂ ਤਾਂ ਜਿਹੋ ਜਿਹਾ ਅੰਦਰੋਂ ਹਾਂ, ਤਿਹੋ-ਜਿਹਾ ਬਾਹਰੋਂ। ਦਿਨ ਦੇਸਿਆਂ 'ਤੇ ਨਦੀਆਂ 'ਚ ਡੋਬੇ ਲਾਉਣ ਦੀ ਲੋੜ ਤਾਂ ਉਨ੍ਹਾਂ ਨੂੰ ਹੈ ਜੋ ਤੇਰੀਆਂ ਕਮਾਈਆਂ ਖਾਂਦੇ ਹਨ।

ਸੱਚ ਦੀ ਮੂੰਹ-ਫੱਟ ਗੱਲ ਸੁਣ ਕੇ ਝੂਠ ਨੂੰ ਕੈੜ ਚੜ੍ਹ ਗਈ। ਮਨ ਹੀ ਮਨ ਵਿਉਂਤ ਬਣਾਉਂਦਿਆਂ ਸੋਚਣ ਲੱਗਾ, 'ਬੱਚੂ, ਇਕ ਵਾਰ ਚੱਲ ਸਹੀ ਮੇਰੇ ਨਾਲ, ਤੂੰ ਵੀ ਸਾਰੀ ਉਮਰ ਯਾਦ ਕਰੇਂਗਾ ਕਿ ਝੂਠ ਮੋਹਰੇ ਬੋਲਿਆ ਸੱਚ ਕਿੰਨਾ ਮਹਿੰਗਾ ਪੈਂਦਾ ਹੈ।' ਉਸ ਨੂੰ ਗੁੱਸਾ ਤਾਂ ਬਹੁਤ ਚੜ੍ਹਿਆ ਪਰ ਮੀਸਣਾ ਜਿਹਾ ਬਣ ਕੇ ਸੱਚ ਦੇ ਖਹਿੜੇ ਪਿਆ ਰਿਹਾ, ਜਦ ਤੱਕ ਉਹ ਉਸ ਦੇ ਨਾਲ ਮੇਲੇ 'ਤੇ ਜਾਣ ਲਈ ਤਿਆਰ ਨਾ ਹੋ ਗਿਆ।

ਖੈਰ, ਪਵਿੱਤਰ ਨਦੀ 'ਤੇ ਪਹੁੰਚ ਕੇ ਝੂਠ ਨੇ ਕੰਢੇ 'ਤੇ ਆਪਣੇ ਵਸਤਰ ਉਤਾਰੇ ਅਤੇ ਪਾਣੀ 'ਚ ਵੜ ਕੇ ਮਲ-ਮਲ ਨਹਾਉਣ ਲੱਗ ਪਿਆ। ਉਸ ਨੂੰ ਉਚੀ-ਉਚੀ ਮੰਤਰ ਪੜ੍ਹਦੇ ਨੂੰ ਦੇਖ ਕੇ ਸੱਚ ਨੂੰ ਹਾਸਾ ਆਈ ਜਾਵੇ। ਝੂਠ ਨੇ ਮਨ ਵਿਚ ਬਣਾਈ ਸਕੀਮ ਸਿਰੇ ਚਾੜ੍ਹਨ ਲਈ ਕੰਢੇ 'ਤੇ ਖੜ੍ਹੇ ਸੱਚ ਨੂੰ ਆਖਿਆ,

"ਮਹਾਂਪੁਰਖਾ, ਮੰਨਿਆ ਕਿ ਤੈਨੂੰ ਕਿਸੇ ਕਰਮ-ਧਰਮ ਦੀ ਲੋੜ ਨਹੀਂ ਹੈ ਪਰ ਹੁਣ ਜੇ ਇਸ ਪਵਿੱਤਰ ਅਸਥਾਨ 'ਤੇ ਆਇਆ ਹੀ ਐਂ ਤਾਂ ਇਸ਼ਨਾਨ ਕਰਨ 'ਚ ਕੀ ਹਰਜ ਐ।" ਝੂਠ ਦੇ ਕਹੇ-ਕਹਾਏ ਸੱਚ ਨੇ ਕੱਪੜੇ ਲਾਹੇ ਤੇ ਵਗਦੇ ਪਾਣੀ 'ਚ ਜਾ ਵੜਿਆ। ਲਉ ਜੀ, ਜਿਉਂ ਹੀ ਸੱਚ ਨੇ ਪਾਣੀ 'ਚ ਡੁਬਕੀ ਲਾਈ, ਝੂਠ ਫਟਾ-ਫਟ ਬਾਹਰ ਨਿਕਲਿਆ ਤੇ ਆਪਣੇ ਕੱਪੜੇ ਪਾਉਣ ਦੀ ਬਜਾਏ ਸੱਚ ਦੇ ਵਸਤਰ ਪਹਿਨਣ ਲੱਗ ਪਿਆ। ਸੱਚ ਨੇ ਬਥੇਰਾ ਹੋ-ਹੱਲਾ ਮਚਾਇਆ ਪਰ ਝੂਠ ਨੇ ਉਹਦੀ ਇਕ ਨਾ ਸੁਣੀ। ਝੂਠ ਬੀਬਾ ਰਾਣਾ ਬਣ ਕੇ ਘੁੰਮਣ ਲੱਗ ਪਿਆ। ਇਹ ਤਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਸੱਚ ਆਪਣਾ ਨੰਗੇਜ਼ ਢਕਣ ਲਈ ਝੂਠ ਦੇ ਕੱਪੜੇ ਪਹਿਨ ਲੈਂਦਾ। ਸੋ, ਸੱਚ ਨੇ ਝੂਠ ਕੋਲੋਂ ਆਪਣੇ ਕੱਪੜੇ ਲੈਣ ਲਈ ਸੱਥਾਂ/ਪੰਚਾਇਤਾਂ ਕੀਤੀਆਂ, ਉਸ ਧਾਰਮਿਕ ਅਸਥਾਨ ਦਾ ਵਾਸਤਾ ਪਾਇਆ; ਲੇਕਿਨ ਝੂਠ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਸੰਘ ਪਾੜ-ਪਾੜ ਇਹੀ ਕਹੀ ਜਾਵੇ ਕਿ ਨਹਾਉਣ ਤੋਂ ਬਾਅਦ ਮੈਂ ਤਾਂ ਭਾਈ ਆਪਣੇ ਹੀ ਕੱਪੜੇ ਪਹਿਨੇ ਹਨ। ਮੈਨੂੰ ਕੀ ਲੋੜ ਸੀ ਕਿਸੇ ਦਾ ਉਤਾਰ ਪਾਉਣ ਦੀ?

ਬੱਸ, ਉਦੋਂ ਤੋਂ ਲੈ ਕੇ ਹੁਣ ਤੱਕ ਸੱਚ ਦਾ ਪਹਿਰਾਵਾ ਪਹਿਨਿਆ ਹੋਇਆ ਹੋਣ ਕਰ ਕੇ ਝੂਠ ਸਾਰੀ ਦੁਨੀਆਂ ਨੂੰ ਭਾਉਂਦਾ ਹੈ; ਲੇਕਿਨ ਨੰਗਾ ਘੁੰਮਦਾ ਹੋਣ ਕਰ ਕੇ ਸੱਚ ਨੂੰ ਦੁਰਕਾਰਿਆ ਜਾਂਦਾ ਹੈ। ਝੂਠ ਨੂੰ ਸਾਰੇ ਥਾਂਈਂ ਹੱਥੀਂ ਛਾਂਵਾਂ 'ਜੀ ਆਇਆਂ ਨੂੰ' ਆਖਦਿਆਂ ਸਵਾਗਤ ਕੀਤਾ ਜਾਂਦਾ ਹੈ ਪਰ ਸੱਚ ਨੂੰ ਪਾਗਲ, ਮੂਰਖ ਕਹਿ ਕੇ ਉਹਦਾ ਮਜ਼ਾਕ ਉਡਾਇਆ ਜਾਂਦਾ ਹੈ। ਸੱਚ ਵਿਚਾਰਾ...! 'ਸੱਚੇ ਨੂੰ ਕਰੇ ਝੂਠਾ, ਝੂਠੇ ਨੂੰ ਕਰੇ ਸੱਚਾ, ਹਰ ਖਚਰੇ ਬੰਦੇ ਨੂੰ ਹਾਸਿਲ ਇਹ ਮੁਹਾਰਤ ਹੈ।'

ਦੋਹਾਂ ਹਸਤੀਆਂ ਦੀ ਟੱਕਰ ਨਿਰੰਤਰ ਚਲਦੀ ਆ ਰਹੀ ਹੈ। ਦਾਅ ਲਾਉਣ ਵਾਂਗ ਕਦੇ-ਕਦੇ ਸੱਚ ਆਪਣਾ ਜਲਵਾ ਦਿਖਾ ਹੀ ਦਿੰਦਾ ਹੈ; ਭਾਵੇਂ ਉਸ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਔਰੰਗਜ਼ੇਬ ਦੀ ਧੀ ਜ਼ੇਬ-ਉਲ-ਨਿਸਾ ਨੇ ਵਿਅੰਗਮਈ ਅੰਦਾਜ਼ ਨਾਲ ਭੋਰਾ ਕੁ ਜਿੰਨਾ ਸੱਚ ਬੋਲਿਆ ਸੀ, ਵਿਚਾਰੀ ਨੂੰ ਵੀਹ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ। ਕਹਿੰਦੇ ਨੇ, ਇਕ ਸ਼ਾਮ ਇਹ ਆਪਣੇ ਬਾਪ ਨਾਲ ਬਾਗ ਦੀ ਸੈਰ ਕਰ ਰਹੀ ਸੀ। ਕਿਸੇ ਫੁੱਲਾਂ ਲੱਦੇ ਦਰਖਤ ਦੀ ਟਾਹਣੀ 'ਤੇ ਬੈਠੀ ਬੁਲਬੁਲ ਗਾ ਰਹੀ ਸੀ। ਕਵਿੱਤਰੀ ਜੇਬ-ਉਲ-ਨਿਸਾ ਨੇ ਬੁਲਬੁਲ ਨੂੰ ਮੁਖਾਤਿਬ ਹੋ ਕੇ ਸ਼ਿਅਰ ਆਖਿਆ ਜਿਸ ਦਾ ਭਾਵ ਅਰਥ ਸੀ, "ਨੀ ਗੁਸਤਾਖ ਬੁਲਬੁਲ! ਗੀਤ ਗਾਉਣਾ ਬੰਦ ਕਰ! ਤੂੰ ਜਾਣਦੀ ਨਹੀਂ ਕਿ ਮੇਰੇ ਅੱਬਾ ਬਾਦਸ਼ਾਹ ਔਰੰਗਜ਼ੇਬ ਨੇ ਗੀਤ-ਸੰਗੀਤ ਨੂੰ 'ਮਕਰੂਹ' ਦੱਸਦਿਆਂ ਇਸ 'ਤੇ ਪਾਬੰਦੀ ਲਾਈ ਹੋਈ ਹੈ।"

ਸ਼ਿਅਰ ਸੁਣ ਕੇ ਬਾਦਸ਼ਾਹ ਅੱਗ ਬਬੂਲਾ ਹੋ ਗਿਆ। ਆਪਣੀ ਸਕੀ ਧੀ ਦਾ ਵੀ ਸੱਚ ਬੋਲਿਆ ਬਰਦਾਸ਼ਤ ਨਹੀਂ ਕੀਤਾ।

ਹਮਾਤੜ-ਤਮਾਤੜ ਤਾਂ ਆਪਣੇ ਬਾਬਤ ਕਿਸੇ ਮੂੰਹੋਂ ਬੋਲਿਆ ਸੱਚ, ਔਖੇ-ਸੌਖੇ ਸੁਣ ਹੀ ਲੈਂਦੇ ਹਨ ਪਰ ਸਿਆਸੀ ਆਗੂ ਸੱਚ ਸੁਣਨਾ ਕਤਈ ਪਸੰਦ ਨਹੀਂ ਕਰਦੇ। 'ਮਰ ਜਾਉ ਚਿੜੀਓ, ਜੀ ਪਉ ਚਿੜੀਓ' ਦੇ ਮੁਹਾਵਰੇ ਮੁਤਾਬਕ ਉਨ੍ਹਾਂ ਦੀ ਹਮੇਸ਼ਾ ਇਹ ਚਾਹਤ ਰਹਿੰਦੀ ਹੈ ਕਿ ਸਾਡੇ ਕਹੇ ਤੋਂ ਚਿੜੀਆਂ ਮਰ ਜਾਣ, ਕਹੇ ਤੋਂ ਜੀ ਪੈਣ। ਸਾਡੇ ਮਗਰ ਲੱਗ ਕੇ ਪਰਜਾ ਰਾਤ ਨੂੰ ਦਿਨ ਕਹੇ ਅਤੇ ਦਿਨ ਨੂੰ ਰਾਤ। ਲੋਕ ਰਾਜ ਦੇ ਉਹਲਿਆਂ ਹੇਠ ਅਜੋਕੇ ਲੀਡਰ ਕਿਉਂਕਿ ਔਰੰਗਜ਼ੇਬ ਹੀ ਬਣੇ ਹੋਏ ਹਨ, ਇਸ ਕਰ ਕੇ ਉਹ ਕਿਸੇ ਮੂੰਹੋਂ ਸੱਚ ਸੁਣ ਕੇ ਉਹਦੇ ਵਾਂਗ ਹੀ ਅੱਗ ਭਬੂਕੇ ਹੋ ਜਾਂਦੇ ਹਨ।

ਸੱਚ ਬਾਰੇ ਇਉਂ ਵੀ ਮੰਨਿਆ ਜਾਂਦਾ ਹੈ ਕਿ ਇਹ ਸੌ ਪਰਦੇ ਪਾੜ ਕੇ ਵੀ ਬਾਹਰ ਆ ਜਾਂਦਾ ਹੈ। ਅਜਿਹਾ ਅਮਲ ਬੀਤੇ ਦਿਨੀਂ ਮੋਗਾ ਸ਼ਹਿਰ ਵਿਖੇ ਦੇਖਣ ਨੂੰ ਮਿਲਿਆ। ਸਾਰੇ ਜਾਣਦੇ ਨੇ ਕਿ ਉਥੋਂ ਦੇ ਕਾਂਗਰਸੀ ਵਿਧਾਨਕਾਰ ਜਗਿੰਦਰਪਾਲ ਜੈਨ ਨੂੰ ਮੁਕੱਦਮਿਆਂ ਦਾ ਡਰਾਵਾ ਅਤੇ ਲਾਲਚ ਦੇ ਕੇ 'ਅਕਾਲੀ' ਬਣਾ ਲਿਆ ਗਿਆ। ਉਸ ਨੂੰ ਬਤੌਰ 'ਅਕਾਲੀ ਵਿਧਾਨਕਾਰ' ਜਿਤਾਉਣ ਲਈ ਉਥੇ ਹਰ ਹੀਲਾ ਵਰਤਿਆ ਗਿਆ। ਚੰਡੀਗੜ੍ਹੋਂ ਛਪਦੀ ਇਕ ਪੰਜਾਬੀ ਅਖ਼ਬਾਰ ਦੇ 21 ਫਰਵਰੀ 2013 ਵਾਲੇ ਅੰਕ ਅਨੁਸਾਰ 'ਮੋਗਾ ਬਾਰ ਐਸੋਸੀਏਸ਼ਨ' ਨੇ ਸ਼ਾਨਦਾਰ ਇਕੱਠ ਕਰ ਕੇ ਸੁਖਬੀਰ ਬਾਦਲ ਨੂੰ ਬੁਲਾਇਆ। ਆਪਣੇ ਸਟਾਈਲ ਮੁਤਾਬਕ ਸੁਖਬੀਰ ਬਾਦਲ ਨੇ ਵਕੀਲਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ 'ਹੁਣ ਅਸੀਂ ਮੋਗਾ ਸ਼ਹਿਰ ਦੀ ਕਾਇਆ-ਕਲਪ ਕਰ ਦੇਣੀ ਹੈ, ਗਲੀਆਂ-ਨਾਲੀਆਂ ਦਾ ਗੰਦ-ਮੰਦ ਸਾਫ਼ ਕਰ ਕੇ ਵਿਕਾਸ ਦੀ ਹਨੇਰੀ ਲਿਆ ਦੇਣੀ ਹੈ।'

ਇਸ ਐਸੋਸੀਏਸ਼ਨ ਦੇ ਮੌਜੂਦਾ ਪ੍ਰਧਾਨ ਸੁਨੀਲ ਗਰਗ ਨੇ ਤਾਂ ਆਮ ਵਾਂਗ ਚਿਕਨੀਆਂ-ਚੋਪੜੀਆਂ ਗੱਲਾਂ ਕਰ ਕੇ ਸੁਖਬੀਰ ਬਾਦਲ ਨੂੰ ਇਕ-ਇਕ ਵੋਟ ਪਾਉਣ ਦਾ ਭਰੋਸਾ ਦੇ ਦਿੱਤਾ; ਲੇਕਿਨ ਉਸੇ ਵੇਲੇ ਸੱਚ ਨੰਗਾ ਹੀ ਕਿਧਰੋਂ ਆ ਧਮਕਿਆ। ਕਹਿੰਦੇ ਨੇ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਕੱਟੜ ਅਕਾਲੀ ਸਮਰਥਕ ਸ. ਨਰਿੰਦਰ ਸਿੰਘ ਚਾਹਲ ਨੇ ਦੋ ਮਿੰਟ ਦਾ ਸਮਾਂ ਲੈ ਕੇ ਇਉਂ ਬੋਲਣਾ ਸ਼ੁਰੂ ਕੀਤਾ, "ਬਾਦਲ ਸਾ'ਬ ਜੀ, ਮੰਨਿਆ ਕਿ ਤੁਸੀਂ ਮੋਗੇ ਦੀਆਂ ਗਲੀਆਂ-ਨਾਲੀਆਂ ਦਾ ਗੰਦ-ਮੰਦ ਸਾਫ਼ ਕਰ ਦਿਉਗੇ, ਪਰ ਜਿਹੜਾ ਉਮੀਦਵਾਰ ਤੁਸੀਂ ਸਾਡੇ ਸਿਰ 'ਤੇ ਬਹਾਉਣ ਜਾ ਰਹੇ ਹੋ, ਉਹਦੇ ਕਿਰਦਾਰ ਬਾਰੇ ਸਾਰਾ ਇਲਾਕਾ ਅਤੇ ਤੁਸੀਂ ਚੰਗੀ ਤਰ੍ਹਾਂ ਜਾਣੂੰ ਹੋ, ਕਿਉਂਕਿ ਕੁਝ ਮਹੀਨੇ ਪਹਿਲਾਂ ਹੀ ਤੁਸੀਂ ਇਸ ਨੂੰ ਕੌਮਾਂਤਰੀ ਸਮਗਲਰ ਅਤੇ ਅਪਰਾਧੀ ਗਰਦਾਨਿਆ ਸੀ। ਹਾਲੇ ਤੱਕ ਵੀ ਇਹਦੇ ਉਤੇ ਦਸ ਕੁ ਅਪਰਾਧਕ ਕੇਸ ਚੱਲ ਰਹੇ ਨੇ, ਪਰ ਹੁਣ ਤੁਸੀਂ ਇਸ ਨੂੰ 'ਹੀਰਾ' ਦੱਸ ਰਹੇ ਹੋ, ਅਜਿਹਾ ਕਰ ਕੇ ਤੁਸੀਂ ਆਪਣੇ ਹੀ ਕੀਤੇ ਹੋਏ ਐਲਾਨਾਂ ਦੀ ਮਿੱਟੀ ਪਲੀਤ ਨਹੀਂ ਕਰ ਰਹੇ ਹੋ? ਸ੍ਰੀਮਾਨ ਜੀ, ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਅੰਮ੍ਰਿਤਸਰ ਵਿਚ ਰਾਣਾ ਨਾਂ ਦੇ ਇਕ ਅਕਾਲੀ ਆਗੂ ਨੇ ਏ.ਐਸ.ਆਈ. ਦਾ ਕਤਲ ਕਰ ਦਿੱਤਾ ਸੀ, ਤਦ ਤੁਸੀਂ ਖੁਦ ਇਹ ਐਲਾਨ ਕੀਤਾ ਸੀ ਕਿ ਭਵਿੱਖ ਵਿਚ ਕਿਸੇ ਵਿਅਕਤੀ ਨੂੰ ਬਾਦਲ ਦਲ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਉਸ ਦੇ ਪਿਛੋਕੜ ਦੀ ਪੂਰੀ ਛਾਣ-ਬੀਣ ਕੀਤੀ ਜਾਇਆ ਕਰੇਗੀ; ਪਰ ਜੈਨ ਦੇ ਮਾਮਲੇ ਵਿਚ ਸਭ ਕੁਝ ਪਤਾ ਹੁੰਦਿਆਂ ਤੁਸੀਂ ਉਸ ਨੂੰ ਕੇਵਲ 'ਦਲ' ਵਿਚ ਸ਼ਾਮਲ ਹੀ ਨਹੀਂ ਕਰਿਆ, ਸਗੋਂ ਐਮ.ਐਲ.ਏ. ਬਣਾਉਣ ਜਾ ਰਹੇ ਹੋ।"

ਇਸ ਮੌਕੇ ਸ. ਚਾਹਲ ਨੇ ਇਹ ਵੀ ਜ਼ੋਰ ਦੇ ਕੇ ਆਖਿਆ ਕਿ ਪ੍ਰਧਾਨ ਜੀ, ਸਥਾਨਕ ਵਰਕਰਾਂ ਅਤੇ ਆਗੂਆਂ ਉਤੇ ਆਪਣੀ ਅਵਾਜ਼ ਥੋਪੋ ਨਾ, ਸਥਾਨਕ ਲੋਕਾਂ ਦੀ ਚੁੱਪ ਦੇ ਅਰਥਾਂ ਦਾ ਮਤਲਬ ਸਮਝੋ। ਖਬਰ ਅਨੁਸਾਰ ਇਸ ਮੌਕੇ 'ਭਰੋਸੇਮੰਦ ਚਮਚਾਗਿਰੀ' ਦਾ ਸਬੂਤ ਦਿੰਦਿਆਂ ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਮਾਈਕ ਦੀ ਤਾਰ ਕੱਟ ਦਿੱਤੀ। ਇਹੀ ਚੰਦੂਮਾਜਰਾ ਸੰਨ 2002 ਵਿਚ ਬਾਦਲ ਦਲ ਤੋਂ ਮੇਰੇ ਬਾਗੀ ਹੋਣ ਦੀ ਖਬਰ ਸੁਣ ਕੇ ਐਨੇ ਹੁੱਬੇ ਸਨ ਕਿ ਮੈਨੂੰ ਵਧਾਈਆਂ ਦੇਣ ਲਈ ਮੇਰੇ ਘਰੇ ਚੱਲ ਕੇ ਆਏ ਸਨ।

ਮੋਗੇ ਦੇ ਵਕੀਲਾਂ ਦੇ ਇਸ ਇਕੱਠ ਵਿਚ ਸ. ਚਾਹਲ ਵੱਲੋਂ ਕਹੀਆਂ ਗਈਆਂ ਖਰੀਆਂ-ਖਰੀਆਂ ਗੱਲਾਂ ਪਾਰਟੀ ਆਗੂਆਂ ਨੂੰ ਮਿਰਚਾਂ ਵਾਂਗ ਕੌੜੀਆਂ ਲੱਗੀਆਂ ਹੋਣਗੀਆਂ ਪਰ ਹਾਜ਼ਰੀਨ ਨੇ ਜ਼ੋਰਦਾਰ ਤਾੜੀਆਂ ਮਾਰ ਕੇ ਸ. ਚਾਹਲ ਵੱਲੋਂ ਬੋਲੇ ਗਏ ਸੱਚ ਦੀ ਭਰਪੂਰ ਵਜਾਹਤ ਕੀਤੀ। ਦਰ-ਹਕੀਕਤ ਲੋਕੀਂ ਲੀਡਰਾਂ ਵੱਲੋਂ ਦਿੱਤਾ ਜਾ ਰਿਹਾ ਗੁੜ ਖਾ-ਖਾ ਕੇ ਅੱਕ ਗਏ ਹਨ, ਅਖੀਰ ਮਿੱਠਾ ਖਾਣ ਦੀ ਵੀ ਕੋਈ ਹੱਦ ਹੁੰਦੀ ਹੈ!

## ਕਾਵਿ-ਜਗਤ

### ਪੱਤਝੜ

ਫੁੱਲਾਂ ਦਾ ਖੇੜਾ ਅਥਾਹ ਆਨੰਦ
ਰੁੱਖਾਂ ਨਾਲ ਮਨੁੱਖੀ ਸਾਂਝ ਅਜਬ ਸਕੂਨ।
ਪੁੰਗਰਨ ਤੋਂ ਭਰ ਜੋਬਨ ਤੀਕ
ਜੋ ਸੰਗੀਤ ਛੋਹਦੇ ਰਾਹੀਆਂ ਨੂੰ ਸਰੂਰਦੇ
ਵਧਦੇ ਰਹਿਣ ਪੱਤਝੜ ਵਸ
ਮਨੁੱਖਾਂ ਵਾਂਗ ਹੀ।

ਪੱਤਝੜ ਦੀ ਰੁੱਤ ਵੀ
ਇਥੇ ਰੁੱਖੀ ਨਹੀਂ, ਉਦਾਸ ਨਹੀਂ।
ਨਿਪੱਤਰੇ ਹੋਣੋਂ ਪਹਿਲਾਂ
ਜਾਪਦੈ ਪਹਿਨ ਲਈ ਹੈ
ਇਨ੍ਹਾਂ ਨੇ ਅਰਗਵਾਲੀ ਪੁਸ਼ਾਕ
ਰੰਗਾਂ ਦੀ ਹੋਲੀ ਖੇਡਣ ਲਈ।

ਹਰਿਆਂ ਤੋਂ ਸੂਹੇ ਹੁੰਦੇ ਹੁੰਦੇ
ਪੀਲਿਆਂ 'ਚ ਵਟ ਕੇ
ਖਿਲਰ ਰਹੇ ਨੇ ਪੱਤਾ ਪੱਤਾ
ਤਰੇਲ ਭਿੱਜੇ ਘਾਹ ਦੀ ਮਖਮਲੀ ਛਾਤੀ 'ਤੇ
ਮੁਟਿਆਰਾਂ ਜਿਵੇਂ ਆਪਣੇ ਚਾਵਾਂ ਦੀਆਂ
ਰੰਗ ਬਰੰਗੀਆਂ ਬੂਟੀਆਂ ਕੱਢ ਰਹੀਆਂ ਹੋਣ।

ਸੂਰਜ ਵੀ ਜਿਵੇਂ
ਅਸਮਾਨ ਨਾਲ ਲੁਕਨਮੀਟੀ
ਖੇਡ ਰਿਹਾ ਹੋਵੇ,
ਬੱਦਲੀਆਂ ਦੀ ਡੱਬ-ਖੜੱਬੀ
ਕੰਬਲੀ ਓਹਤ ਕੇ।
ਕਦੀ ਨਿੱਕੀ ਨਿੱਕੀ ਕਣੀ ਦਾ
ਮੀਂਹ ਵਰਸਦਾ ਹੈ,
ਕਦੀ ਸੂਰਜ ਬਦਲੀਆਂ 'ਚੋਂ ਹੱਸਦਾ ਹੈ।
ਹੋਰ ਨਿੱਖਰ ਜਾਂਦੀਆਂ
ਮੀਂਹ ਭਿੱਜੀਆਂ ਸਲੇਟੀ ਸੜਕਾਂ...
ਪਰ ਉਦਾਸ ਹੈ ਲੋੜਾਂ ਦੀ ਪਹੁੰਚ ਤੋਂ
ਕਿਤੇ ਅਗਾਂਹ ਲੰਘਿਆ ਆਦਮੀ
ਦਬਿਆ ਦਬੋਚਿਆ
ਬੈਂਕਾਂ, ਬਿੱਲਾਂ ਦੇ ਕਰਜ਼ਿਆਂ ਵਿਚ
ਦੌੜੀ ਜਾ ਰਿਹਾ
ਦੌੜਦੀਆਂ ਕਾਰਾਂ ਦੇ
ਬੰਦ ਸ਼ੀਸ਼ਿਆਂ 'ਚ ਬੈਠਾ।
ਇਹ ਬਦਲਦੀਆਂ ਰੁੱਤਾਂ ਨੂੰ ਮਾਣੇ...
ਵਿਹਲ ਹੀ ਨਹੀਂ ਇਹਨੂੰ।
ਕਿਸ ਖੋਹ ਲਏ ਇਸ ਦੇ
ਮਨੁੱਖੀ ਖਾਸੇ, ਕੋਮਲ ਭਾਵ?

*-ਸਵਰਾਜ ਕੌਰ, ਵਾਸ਼ਿੰਗਟਨ*
*ਫੋਨ: 360-597-8437*

---

### ਸਾਧਣੀ ਬਣਾ ਲੋ ਬਾਬਾ ਜੀ

**ਲੜਕੀ:** ਪੂਰੇ ਹੌਸਲੇ ਦੇ ਨਾਲ
ਮਾਂਜੂੰ ਕੌਲੀਆਂ ਤੇ ਥਾਲ।
ਕੋਰੇ ਕਾਗਜ਼ 'ਤੇ ਭਾਵੇਂ ਲਿਖਾ ਲੋ।
ਬਾਬਾ ਜੀ ਮੇਰੇ ਭਾਗ ਖੋਲ ਦਿਓ,
ਮੈਨੂੰ ਡੇਰੇ ਵਿਚ ਸਾਧਣੀ ਬਣਾ ਲੋ।
**ਬਾਬਾ ਜੀ:** ਰੱਬ ਸੌਖਾ ਨਹੀਂ ਹੈ ਪਾਉਣਾ
ਜੇ ਤੈਂ ਮੌਕਾ ਨਹੀਂ ਗਵਾਉਣਾ।
ਰਾਤੀਂ ਪਊਗਾ ਦੀਵਾਨ ਵਿਚ ਜਾਗਣਾ।
ਬੀਬਾ ਜੋ ਪਿੱਛੇ ਘਰ ਬਾਰ ਹੈ,
ਉਹ ਵੀ ਪੈਣਾ ਸਦਾ ਲਈ ਤਿਆਗਣਾ।
**ਲੜਕੀ:** ਥੋੜੀ ਸੋਭਾ ਹੁੰਦੀ ਭਾਰੀ
ਥੋਤੋਂ ਜਾਵਾਂ ਮੈਂ ਬਲਿਹਾਰੀ।
ਏਥੇ ਜ਼ਿੰਦਗੀ ਮੈਂ ਸਾਰੀ
ਸਦਾ ਰਹੂੰਗੀ ਕੁਆਰੀ।
ਮੈਂ ਹਾਂ ਦੁਖਿਆਰੀ, ਚਰਨੀਂ ਲਾ ਲੋ।
ਬਾਬਾ ਜੀ ਮੇਰੇ ਭਾਗ ਖੋਲ ਦਿਓ,
ਮੈਨੂੰ ਡੇਰੇ ਵਿਚ ਸਾਧਣੀ ਬਣਾ ਲੋ।
**ਬਾਬਾ ਜੀ:** ਨਾ ਕੋਈ ਧਨ ਇਥੇ ਕਾਲਾ
ਕਰੀ ਜਾਂਦੇ ਲਾਲਾ ਲਾਲਾ।
ਸਾਡੇ ਹੱਥ ਤਾਂ ਹੈ ਮਾਲਾ
ਸਾਨੂੰ ਕਿਸੇ ਦਾ ਨਹੀਂ ਪਾਲਾ।
ਇਥੈ ਬੜੀਆਂ ਨੇ ਹੋਰ ਵੀ ਸੁਭਾਗਣਾਂ।
ਬੀਬਾ ਜੋ ਪਿਛੇ ਘਰ ਬਾਰ ਹੈ
ਉਹ ਵੀ ਪੈਣਾ ਸਦਾ ਲਈ ਤਿਆਗਣਾ।
**ਲੜਕੀ:** ਸੇਵਾ ਸਿਮਰਨ ਤਾਰੂ
ਲਾਊਂ ਖੁਸ਼ ਹੋ ਹੋ ਝਾੜੂ।
ਗੁਰੂ ਕਾਰਜ ਸੁਆਰੂ,
ਬਾਣੀ ਹਉਮੈ ਨੂੰ ਮਾਰੂ।
ਬਾਣਾ ਭਗਵਾਂ ਮੇਰੇ ਲਈ ਮੰਗਵਾ ਲੋ।
ਬਾਬਾ ਜੀ ਮੇਰੇ ਭਾਗ ਖੋਲ ਦਿਓ,
ਮੈਨੂੰ ਡੇਰੇ ਵਿਚ ਸਾਧਣੀ ਬਣਾ ਲੋ।
**ਬਾਬਾ ਜੀ:** ਅਹੁ ਆ ਚੀਮਨੇ ਤੋਂ ਚੇਲਾ,
ਉਹਦੇ ਭਾਅ ਦਾ ਇਥੇ ਮੇਲਾ।
ਰੱਖੇ ਹੱਥ ਵਿਚ ਸੇਲਾ,
'ਰਾਜ' ਫਿਰਦਾ ਰਹੇ ਵਿਹਲਾ।
ਉਹ ਤਾਂ ਫਿਰਦਾ ਬਣਾਈ ਕਈ ਲਿਹਾਜਣਾਂ।
ਬੀਬਾ ਜੋ ਪਿਛੇ ਘਰ ਬਾਰ ਹੈ
ਉਹ ਵੀ ਪੈਣਾ ਸਦਾ ਲਈ ਤਿਆਗਣਾ।

*-ਰਾਜ ਧਾਲੀਵਾਲ*

## ਸੰਪਾਦਕ ਦੀ ਡਾਕ

### ਮਾਂ ਦਾ ਰਿਸ਼ਤਾ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 23 ਫਰਵਰੀ ਦੇ ਅੰਕ ਵਿਚ ਬਲਵਿੰਦਰ ਸਿੰਘ ਜੰਮੂ ਦਾ ਮਾਂ ਦੇ ਰਿਸ਼ਤੇ ਬਾਰੇ ਸ਼ਰਧਾਂਜਲੀ ਲੇਖ 'ਠਾਂਦੇਦਾਰਨੀ ਜਿਹਾ ਹੀ ਰੋਹਬ ਸੀ ਬੇਬੇ ਦਾ...' ਪੜ੍ਹਿਆ। ਮਾਂ ਦੇ ਪਵਿੱਤਰ ਰਿਸ਼ਤੇ ਨੂੰ ਚੇਤੇ ਕਰਕੇ ਮੇਰਾ ਮਨ ਭਰ ਆਇਆ ਅਤੇ ਕਿਸੇ ਸ਼ਾਇਰ ਦੀਆਂ ਇਹ ਸਤਰਾਂ ਚੇਤੇ ਆ ਗਈਆਂ ਜੋ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ:

ਭੋਲੀ ਜਾਤ ਹੈ ਮਿਸਰ ਕਬੂਤਰਾਂ ਦੀ
ਖਚਰਾ ਪੰਛੀਆਂ ਵਿਚੋਂ ਨਹੀਂ ਕਾਂ ਜਿਹਾ।
ਰੁੱਖ ਹੈਨ ਜਹਾਨ 'ਤੇ ਬੜੇ ਲੱਖਾਂ
ਮਜ਼ਾ ਨਹੀਂ ਬੋਹੜ ਦੀ ਛਾਂ ਜਿਹਾ।
ਮਰਦੀ ਮਾਂ ਤੇ ਪਾਲਦੀ ਬੱਚਿਆਂ ਨੂੰ
ਦੁੱਧ ਨਹੀਂ ਡਿੱਠਾ ਕਿਸੇ ਗਾਂ ਜਿਹਾ।
ਕਾਲੀਦਾਸ ਜਹਾਨ 'ਤੇ ਬੜੇ ਰਿਸ਼ਤੇ
ਰਿਸ਼ਤਾ ਨਹੀਂ ਕੋਈ ਪੁੱਤ ਤੇ ਮਾਂ ਜਿਹਾ।

*-ਮੇਜਰ ਸੁਰਿੰਦਰਜੀਤ ਸਿੰਘ ਬਰਾੜ*
*ਫੋਨ: 414-763-1409*

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

Radio CK, PO Box 296, Fremont, CA 94537

# ਵਧਾਈਆਂ! ਵਧਾਈਆਂ!! ਵਧਾਈਆਂ!!!

## ਕੰਗ ਪਰਿਵਾਰ ਅਤੇ ਮਾਹਲ ਪਰਿਵਾਰ ਨੂੰ ਵਧਾਈਆਂ

ਮਨਪ੍ਰੀਤ ਕੌਰ ਸਪੁੱਤਰੀ ਸ. ਗੁਰਮੇਲ ਸਿੰਘ ਕੰਗ ਤੇ ਬਲਵਿੰਦਰ ਕੌਰ ਕੰਗ (ਰਿਚਮੰਡ, ਵਰਜੀਨੀਆ) ਅਤੇ ਅਮਨਦੀਪ ਸਿੰਘ ਮਾਹਲ ਸਪੁੱਤਰ ਸ. ਤੇਜਿੰਦਰ ਸਿੰਘ ਮਾਹਲ ਤੇ ਗੁਰਪ੍ਰੀਤ ਕੌਰ ਮਾਹਲ (ਚੰਡੀਗੜ੍ਹ) ਦੇ ਸ਼ੁਭ ਵਿਆਹ ਦੀ ਦੋਹਾਂ ਪਰਿਵਾਰਾਂ ਨੂੰ ਬਹੁਤ ਬਹੁਤ ਵਧਾਈ। ਵਾਹਿਗੁਰੂ ਇਸ ਨਵੀਂ ਸੁਭਾਗੀ ਜੋੜੀ ਦੀ ਝੋਲੀ ਬੇਪਨਾਹ ਖੁਸ਼ੀਆਂ ਨਾਲ ਭਰੇ

ਵਲੋਂ: ਮਿੱਤਰ, ਦੋਸਤ ਅਤੇ ਸਬੰਧੀ











# ‘ਸਿਹਤ, ਸਾਹਿਤ ਤੇ ਸਮਾਜ’ ਵਿਸ਼ੇ ’ਤੇ ਸੈਮੀਨਾਰ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਵਲੋਂ ਇਥੇ ‘ਸਿਹਤ, ਸਾਹਿਤ ਅਤੇ ਸਮਾਜ’ ਵਿਸ਼ੇ ’ਤੇ ਕਰਵਾਏ ਗਏ ਸੈਮੀਨਾਰ ਵਿਚ ਜਿਥੇ ਸਿਹਤ ਬਾਰੇ ਚਰਚਾ ਹੋਈ, ਵਿਛੜ ਗਏ ਕਹਾਣੀਕਾਰ ਮਨਿੰਦਰ




*ਸੈਮੀਨਾਰ ਦੌਰਾਨ ਸਵਾਲਾਂ ਦਾ ਜਵਾਬ ਦਿੰਦੇ ਹੋਏ ਡਾ. ਮਾਜਿਦ ਅਲੀ ਅਤੇ ਮੰਚ ‘ਤੇ ਡਾ. ਰਾਮਜੀ ਦਾਸ ਸੇਠੀ ਤੇ ਉਂਕਾਰ ਸਿੰਘ ਡੁਮੇਲੀ*

ਕਾਂਗ, ਨਾਵਲਕਾਰ ਕਰਨੈਲ ਸਿੰਘ ਨਿੱਝਰ ਅਤੇ ਗ਼ਜ਼ਲਗੋ ਤਰਲੋਕ ਜੱਜ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਉਥੇ ਨਾਲ ਹੀ ਸਾਹਿਤਕ ਰਚਨਾਵਾਂ ਦਾ ਦੌਰ ਵੀ ਚੱਲਿਆ। ਜ਼ਿਕਰਯੋਗ ਹੈ ਕਿ ਆਪੋ-ਆਪਣੇ ਖੇਤਰ ਵਿਚ ਥੰਮ ਮੰਨੇ ਜਾਂਦੇ ਉਪਰੋਕਤ ਤਿੰਨੇ ਲੇਖਕ ਪਿਛਲੇ ਦਿਨੀਂ ਚਲਾਣਾ ਕਰ ਗਏ ਸਨ।

ਡਾ. ਰਾਮਜੀ ਦਾਸ ਸੇਠੀ ਦੀ ਪ੍ਰਧਾਨਗੀ ਹੇਠ ਹੋਏ ਇਸ ਸੈਮੀਨਾਰ ਵਿਚ ਮੁੱਖ ਬੁਲਾਰੇ ਦੇ ਤੌਰ ‘ਤੇ ਨਿਊ ਯਾਰਕ ਦੇ ਮੰਨੇ-ਪ੍ਰਮੰਨੇ ਡਾਕਟਰ ਅਤੇ ਸ਼ਾਇਰ ਡਾ. ਮਾਜਿਦ ਅਲੀ ਨੇ ਹਾਜ਼ਰੀ ਭਰੀ। ਪ੍ਰਧਾਨਗੀ ਮੰਡਲ ਵਿਚ ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੀ ਨੁਮਾਇੰਦਗੀ ਮੀਤ ਪ੍ਰਧਾਨ ਉਂਕਾਰ ਸਿੰਘ ਡੁਮੇਲੀ ਨੇ ਕੀਤੀ। ਉਂਕਾਰ ਸਿੰਘ ਡੁਮੇਲੀ ਅਤੇ ਡਾ. ਰਾਮਜੀ ਦਾਸ ਸੇਠੀ ਨੇ ਡਾ. ਮਾਜਿਦ ਅਲੀ ਦੀ ਸੰਖੇਪ ਜਾਣ-ਪਛਾਣ ਕਰਵਾਈ।

ਡਾ. ਮਾਜਿਦ ਅਲੀ ਨੇ ਆਪਣੇ ਇਕ ਘੰਟੇ ਦੇ ਲੈਕਚਰ ਵਿਚ ਸਿਹਤ ਦੀ ਤੰਦਰੁਸਤੀ ਪ੍ਰਤੀ ਸੁਚੇਤ ਹੋਣ ਲਈ ਸਰੋਤਿਆਂ ਨੂੰ ਚੇਤੰਨ ਕਰਦਿਆਂ ਆਖਿਆ ਕਿ ਅਮਰੀਕਾ ਦਾ 40 ਫੀਸਦੀ ਅਰਥਚਾਰਾ ਸਿਰਫ ਦਵਾਈਆਂ ‘ਤੇ ਨਿਰਭਰ ਹੈ। ਜ਼ਰਾ ਸੋਚੋ, ਜੇ ਸਾਰੇ ਲੋਕ ਤੰਦਰੁਸਤ ਹੋ ਜਾਣ ਤਾਂ ਅਰਥਚਾਰੇ ਦਾ ਕੀ ਬਣੇਗਾ? ਉਨ੍ਹਾਂ ਕਿਹਾ ਕਿ ਇਸ ਲਈ ਸਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਫਾਸਟ ਫੂਡ ਸਾਡੀ ਸਿਹਤ ਨੂੰ ਕਿਸ ਪਾਸੇ ਵੱਲ ਲਿਜਾ ਰਿਹਾ ਹੈ? ਇਹ ਫਾਸਟ ਫੂਡ ਸਾਡੀ ਸਿਹਤ ਵਿਚ ਵਿਗਾੜ ਪੈਦਾ ਕਰਨ ਤੋਂ ਬਿਨਾ ਕੁਝ ਨਹੀਂ ਕਰਦਾ। ਅਰੋਗ ਨਾਗਰਿਕ ਹੀ ਸਿਹਤਮੰਦ ਸਮਾਜ ਦੀ ਉਸਾਰੀ ਕਰ ਸਕਦੇ ਹਨ। ਸਿਹਤਮੰਦ ਸਾਹਿਤ ਹੀ ਸਿਹਤਮੰਦ ਸੋਚ ਦੀ ਉਸਾਰੀ ਕਰਦਾ ਹੈ, ਇਹ ਉਸਾਰੂ ਸੋਚ ਹੀ ਸਿਹਤਮੰਦ ਸਮਾਜ ਦੀ ਆਧਾਰ-ਸ਼ਿਲਾ ਬਣਦੀ ਹੈ। ਡਾ. ਅਲੀ ਨੇ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ।

ਸਾਹਿਤਕ ਰਚਨਾਵਾਂ ਦੇ ਦੌਰ ਵਿਚ ਡਾ. ਸੇਠੀ ਨੇ ਕਹਾਣੀ ‘ਹਿੱਸਾ-ਪੱਤੀ’ ਪੜ੍ਹੀ। ਗਜਿੰਦਰ ਸਿੰਘ ਨੇ ਨਿਰਮਲ ਸਿੰਘ ਕੰਧਾਲਵੀ ਦੀ ਵਿਅੰਗ ਕਵਿਤਾ ‘ਲੋਟੂ ਬਾਬਾ’ ਪੜ੍ਹ ਕੇ ਪਖੰਡੀ ਸਾਧਾਂ, ਜੋਤਸ਼ੀਆਂ, ਅਖੌਤੀ ਬਾਬਿਆਂ ਨੂੰ ਕਲਮ ਦੀ ਨੋਕ ਨਾਲ ਛਿੱਲਿਆ। ਜਸਬੀਰ ਸਿੰਘ, ਦਲਜੀਤ ਮੋਖਾ, ਮੋਹਨ ਸਿੰਘ ਭੰਵਰਾ, ਬਲਬੀਰ ਸਿੰਘ ਡੁਮੇਲੀ, ਮਨਮੋਹਨ ਆਲਮ, ਡਾ. ਅਵਤਾਰ ਸਿੰਘ, ਅਬਦੁਲ ਮਜੀਦ, ਪਰਗਟ ਸਿੰਘ ਪੰਜਾਬੀ, ਲਸ਼ਕਰ ਸਿੰਘ, ਉਂਕਾਰ ਸਿੰਘ ਡੁਮੇਲੀ ਅਤੇ ਸੁਰਿੰਦਰ ਸੋਹਲ ਆਦਿ ਨੇ ਕਲਾਮ ਪੇਸ਼ ਕੀਤਾ। ਅਜਾਇਬ ਸਿੰਘ ਨੇ ‘ਮਾਂ’ ਬਾਰੇ ਲਿਖਿਆ ਗੀਤ ਤਰੰਨਮ ਵਿਚ ਪੇਸ਼ ਕਰਕੇ ਸਭ ਨੂੰ ਭਾਵੁਕ ਕਰ ਦਿੱਤਾ।

ਇਸ ਮੌਕੇ ਸਾਹਿਤ ਪ੍ਰੇਮੀਆਂ ‘ਚ ਹੋਰਨਾਂ ਤੋਂ ਬਿਨਾਂ ਰੇਸ਼ਮ ਸਿੰਘ, ਜਸਵਿੰਦਰ ਸਿੰਘ, ਲਤੀਫ਼ ਬਾਜਵਾ, ਜ਼ਾਹਿਦ ਕੁਰੈਸ਼ੀ, ਸਰਬਜੀਤ ਕੌਰ ਜਿੰਦ, ਬਲਦੇਵ ਕੌਰ, ਤਲਿਤ ਮਜੀਦ, ਅਜਮੇਰ ਕੌਰ, ਅਕੈਡਮੀ ਦੇ ਉਮਰ ਭਰ ਦੇ ਪ੍ਰਧਾਨ ਸ੍ਰੀਮਤੀ ਮਨੋਹਰ ਸਿੰਘ ਮਾਰਕੋ, ਰਾਜਿੰਦਰ ਕੌਰ, ਗੁਰਪ੍ਰੀਤ ਵਿੱਕੀ, ਐਚ ਓ ਚੱਡਾ, ਹਰਜਿੰਦਰ ਸਿੰਘ ਖਹਿਰਾ, ਜਗਜੀਤ ਸਿੰਘ ਪੰਜਾਬੀ, ਬੀ ਜੇ ਸਿੰਘ, ਸਿਮਰਨਜੀਤ ਸਿੰਘ ਤੇ ਹਰਮਿੰਦਰ ਸਿੰਘ ਹਾਜ਼ਰ ਸਨ।

## ਵੀਰੱਪਨ ਦੇ ਸਾਥੀਆਂ ਦੀ ਫਾਂਸੀ ‘ਤੇ ਰੋਕ

**ਨਵੀਂ ਦਿੱਲੀ:** ਸੰਦਲ ਸਮਗਲਰ ਵੀਰੱਪਨ ਦੇ ਚਾਰ ਸਾਥੀਆਂ ਨੂੰ ਫਾਂਸੀ ਦੇਣ ਉਪਰ ਸੁਪਰੀਮ ਕੋਰਟ ਨੇ ਅਗਲੇ ਹੁਕਮਾਂ ਤਕ ਰੋਕ ਲਾ ਦਿੱਤੀ ਹੈ। ਚੀਫ਼ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਵਾਲੇ ਬੈਂਚ ਨੇ ਇਸ ਬਾਰੇ ਪਟੀਸ਼ਨ ਦੀ ਸੁਣਵਾਈ ਛੇ ਮਹੀਨਿਆਂ ਲਈ ਟਾਲਦਿਆਂ ਕਿਹਾ ਕਿ ਇਕ ਹੋਰ ਬੈਂਚ ਦਾ ਇਕ ਹੋਰ ਅਜਿਹੇ ਮੁੱਦੇ ‘ਤੇ ਫੈਸਲਾ ਉਡੀਕਣਾ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਤੇ ਐਮ.ਐਨ. ਦਾਸ ਨੇ ਸੁਪਰੀਮ ਕੋਰਟ ਵਿਚ ਇਸ ਆਧਾਰ ‘ਤੇ ਪਟੀਸ਼ਨ ਪਾਈ ਹੋਈ ਹੈ ਕਿ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉੱਪਰ ਲੰਬਾ ਸਮਾਂ ਅਮਲ ਨਾ ਹੋਣ ਕਾਰਨ ਉਹ ਆਪਣੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਾਉਣ ਦੇ ਹੱਕਦਾਰ ਹਨ।



*ਅਟਾਰਨੀ ਅਨੂ ਪੇਸ਼ਾਵਰੀਆ ਗੁਰੂ ਘਰ ਵਲੋਂ ਸਿਰੋਪਾਓ ਹਾਸਲ ਕਰਦੇ ਹੋਏ*

## ਅਟਾਰਨੀ ਅਨੂ ਪੇਸ਼ਾਵਰੀਆ ਦਾ ਸਿਆਟਲ ਵਿਚ ਸਨਮਾਨ

**ਕੈਂਟ, ਵਾਸ਼ਿੰਗਟਨ (ਬਿਊਰੋ):** ਨਾਮੀ ਵਕੀਲ ਅਨੂ ਪੇਸ਼ਾਵਰੀਆ ਨੇ ਇਥੇ ਗੁਰਦੁਆਰਾ ਸੱਚਾ ਮਾਰਗ ਵਿਖੇ ਲੰਘੀ 17 ਫਰਵਰੀ ਨੂੰ ਸੰਗਤਾਂ ਨੂੰ ਸੰਬੋਧਨ ਕਰਦਿਆਂ ਇਮੀਗਰੇਸ਼ਨ ਨਾਲ ਸਬੰਧਤ ਵੱਖ ਵੱਖ ਮਸਲਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿਚ ਪਰਵਾਸੀ ਬਾਸ਼ਿੰਦੇ ਹੁੰਦਿਆਂ ਸਾਡੇ ਕੀ ਕੀ ਹੱਕ ਅਤੇ ਫਰਜ਼ ਹਨ। ਬੀਬੀ ਅਨੂ ਨੇ ਘਰੇਲੂ ਹਿੰਸਾ, ਇਮੀਗਰੇਸ਼ਨ ਸੁਧਾਰਾਂ ਅਤੇ ਕੌਮਾਂਤਰੀ ਵਿਆਹਾਂ ਦੇ ਮਾਮਲਿਆਂ ਬਾਰੇ ਵੱਖ ਵੱਖ ਪਹਿਲੂਆਂ ਨੂੰ ਛੋਹਿਆ ਅਤੇ ਸੰਗਤ ਦੇ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਬੀਬੀ ਅਨੂ ਪੇਸ਼ਾਵਰੀਆ ਦਾ ਮਾਣ ਸਤਿਕਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਗੁਰੂ ਘਰ ਦੀ ਤਰਫੋਂ ਗਿਆਨੀ ਗੁਰਮੀਤ ਸਿੰਘ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਜ਼ਿਕਰਯੋਗ ਹੈ ਕਿ ਅਟਾਰਨੀ ਅਨੂ ਪੇਸ਼ਾਵਰੀਆ ਨੇ ਹਾਲ ਹੀ ਵਿਚ ਸਿਆਟਲ ਵਿਚ ਆਪਣਾ ਵਕਾਲਤ ਦਾ ਦਫਤਰ ਖੋਲ੍ਹਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦਾ ਫਰੀਮਾਂਟ, ਕੈਲੀਫੋਰਨੀਆ ਵਿਚ ਵਕਾਲਤ ਦਾ ਇਕ ਸਥਾਪਤ ਦਫਤਰ ਹੈ। ਪਰਵਾਸੀਆਂ ਦੇ ਕਾਨੂੰਨੀ ਅਤੇ ਮਾਨਵੀ ਹੱਕਾਂ ਲਈ ਲੜਨ ਕਰਕੇ ਅਨੂ ਪੇਸ਼ਾਵਰੀਆ ਹੁਣ ਤੱਕ ਕਈ ਨਾਮੀ ਸੰਸਥਾਵਾਂ ਤੋਂ ਪੁਰਸਕਾਰ ਹਾਸਲ ਕਰ ਚੁਕੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਅਨੂ ਪੇਸ਼ਾਵਰੀਆ ਆਪਣੇ ਸਮੇਂ ਦੀ ਭਾਰਤ ਦੀ ਕੌਮੀ ਟੈਨਿਸ ਚੈਂਪੀਅਨ ਅਤੇ ਕੌਮਾਂਤਰੀ ਪੱਧਰ ਦੀ ਟੈਨਿਸ ਖਿਡਾਰਨ ਰਹੀ ਹੈ। ਅਨੂ ਵਿੰਬਲਡਨ ਚੈਂਪੀਅਨਸ਼ਿਪ ਵਿਚ ਖੇਡ ਚੁਕੀ ਹੈ। ਉਹ ਇਕ ਉਘੀ ਸਮਾਜ ਸੇਵਕਾ ਹੈ ਅਤੇ ਭਾਰਤ ਨਿਰਮਾਣ ਪੁਰਸਕਾਰ ਹਾਸਲ ਕਰ ਚੁਕੀ ਹੈ। ਆਪਣੇ ਵਕਾਲਤ ਦੇ ਪੇਸ਼ੇ ਵਿਚ ਉਹ ਵਾਸ਼ਿੰਗਟਨ ਡੀ ਸੀ ਵਿਚ ਭਾਰਤੀ ਸਫਾਰਤਖਾਨੇ ਲਈ ਭਾਈਚਾਰਕ ਮਾਮਲਿਆਂ ਬਾਰੇ ਕੌਂਸਲਰ ਦੀ ਕਾਨੂੰਨੀ ਸਲਾਹਕਾਰ ਵੀ ਰਹਿ ਚੁਕੀ ਹੈ।

ਅਟਾਰਨੀ ਅਨੂ ਪੇਸ਼ਾਵਰੀਆ ਨਾਲ ਫੋਨ 206-774-0907 (ਸਿਆਟਲ) ਅਤੇ 510-353-0102 (ਕੈਲੀਫੋਰਨੀਆ) ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਸੜਕ ਹਾਦਸੇ ਵਿਚ ਤਿੰਨ ਔਰਤਾਂ ਦੀ ਮੌਤ

**ਲੋਹੀਆਂ:** ਇਥੋਂ ਨੇੜੇ ਹੋਏ ਇਕ ਹੌਲਨਾਕ ਸੜਕ ਹਾਦਸੇ ਵਿਚ ਤਿੰਨ ਔਰਤਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ ਜਦਕਿ ਗੱਡੀ ਵਿਚ ਸਵਾਰ ਹੋਰ ਚਾਰ ਵਿਅਕਤੀ ਗੰਭੀਰ ਜ਼ਖਮੀ ਹੋ ਗਏ। ਟਾਟਾ ਸਫਾਰੀ ਗੱਡੀ ਵਿਚ ਇਕ ਪਰਿਵਾਰ ਦੇ ਸੱਤ ਮੈਂਬਰ ਸਵਾਰ ਸਨ ਤੇ ਇਹ ਲੋਹੀਆਂ ਦੇ ਪਿੰਡ ਕਾਕੜ ਕਲਾਂ ਤੋਂ ਮਲਸੀਆਂ ਜਾ ਰਹੀ ਸੀ।

ਲੋਹੀਆਂ-ਮਲਸੀਆਂ ਮੁੱਖ ਮਾਰਗ ‘ਤੇ ਪਿੰਡ ਵਾੜਾ ਜਗੀਰ ਦੇ ਕੋਲ ਸੜਕ ‘ਤੇ ਖੜ੍ਹਾ ਪਾਣੀ ਕਿਸੇ ਤਰ੍ਹਾਂ ਡਰਾਈਵਰ ਦੇ ਮੂਹਰਲੇ ਸ਼ੀਸ਼ੇ ‘ਤੇ ਪੈ ਗਿਆ ਜਿਸ ਕਾਰਨ ਤੇਜ਼ ਰਫਤਾਰ ਜਾ ਰਹੀ ਗੱਡੀ ਦਾ ਸੰਤੁਲਨ ਵਿਗੜ ਗਿਆ ਤੇ ਗੱਡੀ ਪਲਟ ਗਈ। ਮ੍ਰਿਤਕਾਂ ਵਿਚ ਲਵਪ੍ਰੀਤ ਕੌਰ (18) ਪੁੱਤਰੀ ਭੁਪਿੰਦਰ ਸਿੰਘ ਵਾਸੀ ਕਾਕੜ ਕਲਾਂ, ਕਮਲਜੀਤ ਕੌਰ (32) ਪਤਨੀ ਅਮਰਜੀਤ ਸਿੰਘ ਵਾਸੀ ਗੰਗਾ ਨਗਰ ਤੇ ਬਲਵੀਰ ਕੌਰ (45) ਵਾਸੀ ਬੜਾ ਪਿੰਡ ਸ਼ਾਮਲ ਹਨ। ਮ੍ਰਿਤਕਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਨਕੋਦਰ ਭੇਜੀਆਂ ਗਈਆਂ ਹਨ ਜਦਕਿ ਜ਼ਖਮੀਆਂ ਨੂੰ ਨਕੋਦਰ ਦੇ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਭੇਜਿਆ ਗਿਆ ਹੈ।

## ਅਟਾਰਨੀ ਚੱਠਾ ਦਾ ਕੁਈਨ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨ

**ਟੋਰਾਂਟੋ (ਬਿਊਰੋ):** ਕੈਨੇਡਾ ਵਿਚ ਪੰਜਾਬੀ ਜੁਬਾਨ ਦੀ ਪ੍ਰਫੁੱਲਤਾ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਵਿਸ਼ੇਸ਼ ਯੋਗਦਾਨ ਪਾਉਣ ਬਦਲੇ ਉਘੇ ਵਕੀਲ ਅਜੈਬ ਸਿੰਘ ਚੱਠਾ ਦਾ ਕੁਈਨ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਲੰਘੇ ਸ਼ੁੱਕਰਵਾਰ ਮਿਸੀਸਾਗਾ ਦੇ ਕੈਟਰੀਨਾ ਪੈਲੇਸ ਬੈਂਕੁਇਟ ਹਾਲ ਵਿਚ ਕੀਤੇ ਗਏ ਇਕ ਸਮਾਗਮ ਦੌਰਾਨ ਸੈਨੇਟਰ ਸਲਮਾ ਅਤਾਉਲ੍ਹਾ ਜਾਨ ਨੇ ਦਿੱਤਾ।



ਇਹ ਮੈਡਲ ਦਿੰਦਿਆਂ ਸੈਨੇਟਰ ਅਤਾਉਲ੍ਹਾ ਜਾਨ ਨੇ ਕਿਹਾ ਕਿ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਸ. ਚੱਠਾ ਜਿਹੀ ਦਿਆਨਤਦਾਰ ਸ਼ਖ਼ਸੀਅਤ ਨੂੰ ਇਹ ਮੈਡਲ ਦੇਣ ਦਾ ਮੌਕਾ ਉਨ੍ਹਾਂ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸ. ਚੱਠਾ ਜਿਹੀਆਂ ਸ਼ਖਸੀਅਤਾਂ ਦੀ ਸਮਾਜ ਨੂੰ ਹਮੇਸ਼ਾ ਲੋੜ ਰਹਿੰਦੀ ਹੈ ਜੋ ਆਪਣੇ ਰੁਝੇਵਿਆਂ ਵਿਚੋਂ ਸਮਾਜ ਭਲਾਈ ਕੰਮਾਂ ਦੇ ਲਈ ਆਪਣਾ ਸਮਾਂ ਕੱਢਦੇ ਹਨ।


ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



**Safe & Easy Weight Loss**

**Ph:317-886-4858**

*334 S Emerson Ave, Greenwood IN 46143*
*(Inside Indian Bazaar)*

www.punjabiweightloss.blogspot.com www.goherbalife.com/skaur



# DCL Trucking

743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

## ਓਨਰ ਅਪਰੇਟਰਾਂ ਦੀ ਲੋੜ ਹੈ

## ਪੱਕੇ ਲੋਡ

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States
24/7 Dispatch Available

**Quick payment via Direct Deposit**

ਸੰਪਰਕ ਕਰੋ: ਪਰਮਿੰਦਰ

**ਫੋਨ: 317-399-9800**

e-mail: info@DCLTrucking.com



ਪੰਜਾਬੀ ਭਰਾਵਾਂ ਦਾ ਆਪਣਾ ਟਰੱਕ ਸਟਾਪ

# Conoco Truckstop

3851 Hwy 119 Longmont, CO 80504 (Interstate 25, Exit 240)



Large cstore, Punjabi dhaba (veg+ non-veg), Truck Parts, Western Union, Cat Scale, Laundry, Shower, large parking lot

Buffet $8.95



ਟਰੱਕਰ ਵੀਰਾਂ ਲਈ ਸਪੈਸ਼ਲ

ਡੀਜ਼ਲ ਟੈਂਕੀ ਭਰੋ ਅਤੇ
ਖਾਣੇ 'ਤੇ 10% ਛੋਟ ਲਓ
ਚਾਹ ਅਤੇ ਸ਼ਾਵਰ ਫਰੀ

**Truck driver special**

You fill up diesel 10% off dishes and free chai and free shower.

ਪੰਜਾਬੀ ਖਾਣੇ ਦਾ ਅਨੰਦ ਮਾਣੋ
ਤੁਸੀਂ ਆਪਣਾ ਖਾਣਾ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ

**ਕੁਲਦੀਪ ਸਿੰਘ, ਫੋਨ: 303-776-9396**



# ooraa




## ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

***100% SATISFACTION GUARANTEED***

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org



# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ
ਕੋਈ ਵੀ ਮੌਕਾ ਜਾਂ ਫਿਰ
ਯਾਦਗਾਰੀ ਪਲ
ਆਪਣੀਆਂ ਯਾਦਾਂ ਨੂੰ
ਬਿਹਤਰੀਨ ਤਰੀਕੇ ਨਾਲ ਸਾਂਭਣ
ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ,
ਇਲੀਨਾਏ, ਓਹਾਇਓ,
ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com

# ਅਨਪੜ੍ਹ ਲੇਖਕ ਦੀ ਦਾਸਤਾਨ

**ਕਲਾ ਪਰਿਕਰਮਾ**

*ਮਾਲਵੇ ਵਿਚ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਪੱਕਾ ਕਲਾਂ ਦਾ ਦਰਸ਼ਨ ਸਿੰਘ ਕੋਰਾ ਅਨਪੜ੍ਹ ਹੈ, ਪਰ ਲੇਖਕ ਹੈ। ਉਸ ਨੇ ਵੱਖ-ਵੱਖ ਵਿਸ਼ਿਆਂ ਬਾਰੇ 29 ਕਿਤਾਬਾਂ ਲਿਖੀਆਂ ਹਨ ਅਤੇ 5-7 ਕਿਤਾਬਾਂ ਹੋਰ ਤਿਆਰ ਹਨ। ਅੰਗਰੇਜ਼ੀ ਅਖ਼ਬਾਰ 'ਇੰਡੀਅਨ ਐਕਸਪ੍ਰੈੱਸ' ਦੀ ਪੱਤਰਕਾਰ ਰਾਖੀ ਜੱਗਾ ਨੇ ਇਸ ਲੇਖਕ ਨੂੰ ਉਹਦੇ ਪਿੰਡ ਜਾ ਲੱਭਿਆ ਅਤੇ ਉਹਦੇ ਨਾਲ ਗੱਲਾਂ ਕੀਤੀਆਂ। ਇਨ੍ਹਾਂ ਗੱਲਾਂ ਦੌਰਾਨ ਦਰਸ਼ਨ ਸਿੰਘ ਨੇ ਲੇਖਕ ਬਣਨ ਦਾ ਸਫਰ ਬਿਆਨ ਕੀਤਾ ਹੈ। ਇਹ ਬਿਆਨ ਦਿਲਚਸਪ ਤਾਂ ਹੈ ਹੀ, ਮਨੁੱਖ ਦੀ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦੀ ਰੀਝ ਬਾਰੇ ਸੂਹ ਵੀ ਦਿੰਦਾ ਹੈ।*

75 ਵਰ੍ਹਿਆਂ ਦਾ ਪਤਲਾ ਪਤੰਗ ਜਿਹਾ ਬਜ਼ੁਰਗ ਦਰਸ਼ਨ ਸਿੰਘ। ਪਿੰਡ ਪੱਕਾ ਕਲਾਂ। ਜ਼ਿਲ੍ਹਾ ਫਰੀਦਕੋਟ। ਇਹ ਉਸ ਲੇਖਕ ਦਾ ਸਿਰਨਾਵਾਂ ਹੈ ਜਿਹੜਾ ਐਨ ਅਨਪੜ੍ਹ ਹੈ, ਪਰ ਹੁਣ ਤੱਕ 29 ਕਿਤਾਬਾਂ ਲਿਖ ਚੁੱਕਾ ਹੈ। ਇਨ੍ਹਾਂ ਵਿਚ ਹੀਰ ਦੇ ਰਾਂਝਾ, ਬਾਬਾ ਫਰੀਦ ਜੀ ਦੀ ਜੀਵਨੀ, ਭਾਰਤ ਦੀ ਸ਼ਾਨ: ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਹੋਰ ਕਿਤਾਬਾਂ ਸ਼ਾਮਿਲ ਹਨ। ਬਹੁਤੀਆਂ ਕਿਤਾਬਾਂ ਜੀਵਨੀਆਂ ਹਨ ਜਾਂ ਪ੍ਰੇਮ ਕਹਾਣੀਆਂ। ਉਹਨੇ ਕਈ ਕਵਿਤਾਵਾਂ ਵੀ ਲਿਖੀਆਂ ਹਨ ਅਤੇ ਇਨ੍ਹਾਂ ਕਵਿਤਾਵਾਂ ਵਿਚ ਭਰੂਣ ਹੱਤਿਆ ਅਤੇ ਨਸ਼ਿਆਂ ਵਰਗੀਆਂ ਸਮਾਜਕ ਬੁਰਾਈਆਂ ਦਾ ਜ਼ਿਕਰ ਹੈ ਜੋ ਅੱਜ ਪੰਜਾਬ ਦੀਆਂ ਜੜ੍ਹਾਂ ਵਿਚ ਬੈਠ ਗਈਆਂ ਹਨ। ਅਨਪੜ੍ਹ ਲੇਖਕ ਇਨ੍ਹਾਂ ਬੁਰਾਈਆਂ ਖਿਲਾਫ ਆਵਾਜ਼ ਬੁਲੰਦ ਕਰ ਰਿਹਾ ਹੈ।

ਬਾਬਾ ਦਰਸ਼ਨ ਸਿੰਘ ਆਪਣੇ ਘਰੇ ਮੰਜੇ ਉਤੇ ਬੈਠਾ ਆਪਣੀਆਂ ਇਨ੍ਹਾਂ ਕਿਤਾਬਾਂ ਬਾਰੇ ਹੁੱਬ-ਹੁੱਬ ਕੇ ਦੱਸ ਰਿਹਾ ਹੈ। ਉਸ ਦੇ ਇਉਂ ਹੁੱਬਣ ਦਾ ਕਰਨ ਵੀ ਹੈ। ਉਹ ਕਦੇ ਸਕੂਲ ਨਹੀਂ ਗਿਆ। ਕਿਸੇ ਨਾ ਕਿਸੇ ਕਾਰਨ ਉਸ ਨੂੰ ਅੱਖਰ ਉਠਾਉਣ ਦੀ ਦਾਤ ਨਹੀਂ ਮਿਲੀ, ਪਰ ਉਹਦੇ ਅੰਦਰ ਜਿਹੜਾ ਲੇਖਕ ਰਮਿਆ ਹੋਇਆ ਸੀ, ਉਸ ਨੇ ਇਕ ਦਿਨ ਉਸ ਨੂੰ ਮੋਢੇ ਤੋਂ ਆਣ ਹਲੂਣਿਆ ਅਤੇ ਉਸ ਨੇ 29 ਕਿਤਾਬਾਂ ਦੀ ਰਚਨਾ ਕਰ ਲਈ। ਇਹ ਕਿਤਾਬਾਂ ਹੁਣ ਵੱਖ-ਵੱਖ ਲਾਇਬਰੇਰੀਆਂ ਵਿਚ ਸਾਂਭੀਆਂ ਪਈਆਂ ਹਨ।


ਦਰਸ਼ਨ ਸਿੰਘ ਆਪਣੇ ਘਰ ਡਾ. ਨਿਸ਼ਾਨ ਸਿੰਘ ਨਾਲ।

ਦਰਸ਼ਨ ਸਿੰਘ ਨੇ ਕਦੇ ਦਸਤਖ਼ਤ ਵੀ ਨਹੀਂ ਕੀਤੇ। ਲੋੜ ਵੇਲੇ ਕਾਗਜ਼-ਪੱਤਰਾਂ ਉਤੇ ਉਹ ਆਪਣਾ ਅਗੂੰਠਾ ਹੀ ਲਾਉਂਦਾ ਹੈ। ਹੁਣ ਸਵਾਲ ਹੈ ਕਿ ਉਸ ਨੇ ਜਿਹੜੀਆਂ ਇਤਿਹਾਸਕ ਕਿਤਾਬਾਂ ਲਿਖੀਆਂ ਹਨ, ਉਨ੍ਹਾਂ ਲਈ ਤੱਥ ਉਸ ਨੇ ਕਿਥੋਂ ਹਾਸਿਲ ਕੀਤੇ, ਕਿਉਂਕਿ ਅਜਿਹੇ ਤੱਥ ਤਾਂ ਪੜ੍ਹੇ ਵਗੈਰ ਜਾਣਨੇ ਮੁਸ਼ਕਿਲ ਹਨ। ਇਸ ਸਵਾਲ ਦਾ ਜਵਾਬ ਉਹ ਆਪ ਹੀ ਦਿੰਦਾ ਹੈ। ਉਹ ਦੱਸਦਾ ਹੈ- "ਮੇਰਾ ਬਾਬਾ ਗੋਪਾਲ ਸਿੰਘ ਅੰਗਰੇਜ਼ਾਂ ਦੀ ਫੌਜ ਵਿਚ ਨੌਕਰ ਸੀ, ਉਸ ਨੇ ਪਹਿਲੀ ਵੱਡੀ ਜੰਗ ਵਿਚ ਹਿੱਸਾ ਲਿਆ ਸੀ। ਉਹ ਜਿੰਨੀਆਂ ਅਹਿਮ ਥਾਵਾਂ ਉਤੇ ਗਿਆ ਜਾਂ ਜਿਨ੍ਹਾਂ ਧਾਰਮਿਕ ਤੇ ਹੋਰ ਸ਼ਖ਼ਸੀਅਤਾਂ ਨੂੰ ਮਿਲਿਆ, ਉਨ੍ਹਾਂ ਦੀਆਂ ਬਾਤਾਂ ਮੈਨੂੰ ਸੁਣਾਉਂਦਾ ਰਹਿੰਦਾ ਸੀ। ਅਸੀਂ ਨਾਲੋ-ਨਾਲ ਖੇਤਾਂ ਵਿਚ ਕੰਮ ਲੱਗੇ ਰਹਿੰਦੇ ਤੇ ਨਾਲੋ-ਨਾਲ ਬਾਬੇ ਦੀਆਂ ਬਾਤਾਂ ਦਾ ਇਹ ਸਿਲਸਿਲਾ ਚਲਦਾ ਰਹਿੰਦਾ। ਇਉਂ ਮੇਰੀਆਂ ਇਨ੍ਹਾਂ ਕਹਾਣੀਆਂ ਦਾ ਪਹਿਲਾ ਸਬਕ ਮੇਰੇ ਬਾਬੇ ਦੀਆਂ ਸੁਣਾਈਆਂ ਇਹ ਬਾਤਾਂ ਹੀ ਸਨ।

ਦਰਸ਼ਨ ਸਿੰਘ ਦਾ ਬਾਬਾ 1964 ਵਿਚ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਿਆ, ਪਰ ਦਰਸ਼ਨ ਸਿੰਘ ਦੇ ਜ਼ਿਹਨ ਵਿਚ ਹੁੰਦੀ ਉਥਲ-ਪੁਥਲ ਰੁਕੀ ਨਹੀਂ। ਕੁਝ ਸਾਲਾਂ ਬਾਅਦ ਉਹ ਦੇ ਮਨ ਵਿਚ ਹੋ ਰਹੀ ਉਥਲ-ਪੁਥਲ ਬੁੱਲ੍ਹਾਂ ਉਤੇ ਆ ਗਈ ਅਤੇ ਉਸ ਦੇ ਅੰਦਰਲਾ ਲੇਖਕ ਬਾਹਰ ਆ ਗਿਆ। ਉਹ ਆਪਣੀ ਇਹ ਕਹਾਣੀ ਇਉਂ ਬਿਆਨ ਕਰਦਾ ਹੈ- "ਮੇਰੀ ਵਹੁਟੀ ਅਮਰਜੀਤ ਕੌਰ ਵੀ ਭਾਵੇਂ ਅਨਪੜ੍ਹ ਸੀ, ਪਰ ਉਹਨੇ ਪੰਜਾਬੀ ਲਿਖਣੀ-ਪੜ੍ਹਨੀ ਸਿੱਖ ਲਈ ਸੀ। ਅਸਲ ਵਿਚ ਉਹ ਕੁੜੀਆਂ ਨੂੰ ਸਿਉਣਾ-ਪਰੋਣਾ ਸਿਖਾਉਂਦੀ ਸੀ ਅਤੇ ਹੌਲੀ ਹੌਲੀ ਉਸ ਨੇ ਕੁੜੀਆਂ ਤੋਂ ਪਹਿਲਾਂ ਪੰਜਾਬੀ ਪੜ੍ਹਨੀ, ਤੇ ਫਿਰ ਲਿਖਣੀ ਸਿੱਖ ਲਈ ਸੀ। ਮੇਰੀ ਵਹੁਟੀ ਤੇ ਮੇਰੇ ਪਿਓ ਨੇ ਮੈਨੂੰ ਪੜ੍ਹਨ ਅਤੇ ਲਿਖਣਾ ਸਿਖਾਉਣ ਲਈ ਬੜਾ ਹੀ ਤਰੱਦਦ ਕੀਤਾ, ਪਰ ਇਹ ਕੰਮ ਮੈਥੋਂ ਹੋ ਨਹੀਂ ਸਕਿਆ। ਮੈਂ ਅਨਪੜ੍ਹ ਹੀ ਰਹਿ ਗਿਆ।"

ਜਿਉਂ-ਜਿਉਂ ਦਰਸ਼ਨ ਸਿੰਘ ਦੇ ਮਨ ਅੰਦਰ ਬੈਠਾ ਲੇਖਕ ਬੇਤਾਬ ਹੁੰਦਾ ਗਿਆ, ਤਿਉਂ ਤਿਉਂ ਉਹ ਹੋਰ ਤੀਬਰਤਾ ਨਾਲ ਹੱਥ-ਪੈਰ ਮਾਰਨ ਲੱਗ ਪਿਆ। ਫਿਰ ਉਸ ਨੂੰ ਇਕ ਸਕੀਮ ਸੁੱਝੀ। ਉਸ ਦੇ ਪਿੰਡ ਦੇ ਸਕੂਲ ਵਿਚ ਕਿੰਨੇ ਸਾਰੇ ਨਿਆਣੇ ਪੜ੍ਹਦੇ ਸਨ, ਉਹ ਆਪਣੀ ਕਹਾਣੀ ਉਨ੍ਹਾਂ ਨੂੰ ਸੁਣਾ ਸਕਦਾ ਸੀ ਅਤੇ ਇਉਂ ਬੱਚੇ ਉਸ ਦੀ ਸੁਣਾਈ ਕਹਾਣੀ ਕਾਗਜ਼ ਉਤੇ ਉਤਾਰ ਸਕਦੇ ਸਨ। ਉਂਜ ਉਸ ਦੇ ਮਨ ਵਿਚ ਆਇਆ ਇਹ ਖਿਆਲ ਉਸ ਨੂੰ ਬਹੁਤਾ ਕਾਮਯਾਬ ਨਹੀਂ ਸੀ ਲੱਗ ਰਿਹਾ ਅਤੇ 1981 ਤੱਕ ਉਹ ਇਸ ਬਾਰੇ ਬੱਸ ਸੋਚਦਾ ਹੀ ਰਿਹਾ। ਫਿਰ ਉਸ ਦਾ ਮੇਲ ਡਾ. ਨਿਸ਼ਾਨ ਸਿੰਘ ਨਾਲ ਹੋਇਆ। ਨਿਸ਼ਾਨ ਸਿੰਘ ਕੋਲ ਉਹ ਦਵਾਈ ਲੈਣ ਗਿਆ ਸੀ ਅਤੇ ਉਸ ਨੇ ਆਪਣੀ ਮੋਟੀ-ਠੁੱਲ੍ਹੀ ਰਾਮ ਕਹਾਣੀ ਡਾਕਟਰ ਕੋਲ ਬਿਆਨ ਕਰ ਦਿੱਤੀ। ਇਸ ਪਿੱਛੋਂ ਦੋਵੇਂ ਹੌਲੀ ਹੌਲੀ ਨੇੜੇ ਹੁੰਦੇ ਗਏ ਅਤੇ ਇਸ ਤੋਂ ਬਾਅਦ ਦਰਸ਼ਨ ਸਿੰਘ ਲੇਖਕ ਬਣ ਗਿਆ। ਨਿਸ਼ਾਨ ਸਿੰਘ ਉਸ ਦੀਆਂ ਸੁਣਾਈਆਂ ਕਹਾਣੀਆਂ ਲਿਖਦਾ ਅਤੇ ਫਿਰ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ।

ਜਦੋਂ ਅਸੀਂ ਦਰਸ਼ਨ ਸਿੰਘ ਨੂੰ ਮਿਲਣ ਗਏ, ਉਦੋਂ ਵੀ ਇਹ ਜੋੜੀ ਆਪਣੇ ਕੰਮ ਲੱਗੀ ਹੋਈ ਸੀ। ਦਰਸ਼ਨ ਸਿੰਘ ਮੰਜੀ ਉਤੇ ਮਥੱਲਾ ਮਾਰ ਕੇ ਬੈਠਾ ਸੀ ਅਤੇ ਡਾ. ਨਿਸ਼ਾਨ ਸਿੰਘ ਹੱਥ ਵਿਚ ਪੈਨ ਅਤੇ ਕਾਪੀ ਫੜੀ ਕੁਰਸੀ ਉਤੇ ਸਜਿਆ ਹੋਇਆ ਸੀ। ਦਰਸ਼ਨ ਸਿੰਘ ਬੋਲ ਰਿਹਾ ਸੀ ਤੇ ਡਾ. ਨਿਸ਼ਾਨ ਸਿੰਘ ਸੁਣਨ ਅਤੇ ਲਿਖਣ ਵਿਚ ਮਸਰੂਫ਼ ਸੀ। ਦਰਸ਼ਨ ਸਿੰਘ ਦੀਆਂ ਕਿਤਾਬਾਂ ਛਪਾਉਣ 'ਚ ਵੀ ਡਾ. ਨਿਸ਼ਾਨ ਸਿੰਘ ਨੇ ਹੀ ਮਦਦ ਕੀਤੀ। ਉਹ ਦੱਸਦਾ ਹੈ-"ਪਹਿਲਾਂ-ਪਹਿਲਾਂ ਅਗਲਿਆਂ ਨੇ ਸਾਡੇ ਕੋਲੋਂ ਇਕ ਸਫ਼ੇ ਦੇ 20 ਰੁਪਏ ਲਏ। ਹੁਣ ਸਾਨੂੰ 30 ਰੁਪਏ ਦੇਣੇ ਪੈਂਦੇ ਹਨ। ਹਰ ਕਿਤਾਬ ਉਤੇ 8-10 ਹਜ਼ਾਰ ਦਾ ਖਰਚਾ ਆ ਜਾਂਦਾ ਹੈ। ਕਿਤਾਬਾਂ ਦਾ ਮੁੱਲ 50 ਤੋਂ 100 ਰੁਪਏ ਤੱਕ ਰੱਖਿਆ ਜਾਂਦਾ ਹੈ। ਜੇ ਮੇਰੇ ਕੋਲ ਹੋਰ ਪੈਸੇ ਹੁੰਦੇ ਤਾਂ ਮੈਂ 5-7 ਕਿਤਾਬਾਂ ਹੋਰ ਛਪਵਾ ਸਕਦਾ ਸਾਂ।"

ਦਰਸ਼ਨ ਸਿੰਘ ਦੀਆਂ ਕਿਤਾਬਾਂ ਉਹਦੇ ਬਾਬੇ ਵੱਲੋਂ ਸੁਣਾਈਆਂ ਕਹਾਣੀਆਂ ਦਾ ਹੀ ਸੰਗ੍ਰਿਹ ਨਹੀਂ ਹਨ, ਉਸ ਨੇ ਆਪ ਵੀ ਬੜਾ ਕੁਝ ਇਨ੍ਹਾਂ ਵਿਚ ਜੋੜਿਆ ਹੈ। ਗੁਰੂ ਨਾਨਕ ਦੇਵ ਨਾਲ ਸਬੰਧਤ ਬਾਬਾ ਸ਼ਾਲੂ ਰਾਮ ਬਾਰੇ ਲਿਖਣ ਵੇਲੇ ਉਹ ਬਾਬਾ ਸ਼ਾਲੂ ਰਾਮ ਦੇ ਪਿੰਡ ਗਿਆ ਸੀ ਅਤੇ ਉਥੇ ਉਸ ਦੀ ਯਾਦਗਾਰ ਬਾਰੇ ਜਾਣਕਾਰੀ ਹਾਸਿਲ ਕੀਤੀ। ਫਿਰ ਬਾਬਾ ਸੈਦੂ ਸ਼ਾਹ ਬਾਰੇ ਲਿਖਣ ਬੈਠਿਆ ਤਾਂ ਜਲੰਧਰ ਤੇ ਹੁਸ਼ਿਆਰਪੁਰ ਵਿਚ ਉਸ ਬਾਰੇ ਸਬੰਧਤ ਮਜ਼ਾਰਾਂ ਉਤੇ ਹੋ ਆਇਆ। ਉਹ ਦੱਸਦਾ ਹੈ- "ਮੈਂ ਤਾਂ ਉਨ੍ਹਾਂ ਸਕੂਲਾਂ ਤੇ ਕਾਲਜਾਂ ਵਿਚ ਜਾ ਆਇਆ ਹਾਂ ਜਿਥੇ ਮੇਰੀਆਂ ਕਿਤਾਬਾਂ ਪਈਆਂ ਹਨ। ਨਾਲ ਦੀ ਨਾਲ ਮੈਂ ਲੇਖਕਾਂ-ਵਿਦਵਾਨਾਂ ਨਾਲ ਵੀ ਗੱਲਾਂ ਕਰਦਾ ਰਹਿੰਦਾ ਹਾਂ। ਪਹਿਲਾਂ-ਪਹਿਲਾਂ ਤਾਂ ਇਹ ਮੈਨੂੰ ਬਹੁਤਾ ਵਜ਼ਨ ਨਹੀਂ ਸੀ ਦਿੰਦੇ, ਪਰ ਹੁਣ ਗੱਲ ਬਣ ਗਈ ਹੈ। ਹੁਣ ਉਹ ਮੇਰੇ ਗੱਲ ਸੁਣਦੇ ਹਨ।" ਬਜ਼ੁਰਗ ਦਰਸ਼ਨ ਸਿੰਘ ਫਰੀਦਕੋਟ ਦੇ ਪਿੰਡਾਂ ਵੱਲ ਅਨਪੜ੍ਹ ਲੇਖਕ ਵਜੋਂ ਬੜਾ ਮਸ਼ਹੂਰ ਹੈ। ਆਪਣੀ ਇਸੇ ਮਸ਼ਹੂਰੀ ਕਰ ਕੇ ਕਈ ਟੈਲੀਵਿਜ਼ਨ ਸ਼ੋਆਂ ਵਿਚ ਹਿੱਸਾ ਲੈ ਚੁੱਕਾ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਉਸ ਨੂੰ ਮਾਣ ਪੱਤਰ ਵੀ ਦਿੱਤਾ ਹੈ।




## ਅਨਪੜ੍ਹਾਂ ਦੀ ਰਵਾਇਤ

*ਜਦੋਂ ਲਿਪੀ ਨਹੀਂ ਸੀ, ਉਦੋਂ ਸਾਹਿਤ ਖਾਸ ਕਰ ਕੇ ਕਵਿਤਾ ਬੋਲ-ਸੁਣ ਕੇ ਹੀ ਅਗਾਂਹ ਤੁਰਦੀ ਰਹੀ ਹੈ। ਪੰਜਾਬੀ ਲੋਕ ਸਾਹਿਤ ਵਿਚ ਅਜਿਹੀ ਬਹੁਤ ਸਾਰੀਆਂ ਰਚਨਾਵਾਂ ਹਨ ਜਿਹੜੀਆਂ ਇਸੇ ਤਰੀਕੇ ਨਾਲ ਅਗਲੀਆਂ ਪੀੜ੍ਹੀਆਂ ਤੱਕ ਪੁੱਜਦੀਆਂ ਰਹੀਆਂ ਹਨ। ਮੱਧਕਾਲ ਵਿਚ ਇਹ ਰਵਾਇਤ ਸਿਖਰ 'ਤੇ ਸੀ। ਪਿੰਡਾਂ ਵਿਚ ਲਗਦੇ ਮੇਲਿਆਂ ਵਿਚ ਮੌਕੇ 'ਤੇ ਜੋੜੀਆਂ ਬੋਲੀਆਂ ਦੇ ਮੁਕਾਬਲੇ ਤਾਂ ਹੁੰਦੇ ਹੀ ਬੜੇ ਦਿਲਚਸਪ ਸਨ। ਅਜਿਹੇ ਬੋਲੀ ਮੁਕਾਬਲਿਆਂ ਦਾ ਅਜਿਹਾ ਪਿੜ ਬੱਝਦਾ ਸੀ ਕਿ ਦੇਖਣ-ਸੁਣਨ ਵਾਲੇ ਦੰਗ ਰਹਿ ਜਾਂਦੇ ਸਨ। ਇਹ ਮੁਕਾਬਲੇ ਇਨ੍ਹਾਂ ਮੇਲਿਆਂ ਦਾ ਸ਼ਿੰਗਾਰ ਹੁੰਦੇ ਸਨ। ਪੰਜਾਬੀ ਲੋਕ ਸਾਹਿਤ ਅਜਿਹੀਆਂ ਬੋਲੀਆਂ ਨਾਲ ਭਰਿਆ ਪਿਆ ਹੈ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 9 ਮਾਰਚ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-54



*ਪੈਕਟਾਂ ਦੇ ਤੱਤੇ-ਠੰਢੇ ਖਾਣੇ ਖਾਂਦਿਆਂ ਵਤਨਾਂ ਦੀ ਯਾਦ ਕਾਲਜੇ ਨੂੰ ਪੀੜਦੀ।*
*ਮੱਖਣ ਤੇ ਲੱਸੀ ਉਦੋਂ ਯਾਦ ਆ ਗਏ ਰੀਝਾਂ ਨਾਲ ਦੇਖੀ ਬੀਬੀ ਸਾਗ ਚੀਰਦੀ!*

## ਕੈਪਸ਼ਨ ਮੁਕਾਬਲਾ-52



ਇਕ ਫੁੱਲ, ਫੁੱਲ ਨਾਲ ਖੇਡਦਾ
ਤੇ ਮਾਣਦਾ ਏ ਖੁਸ਼ਬੋ ਫੁੱਲ ਦੀ।
ਡਾਲੀ ਨਾਲੋਂ ਤੋੜਨਾ ਨਾ ਚਾਹਵੇ,
ਤਾਂਹੀਓਂ ਮਾਣੇ ਛੋਹ ਫੁੱਲ ਦੀ।

**-ਬਲਜਿੰਦਰ ਸਿੰਘ ਖਾਲਸਾ**

---

ਐਨਾ ਸੋਹਣਾ ਲੱਗੇਂ ਮੈਨੂੰ,
ਜੀਅ ਕਰਦਾ ਹੈ ਤੋੜ ਲਵਾਂ।
ਮਨ ਡਰਦਾ ਹੈ ਰੁੱਸ ਨਾ ਜਾਵੇਂ,
ਫਿਰ ਪਛਤਾਂਦਾ ਮੈਂ ਰਵ੍ਹਾਂ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਪੋਤਾ ਚਾਹੁੰਦਾ ਘਰ ਹੀ ਰਹਿ ਕੇ
ਬਾਤ ਫੁੱਲਾਂ ਸੰਗ ਪਾਵਾਂ।
ਦਾਦਾ ਕਹਿੰਦਾ ਹੋਣੈ
"ਚਲ ਓਏ, ਛੱਡ ਸਕੂਲੇ ਆਵਾਂ!"

**-ਫਕੀਰ ਚੰਦ ਸੈਂਪਲਾ, ਐਲ.ਏ.**

---

ਪਿਆਰਾ ਭੋਲਾ ਭਾਲਾ ਲੱਗਦਾ,
ਖੁਸ਼ੀਆਂ ਵਿਚ ਇਹ ਵਾਧਾ ਕਰਦਾ।
ਸਕੂਲੇ ਜਾਂਦਾ, ਚੰਗਾ ਲੱਗਦਾ,
ਫੁੱਲ ਨਾਲ ਵੀ ਗੱਲਾਂ ਕਰਦਾ।
ਖੇਡਾਂ ਖੇਡੇ ਮੌਜਾਂ ਕਰਦਾ,
ਖੁਸ਼ੀਆਂ ਵੰਡੇ ਖੁਸ਼ ਵੀ ਕਰਦਾ।

**-ਏ ਸੀ ਚੀਮਾ**
**ਫੋਨ: 734-846-2961**

---

ਹੁੰਦੇ ਮਾਪਿਆਂ ਨੂੰ ਪੁੱਤ ਪਿਆਰੇ,
ਜੁਗ ਜੁਗ ਜਿਉਣ ਬਈ ਸਦਾ।
ਜੋ ਧੀਆਂ ਵਾਲੇ ਉਹ ਵੀ ਬਲਿਹਾਰੇ,
ਜੱਗ ਸਾਂਝ ਪਾਉਣ ਬਈ ਸਦਾ।
ਏਸ ਯੁਗ ਦੇ ਨੇ ਦੋਵੇਂ ਇਹ ਸਿਤਾਰੇ,
ਮਿਹਰ ਰੱਬ ਰੱਖ ਲੈ ਸਦਾ।
ਸਾਰੇ ਫੁੱਲਾਂ 'ਚੋਂ ਇਹ ਫੁੱਲ ਨੇ ਪਿਆਰੇ,
ਲੱਖਣਾ ਸਿੱਖ ਲੈ ਸਦਾ।

---

ਨੰਨਾ ਸੁਨੱਖਾ ਮਾਂ ਪੁੱਤ ਤੇਰਾ,
ਸਕੂਲ ਨਾਲ ਸ਼ੁਰੂ ਕਰੇ
ਜ਼ਿੰਦਗੀ ਦਾ ਸਵੇਰਾ।
ਪੜ੍ਹ ਲਿਖ ਐਸਾ ਬਣੂੰ,
ਦੂਰ ਕਰੂੰ ਹਨੇਰਾ।
ਤੇਰੀਆਂ ਸੱਧਰਾਂ ਨੂੰ ਫੁੱਲ ਲੱਗਣਗੇ
ਮਾਂ, ਇਹ ਪ੍ਰਣ ਹੈ ਮੇਰਾ।

**-ਰਛਪਾਲ ਲੱਖਣ**
**ਫੋਨ: 510-331-4868**

---

ਸਿੱਖੀ ਸਰੂਪ ਵਿਚ
ਕੁੜਤਾ ਪਜਾਮਾ ਪਾਈ
ਸਕੂਲ ਵੱਲ ਚੱਲਿਆ
ਮਾਪਿਆਂ ਦਾ ਲਾਲ ਏ।
ਫੁੱਲ ਨੂੰ ਹੱਥ ਲਾ ਕੇ
ਦੱਸਦਾ ਏ ਫੁੱਲ ਪਿਆ,
ਵਿਦਿਆ ਦੀ ਦੁਨੀਆਂ 'ਚ
ਕਰਾਂਗੇ ਕਮਾਲ ਏ।

**-ਦੇਵਰਾਜ ਸਿੰਘ ਹੈਰੀ**
**ਸੇਂਟ ਜੋਸਫ, ਮਿਸ਼ੀਗਨ।**
**ਫੋਨ: 516-808-3041**

# ਜੌਹਨ ਕੈਰੀ ਨੂੰ ਭਾਰਤੀ ਮੱਧ ਵਰਗ ਤੋਂ ਵੱਡੀਆਂ ਆਸਾਂ

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਦਾ ਮੰਨਣਾ ਹੈ ਕਿ ਭਾਰਤ ਜਿਹੇ ਮੁਲਕਾਂ ਵਿਚ ਉਭਰ ਰਹੇ ਮੱਧ ਵਰਗ ਦਾ ਮਤਲਬ ਅਮਰੀਕਾ ਲਈ ਵਧੇਰੇ ਨੌਕਰੀਆਂ ਤੇ ਵਧੇਰੇ ਆਮਦਨ ਹੈ। ਉਨ੍ਹਾਂ ਕਿਹਾ ਕਿ ਜਿਉਂ-ਜਿਉਂ ਭਾਰਤ ਵਿਚ ਮੱਧ ਵਰਗ ਦਾ ਪਸਾਰ ਹੋ ਰਿਹਾ ਹੈ। ਇਹ ਅਮਰੀਕਾ ਵਧੇਰੇ ਵਸਤਾਂ ਖਰੀਦੇਗੀ ਤੇ ਇਸ ਦਾ ਅਰਥ ਹੈ ਕਿ ਅਮਰੀਕਾ ਦੇ ਆਪਣੇ ਮੱਧ ਵਰਗ ਲਈ ਨੌਕਰੀਆਂ ਤੇ ਆਮਦਨ ਦੇ ਮੌਕੇ ਵਧਣਗੇ।

ਇਸ ਦੇ ਨਾਲ ਹੀ ਕੈਰੀ ਨੇ ਸੰਕੇਤ ਦਿੱਤੇ ਕਿ ਸਖ਼ਤ ਆਰਥਿਕ ਹਾਲਾਤ ਦੇ ਇਸ ਦੌਰ ਵਿਚ ਉਸ ਦਾ ਜ਼ੋਰ ਕਾਰੋਬਾਰ ਤੇ ਆਰਥਿਕਤਾ 'ਤੇ ਹੋਏਗਾ। ਕੈਰੀ ਨੇ ਆਪਣਾ ਪਹਿਲਾ ਪ੍ਰਮੁੱਖ ਭਾਸ਼ਣ ਦੇਣ ਲਈ ਪਹਿਲੇ ਅਮਰੀਕੀ ਵਿਦੇਸ਼ ਮੰਤਰੀ ਵੱਲੋਂ ਬਣਵਾਈ ਗਈ ਯੂਨੀਵਰਸਿਟੀ ਆਫ ਵਰਜੀਨੀਆ ਚੁਣੀ ਗਈ ਹੈ। ਇਸ ਤੋਂ ਮਗਰੋਂ ਉਹ ਯੂਰਪ ਤੇ ਮੱਧ ਪੂਰਬੀ ਮੁਲਕਾਂ ਦੇ



11 ਦਿਨਾਂ ਦੌਰੇ 'ਤੇ ਰਵਾਨਾ ਹੋ ਜਾਣਗੇ।

ਉਨ੍ਹਾਂ ਕਿਹਾ ਕਿ ਵਿਦੇਸ਼ ਨੀਤੀ ਵਿਚ ਵਰਤੀ ਗਈ ਸਿਆਣਪ ਮੁਲਕ ਨੂੰ ਉਵੇਂ ਫਾਇਦੇ ਦੇ ਸਕਦੀ ਹੈ, ਜਿਵੇਂ ਵਿਦਿਆ ਦਾ ਵਿਦਿਆਰਥੀ ਨੂੰ ਲਾਭ ਹੁੰਦਾ ਹੈ। ਕੈਰੀ ਦਾ ਕਹਿਣਾ ਹੈ ਕਿ ਅਮਰੀਕਾ ਬਾਰੇ ਲਾਮਿਸਾਲ ਸੱਚਾਈਆਂ ਵਿਚੋਂ ਸਭ ਤੋਂ ਵੱਧ ਭਰੋਸੇਯੋਗ ਸੱਚ ਇਹ ਹੈ ਕਿ ਇਸ ਮੁਲਕ ਦਾ ਕੋਈ ਸਥਾਈ ਦੁਸ਼ਮਣ ਨਹੀਂ ਹੈ।

ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਕਾਇਮ ਅਮਰੀਕੀ ਡਿਪਲੋਮੈਟਿਕ ਮਿਸ਼ਨ, ਅਮਰੀਕੀ ਕੰਪਨੀਆਂ ਲਈ ਕਾਰੋਬਾਰ ਦੇ ਮੌਕੇ ਬਣਾਉਂਦੇ ਹਨ ਤੇ ਇਸ ਤਰ੍ਹਾਂ ਦੇਸ਼ ਵਿਚ ਨੌਕਰੀਆਂ ਦੇ ਆਸਾਰ ਬਣਦੇ ਹਨ। ਵਿਦੇਸ਼ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਨੂੰ ਵਿਸ਼ਵ ਦੇ ਹੋਰ ਹਿੱਸਿਆਂ ਵਿਚ ਲਗਾਤਾਰ ਨਿਵੇਸ਼ ਦੀ ਲੋੜ ਹੈ ਤੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਇਸ ਖਿਲਾਅ ਨੂੰ ਚੀਨ ਭਰ ਸਕਦਾ ਹੈ। ਤੇਜ਼ੀ ਨਾਲ ਵੱਧ ਫੁੱਲ ਰਹੇ 10 ਮੁਲਕਾਂ ਵਿਚੋਂ ਸੱਤ ਅਫਰੀਕੀ ਉਪ ਮਹਾਂਦੀਪ ਵਿਚ ਹਨ ਤੇ ਇਹ ਵਰਤਾਰਾ ਸਮਝਦਿਆਂ ਚੀਨ ਤੇਜ਼ੀ ਨਾਲ ਉਥੇ ਨਿਵੇਸ਼ ਕਰ ਰਿਹਾ ਹੈ।

# ਭਾਰਤ ਨੇ ਲੱਭਿਆ ਪੌਣੇ ਸੱਤ ਹਜ਼ਾਰ ਕਰੋੜ ਕਾਲਾ ਧਨ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਆਮਦਨ ਕਰ ਵਿਭਾਗ ਵੱਲੋਂ ਪਿਛਲੇ ਸਾਲ ਅਪਰੈਲ-ਦਸੰਬਰ ਤੱਕ 6,799 ਕਰੋੜ ਰੁਪਏ ਦੀ ਅਣਦੱਸੀ ਆਮਦਨ ਦਾ ਪਤਾ ਲਾਇਆ ਗਿਆ ਸੀ। ਵਿੱਤ ਬਾਰੇ ਰਾਜ ਮੰਤਰੀ ਐਸ.ਐਸ ਪਲਾਨੀਮਨੀਕਮ ਨੇ ਲੋਕ ਸਭਾ ਵਿਚ ਲਿਖਤੀ ਜਵਾਬ ਪੇਸ਼ ਕਰਦਿਆਂ ਦੱਸਿਆ ਕਿ 2011-12 ਅਤੇ 2012-13 ਆਮਦਨ ਕਰ ਵਿਭਾਗ ਵੱਲੋਂ ਲਈਆਂ ਗਈਆਂ ਤਲਾਸ਼ੀਆਂ ਦੌਰਾਨ ਕ੍ਰਮਵਾਰ 14,017 ਕਰੋੜ ਤੇ



6798.93 ਕਰੋੜ ਰੁਪਏ ਦੀ ਅਣਦੱਸੀ ਆਮਦਨ ਦਾ ਖੁਲਾਸਾ ਕੀਤਾ ਗਿਆ ਸੀ ਤੇ ਇਸ ਦੌਰਾਨ 905.61 ਕਰੋੜ ਤੇ 453.53 ਕਰੋੜ ਰੁਪਏ ਦੀ ਅਣਐਲਾਨੀ ਸੰਪਤੀ ਜ਼ਬਤ ਕੀਤੀ ਗਈ ਸੀ।

ਮੰਤਰੀ ਨੇ ਦੱਸਿਆ ਕਿ ਵਿਭਾਗ ਵੱਲੋਂ 2011-12 ਤੇ 2012-13 ਦੌਰਾਨ ਕਰਾਏ ਗਏ ਸਰਵੇਖਣਾਂ ਤੋਂ ਅਣਦੱਸੀ 6572.75 ਕਰੋੜ ਤੇ 8254.41 ਕਰੋੜ ਰੁਪਏ ਦੀ ਆਮਦਨ ਦਾ ਖੁਲਾਸਾ ਹੋਇਆ ਸੀ। ਕਾਲੇ ਧਨ ਦਾ ਪੈਦਾ ਹੋਣਾ ਤੇ ਇਸ ਨੂੰ ਵਿਦੇਸ਼ਾਂ ਵਿਚ ਛੁਪਾਏ ਜਾਣਾ ਰੋਕਣ ਲਈ ਕੀਤੇ ਭਾਰਤ ਹੋਰ ਦੇਸ਼ਾਂ ਨਾਲ ਦੂਹਰੇ ਕਰਾਂ ਤੋਂ ਬਚਣ ਬਾਰੇ ਸਮਝੌਤਿਆਂ (ਡੀ.ਟੀ.ਏ.ਏਜ਼) 'ਤੇ ਮੁੜ ਗੱਲਬਾਤ ਕਰ ਰਿਹਾ ਹੈ ਤੇ ਸੂਚਨਾਵਾਂ ਦੇ ਤਬਾਦਲੇ ਲਈ ਕੌਮਾਂਤਰੀ ਮਿਆਰਾਂ ਦੇ ਬਰਾਬਰ ਦੀ ਕਾਨੂੰਨੀ ਵਿਵਸਥਾ ਬਾਰੇ ਵਿਚਾਰ ਕਰ ਰਿਹਾ ਹੈ। ਇਸ ਦੇ ਨਾਲ ਹੀ ਭਾਰਤ ਹੋਰ ਕਈ ਮੁਲਕਾਂ ਨਾਲ ਨਵੀਆਂ ਸੰਧੀਆਂ ਕਰ ਰਿਹਾ ਹੈ ਤੇ ਕਰਾਂ ਬਾਰੇ ਸੂਚਨਾਵਾਂ ਦੇ ਲੈਣ-ਦੇਣ ਲਈ ਹੋਰ ਬਣਦੇ ਉਪਰਾਲੇ ਕਰ ਰਿਹਾ ਹੈ।

# ਪਾਕਿਸਤਾਨ ਵਿਚ ਚੁਰਾਸੀ ਸਾਲ ਪੁਰਾਣਾ ਕੇਸ ਖੁੱਲ੍ਹਿਆ

**ਲਾਹੌਰ:** ਇਕ ਪਾਕਿਸਤਾਨੀ ਅਦਾਲਤ ਨੇ 84 ਸਾਲ ਪੁਰਾਣਾ ਕੇਸ ਖੋਲ੍ਹਣ ਦੀ ਅਪੀਲ ਕਰਦੀ ਪਟੀਸ਼ਨ 'ਤੇ ਸੁਣਵਾਈ ਸ਼ੁਰੂ ਕਰ ਦਿੱਤੀ ਹੈ ਜਿਸ ਵਿਚ ਬਰਤਾਨਵੀ ਰਾਜਕਾਲ ਦੌਰਾਨ ਇਕ ਅਦਾਲਤ ਨੇ ਗਾਜ਼ੀ ਇਲਮੂਦੀਨ ਨੂੰ ਰਾਜਪਾਲ ਨਾਂ ਦੇ ਇਕ ਹਿੰਦੂ ਲੇਖਕ ਦਾ ਕਤਲ ਕਰਨ 'ਤੇ ਮੌਤ ਦੀ ਸਜ਼ਾ ਦਿੱਤੀ ਸੀ। ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਤਿਮੇਰ ਅਤਾ ਬੰਦਿਆਲ ਨੇ ਪਟੀਸ਼ਨਰ ਦੇ ਵਕੀਲ ਦੀਆਂ ਦਲੀਲਾਂ ਸੁਣੀਆਂ ਤੇ ਅਗਲੀ ਸੁਣਵਾਈ 14 ਮਾਰਚ 'ਤੇ ਪਾ ਦਿੱਤੀ।

ਇਲਮੂਦੀਨ ਨੇ ਰਾਜਪਾਲ ਦੀ ਹੱਤਿਆ ਉਸ ਵੱਲੋਂ ਮੁਹੰਮਦ ਸਾਹਿਬ ਵਿਰੁੱਧ ਤੌਹੀਨ ਭਰੀਆਂ ਟਿੱਪਣੀਆਂ ਕਰਨ ਕਰਕੇ ਕੀਤੀ ਸੀ ਤੇ ਬਰਤਾਨਵੀ ਰਾਜਕਾਲ ਮੌਕੇ 1929 ਵਿਚ ਲਾਹੌਰ ਹਾਈ ਕੋਰਟ ਦੇ ਜੱਜ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। 'ਸੇਵ ਦਿ ਜੁਡੀਸ਼ਰੀ ਕਮੇਟੀ' ਦੇ ਇਮਤਿਆਜ਼ ਰਾਸ਼ੀਦ ਕੁਰੈਸ਼ੀ ਨੇ ਇਹ ਕੇਸ ਮੁੜ ਖੋਲ੍ਹਕ ਕੇ ਇਲਮੂਦੀਨ ਨੂੰ ਦੋਸ਼ ਮੁਕਤ ਕੀਤੇ ਜਾਣ ਦੀ ਬੇਨਤੀ ਕਰਦਿਆਂ ਇਹ ਪਟੀਸ਼ਨ ਪਾਈ ਸੀ। ਕੁਰੈਸ਼ੀ ਦੇ ਵਕੀਲ ਫਾਰੂਕ ਹਸਨ ਨੇ ਦਲੀਲ ਦਿੱਤੀ ਕਿ ਰਾਜਪਾਲ ਨੇ ਇਹ ਤੌਹੀਨ ਭਰੀ ਸਮੱਗਰੀ ਆਪਣੀ ਪੁਸਤਕ ਵਿਚ ਸ਼ਾਮਲ ਕਰਕੇ 'ਆਪਣੀ ਮੌਤ ਨੂੰ ਸੱਦਾ ਦਿੱਤਾ' ਸੀ।

ਉਸ ਨੇ ਕਿਹਾ ਕਿ ਗਾਜ਼ੀ ਇਲਮੂਦੀਨ ਦੀ ਰਾਜਪਾਲ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ




ਤੇ ਉਸ ਨੇ ਤਾਂ ਕੇਵਲ ਮੁਹੰਮਦ ਸਾਹਿਬ ਨਾਲ ਪਿਆਰ ਕਰਕੇ ਤੇ ਸੱਚੇ ਮੁਸਲਮਾਨ ਦੀ ਹੈਸੀਅਤ ਵਿਚ ਇਹ ਕਾਰਵਾਈ ਕੀਤੀ ਸੀ। ਹਸਨ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ 'ਜਾਇਜ਼ੇ ਦੇ ਸਿਧਾਂਤ ਦੀ ਵਰਤੋਂ ਕਰਦਿਆਂ' ਉਸ ਸਮੇਂ ਦਾ ਹੁਕਮ ਲਾਂਭੇ ਕੀਤਾ ਜਾਵੇ ਤੇ ਇਲਮੂਦੀਨ ਨੂੰ ਦੋਸ਼ ਮੁਕਤ ਕੀਤਾ ਜਾਵੇ। ਕੁਰੈਸ਼ੀ ਨੇ ਅਦਾਲਤ ਨੂੰ ਇਹ ਬੇਨਤੀ ਵੀ ਕੀਤੀ ਕਿ ਸਰਕਾਰ ਨੂੰ ਇਲਮੂਦੀਨ ਦਾ ਸਤਿਕਾਰ ਕਰਨ ਤੇ ਸਰਕਾਰੀ ਸਨਮਾਨ ਦੇਣ ਲਈ ਕਿਹਾ ਜਾਵੇ। ਉਸ ਨੇ ਇਹ ਬੇਨਤੀ ਵੀ ਕੀਤੀ ਕਿ ਸਰਕਾਰ ਨੂੰ ਇਲਮੂਦੀਨ ਨੂੰ ਦੋਸ਼ੀ ਨਹੀਂ ਕਰਾਰ ਦੇ ਕੇ ਉਸ ਦੀਆਂ ਅੰਤਿਮ ਰਸਮਾਂ ਸਰਕਾਰੀ ਸਨਮਾਨਾਂ ਨਾਲ ਕੀਤੀਆਂ ਜਾਣ।

# ਗਵਰਨਰ ਨਿੱਕੀ ਹੇਲੀ ਦੀ ਬੱਲੇ-ਬੱਲੇ

**ਵਾਸ਼ਿੰਗਟਨ:** ਸਾਊਥ ਕੈਰੋਲਾਈਨਾ ਦੀ ਭਾਰਤੀ-ਅਮਰੀਕੀ ਮੂਲ ਦੀ ਗਵਰਨਰ ਨਿੱਕੀ ਹੇਲੀ ਦੀ ਲੋਕਪ੍ਰਿਅਤਾ ਦਰ ਕਾਫੀ ਵਧੀ ਹੈ। ਇਹ ਗੱਲ ਹਾਲ ਹੀ ਵਿਚ ਹੋਏ ਸਰਵੇਖਣ ਤੋਂ ਸਾਹਮਣੇ ਆਈ ਹੈ। ਉਸ ਦੀ ਹਰਮਨਪਿਆਰਤਾ ਦੀ ਦਰ ਵਧ ਕੇ 43.7 ਫ਼ੀਸਦੀ ਹੋ ਗਈ ਹੈ ਜੋ ਦਸੰਬਰ 2011 ਤੋਂ ਹੁਣ ਤੱਕ ਨੌਂ ਅੰਕ ਵੱਧ ਹੈ। ਉਦੋਂ ਨਿੱਕੀ ਨੂੰ 34.6 ਫ਼ੀਸਦੀ ਵੋਟਰਾਂ ਨੇ ਪ੍ਰਵਾਨਗੀ ਦਿੱਤੀ ਸੀ।

ਇਸ ਤੋਂ ਇਲਾਵਾ ਨਿੱਕੀ ਹੇਲੀ ਨੂੰ ਆਟੋਮੋਬਾਈਲ ਸੈਕਟਰ ਵਿਚ ਰੁਜ਼ਗਾਰ ਨੂੰ ਹੁਲਾਰਾ ਦੇਣ ਲਈ ਲੀਡਰਸ਼ਿਪ ਪੁਰਸਕਾਰ ਨਾਲ ਨਵਾਜ਼ਿਆ ਗਿਆ ਹੈ। ਮੋਟਰ ਐਂਡ ਇਕੁਅਪਮੈਂਟ ਮੈਨੂਫੈਕਚਰਜ਼ ਐਸੋਸੀਏਸ਼ਨ (ਐਮ ਈ ਐਮ ਏ) ਦਾ ਸ਼ੁਰੂਆਤੀ ਸਟੇਟ ਲੀਡਰਸ਼ਿਪ ਐਵਾਰਡ ਹੇਲੀ ਨੂੰ ਇਥੇ ਪੀਡਮੋਂਟ ਵਿਚ ਹੋਏ ਸਮਾਗਮ ਵਿਚ ਦਿੱਤਾ ਗਿਆ। ਨਿੱਕੀ ਹੇਲੀ ਦਾ ਪਤੀ ਇਸ ਵੇਲੇ ਅਫ਼ਗਾਨਿਸਤਾਨ 'ਚ ਤਾਇਨਾਤ ਹੈ। ਐਮ ਈ ਐਮ ਏ ਦੇ ਪ੍ਰੈਜ਼ੀਡੈਂਟ ਤੇ ਸੀਈਓ ਬੌਬ ਮੇਕੈਨਾ ਨੇ ਕਿਹਾ ਕਿ ਗਵਰਨਰ ਹੇਲੀ ਦੱਖਣੀ ਕੈਰੋਲਾਈਨਾ ਵਿਚ ਨੌਕਰੀਆਂ ਲਿਆਉਣ ਲਈ ਵਚਨਬੱਧ ਰਹੀ ਹੈ ਤੇ ਆਪਣੇ ਸੂਬੇ ਵਿਚ ਮੋਟਰ ਵਾਹਨ ਸਪਲਾਇਰ ਸਨਅਤ ਲਈ ਦ੍ਰਿੜਤਾ ਨਾਲ ਲੜਦੀ ਰਹੀ ਹੈ।

ਦੱਖਣੀ ਕੈਰੋਲਾਈਨਾ ਵਿਚ ਮੋਟਰ ਗੱਡੀਆਂ ਦੇ ਪੁਰਜ਼ੇ ਬਣਾਉਣ ਵਾਲੇ ਨਿਰਮਾਤਾਵਾਂ ਨੇ ਸਿੱਧੇ ਤੌਰ 'ਤੇ 24,569 ਲੋਕਾਂ ਨੂੰ ਭਰਤੀ ਕੀਤਾ। ਜਨਵਰੀ 2011 ਤੋਂ ਦੱਖਣੀ ਕੈਰੋਲਾਈਨਾ ਨੇ ਪੰਜ



ਅਰਬ ਤੋਂ ਵੱਧ ਪੂੰਜੀ ਨਿਵੇਸ਼ ਕੀਤਾ ਤੇ ਆਟੋਮੋਟਿਵ ਖੇਤਰ 'ਚ 8000 ਤੋਂ ਵੱਧ ਨੌਕਰੀਆਂ ਦੇ ਮੌਕੇ ਬਣਾਏ। 41 ਸਾਲਾ ਹੇਲੀ ਨੇ ਕਿਹਾ ਕਿ ਸੂਬੇ ਦੇ ਕਾਰੋਬਾਰੀ-ਪੱਖੀ ਵਾਤਾਵਰਣ ਨੂੰ ਹੋਰ ਮਜ਼ਬੂਤ ਕਰਨ ਲਈ ਉਨ੍ਹਾਂ ਨੇ ਬਹੁਤ ਕੰਮ ਕੀਤਾ ਤਾਂ ਕਿ ਕੰਪਨੀਆਂ ਨੂੰ ਹੋਰ ਸਹਿਜ ਨਾਲ ਸਫਲਤਾ ਮਿਲ ਸਕੇ। ਇਸ ਨਿਵੇਸ਼ ਨਾਲ ਵੀ ਇਥੇ ਨੌਕਰੀਆਂ ਦੇ ਮੌਕੇ ਵਧਣਗੇ।

ਨਿੱਕੀ ਹੇਲੀ ਦੇ ਤਰਜਮਾਨ ਰੌਬ ਗੌਡਫਰੇ ਨੇ ਦੱਸਿਆ ਕਿ ਗਵਰਨਰ ਹੇਲੀ ਦਾ ਹਮੇਸ਼ਾ ਇਹੋ ਕਥਨ ਰਿਹਾ ਹੈ ਕਿ ਵੋਟਾਂ ਦੀ ਗਿਣਤੀ ਉਪਰ-ਥੱਲੇ ਹੋ ਸਕਦੀ ਹੈ ਪਰ ਉਸ ਦੀ ਸੂਤਾ ਰਾਜ ਵਿਚ ਨੌਕਰੀਆਂ ਦੀ ਗਿਣਤੀ ਵਿਚ ਹੈ ਤੇ ਉਹ ਇਸ ਗੱਲੋਂ ਖੁਸ਼ ਹੈ ਕਿ ਇਹ ਸਥਿਤੀ ਬਿਹਤਰ ਤੋਂ ਸਰਵੋਤਮ ਹੁੰਦੀ ਜਾ ਰਹੀ ਹੈ। 41 ਸਾਲਾ ਹੇਲੀ ਹੁਣ ਤੱਕ ਦੀ ਸਿਰਫ ਦੂਜੀ ਭਾਰਤੀ ਅਮਰੀਕੀ ਹੈ ਜੋ ਅਮਰੀਕਾ ਦੇ ਕਿਸੇ ਸੂਬੇ ਦੀ ਗਵਰਨਰ ਬਣੀ ਹੈ। ਉਹ ਪਹਿਲੀ ਭਾਰਤੀ-ਅਮਰੀਕੀ ਮਹਿਲਾ ਗਵਰਨਰ ਹੈ। ਹੇਲੀ ਦੀ ਮਸ਼ਹੂਰੀ ਤੇ ਲੋਕਪ੍ਰਿਅਤਾ ਉਸ ਸਮੇਂ ਵਧ ਰਹੀ ਹੈ ਜਦੋਂ ਇਕ ਹੋਰ ਭਾਰਤੀ ਅਮਰੀਕੀ ਗਵਰਨਰ ਬੌਬੀ ਜਿੰਦਲ ਦਾ ਮਾਣ-ਤਾਣ ਘੱਟ ਰਿਹਾ ਹੈ।

## ਮਿਸਰ ਵਿਚ ਸੰਸਦੀ ਚੋਣਾਂ ਦਾ ਐਲਾਨ

**ਕਾਹਿਰਾ:** ਦੇਸ਼ ਦੇ ਲੋਕਾਂ ਵਿਚ ਸਰਕਾਰ ਖਿਲਾਫ ਪੈਦਾ ਹੋਏ ਰੋਸ ਨੂੰ ਠੰਢਾ ਕਰਨ ਦੇ ਮਕਸਦ ਨਾਲ ਮਿਸਰ ਦੇ ਰਾਸ਼ਟਰਪਤੀ ਮੁਹੰਮਦ ਮੁਰਸੀ ਨੇ ਇਸ ਸਾਲ ਅਪਰੈਲ ਵਿਚ ਸੰਸਦੀ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੈ। ਸ੍ਰੀ ਮੁਰਸੀ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਦੇਸ਼ ਵਿਚ ਚੋਣ ਨਿਗਰਾਨਾਂ ਦੀ ਘਾਟ ਕਾਰਨ ਸੰਸਦੀ ਚੋਣਾਂ ਚਾਰ ਗੇੜਾਂ ਵਿਚ ਹੋਣਗੀਆਂ ਤੇ ਨਵੀਂ ਸੰਸਦ ਦਾ ਇਜਲਾਸ ਛੇ ਜੁਲਾਈ ਨੂੰ ਸੱਦਿਆ ਜਾਵੇਗਾ। ਚਾਰ ਗੇੜਾਂ ਵਿਚ ਚੱਲਣ ਵਾਲੀ ਇਹ ਪ੍ਰਕਿਰਿਆ 27-28 ਅਪਰੈਲ, 15-16 ਮਈ, 2-3 ਤੇ 19-20 ਜੂਨ ਤੱਕ ਚੱਲੇਗੀ। ਭਾਵੇਂ ਰਾਸ਼ਟਰਪਤੀ ਨੇ ਸੰਸਦੀ ਚੋਣਾਂ ਦਾ ਐਲਾਨ ਕਰ ਦਿੱਤਾ ਹੈ ਪਰ ਇਸ ਦੇ ਬਾਵਜੂਦ ਹਿੰਸਾ ਦਾ ਦੌਰ ਜਾਰੀ ਰਹਿਣ ਦੀ ਸੰਭਾਵਨਾ ਹੈ। ਦੇਸ਼ ਵਿਚ ਬੀਤੇ ਇਕ ਸਾਲ ਦੌਰਾਨ ਤੱਟੀ ਸੂਬੇ ਸੁਏਜ਼ ਵਿਚ ਹਿੰਸਾ ਕਾਫੀ ਭੜਕੀ ਰਹੀ। ਉਥੋਂ ਦੇ ਲੋਕ ਰਾਸ਼ਟਰਪਤੀ ਖ਼ਿਲਾਫ਼ ਹਨ। ਸ੍ਰੀ ਮੁਰਸੀ ਤੇ ਮੁਸਲਿਮ ਬ੍ਰਦਰਹੁੱਡ ਨੂੰ ਲੱਗਦਾ ਹੈ ਕਿ ਸੰਸਦੀ ਚੋਣਾਂ ਮਗਰੋਂ ਵਿਰੋਧੀ ਧਿਰ ਵੱਲੋਂ ਦੇਸ਼ ਭਰ ਵਿਚ ਕੀਤੇ ਜਾ ਰਹੇ ਪ੍ਰਦਰਸ਼ਨ ਬੰਦ ਹੋ ਜਾਣਗੇ। ਬੀਤੇ ਸਾਲ ਜੂਨ ਵਿਚ ਜੱਜਾਂ ਵੱਲੋਂ ਚੋਣ ਕਾਨੂੰਨਾਂ ਨੂੰ ਗੈਰ-ਸੰਵਿਧਾਨਕ ਕਰਾਰ ਦੇਣ ਮਗਰੋਂ ਕੱਟੜਪੰਥੀਆਂ ਦੀ ਬਹੁਤਾਤ ਵਾਲੀ ਸੰਸਦ ਭੰਗ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਸੰਸਦ ਦੇ ਉਪਰ ਸਦਨ (ਸ਼ੂਰਾ ਕੌਂਸਲ) ਨੇ ਉੱਚ ਸੰਵਿਧਾਨਕ ਅਦਾਲਤ ਵੱਲੋਂ ਚੋਣ ਕਾਨੂੰਨਾਂ ਵਿਚ ਸੋਧ ਬਾਰੇ ਦਿੱਤੀਆਂ ਤਜਵੀਜ਼ਾਂ ਉਪਰ ਸਹਿਮਤੀ ਪ੍ਰਗਟ ਕੀਤੀ ਸੀ।

# ਵਾਹਵਾ ਵਜ਼ਨਦਾਰ ਹੋ ਰਹੇ ਨੇ ਵਲਾਇਤੀਏ!

**ਨਿਊ ਯਾਰਕ:** ਅਮਰੀਕਾ ਵਿਚ ਬੱਚੇ ਖਾਣ-ਪੀਣ ਪ੍ਰਤੀ ਖਾਸ ਧਿਆਨ ਦੇ ਕੇ ਜਿਥੇ ਆਪਣੇ ਭਾਰ ਨੂੰ ਕਾਬੂ ਵਿਚ ਰੱਖ ਰਹੇ ਹਨ, ਉਥੇ ਬਰਤਾਨੀਆ ਵਿਚ ਮੋਟਾਪਾ ਮਹਾਂਮਾਰੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਬਰਤਾਨੀਆ ਵਿਚ ਕੀਤੇ ਗਏ ਸਰਵੇ ਮੁਤਾਬਕ ਸਕੂਲ 'ਚ ਪੜ੍ਹਨ ਸਮੇਂ ਦਸ ਵਿਚੋਂ ਇਕ ਬੱਚਾ ਮੋਟਾ ਹੁੰਦਾ ਹੈ ਤੇ ਉਮਰ ਵਧਣ ਦੇ ਨਾਲ-ਨਾਲ ਇਹ ਗਿਣਤੀ ਕਾਫੀ ਹੋ ਜਾਂਦੀ ਹੈ। ਅੱਜਕੱਲ੍ਹ ਦੇਸ਼ ਦੇ ਹਸਪਤਾਲਾਂ ਵਿਚ ਮੋਟਾਪੇ ਨਾਲ ਸਬੰਧਤ ਰੋਗਾਂ ਤੋਂ ਪੀੜਤ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।

ਸਾਲ 1993 ਵਿਚ 13 ਫ਼ੀਸਦੀ ਪੁਰਸ਼ ਤੇ 16 ਫ਼ੀਸਦੀ ਔਰਤਾਂ ਮੋਟਾਪੇ ਦਾ ਸ਼ਿਕਾਰ ਸਨ ਤੇ 2011 ਵਿਚ ਇਹ ਫ਼ੀਸਦੀ ਕ੍ਰਮਵਾਰ 24 ਤੇ 26 ਹੋ ਗਈ। ਜੇਕਰ ਮੋਟੇ ਤੇ ਵੱਧ ਵਜ਼ਨ ਵਾਲੇ ਲੋਕਾਂ ਦੀ ਇਕੱਠੀ ਗਿਣਤੀ ਕੀਤੀ ਜਾਵੇ ਤਾਂ 65 ਫ਼ੀਸਦੀ ਪੁਰਸ਼ ਤੇ 58 ਫ਼ੀਸਦੀ ਔਰਤਾਂ ਲੋੜ ਤੋਂ ਵੱਧ ਭਾਰ ਚੁੱਕੀ ਫਿਰ ਰਹੇ ਹਨ। ਮੋਟਾਪਾ ਮੈਨੇਜਮੈਂਟ ਐਸੋਸੀਏਸ਼ਨ ਦੇ ਚੇਅਰਮੈਨ ਗਰਾਹਮ ਰੋਵਾਨ ਨੇ ਚਿਤਾਵਨੀ ਦਿੱਤੀ ਹੈ ਕਿ ਬਰਤਾਨੀਆ ਮੋਟਾਪੇ ਦੀ ਮਹਾਂਮਾਰੀ ਦੀ ਮਾਰ ਹੇਠ ਆ ਗਿਆ ਹੈ।

ਸਿਹਤ ਤੇ ਸਮਾਜਕ ਦੇਖਭਾਲ ਸੂਚਨਾ ਕੇਂਦਰ ਦੇ ਮੁਖੀ ਟਿਮ ਮੁਤਾਬਕ ਖਾਣ ਦੀਆਂ ਮਾੜੀਆਂ ਆਦਤਾਂ ਤੇ ਕਸਰਤ ਤੋਂ ਮੂੰਹ ਮੋੜਨਾ ਮੋਟਾਪੇ ਦੀ ਮੁੱਖ ਵਜ੍ਹਾ ਹੈ। ਦੇਸ਼ ਵਿਚ ਫਲਾਂ ਤੇ



ਸਬਜ਼ੀਆਂ ਦੀ ਖਰੀਦ ਵਿਚ ਸਾਲ 2008 ਤੋਂ ਕਾਫੀ ਕਮੀ ਆਈ ਹੈ। ਸਾਲ 2008 ਦੇ ਮੁਕਾਬਲੇ 2011 ਵਿਚ ਫਲਾਂ ਦੀ ਖਰੀਦ 4.1 ਫ਼ੀਸਦੀ ਤੇ ਸਬਜ਼ੀਆਂ ਦੀ ਖਰੀਦ 2.1 ਫ਼ੀਸਦੀ ਘਟੀ ਹੈ।

ਦੂਜੇ ਪਾਸੇ ਅਮਰੀਕਾ ਵਿਚ ਬੱਚੇ ਆਪਣੀ ਸਿਹਤ ਬਾਰੇ ਕਾਫੀ ਜਾਗਰੂਕ ਹੁੰਦੇ ਜਾ ਰਹੇ ਹਨ। ਤਾਜ਼ਾ ਅੰਕੜਿਆਂ ਮੁਤਾਬਕ 2010 ਵਿਚ ਲੋਕਾਂ ਨੇ ਇਕ ਦਹਾਕਾ ਪਹਿਲਾਂ ਦੇ ਮੁਕਾਬਲੇ ਘੱਟ ਕੈਲਰੀ ਵਾਲੇ ਖਾਣੇ ਛਕੇ। ਸਾਲ 1999 ਤੋਂ 2010 ਦੇ ਵਿਚਾਲੇ ਲੜਕੇ ਜਿੰਨੀ ਕੈਲਰੀ ਖਾਂਦੇ ਸਨ, ਉਸ ਵਿਚ ਸੱਤ ਫ਼ੀਸਦੀ ਦੀ ਕਮੀ ਆਈ ਹੈ, ਜਦਕਿ ਲੜਕੀਆਂ ਵਿਚ ਇਹ ਕਮੀ ਚਾਰ ਫ਼ੀਸਦੀ ਦਰਜ ਕੀਤੀ ਗਈ। ਨੌਜਵਾਨਾਂ ਵਿਚ ਸਿਹਤ ਪ੍ਰਤੀ ਜਾਗਰੂਕਤਾ ਨਹੀਂ ਹੈ। ਉਹ ਵੱਧ ਕੈਲਰੀ ਵਾਲਾ ਭੋਜਨ ਖਾ ਰਹੇ ਹਨ। ਇਸ ਕਾਰਨ ਉਥੇ ਹਰ ਤੀਜਾ ਨੌਜਵਾਨ ਮੋਟਾਪੇ ਦਾ ਸ਼ਿਕਾਰ ਹੈ। ਅਮਰੀਕੀ ਬੱਚਿਆਂ ਵਿਚ ਖਾਣ-ਪੀਣ ਦੀਆਂ ਬਦਲ ਰਹੀਆਂ ਆਦਤਾਂ ਨੂੰ ਸ਼ੁਭ ਸੰਕੇਤ ਮੰਨਿਆ ਜਾ ਰਿਹਾ ਹੈ।

## ਤੋਗੜੀਆ ਨੂੰ ਜੰਮੂ ਹਵਾਈ ਅੱਡੇ ਤੋਂ ਬੇਰੰਗ ਮੋੜਿਆ

**ਜੰਮੂ:** ਇਥੇ ਦੋ ਦਿਨਾਂ ਧਾਰਮਿਕ ਸਮਾਗਮਾਂ ਵਿਚ ਹਿੱਸਾ ਲੈਣ ਪੁੱਜੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਦੇ ਪ੍ਰਧਾਨ ਪ੍ਰਵੀਨ ਤੋਗੜੀਆ ਨੂੰ ਜੰਮੂ ਪੁਲਿਸ ਨੇ ਹਿਰਾਸਤ ਵਿਚ ਲੈ ਕੇ ਕੁਝ ਸਮੇਂ ਬਾਅਦ ਵਾਪਸ ਭੇਜ ਦਿੱਤਾ। ਉਨ੍ਹਾਂ ਨੂੰ ਜੰਮੂ ਹਵਾਈ ਅੱਡੇ ਦੇ ਅੰਦਰ ਹੀ ਰੋਕ ਲਿਆ ਗਿਆ। ਸੂਬੇ ਦੇ ਮਾਹੌਲ ਨੂੰ ਵਿਗੜਨ ਤੋਂ ਬਚਾਉਣ ਦੇ ਮੱਦੇਨਜ਼ਰ ਜੰਮੂ ਪੁਲਿਸ ਨੇ ਤੋਗੜੀਆ ਨੂੰ ਹਿਰਾਸਤ ਵਿਚ ਲੈ ਲਿਆ ਸੀ ਪਰ ਬਾਅਦ ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।



ਜਿਵੇਂ ਹੀ ਉਹ ਮੁੰਬਈ ਤੋਂ ਜੈੱਟ ਏਅਰਵੇਜ਼ ਦੀ ਉਡਾਣ ਰਾਹੀਂ ਜੰਮੂ ਹਵਾਈ ਅੱਡੇ 'ਤੇ ਉਤਰੇ ਤਾਂ ਉਥੇ ਮੌਜੂਦ ਪ੍ਰਸ਼ਾਸਨਕ ਅਧਿਕਾਰੀਆਂ ਨੇ ਪ੍ਰਵੀਨ ਤੋਗੜੀਆ ਨੂੰ ਇਹ ਆਖ ਬਾਹਰ ਜਾਣ ਤੋਂ ਰੋਕ ਦਿੱਤਾ ਕਿ ਸ਼ਹਿਰ ਵਿਚ ਕਾਨੂੰਨ ਵਿਵਸਥਾ ਦੀ ਸਮੱਸਿਆ ਪੈਦਾ ਹੋ ਜਾਵੇਗੀ। ਲਿਹਾਜ਼ਾ ਉਨ੍ਹਾਂ ਨੂੰ ਵਾਪਸ ਜਾਣਾ ਪਵੇਗਾ। ਤੋਗੜੀਆ ਨੂੰ ਹਵਾਈ ਅੱਡੇ ਉੱਤੇ ਵੀਆਈਪੀ ਕਮਰੇ ਵਿਚ ਬੈਠਾ ਦਿੱਤਾ ਗਿਆ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਜੰਮੂ ਵਿਚ ਧਾਰਾ 144 ਲਾਗੂ ਕਰ ਦਿੱਤੀ। ਤੋਗੜੀਆ ਦੇ ਨਾਰਾਜ਼ ਸਮਰਥਕਾਂ ਨੇ ਹਵਾਈ ਅੱਡੇ ਦੇ ਬਾਹਰ ਜੰਮਕੇ ਹੰਗਾਮਾ ਕੀਤਾ ਤੇ ਸਰਕਾਰ ਵਿਰੋਧੀ ਨਾਅਰੇਬਾਜ਼ੀ ਕੀਤੀ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਕੁਨਾਂ ਵੱਲੋਂ ਪ੍ਰਦਰਸ਼ਨ ਦਾ ਸਿਲਸਲਾ ਤਕਰੀਬਨ ਤਿੰਨ ਘੰਟੇ ਤੱਕ ਚੱਲਦਾ ਰਿਹਾ। ਜੈੱਟ ਏਅਰਵੇਜ਼ ਦੀ ਉਡਾਣ ਰਾਹੀਂ ਪ੍ਰਵੀਨ ਤੋਗੜੀਆ ਨੂੰ ਵਾਪਸ ਦਿੱਲੀ ਭੇਜ ਦਿੱਤਾ ਗਿਆ। ਹਵਾਈ ਅੱਡਾ ਦੇ ਬਾਹਰ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਦੇ ਪ੍ਰਦੇਸ਼ ਪ੍ਰਧਾਨ ਰਮਾਕਾਂਤ ਦੂਬੇ ਨੇ ਕਿਹਾ ਜਿਥੇ ਸਰਕਾਰ ਵੱਖਵਾਦੀਆਂ ਨੂੰ ਖੁੱਲ੍ਹਮ-ਖੁੱਲ੍ਹਾ ਘੁੰਮਣ ਦੀ ਇਜਾਜ਼ਤ ਦੇ ਰਹੀ ਹੈ, ਉਥੇ ਪ੍ਰਵੀਨ ਤੋਗੜੀਆ ਨੂੰ ਗ੍ਰਿਫ਼ਤਾਰ ਕਰ ਰਿਹਾ ਹੈ।

ਸੁਰਤ ਤੇ ਸੰਗੀਤ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

# ਸੁਰਿੰਦਰ ਕੌਰ: ਸੁਰ ਦੀ ਸਰਸਵਤੀ

ਸੁਰਿੰਦਰ ਕੌਰ ਦੇ ਤਵੇ ਤਾਂ ਮੈਂ ਸੁਰਤ ਸੰਭਲਣ ਵੇਲੇ ਤੋਂ ਸੁਣ ਹੀ ਰਿਹਾ ਸੀ, ਉਹਨੂੰ ਪਹਿਲੀ ਵਾਰ ਦੇਖਿਆ 1950 ਦੇ ਗੇੜ ਵਿਚ ਰਾਮਪੁਰਾ ਫੂਲ ਦੇ ਚੌਕ ਵਿਚ ਹੋਈ ਇਕ ਵੱਡੀ ਅਮਨ ਕਾਨਫਰੰਸ ਸਮੇਂ। ਦੂਜੀ ਸੰਸਾਰ ਜੰਗ ਦੇ ਕੀਤੇ ਸਰਬਨਾਸ ਤੋਂ ਛੇਤੀ ਹੀ ਮਗਰੋਂ ਤੀਜੀ ਜੰਗ ਦਾ ਖ਼ਤਰਾ ਬਣਦਾ ਜਾ ਰਿਹਾ ਸੀ। ਇਸ ਖ਼ਤਰੇ ਵਿਰੁਧ ਲੋਕਾਂ ਨੂੰ ਲਾਮਬੰਦ ਕਰਨ ਲਈ ਤਕੜੀ ਅਮਨ ਲਹਿਰ ਉਠ ਖੜ੍ਹੀ ਹੋਈ। ਇਸ ਲਹਿਰ ਨੂੰ ਸਿਆਸੀ ਖੇਤਰ ਵਿਚ ਕਮਿਊਨਿਸਟ ਪਾਰਟੀ ਦੀ ਅਗਵਾਈ ਪ੍ਰਾਪਤ ਸੀ, ਸਾਹਿਤਕ ਖੇਤਰ ਵਿਚ ਸੰਤੋਖ ਸਿੰਘ ਧੀਰ, ਤੇਰਾ ਸਿੰਘ ਚੰਨ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ ਤੇ ਹੋਰ ਅਨੇਕ ਲੇਖਕ ਅਮਨ ਦੀਆਂ ਕਵਿਤਾਵਾਂ ਤੇ ਗੀਤ ਲਿਖ ਰਹੇ ਸਨ ਅਤੇ ਸਭਿਆਚਾਰਕ ਮੰਚਾਂ ਉਤੇ ਸੁਰਿੰਦਰ ਕੌਰ, ਅਮਰਜੀਤ ਗੁਰਦਾਸਪੁਰੀ, ਪ੍ਰੋ. ਨਿਰੰਜਣ ਸਿੰਘ ਆਦਿ ਅਮਨ ਦੇ ਗੀਤ ਗਾ ਰਹੇ ਸਨ। ਇਸ ਕਾਨਫਰੰਸ ਵਿਚ ਸੰਸਾਰ ਅਮਨ ਲਹਿਰ ਦੇ ਇਕ ਪ੍ਰਸਿੱਧ ਆਗੂ ਤੇ ਹਿੰਦ ਅਮਨ ਕੌਂਸਲ ਦੇ ਮੋਹਰੀ ਸੈਫ਼ੂਦੀਨ ਕਿਚਲੂ ਦੇ ਨਾਲ ਜਗਜੀਤ ਸਿੰਘ ਆਨੰਦ ਪੁੱਜੇ ਹੋਏ ਸਨ; ਲੇਖਕਾਂ ਵਿਚੋਂ ਮੈਨੂੰ ਤੇਰਾ ਸਿੰਘ ਚੰਨ ਚੇਤੇ ਹੈ ਜੀਹਦਾ ਨਵਾਂ ਨਵਾਂ ਲਿਖਿਆ ਗੀਤ "ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ" ਇਕਦਮ ਪ੍ਰਸਿੱਧ ਹੋ ਗਿਆ ਸੀ ਤੇ ਗਾਇਕਾਂ ਵਿਚੋਂ ਸੁਰਿੰਦਰ ਕੌਰ ਤੇ ਪ੍ਰੋ. ਨਿਰੰਜਣ ਸਿੰਘ ਦੇ ਬੋਲ ਏਨੇ ਮਨਮੋਹਕ ਸਨ ਕਿ ਉਸ ਕਾਨਫਰੰਸ ਦੀਆਂ ਹੋਰ ਗੱਲਾਂ ਤਾਂ ਸਮੇਂ ਨਾਲ ਚੇਤੇ ਵਿਚ ਧੁੰਦਲੀਆਂ ਪੈ ਗਈਆਂ ਪਰ ਇਨ੍ਹਾਂ ਦੇ ਬੋਲ ਅੱਜ ਵੀ ਕੰਨਾਂ ਵਿਚ ਰਸ ਘੋਲ ਦਿੰਦੇ ਹਨ।

ਸ਼ਾਇਦ ਬਹੁਤੇ ਪਾਠਕਾਂ ਨੂੰ ਇਹ ਪਤਾ ਨਹੀਂ ਕਿ ਅਮਨ ਲਹਿਰ ਤੇ ਇਪਟਾ ਦੇ ਸਭਿਆਚਾਰਕ ਮੰਚਾਂ ਤੋਂ ਸੁਰਿੰਦਰ ਕੌਰ ਨੇ ਬਹੁਤ ਖੁੱਲ੍ਹ ਕੇ ਗਾਇਆ। ਇਉਂ ਲੋਕਗੀਤਾਂ ਦੇ ਨਾਲ ਨਾਲ ਉਹਦੀ ਸਮਾਜਕ-ਰਾਜਨੀਤਕ ਭੂਮਿਕਾ ਵੀ ਅਹਿਮ ਰਹੀ ਹੈ। ਅਸਲ ਵਿਚ ਉਹਦਾ ਵਿਸ਼ਾਲ ਮੰਚ ਦੀ ਗਾਇਕਾ ਵਾਲਾ ਸੁਭਾਅ ਇਨ੍ਹਾਂ ਮੰਚਾਂ ਦੀ ਹੀ ਦੇਣ ਸੀ। ਤਵੇ ਭਾਵੇਂ ਉਹਨੇ ਕਿੰਨੇ ਹੀ ਭਰਾਏ ਹੋਣ, ਉਹਨੂੰ ਗਾਇਕੀ ਦਾ ਨਸ਼ਾ ਤੇ ਲੋੜ ਦਿਲੋਂ ਹੁੰਗਾਰਾ ਭਰ ਰਹੇ ਇਕੱਠ ਸਾਹਮਣੇ ਗਾ ਕੇ ਹੀ ਆਉਂਦਾ ਸੀ। ਲੋਕਾਂ ਸਾਹਮਣੇ ਗਾਉਂਦਿਆਂ ਉਹ ਦੀਨ-ਦੁਨੀਆਂ ਭੁੱਲ ਕੇ ਸਾਕਾਰ ਗੀਤ ਬਣ ਜਾਂਦੀ ਸੀ ਤੇ ਨਾ ਉਹਦਾ ਗਲਾ ਥਕਦਾ ਸੀ, ਨਾ ਗੀਤ ਮੁਕਦੇ ਸਨ। ਆਪਣੇ ਹੀ ਗੀਤ-ਸੰਗੀਤ ਨਾਲ ਉਹਦੇ ਪੈਰ ਥਿਰਕਣ ਲਗਦੇ। ਜੇ ਉਹ ਦੁਨੀਆਦਾਰੀ ਦੀ ਲਾਜ ਕਾਰਨ ਬਾਹਰੋਂ ਨਾ ਨਚਦੀ, ਬੋਲਾਂ ਦੇ ਨਾਲ ਨਾਲ ਉਹਦਾ ਪੂਰਾ ਅੰਦਰ ਤਾਂ ਨੱਚ ਹੀ ਉਠਦਾ।

ਰੇਡੀਓ ਨਾਲ 30 ਅਗਸਤ 1943 ਨੂੰ ਲਾਹੌਰ ਕੇਂਦਰ ਤੋਂ ਅਤੇ ਤਵਿਆਂ ਨਾਲ 1943 ਵਿਚ ਐਚ ਐਮ ਵੀ ਕੰਪਨੀ ਲਈ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਭਰਾਏ ਲੋਕਗੀਤ "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ" ਤੋਂ ਬਣੀ ਉਹਦੀ ਸਾਂਝ ਤਾਂ ਅੰਤ ਤੱਕ ਨਿਭਦੀ ਹੀ ਰਹੀ, ਮੰਚ ਤੋਂ ਉਹਨੇ ਦੇਸ-ਪਰਦੇਸਾਂ, ਜਿਥੇ ਕਿਤੇ ਚਾਰ ਪੰਜਾਬੀ ਵਸਦੇ ਸਨ, ਸੁਚੱਜੇ ਸਭਿਆਚਾਰ ਦੀ ਸੁਗੰਧ ਫੈਲਾਈ। ਗਾਇਕੀ ਦੀ ਦਾਤ ਦੇ ਪੱਖੋਂ ਕੁਦਰਤ ਸੁਰਿੰਦਰ ਕੌਰ ਉਤੇ ਕਿੰਨੀ ਮਿਹਰਬਾਨ ਸੀ ਅਤੇ ਉਹਦੀ ਆਵਾਜ਼ ਬਚਪਨ ਤੋਂ ਹੀ ਕਿੰਨੀ ਪਰਪੱਕ ਸੀ, ਇਹਦਾ ਪਤਾ ਇਕ ਦਿਲਚਸਪ ਘਟਨਾ ਤੋਂ ਲਗਦਾ ਹੈ। ਉਹ ਤੇਰਾਂ ਸਾਲ ਦੀ ਉਮਰੇ ਲਾਹੌਰ ਰੇਡੀਓ ਦੇ ਬਾਲ-ਪ੍ਰੋਗਰਾਮ ਵਾਸਤੇ ਔਡੀਸ਼ਨ ਲਈ ਗਈ ਸੀ, ਪਰ ਜਦੋਂ ਅਲਾਪ ਲਿਆ ਤਾਂ ਪਾਰਖੂ ਦੰਗ ਰਹਿ ਗਏ ਅਤੇ ਉਹਨੂੰ ਬਾਲ-ਗਾਇਕਾ ਵਜੋਂ ਨਹੀਂ ਸਗੋਂ ਨੌਜਵਾਨ ਗਾਇਕਾ ਵਜੋਂ ਚੁਣ ਲਿਆ ਗਿਆ। ਗਾਇਕੀ ਦੀ ਇਸ ਕੁਦਰਤੀ ਦਾਤ ਨੂੰ ਉਹਨੇ ਕਰੜੇ ਅਭਿਆਸ ਨਾਲ ਬੇਮਿਸਾਲ ਬਣਾ ਲਿਆ। ਪ੍ਰਸਿੱਧ ਹੋਣ ਮਗਰੋਂ ਵੀ ਉਹ ਭਾਰਤੀ ਟਕਸਾਲੀ ਸੰਗੀਤ ਦੇ ਕਿਸੇ ਨਾ ਕਿਸੇ ਮਹਾਰਥੀ ਤੋਂ ਸਿੱਖਿਆ ਪ੍ਰਾਪਤ ਕਰਦੀ ਤੇ ਸੁਰ ਨੂੰ ਸੰਵਾਰਦੀ ਰਹੀ। ਗੁਰੂ-ਸ਼ਿਸ਼ ਪਰੰਪਰਾ ਨੂੰ ਉਹ ਕਿੰਨਾ ਮਹੱਤਵ ਦਿੰਦੀ ਸੀ, ਇਸ ਦੀ ਮਿਸਾਲ ਇਕਬਾਲ ਮਾਹਲ ਦਿੰਦਾ ਹੈ। ਇਸੇ ਘਟਨਾ ਤੋਂ ਉਹਦੇ ਖਰੀ ਮੰਚ-ਗਾਇਕਾ ਹੋਣ ਦਾ ਵੀ ਪਤਾ ਲਗਦਾ ਹੈ।

ਸੁਰਿੰਦਰ ਕੌਰ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਦਾ ਸਨਮਾਨ 22 ਦਸੰਬਰ 1984 ਨੂੰ ਮਦਰਾਸ ਵਿਚ ਭੇਟ ਕੀਤਾ ਜਾਣਾ ਸੀ। ਉਹਦਾ ਗਲਾ ਬਹੁਤ ਖ਼ਰਾਬ ਸੀ ਤੇ ਮਿਥੇ ਪ੍ਰੋਗਰਾਮ ਅਨੁਸਾਰ ਉਥੇ ਉਹਨੇ ਸਰੋਤਿਆਂ ਸਾਹਮਣੇ, ਜਿਨ੍ਹਾਂ ਵਿਚ ਸੁਭਾਵਿਕ ਹੀ ਭਾਰਤ ਦੇ ਮੰਨੇ-ਪ੍ਰਮੰਨੇ ਗਵਈਏ ਤੇ ਸੰਗੀਤਕਾਰ ਬੈਠੇ ਹੋਣੇ ਸਨ, 45 ਮਿੰਟ ਵਾਸਤੇ ਗਾਉਣਾ ਵੀ ਸੀ। ਦਿੱਲੀ ਤੋਂ ਤੁਰਨ ਤੋਂ ਪਹਿਲਾਂ ਉਹ ਆਪਣੇ ਉਸਤਾਦ ਅਬਦੁਲ ਰਹਿਮਾਨ ਖ਼ਾਨ ਤੋਂ ਅਸ਼ੀਰਵਾਦ ਲੈਣੋਂ ਨਾ ਖੁੰਝੀ। ਮਿਥਿਆ ਸਮਾਂ ਨਿਭਾਉਣ ਲਈ ਉਹਨੇ ਪੰਜਾਬੀ ਸਭਿਆਚਾਰ ਦੇ ਵੱਧ ਤੋਂ ਵੱਧ ਰੰਗ ਪੇਸ਼ ਕਰਨ ਦੇ ਇਰਾਦੇ ਨਾਲ ਪੰਜ ਗੀਤਾਂ ਦੀ ਚੋਣ ਕਰ ਲਈ। ਹੇ ਰੱਬਾ, ਗਲ਼ਾ ਸਾਥ ਨਿਭਾ ਦੇਵੇ! ਉਹ ਇਹ ਅਰਜੋਈ ਲੈ ਕੇ ਬੰਗਲਾ ਸਾਹਿਬ ਵੀ ਹੋ ਆਈ। ਇਕ ਵਾਰ ਉਹਨੇ ਮੰਚ ਤੋਂ ਸੁਰ ਛੇੜਦਿਆਂ ਸਰੋਤਿਆਂ ਦੇ ਸਮੂਹ ਉਤੇ ਨਜ਼ਰ ਫੇਰੀ ਤਾਂ ਗਲੇ ਦਾ ਦਰਦ ਕਿਥੇ



ਸੁਰਿੰਦਰ ਕੌਰ

ਯਾਦ ਰਹਿਣਾ ਸੀ! ਉਹਨੇ ਗਲਾ ਤੇ ਸਮਾਂ ਦੋਵੇਂ ਭੁਲਾ ਕੇ 45 ਮਿੰਟ ਵਿਚ ਮੁਕਾਉਣੀਆਂ ਸੋਚੀਆਂ ਉਹ ਪੰਜੇ ਰਚਨਾਵਾਂ ਸੰਗੀਤ ਵਿਚ ਲੀਨ ਹੋ ਕੇ ਪੇਸ਼ ਕਰਦਿਆਂ 90 ਮਿੰਟ ਗੁਜ਼ਾਰ ਦਿੱਤੇ! ਨਾ ਗ਼ੈਰ-ਪੰਜਾਬੀ ਸਰੋਤੇ ਅੱਕੇ ਤੇ ਨਾ ਪ੍ਰਬੰਧਕਾਂ ਨੇ ਘੜੀਆਂ ਦੇਖੀਆਂ। ਉਸ ਸਮੇਂ ਉਹ ਸੁਰਿੰਦਰ ਕੌਰ ਥੋੜ੍ਹੋ ਸੀ; ਸਾਕਾਰ ਸਰਸਵਤੀ ਨੂੰ ਕੌਣ ਟੋਕੇ!

ਉਹਨੂੰ ਮੰਚ ਤੋਂ ਸੁਨਣ ਦਾ ਸੁਭਾਗ ਕਈ ਵਾਰ ਮਿਲਿਆ। ਅੰਤਲੀ ਵਾਰ ਉਹਨੂੰ ਭਾਪਾ ਪ੍ਰੀਤਮ ਸਿੰਘ ਦੇ ਫਾਰਮ 'ਤੇ ਲੇਖਕਾਂ-ਪਾਠਕਾਂ ਦੀ ਧੁੱਪ ਦੀ ਮਹਿਫ਼ਲ 'ਚ ਸੁਣਨ ਦਾ ਸਬੱਬ ਬਣਿਆ। ਸਾਹਿਤ ਅਕਾਦਮੀ ਦੇ ਪੰਜਾਬੀ ਪੁਰਸਕਾਰਦਾਤਿਆਂ ਦੇ ਜੋੜਾਂ-ਤੋੜਾਂ ਵਿਚ ਦਰਵੇਸ਼ ਲੇਖਕ ਦੇਵਿੰਦਰ ਸਤਿਆਰਥੀ ਕਿਤੇ ਮੇਚ ਨਹੀਂ ਸਨ ਆਉਂਦੇ ਤੇ ਭਾਪਾ ਜੀ ਨੂੰ ਇਸ ਗੱਲ ਦਾ ਭਾਰੀ ਰੰਜ ਰਹਿੰਦਾ ਸੀ। ਆਖ਼ਰ ਉਹ ਕਹਿਣ ਲੱਗੇ, ਸਤਿਆਰਥੀ ਜੀ ਨੂੰ ਇਨਾਮ ਨਾ ਮਿਲਣਾ ਬੜੀ ਸ਼ਰਮ ਦੀ ਗੱਲ ਹੈ; ਆਪਾਂ ਆਪ ਸਾਹਿਤ ਅਕਾਦਮੀ ਦੇ ਪੰਜਾਹ ਹਜ਼ਾਰ ਦੇ ਇਨਾਮ ਤੋਂ ਦੋਗੁਣੀ ਰਕਮ, ਇਕ ਲੱਖ ਰੁਪਿਆ ਦੋਸਤਾਂ-ਮਿੱਤਰਾਂ ਤੋਂ ਇਕੱਠੀ ਕਰ ਕੇ ਸਤਿਆਰਥੀ ਜੀ ਨੂੰ ਲੇਖਕ ਤੇ ਪਾਠਕ ਜਗਤ ਵੱਲੋਂ ਭੇਟ ਕਰਾਂਗੇ। ਧੁੱਪ ਦੀ ਮਹਿਫ਼ਲ ਵਿਚ ਹਰ ਸਾਲ ਪੇਸ਼ ਕੀਤੇ ਜਾਂਦੇ ਸਭਿਆਚਾਰਕ ਪ੍ਰੋਗਰਾਮ ਨੂੰ ਇਸ ਵਾਰ ਮੌਕੇ ਦੇ ਹਾਣ ਦਾ ਬਣਾਉਣ ਵਾਸਤੇ ਉਨ੍ਹਾਂ ਨੇ ਸੁਰਿੰਦਰ ਕੌਰ ਨੂੰ ਬੁਲਾਉਣ ਦੀ ਸੋਚੀ। ਉਹ ਆਈ, ਉਹਨੇ ਗਾਇਆ ਤੇ ਬੜੀ ਨਿਰਛਲਤਾ ਨਾਲ ਇਹ ਆਖ ਕੇ ਆਪ ਤਾਂ ਕੀ ਆਪਣੇ ਸਾਜ਼ਿੰਦਿਆਂ ਲਈ ਵੀ ਪੈਸੇ ਲੈਣੋਂ ਇਨਕਾਰ ਕਰ ਦਿੱਤਾ ਕਿ ਕੋਈ ਆਪਣਿਆਂ ਤੋਂ ਵੀ ਪੈਸੇ ਲੈਂਦਾ ਹੈ ਤੇ ਉਹ ਵੀ ਸਤਿਆਰਥੀ ਜੀ ਦੇ ਸਨਮਾਨ ਦੇ ਮੌਕੇ!

ਉਹਦੀ ਨਿਰਛਲਤਾ ਦੇ ਦੋ ਦਿਲਚਸਪ ਕਿੱਸੇ ਬਲਵੰਤ ਗਾਰਗੀ ਨੇ ਸੁਣਾਏ। ਜਦੋਂ ਗਾਰਗੀ, ਡਾ. ਇੰਦਰਜੀਤ, ਅਚਲਾ ਸਚਦੇਵ ਤੇ ਗਿਆਨ ਸਚਦੇਵ ਦੇ ਰੂਪ ਵਿਚ ਚਾਰ ਬਰਾਤੀ ਲੈ ਕੇ ਸੋਢੀ ਜੋਗਿੰਦਰ ਸਿੰਘ ਉਹਨੂੰ ਵਿਆਹੁਣ ਢੁੱਕਿਆ, ਸੁਰਿੰਦਰ ਕੌਰ ਮਸਤ ਹੋਈ ਆਪੇ ਆਪਣੇ ਵਿਆਹ ਦੇ ਗੀਤ ਗਾ ਰਹੀ ਸੀ। ਵੰਡ ਦੇ ਮਾਰੇ ਸਭ ਮਾਪਿਆਂ ਦਾ ਇਕ ਫ਼ਿਕਰ ਧੀਆਂ ਦੀ ਡੋਲੀ ਤੋਰ ਕੇ ਬੇਫ਼ਿਕਰ ਹੋਣਾ ਸੀ ਤੇ ਸੁਰਿੰਦਰ ਕੌਰ ਦੀ ਡੋਲੀ ਤੋਰਨ ਵੇਲੇ ਉਹਦੀ ਉਮਰ ਕੁੱਲ ਅਠਾਰਾਂ ਸਾਲ ਸੀ। ਇਸੇ ਤਰ੍ਹਾਂ 1954 ਵਿਚ ਦਿੱਲੀ ਤੋਂ ਬੰਬਈ ਜਾ ਰਹੇ ਤਿੰਨ ਕਲਾਕਾਰਾਂ ਦੀ ਸਭਿਆਚਾਰਕ ਟੋਲੀ ਵਿਚ ਸ਼ਾਮਲ ਸੁਰਿੰਦਰ ਕੌਰ ਦੀ ਟਿਕਟ ਦੀ ਉਮਰ ਦੀ ਹੋ ਚੁੱਕੀ ਬਾਲੜੀ ਧੀ ਡੌਲੀ ਦੀ ਟਿਕਟ ਪ੍ਰਬੰਧਕਾਂ ਨੇ ਉਹਨੂੰ ਉਮਰੋਂ ਛੋਟੀ ਆਖ ਦੇਣ ਦੇ ਇਰਾਦੇ ਨਾਲ ਨਾ ਖਰੀਦੀ। ਜਦੋਂ ਚੈਕਰ ਨੇ ਦਿਸਦੀ ਉਮਰ ਦਾ ਝਗੜਾ ਕੀਤਾ, ਸੁਰਿੰਦਰ ਕੌਰ ਬੋਲੀ, ਮੈਂ ਤਾਂ ਐਨੇ ਸਾਲਾਂ ਤੋਂ ਇਹਨੂੰ ਰੇਲਾਂ ਵਿਚ ਲਈ ਫਿਰਦੀ ਹਾਂ, ਕਦੇ ਕਿਸੇ ਨੇ ਇਹਦੀ ਉਮਰ ਏਨੀ ਨਹੀਂ ਕਹੀ!

ਬਚਪਨ ਵਿਚ ਸੁਣੇ ਸੁਰਿੰਦਰ ਕੌਰ ਦੇ '*ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ..., ਜੁੱਤੀ ਕਸੂਰੀ, ਪੈਰੀਂ ਨਾ ਪੂਰੀ..., ਇਕ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ, ਮਾਏ ਤੇਰੇ ਕੰਮ ਨਾ ਮੁੱਕੇ..., ਅੜੀ ਵੇ ਅੜੀ, ਲੱਗੀ ਸਾਉਣ ਦੀ ਝੜੀ...* ਅਤੇ ਹੋਰ ਅਨੇਕ ਗੀਤ ਉਸ ਪਿਛੋਂ ਜੀਵਨ ਵਿਚ ਪਤਾ ਨਹੀਂ ਕਿੰਨੀ ਵਾਰ ਸੁਣੇ ਹਨ, ਪਰ ਹਰ ਵਾਰ ਇਨ੍ਹਾਂ ਨੇ ਕੰਨਾਂ ਵਿਚ ਸੱਜਰਾ ਰਸ ਹੀ ਘੋਲਿਆ ਹੈ। ਨਾ ਹੀ ਉਨ੍ਹਾਂ ਦਿਨਾਂ ਤੋਂ ਸੁਣੇ ਉਹਦੇ *ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ..., ਛਮਛਮ ਨੀਰ ਵਹਾਏਂ ਮੋਰੇ ਨੈਣ ਬਾਵਰੇ..., ਏਕ ਨਜ਼ਰ ਵੁਹ ਯਾਦ ਹੈ ਉਨਕੀ...,ਕਿਤਨੇ ਦੂਰ ਹੈਂ ਹਜ਼ੂਰ ਕੈਸੇ ਮੁਲਾਕਾਤ ਹੋ...* ਤੇ ਹੋਰ ਕਈ ਫ਼ਿਲਮੀ ਗੀਤ ਅੱਜ ਤੱਕ ਚੇਤੇ ਵਿਚ ਵਸੇ ਹੋਏ ਹਨ। ਬਹੁਤੇ, ਖ਼ਾਸ ਕਰਕੇ ਪਿਛਲੀਆਂ ਪੀੜ੍ਹੀਆਂ ਦੇ ਸਰੋਤਿਆਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ 1948 ਤੋਂ 1952 ਤੱਕ ਉਹ ਬੰਬਈ ਫ਼ਿਲਮ ਨਗਰੀ ਦੀ ਇਕ ਪ੍ਰਮੁੱਖ ਹਿੰਦੀ ਗਾਇਕਾ ਸੀ। ਉਹਨੇ ਉਸ ਸਮੇਂ ਦੀਆਂ ਪ੍ਰਸਿੱਧ ਫ਼ਿਲਮਾਂ 'ਚ ਮੋਹਰੀ ਸੰਗੀਤ-ਨਿਰਦੇਸ਼ਕਾਂ ਅਧੀਨ ਪ੍ਰਮੁੱਖ ਹੀਰੋਇਨਾਂ ਵਾਸਤੇ ਬੇਜੋੜ ਕਵੀਆਂ ਦੇ ਲਿਖੇ ਹਰਮਨ ਪਿਆਰੇ ਗੀਤ ਕਮਾਲ ਖ਼ੂਬਸੂਰਤੀ ਨਾਲ ਗਾਏ। ਸਿਖਰ ਉਤੇ ਪੁੱਜੀ ਹੋਈ ਆਪਣੀ ਹਿੰਦੀ ਫ਼ਿਲਮੀ ਪ੍ਰਸਿੱਧੀ ਨੂੰ ਉਹਦਾ ਕੁਛ ਕਾਰਨਾਂ ਕਰਕੇ ਤਿਆਗ ਆਉਣਾ ਪੰਜਾਬੀ ਗਾਇਕੀ ਲਈ ਵਰਦਾਨ ਸਿੱਧ ਹੋਇਆ। ਸਾਨੂੰ ਉਨ੍ਹਾਂ ਕਾਰਨਾਂ ਦੇ ਧੰਨਵਾਦੀ ਹੋਣਾ ਚਾਹੀਦਾ ਹੈ!

ਲੋਕਗੀਤਾਂ ਦੇ ਨਾਲ ਹੀ ਉਹਨੇ ਅਨੇਕ ਸੂਫ਼ੀ ਤੇ ਆਧੁਨਿਕ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਨੂੰ ਆਵਾਜ਼ ਦਿੱਤੀ। ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਤਾਂ ਉਹਨੇ ਅਮਰ ਗੀਤ ਗਾਏ ਹੀ, ਆਪਣੇ ਸਮੇਂ ਦੇ ਲਗਭਗ ਸਾਰੇ ਚੰਗੇ ਪੁਰਸ਼ ਗਾਇਕਾਂ ਨਾਲ ਦੋਗਾਣੇ ਗਾਏ। ਮਗਰਲੇ ਪੜਾਅ ਉਤੇ ਉਹਨੇ ਕੁਛ ਗੀਤ, ਖ਼ਾਸ ਕਰਕੇ ਦੋਗਾਣੇ ਬਹੁਤ ਸਾਧਾਰਨ ਪੱਧਰ ਦੇ ਵੀ ਗਾਏ, ਭਾਵੇਂ ਇਨ੍ਹਾਂ ਗੀਤਾਂ ਨੂੰ ਉਹ ਕਦੀ ਆਪਣੀ ਗੀਤਾਵਲੀ ਵਿਚ ਸ਼ਾਮਲ ਨਹੀਂ ਸੀ ਕਰਦੀ। ਸ਼ਾਇਦ ਪਤੀ ਦੇ ਨਾ ਰਹਿਣ ਕਰਕੇ ਤਿੰਨ ਧੀਆਂ ਦੀ ਪਰਵਰਿਸ਼, ਵਿੱਦਿਆ ਤੇ ਸ਼ਾਦੀ ਲਈ ਪੈਸੇ ਦੀ ਲੋੜ ਇਹਦਾ ਕਾਰਨ ਸੀ। ਪੰਜਾਬੀ ਵਸੇਬੇ ਵਾਲਾ ਪੂਰਾ ਭਾਰਤ ਤਾਂ ਕੀ, ਰਸ-ਘੋਲਵੀਂ ਆਵਾਜ਼ ਉਹਨੂੰ ਅਨੇਕ ਹੋਰ ਦੇਸਾਂ ਤੱਕ ਲੈ ਗਈ। ਉਹਨੂੰ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਹੋਰ ਅਨੇਕ ਸੰਸਥਾਵਾਂ ਨੇ ਸਨਮਾਨਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਹਨੂੰ ਡੀ. ਲਿਟ. ਦੀ ਡਿਗਰੀ ਭੇਟ ਕੀਤੀ। ਪਰ ਉਹਨੂੰ ਮਿਲਿਆ ਸਭ ਤੋਂ ਵੱਡਾ ਸਨਮਾਨ ਸਰੋਤਿਆਂ ਦਾ ਬੇਮਿਸਾਲ ਪਿਆਰ-ਸਤਿਕਾਰ ਸੀ ਜਿਨ੍ਹਾਂ ਨੇ ਇਕ-ਜ਼ਬਾਨ ਹੋ ਕੇ ਉਹਨੂੰ ਪੰਜਾਬ ਦੀ ਕੋਇਲ ਆਖਿਆ।

ਇਲਾਜ ਲਈ ਅਮਰੀਕਾ ਗਈ ਹੋਈ ਇਹ ਅਮਰ ਆਵਾਜ਼ ਆਪਣੀ ਧੀ ਦੇ ਘਰ 15 ਜੂਨ 2006 ਨੂੰ 76 ਸਾਲ ਦੀ ਉਮਰ ਵਿਚ ਸਦਾ ਵਾਸਤੇ ਖ਼ਾਮੋਸ਼ ਹੋ ਗਈ, ਪਰ ਆਪਣੇ ਪਿੱਛੇ ਗਾਇਕ ਧੀ ਡੌਲੀ ਗੁਲੇਰੀਆ ਤੇ ਅੱਗੋਂ ਉਹਦੀ ਗਾਇਕ ਧੀ ਸੁਨੈਨਾ ਦੇ ਅਤੇ ਅਨੇਕ ਅਮਰ ਗੀਤਾਂ ਦੇ ਰੂਪ ਵਿਚ ਵਡਮੁੱਲਾ ਵਿਰਸਾ ਛੱਡ ਗਈ!

# ਸਵਰਗ ਰੂਪੀ ਮਾਲਦੀਵ ਵਿਚ ਉਥਲ-ਪੁਥਲ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤੀ ਦੂਤਾਵਾਸ ਦੀ ਸ਼ਰਨੇ ਬੈਠਾ ਸਾਬਕਾ ਮਾਲਦੀਵੀ ਰਾਸ਼ਟਰਪਤੀ ਮੁਹੰਮਦ ਨਸ਼ੀਦ ਉਦੋਂ 8 ਵਰ੍ਹੇ ਦਾ ਸੀ ਜਦੋਂ 1976 ਵਿਚ ਮੈਂ ਉਸ ਦੇਸ਼ ਵਿਚ ਦੋ ਮਹੀਨੇ ਰਹਿ ਕੇ ਆਇਆ। 26 ਜ਼ਿਲ੍ਹਿਆਂ ਵਿਚ ਵੰਡੇ 1192 ਘੋਗਾ-ਟਾਪੂਆਂ ਦਾ ਇਹ ਦੇਸ਼ ਲਕਸ਼ਦੀਪ ਦੇ ਪੈਰਾਂ 'ਚ ਪੈਂਦੇ ਸਾਗਰ ਦੇ 90,000 ਵਰਗ ਕਿਲੋਮੀਟਰ 'ਚ ਫੈਲਿਆ ਹੋਣ ਕਰਕੇ ਭਾਰਤ, ਸ੍ਰੀਲੰਕਾ, ਪਾਕਿਸਤਾਨ, ਚੀਨ ਹੀ ਨਹੀਂ, ਸਾਗਰ ਪਾਰ ਦੇ ਅਰਬ ਦੇਸ਼ਾਂ ਲਈ ਵੀ ਸਿਆਸੀ ਮਹੱਤਵ ਰਖਦਾ ਹੈ। ਸੰਨ 1976 ਵਿਚ ਉਥੋਂ ਦੀ ਪੁਲਿਸ ਅਤੇ ਫੌਜ ਕੋਲ ਡੰਡੇ ਤੋਂ ਵੱਡਾ ਕੋਈ ਹਥਿਆਰ ਨਹੀਂ ਸੀ ਪਰ ਉਸ ਵੇਲੇ ਦੇ ਰਾਸ਼ਟਰਪਤੀ ਬਲਦੁਲ ਗਯੂਮ ਦਾ ਡੰਡਾ ਰਾਜ ਬਹੁਤ ਪ੍ਰਸਿੱਧ ਸੀ। 2008 ਵਿਚ ਉਸ ਦੇ 30 ਸਾਲਾ ਡੰਡਾ ਰਾਜ ਨੂੰ ਤੋੜ ਕੇ ਲੋਕ ਰਾਜ ਸਥਾਪਤ ਕਰਨ ਵਾਲਾ ਨਸ਼ੀਦ ਸੀ। ਬਹੁਮਤ ਨਾ ਹੋਣ ਕਾਰਨ ਉਪ ਰਾਸ਼ਟਰਪਤੀ ਮੁਹੰਮਦ ਵਹੀਦ ਨੇ 2012 ਵਿਚ ਉਸ ਨੂੰ ਰਾਜ ਸਿੰਘਾਸਨ ਤੋਂ ਲਾਂਭੇ ਕਰ ਛੱਡਿਆ ਸੀ। ਨਿਸਚੇ ਹੀ ਉਸ ਨੂੰ ਸਾਬਕਾ ਸ਼ਕਤੀਸ਼ਾਲੀ ਅਬਦੁਲ ਗਯੂਮ ਦੀ ਸ਼ਹਿ ਪ੍ਰਾਪਤ ਹੈ। ਆਉਂਦੇ ਸਤੰਬਰ ਮਹੀਨੇ ਹੋਣ ਵਾਲੀਆਂ ਚੋਣਾਂ ਵਿਚ ਵਹੀਦ ਨੂੰ ਇੱਕ ਵਾਰੀ ਫੇਰ ਨਸ਼ੀਦ ਦਾ ਟਾਕਰਾ ਕਰਨਾ ਪਵੇਗਾ ਜਿਸ ਤੋਂ ਡਰਦਿਆਂ ਵਹੀਦ ਦੇ ਪ੍ਰਭਾਵ ਵਾਲੀ ਨਿਆਂਪਾਲਕਾ ਨੇ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਹਨ। ਇਨ੍ਹਾਂ ਵਾਰੰਟਾਂ ਦੇ ਡਰ ਕਾਰਨ ਹੀ ਨਸ਼ੀਦ ਨੇ ਭਾਰਤੀ ਦੂਤਾਵਾਸ ਤੋਂ ਪਨਾਹ ਲੈ ਰੱਖੀ ਹੈ।

ਕੱਲ੍ਹ ਨੂੰ ਇਸ ਨਿੱਕੇ ਜਿਹੇ ਦੇਸ਼ ਵਿਚ ਕੀ ਹੁੰਦਾ ਹੈ? ਉਹ ਤਾਂ ਰਾਜਨੀਤੀ ਜਾਣੇ ਮੈਨੂੰ ਤਾਂ ਆਪਣੀ 1976 ਵਾਲੀ ਫੇਰੀ ਨਹੀਂ ਭੁੱਲਣੀ। ਕੁਰਬਲ ਕੁਰਬਲ ਕਰਦੀ ਵਸੋਂ ਵਾਲੀ ਰਾਜਧਾਨੀ ਮਾਲੇ ਵਿਚ ਸਾਗਰ ਦੇ ਕੰਢੇ ਵਾਲੇ ਚਾਂਦਨੀ ਮਾਰਗ ਦੀ ਸੈਰ ਤੇ ਅਨੇਕਾਂ ਵਸਦੇ-ਅਣਵਸਦੇ ਟਾਪੂਆਂ ਦਾ ਸਵਰਗੀ ਫੇਰਾ। ਸਾਗਰ ਵਿਚ ਡੁਬਕੀਆਂ ਲੈਂਦੇ ਇਨ੍ਹਾਂ ਟਾਪੂਆਂ ਦੇ ਸਾਰੇ ਵਸਨੀਕ ਮੁਸਲਮਾਨ ਹਨ ਤੇ ਉਨ੍ਹਾਂ ਵਿਚੋਂ 98% ਪੜ੍ਹੇ-ਲਿਖੇ ਹਨ। 1976 ਤੱਕ ਇਨ੍ਹਾਂ ਟਾਪੂਆਂ ਦਾ ਇਤਿਹਾਸ ਲਿਖਣ ਵਾਲਾ ਫਰਾਂਸੀਸੀ ਡਾਕਟਰ ਪਾਇਰਾਰਡ ਸੀ ਜੋ ਇੱਕ ਅਜਿਹੇ ਜਹਾਜ਼ ਦਾ ਯਾਤਰੀ ਸੀ ਜੋ ਇਥੋਂ ਦੀ ਇਕ ਸਮੁੰਦਰੀ ਚੱਟਾਨ ਨਾਲ ਟਕਰਾ ਕੇ ਸਾਗਰ ਵਿਚ ਡੁੱਬ ਗਿਆ ਸੀ। ਉਹ ਬਚ ਰਿਹਾ ਤੇ ਉਥੋਂ ਦੀ ਬੋਲੀ ਸਿੱਖ ਕੇ ਸੁਲਤਾਨ ਦਾ ਸਲਾਹਕਾਰ ਬਣ ਗਿਆ। ਉਸ ਡਾਕਟਰ ਦੀ ਮਾਲਦੀਵ ਵਿਚ ਫਸੇ ਰਹਿਣ ਬਾਰੇ ਇਹ ਪੁਸਤਕ ਪੜ੍ਹਨ ਵਾਸਤੇ ਮੇਰੇ ਵਰਗੇ ਵਿਦੇਸ਼ੀਆਂ ਨੂੰ ਆਪਣਾ ਪਾਸਪੋਰਟ ਜਮਾਂ ਕਰਵਾਇਆਂ ਹੀ ਪੁਸਤਕ ਮਿਲਦੀ ਸੀ।



ਡਾ. ਗਿੱਲ ਮਾਣ ਪੱਤਰ ਪੜ੍ਹਦੇ ਹੋਏ। ਨਾਲ ਹਨ ਚਰਨਜੀਤ ਚੰਨ ਤੇ ਡਾ. ਰੇਣੂਕਾ ਸਿੰਘ

ਇੰਨੀਆਂ ਪਾਬੰਦੀਆਂ ਵਾਲੇ ਇਸ ਨਿੱਕੇ ਜਿਹੇ ਰਾਜ ਵਿਚ ਵੀ ਏਡੀ ਵੱਡੀ ਉਥਲ-ਪੁਥਲ ਹੋ ਸਕਦੀ ਹੈ ਜਿਸ ਦਾ ਨਸ਼ੀਦ ਸ਼ਿਕਾਰ ਹੈ, ਕਦੀ ਸੋਚਿਆ ਨਹੀਂ ਸੀ। 1988 ਵਿਚ ਜਦੋਂ ਉਸ ਵੇਲੇ ਦਾ ਰਾਸ਼ਟਰਪਤੀ ਅਬਦੁਲ ਗਯੂਮ ਵੀ ਲੋਕ ਰੋਹ ਦਾ ਸ਼ਿਕਾਰ ਹੋਇਆ ਸੀ ਤਾਂ ਭਾਰਤ ਸਰਕਾਰ ਨੇ ਉਸ ਦੀ ਸਹਾਇਤਾ ਕਰਕੇ ਉਸ ਨੂੰ ਬਚਾਇਆ ਸੀ। ਹੁਣ ਨਸ਼ੀਦ ਨੇ ਸ਼ਰਨ ਮੰਗੀ ਸੀ ਤਾਂ ਉਸ ਦਾ ਸਾਥ ਦੇਣਾ ਕੋਈ ਨਵੀਂ ਗੱਲ ਨਹੀਂ ਸੀ।

## ਖੁਸ਼ਵੰਤ ਸਿੰਘ ਦਾ ਸਨਮਾਨ

ਪਿਛਲੇ ਹਫਤੇ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਨੇ 98 ਸਾਲਾ ਖ਼ੁਸ਼ਵੰਤ ਸਿੰਘ ਦਾ ਉਸ ਦੇ ਘਰ ਸਨਮਾਨ ਕਰਕੇ ਵੱਡੀ ਗੱਲ ਕੀਤੀ ਹੈ। ਇਸ ਤੋਂ 3 ਦਿਨ ਪਹਿਲਾਂ 15 ਫਰਵਰੀ ਨੂੰ ਉਨ੍ਹਾਂ ਦਾ ਜਨਮ ਦਿਨ ਸੀ। ਉਨ੍ਹਾਂ ਦੇ ਕਹਿਣ ਅਨੁਸਾਰ ਉਨ੍ਹਾਂ ਨੂੰ ਏਨੀ ਪ੍ਰਸੰਨਤਾ ਹੋਰ ਕਿਸੇ ਸਨਮਾਨ ਨੇ ਨਹੀਂ ਦਿੱਤੀ ਜਿੰਨੀ ਮਾਤ ਭਾਸ਼ਾ ਵਲੋਂ ਮਿਲੇ ਇਸ ਆਦਰ ਮਾਣ ਨੇ। ਉਸ ਅਵਸਰ 'ਤੇ ਉਨ੍ਹਾਂ ਦੀਆਂ ਮੱਦਾਹ ਦੋ ਅੰਗਰੇਜ਼ੀ ਪੱਤਰਕਾਰ-ਸ਼ੀਲਾ ਰੈਡੀ ਤੇ ਸਾਦਵੀ ਦੇਹਲਵੀ ਵੀ ਹਾਜ਼ਰ ਸਨ। ਸਭਾ ਦੀ ਸਕੱਤਰ ਡਾ. ਮਹਿੰਦਰ ਕੌਰ ਗਿੱਲ ਵਲੋਂ ਮਾਣ ਪੱਤਰ ਪੜ੍ਹੇ ਜਾਣ ਉਪਰੰਤ ਸਾਦੀਆ ਤੇ ਸ਼ੀਲਾ ਨੂੰ ਹੀ ਨਹੀਂ ਸਭਾ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ ਨੂੰ ਸੰਬੋਧਨ ਕਰਕੇ ਖ਼ੁਸ਼ਵੰਤ ਸਿੰਘ ਨੇ ਆਪਣੀ ਉਮਰ ਦੇ ਵਰਤਮਾਨ ਪੜਾਅ ਦੀ ਤਰਜਮਾਨੀ ਕਰਨ ਵਾਸਤੇ ਗਾਲਿਬ ਦੀ ਉਹ ਗਜ਼ਲ ਸੁਣਾਈ ਜਿਹੜੀ ਉਨ੍ਹਾਂ ਨੂੰ ਮੂੰਹ ਜ਼ੁਬਾਨੀ ਚੇਤੇ ਸੀ।

ਰਹੀਏ ਅਬ ਐਸੀ ਜਗ੍ਹਾ ਚਲ ਕਰ  
ਜਹਾਂ ਕੋਈ ਨਾ ਹੋ।  
ਹਮ ਸੁਖ਼ਨ ਕੋਈ ਨਾ ਹੋ  
ਔਰ ਹਮ ਜ਼ੁਬਾਂ ਕੋਈ ਨਾ ਹੋ।  
ਬੇਦਰੋ ਦੀਵਾਰ ਸਾ  
ਇੱਕ ਘਰ ਬਨਾਇਆ ਚਾਹੀਏ,  
ਕੋਈ ਹਮਸਾਯਾ ਨਾ ਹੋ  
ਔਰ ਪਾਸਬਾਂ ਕੋਈ ਨਾ ਹੋ।  
ਪੜੀਏ ਗਰ ਬੀਮਾਰ ਤੋ  
ਕੋਈ ਨਾ ਹੋ ਤੀਮਾਰਦਾਰ,  
ਔਰ ਅਗਰ ਮਰ ਜਾਈਏ ਤੋ  
ਨੌਹਾਂ ਖ਼੍ਵਾਂ ਕੋਈ ਨਾ ਹੋ।

ਖ਼ੁਸ਼ਵੰਤ ਸਿੰਘ ਦੇ ਬੋਲਾਂ ਤੋਂ ਸਪਸ਼ਟ ਸੀ ਕਿ ਉਸ ਨੂੰ ਗੁਰਬਾਣੀ ਤੇ ਗਾਲਿਬ ਹਾਲੀ ਤੱਕ ਨਹੀਂ ਭੁੱਲੇ। ਦੋਵੇਂ ਉਹਦੇ ਲਈ ਕਥਾਰਸਿਸ ਦਾ ਕੰਮ ਕਰਦੇ ਹਨ। ਜ਼ਿੰਦਗੀ ਦੀਆਂ ਨਾਜ਼ੁਕ ਘੜੀਆਂ ਪੇਸ਼ ਕਰਨ ਵਾਲੇ ਅਜਿਹੇ ਬੋਲ ਉਨ੍ਹਾਂ ਨੂੰ ਉਦੋਂ ਹੀ ਚੇਤੇ ਆਉਂਦੇ ਹਨ ਜਦੋਂ ਸੁੰਦਰਤਾ ਪਹਿਰੇ ਉਤੇ ਖੜੀ ਹੋਵੇ। ਖ਼ੁਸ਼ਵੰਤ ਸਿੰਘ ਜ਼ਿੰਦਾਬਾਦ!

**ਅੰਤਿਕਾ:** (ਅਮਰਜੀਤ ਸਿੰਘ ਅਮਰ)  
ਮਿਲਣ ਦੀ ਤਾਂਘ ਸ਼ੁਅਲੇ ਵਾਂਗਰਾਂ  
ਜੇ ਮਘ ਰਹੀ ਹੁੰਦੀ,  
ਸਮੇਂ ਦੀ ਚਾਲ ਦਾ ਕੀ ਸੀ  
ਘਟਾ ਲੈਂਦੇ ਵਧਾ ਲੈਂਦੇ।  
ਮਜ਼ਾ ਕੁੱਝ ਹੋਰ ਹੈ  
ਵਿਪਰੀਤ ਰੁਚੀਆਂ ਨਾਲ ਨਿਭਣੇ ਦਾ,  
ਅਜਿਹਾ ਹਮ-ਖਿਆਲਾਂ ਨਾਲ  
ਤਾਂ ਸਾਰੇ ਨਿਭਾ ਲੈਂਦੇ।

# ਉਹ ਇਤਿਹਾਸ ਨੂੰ ਮੂਧੇ-ਮੂੰਹ ਮਾਰ ਰਹੇ ਨੇ-ਇਰਫਾਨ ਹਬੀਬ

*ਮੱਧਕਾਲੀ ਭਾਰਤ ਬਾਰੇ ਦੁਨੀਆਂ ਦੇ ਸਭ ਤੋਂ ਵੱਡੇ ਮਾਹਿਰਾਂ ਵਿਚ ਗਿਣੇ ਜਾਂਦੇ ਇਰਫਾਨ ਹਬੀਬ ਭਾਰਤ ਦੇ ਲੋਕ ਇਤਿਹਾਸ ਲੜੀ 'ਤੇ ਕੰਮ ਕਰ ਰਹੇ ਹਨ। ਇਸ ਅਧੀਨ ਦੋ ਦਰਜਨ ਤੋਂ ਵੱਧ ਕਿਤਾਬਾਂ ਆ ਗਈਆਂ ਹਨ। ਰਿਆਜ਼ ਉਲ ਹੱਕ ਨਾਲ ਗੱਲਬਾਤ ਵਿਚ ਉਹ ਦੱਸ ਰਹੇ ਹਨ ਕਿ ਕਿਵੇਂ ਇਤਿਹਾਸਕਾਰਾਂ ਵਾਸਤੇ ਵਰਤਮਾਨ ਵਿਚ ਹੋ ਰਹੀਆਂ ਤਬਦੀਲੀਆਂ ਇਤਿਹਾਸ ਬਾਰੇ ਉਨ੍ਹਾਂ ਦੇ ਨਜ਼ਰੀਏ ਨੂੰ ਵੀ ਬਦਲ ਦਿੰਦੀਆਂ ਹਨ। ਕ੍ਰਿਸ ਹਰਮੈਨ ਦਾ 'ਸੰਸਾਰ ਦਾ ਲੋਕ ਇਤਿਹਾਸ' ਅਤੇ ਹਾਰਵਰਡ ਜਿਨ ਦਾ 'ਅਮਰੀਕਾ ਦਾ ਲੋਕ ਇਤਿਹਾਸ' ਕਾਫੀ ਚਰਚਿਤ ਰਹੇ ਹਨ।*



**ਸਵਾਲ: ਭਾਰਤ ਬਾਰੇ ਇਹ ਵਿਚਾਰ ਕਿਵੇਂ ਆਇਆ?**

**ਜਵਾਬ:** ਦਸ ਸਾਲ ਹੋਏ ਖਿਆਲ ਆਇਆ ਕਿ ਭਾਰਤ ਦਾ ਲੋਕ ਇਤਿਹਾਸ ਲਿਖਿਆ ਜਾਣਾ ਚਾਹੀਦਾ ਹੈ। ਉਦੋਂ ਭਾਰਤੀ ਜਨਤਾ ਪਾਰਟੀ ਲੋਕ ਇਤਿਹਾਸ ਨੂੰ ਮਨਮਾਨੇ ਢੰਗ ਨਾਲ ਤੋੜ-ਮਰੋੜ ਰਹੀ ਸੀ। ਉਨ੍ਹਾਂ ਦਿਨਾਂ ਵਿਚ ਅਸੀਂ ਇਸ 'ਤੇ ਕੰਮ ਸ਼ੁਰੂ ਕੀਤਾ। ਸਾਨੂੰ ਮੱਧ ਪ੍ਰਦੇਸ਼ ਪਾਠ ਪੁਸਤਕ ਨਿਗਮ ਨੇ ਗਰਾਂਟ ਦਿੱਤੀ ਸੀ। ਸ਼ੁਰੂ ਵਿਚ ਇਸ ਨੂੰ ਮੁੱਖ ਰੂਪ 'ਚ ਵਿਦਿਆਰਥੀਆਂ ਦੇ ਪੜ੍ਹਨ ਵਾਸਤੇ ਤਿਆਰ ਕਰਨਾ ਸੀ। ਅਸੀਂ ਇਸ ਰਾਹੀਂ ਸੁਨੇਹਾ ਦੇਣਾ ਚਾਹੁੰਦੇ ਹਾਂ। ਇਸ ਵਿਚ ਅਸੀਂ ਉਨ੍ਹਾਂ ਚੀਜ਼ਾਂ ਨੂੰ ਵੀ ਰੱਖ ਰਹੇ ਹਾਂ ਜਿਨ੍ਹਾਂ ਨਾਲ ਅਸਹਿਮਤੀ ਹੈ। ਇਸ ਦਾ ਆਮ ਤੌਰ 'ਤੇ ਖਿਆਲ ਰੱਖਿਆ ਹੀ ਜਾਂਦਾ ਹੈ ਕਿ ਸਮੁੱਚੀ ਤਸਵੀਰ ਉਭਰੇ।

**ਮੁਲਾਕਾਤੀ: ਰਿਆਜ਼ ਉਲ ਹੱਕ**

**ਅਨੁਵਾਦ: ਕੇਹਰ ਸ਼ਰੀਫ਼**

**ਸਵਾਲ: ਆਮ ਪਾਠਕ ਵਾਸਤੇ ਲੋਕ ਇਤਿਹਾਸ ਅਤੇ ਆਮ ਇਤਿਹਾਸ ਵਿਚ ਕੀ ਫਰਕ ਹੁੰਦਾ ਹੈ?**

**ਜਵਾਬ:** ਲੋਕ ਇਤਿਹਾਸ ਵਿਚ ਅਸੀਂ ਸਾਰੇ ਹੀ ਪਹਿਲੂਆਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ। ਭਾਰਤ ਵਿਚ ਰਾਜ ਕਾਫੀ ਮਹੱਤਵਪੂਰਨ ਹੁੰਦਾ ਸੀ। ਇਹ ਸਿਰਫ ਸ਼ਾਸਕ ਵਰਗ ਦਾ ਰੱਖਿਅਕ ਨਹੀਂ ਸੀ ਹੁੰਦਾ, ਸਗੋਂ ਇਸ ਦੀ ਵਿਚਾਰਧਾਰਾ ਦੀ ਵੀ ਰਾਖੀ ਕਰਦਾ ਸੀ। ਜਾਤ-ਪਾਤ ਇਹੀ ਵਿਚਾਰਧਾਰਾ ਹੈ। ਜਾਤ-ਪਾਤ ਇਸ ਕਰ ਕੇ ਹੀ ਤਾਂ ਚੱਲ ਰਹੀ ਹੈ ਕਿ ਪੀੜਤਾਂ ਨੇ ਦਬਾਉਣ ਵਾਲਿਆਂ ਦੀ ਵਿਚਾਰਧਾਰਾ ਨੂੰ ਅਪਣਾ ਲਿਆ, ਉਨ੍ਹਾਂ ਦੀਆਂ ਗੱਲਾਂ ਅਪਣਾ ਲਈਆਂ। ਇਸ ਤਰ੍ਹਾਂ ਵਿਚਾਰਧਾਰਾ ਵੀ ਮਹੱਤਵਪੂਰਨ ਹੁੰਦੀ ਹੈ। ਸਾਡੀਆਂ ਔਰਤਾਂ ਦੀ ਜ਼ਿੰਦਗੀ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ, ਪੁਰਾਣੇ ਸੱਭਿਆਚਾਰ ਵਿਚ ਬਹੁਤ ਸਾਰੀਆਂ ਖਰਾਬੀਆਂ ਵੀ ਸਨ। ਲੋਕ ਇਤਿਹਾਸ ਇਨ੍ਹਾਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਕੋਸ਼ਿਸ਼ ਹੈ। ਭਾਰਤ ਦਾ ਇਤਿਹਾਸ ਲਿਖਣਾ ਸੌਖਾ ਹੈ, ਬੱਸ ਥੋੜ੍ਹੀ ਮਿਹਨਤ ਕਰਨੀ ਪੈਂਦੀ ਹੈ। ਮੱਧਕਾਲੀ ਭਾਰਤ ਬਾਰੇ ਇਤਿਹਾਸਕ ਸ੍ਰੋਤ ਕਾਫੀ ਮਿਲਦੇ ਹਨ। ਪ੍ਰਾਚੀਨ ਭਾਰਤ ਸਬੰਧੀ ਕਾਫੀ ਸ਼ਿਲਾਲੇਖ ਹਨ। ਉਨ੍ਹਾਂ ਦੀ ਤਰਤੀਬ ਵੀ ਵਧੀਆ ਹੁੰਦੀ ਹੈ। ਇਤਿਹਾਸ ਦੇ ਮਾਮਲੇ ਵਿਚ ਭਾਰਤ ਕਾਫੀ ਸ਼ਕਤੀਸ਼ਾਲੀ ਰਿਹਾ ਹੈ, ਪਰ ਸ਼ਰਮਿੰਦਗੀ ਭਰੇ ਰਿਵਾਜ਼ ਵੀ ਬਥੇਰੇ ਰਹੇ ਹਨ, ਜਿਵੇਂ ਦਾਸ ਪ੍ਰਥਾ ਆਦਿ। ਇਸ ਲੜੀ ਅਧੀਨ ਇਨ੍ਹਾਂ ਸਾਰਿਆਂ 'ਤੇ ਹੀ ਵਿਸਥਾਰ ਸਹਿਤ ਵਿਚਾਰ ਕੀਤਾ ਜਾ ਰਿਹਾ ਹੈ।

**ਸਵਾਲ: ਭਾਰਤ ਦਾ ਲੋਕ ਇਤਿਹਾਸ ਕੀ ਦੇਸ਼ ਦੇ ਬਾਰੇ ਨਜ਼ਰੀਏ ਵਿਚ ਕੋਈ ਤਬਦੀਲੀ ਲਿਆਉਣ ਦੀ ਕੋਸ਼ਿਸ਼ ਹੈ?**

**ਜਵਾਬ:** ਇਤਿਹਾਸ ਲਿਖਣ ਦਾ ਮਤਲਬ ਨਵੀਂ ਖੋਜ ਕਰਨਾ ਨਹੀਂ ਹੈ। ਬਹੁਤ ਸਾਰੀਆਂ ਚੀਜ਼ਾਂ ਉੱਤੇ ਅਕਸਰ ਲੋਕਾਂ ਦੀ ਨਜ਼ਰ ਨਹੀਂ ਜਾਂਦੀ, ਜਿਵੇਂ ਤਕਨੀਕ ਦਾ ਮਾਮਲਾ ਹੈ। ਮੱਧਕਾਲੀ ਸਮਾਜ ਵਿਚ ਸਾਡੇ ਦੇਸ਼ ਵਿਚ ਕਿਹੜੀ ਤਕਨੀਕ ਸੀ? ਉਦੋਂ ਖੇਤੀ ਕਿਵੇਂ ਹੁੰਦੀ ਸੀ, ਸੰਦ ਕਿਹੜੇ ਵਰਤੇ ਜਾਂਦੇ ਸਨ। ਇਨ੍ਹਾਂ ਪਹਿਲੂਆਂ ਉੱਤੇ ਹੁਣ ਤੱਕ ਨਹੀਂ ਲਿਖਿਆ ਗਿਆ। ਇਸ ਤਰ੍ਹਾਂ ਹੀ ਬੋਧੀ-ਜੈਨੀ ਪ੍ਰੰਪਰਾਵਾਂ ਬਾਰੇ ਵੀ ਇਤਿਹਾਸ ਵਿਚ ਬਣਦਾ ਧਿਆਨ ਨਹੀਂ ਦਿੱਤਾ ਗਿਆ। ਗੁਲਾਮ ਕਿਵੇਂ ਰਹਿੰਦੇ ਸਨ, ਇਸ ਬਾਰੇ ਵੀ ਇਤਿਹਾਸ ਵਿਚ ਨਹੀਂ ਲਿਖਿਆ ਗਿਆ। ਲੋਕ ਇਤਿਹਾਸ ਇਸ ਸਭ-ਕਾਸੇ ਨੂੰ ਸਮੇਟ ਰਿਹਾ ਹੈ।



*ਮੱਧ ਭਾਰਤ ਵਿਚ ਆਵਾਜਾਈ ਦੀ ਇਕ ਝਲਕ।*

**ਸਵਾਲ: ਇਤਿਹਾਸ ਦਾ ਅਰਥ ਸ਼ਾਸਤਰ, ਸਾਹਿਤ, ਸਭਿਆਚਾਰ ਵਰਗੇ ਦੂਜੇ ਵਿਸ਼ਿਆਂ ਨਾਲ ਸੰਵਾਦ ਲਗਾਤਾਰ ਵਧ ਰਿਹਾ ਹੈ। ਇਸ ਨਾਲ ਇਤਿਹਾਸ ਦਾ ਲਿਖਣਾ ਕਿੰਨਾ ਮਹੱਤਵਪੂਰਨ ਹੋ ਰਿਹਾ ਹੈ?**

**ਜਵਾਬ:** ਅਰਥ ਸ਼ਾਸਤਰ ਬਾਰੇ ਕੌਟੱਲਿਆ ਦੀ ਇਕ ਕਿਤਾਬ ਹੈ, ਇਸ ਕਿਤਾਬ ਨੂੰ ਸਮਝਣ ਦੇ ਕਈ ਤਰੀਕੇ ਹੋ ਸਕਦੇ ਹਨ। ਅਸੀਂ ਉਸ ਨੂੰ ਆਪਣੇ ਤਰੀਕੇ ਨਾਲ ਸਮਝਦੇ ਹਾਂ, ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡਾ ਨਜ਼ਰੀਆ ਹੀ ਠੀਕ ਹੈ। ਨਵੇਂ ਵਿਚਾਰਾਂ ਦੀ ਸੰਭਾਵਨਾ ਸਦਾ ਹੀ ਰਹੀ ਹੈ; ਅਜਿਹੇ ਨਵੇਂ ਪਹਿਲੂ ਸਦਾ ਸਾਹਮਣੇ ਆਉਂਦੇ ਰਹਿਣਗੇ ਜਿਨ੍ਹਾਂ 'ਤੇ ਨਜ਼ਰ ਨਹੀਂ ਪਾਈ ਗਈ ਅਤੇ ਜਿਨ੍ਹਾਂ 'ਤੇ ਕੰਮ ਹੋਣਾ ਹੈ।

**ਸਵਾਲ: ਭਾਰਤ ਵਿਚ ਪੂੰਜੀਵਾਦੀ ਵਿਕਾਸ ਬਾਰੇ ਬਹਿਸ ਅਜੇ ਵੀ ਚੱਲ ਰਹੀ ਹੈ। ਮੱਧਕਾਲ ਬਾਰੇ ਅਤੇ ਪੂੰਜੀਵਾਦ ਦੀ ਤੋਰ ਸਬੰਧੀ ਤੁਹਾਡਾ ਵੀ ਅਧਿਐਨ ਰਿਹਾ ਹੈ। ਦੇਸ਼ ਵਿਚ ਪੂੰਜੀਵਾਦ ਦਾ ਵਿਕਾਸ ਕਿਉਂ ਨਹੀਂ ਹੋ ਸਕਿਆ? ਇਸ ਵਿਚ ਅੜਿੱਕਾ ਪਾਉਣ ਵਾਲੀਆਂ ਕਿਹੜੀਆਂ ਤਾਕਤਾਂ ਸਨ?**

**ਜਵਾਬ:** ਪੂੰਜੀਵਾਦ ਦਾ ਵਿਕਾਸ ਤਾਂ ਪੱਛਮੀ ਯੂਰਪ ਦੇ ਕੁੱਝ ਦੇਸ਼ਾਂ ਵਿਚ ਹੀ ਹੋਇਆ। ਚੀਨ, ਰੂਸ, ਅਫਰੀਕਾ ਅਤੇ ਯੂਰਪ ਦੇ ਵੀ ਬਹੁਤ ਸਾਰੇ ਦੇਸ਼ਾਂ ਵਿਚ ਵੀ ਪੂੰਜੀਵਾਦ ਦਾ ਵਿਕਾਸ ਨਹੀਂ ਹੋ ਸਕਿਆ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਸ ਵਾਸਤੇ ਸਿਰਫ ਭਾਰਤ ਹੀ ਦੋਸ਼ੀ ਹੈ ਕਿ ਇੱਥੇ ਪੂੰਜੀਵਾਦ ਦਾ ਵਿਕਾਸ ਨਹੀਂ ਹੋ ਸਕਿਆ-ਪੱਛਮੀ ਯੂਰਪ ਵਿਚ ਪੂੰਜੀਵਾਦ ਦੇ ਵਿਕਾਸ ਵਾਸਤੇ ਬਹੁਤ ਸਾਰੀਆਂ ਗੱਲਾਂ ਦਾ ਯੋਗਦਾਨ ਸੀ। ਉੱਥੇ ਤਕਨੀਕ ਦਾ ਵਿਕਾਸ ਹੋਇਆ, ਵਿਗਿਆਨ ਦੇ ਖੇਤਰ ਵਿਚ ਇਨਕਲਾਬ ਆਇਆ, ਬਸਤੀਵਾਦ ਕਾਰਨ ਉਨ੍ਹਾਂ ਦੇਸ਼ਾਂ ਨੂੰ ਫਾਇਦਾ ਹੋਇਆ। ਹਰ ਮੁਲਕ ਵਿਚ ਤਾਂ ਵਿਗਿਆਨਕ ਕ੍ਰਾਂਤੀ ਨਹੀਂ ਹੁੰਦੀ। ਹਰ ਦੇਸ਼ ਵਿਚ ਕਾਪਰਨਿਕਸ ਪੈਦਾ ਨਹੀਂ ਹੁੰਦਾ; ਪਰ ਅਜਿਹੇ ਤੱਤ ਭਾਰਤ ਵਿਚ ਮੌਜੂਦ ਸਨ ਜੋ ਦੇਸ਼ ਨੂੰ ਪੂੰਜੀਵਾਦ ਵੱਲ ਲਿਜਾ ਸਕਦੇ ਸਨ। ਮੱਧਕਾਲ ਵਿਚ ਭਾਰਤ ਵਿਚ ਵਪਾਰ ਸੀ। ਲੈਣ ਦੇਣ ਸੀ, ਬੈਂਕਾਂ ਵਾਲਾ ਪ੍ਰਬੰਧ ਸੀ ਜਿਸ ਨੂੰ ਹੁੰਡੀ ਕਹਿੰਦੇ ਸਨ। ਬੀਮੇ ਦਾ ਪ੍ਰਬੰਧ ਵੀ ਸੀ; ਇਸ ਨਾਲ ਤਾਂ ਵਪਾਰਕ ਪੂੰਜੀਵਾਦ ਹੀ ਵਧ ਸਕਦਾ ਹੈ। ਇਸ ਵਿਚ ਜੇ ਮਿਹਨਤ ਦੀ ਬੱਚਤ ਦਾ ਪ੍ਰਬੰਧ ਕੀਤਾ ਜਾਂਦਾ ਤਾਂ ਪੂੰਜੀਵਾਦ ਵਿਕਸਤ ਹੋ ਸਕਦਾ ਸੀ। ਇਸ ਵਾਸਤੇ ਵਿਗਿਆਨ ਅਤੇ ਵਿਚਾਰਾਂ ਦੇ ਵਿਕਾਸ ਦੀ ਲੋੜ ਸੀ ਜੋ ਭਾਰਤ ਵਿਚ ਨਹੀਂ ਸਨ। ਤਕਨੀਕ ਵੱਲ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਸੀ। ਅਕਬਰ ਬੇਸ਼ਕ, ਨਵੀਆਂ ਖੋਜਾਂ ਵਲ ਦਿਲਚਸਪੀ ਲੈਂਦਾ ਸੀ, ਉਸ ਨੇ ਉਨ੍ਹਾਂ ਦਿਨਾਂ ਵਿਚ ਵਾਟਰ ਪੂਲਿੰਗ ਵਰਗੀ ਤਕਨੀਕ ਅਪਣਾਈ ਸੀ। ਸ਼ਿੱਪ ਕੈਨਾਲ ਤਕਨੀਕ ਦਾ ਵਿਕਾਸ ਉਸ ਨੇ ਕੀਤਾ। ਦਰਅਸਲ ਸਮੁੰਦਰੀ ਜਹਾਜ਼ ਬਣਾਉਣ ਤੋਂ ਬਾਅਦ ਉਸ ਨੂੰ ਨਦੀ ਦੇ ਰਾਹੀਂ ਸਮੁੰਦਰ ਤੱਕ ਲਿਜਾਣ ਵਿਚ ਕਾਫੀ ਮੁਸ਼ਕਿਲ ਪੇਸ਼ ਆਉਂਦੀ ਸੀ। ਲਾਹੌਰ ਵਿਚ ਸ਼ਿੱਪ ਬਣਾਉਣ ਵਾਸਤੇ ਲੱਕੜੀ ਚੰਗੀ ਮਿਲਦੀ ਸੀ ਪਰ ਉੱਥੋਂ ਉਸ ਨੂੰ ਸਮੁੰਦਰ ਤੱਕ ਲੈ ਕੇ ਜਾਣਾ ਔਖਾ ਸੀ ਤਾਂ ਅਕਬਰ ਨੇ ਕਿਹਾ ਕਿ ਜਹਾਜ਼ ਨੂੰ ਜ਼ਮੀਨ 'ਤੇ ਨਾ ਬਣਾਉ। ਉਸ ਨੇ ਸ਼ਿੱਪ ਕੈਨਾਲ ਤਰੀਕੇ ਦਾ ਵਿਕਾਸ ਕੀਤਾ। ਇਹ 1592 ਦੀ ਗੱਲ ਹੈ। ਯੂਰਪ ਵਿਚ ਵੀ ਇਸ ਤਕਨੀਕ ਦੀ ਵਰਤੋਂ ਸੌ ਸਾਲ ਬਾਅਦ ਹੋਈ। ਪਾਣੀ ਠੰਢਾ ਕਰਨ ਦੀ ਤਕਨੀਕ ਵੀ ਭਾਰਤ ਵਿਚ ਹੀ ਸੀ, ਯੂਰਪ ਵਿਚ ਨਹੀਂ; ਪਰ ਜਿਹੜਾ ਹੋਰ ਤਕਨੀਕੀ ਵਿਕਾਸ ਇਸ ਦੇ ਨਾਲ ਹੋਣਾ ਚਾਹੀਦਾ ਸੀ, ਉਹ ਯੂਰਪ ਵਿਚ ਹੋਇਆ, ਉਸ ਦਾ ਕੋਈ ਮੁਕਾਬਲਾ ਨਹੀਂ ਹੈ।

**ਸਵਾਲ: ਇਤਿਹਾਸਕਾਰ ਦਾ ਕੰਮ ਅਤੀਤ ਨੂੰ ਦੇਖਣਾ ਹੁੰਦਾ ਹੈ, ਕੀ ਇਹ ਭਵਿੱਖ ਨੂੰ ਵੀ ਦੇਖ ਸਕਦਾ ਹੈ?**

**ਜਵਾਬ:** ਨਹੀਂ। ਇਹ ਭਵਿੱਖ ਨੂੰ ਨਹੀਂ ਦੇਖ ਸਕਦਾ, ਪਰ ਕਦੇ ਕਦੇ ਤਾਂ ਇਸ ਦੇ ਉਲਟ ਹੁੰਦਾ ਹੈ। ਜਿਵੇਂ ਜਿਵੇਂ ਇਤਿਹਾਸ ਦਾ ਤਜ਼ੁਰਬਾ ਵਧਦਾ ਜਾਂਦਾ ਹੈ, ਫਿਰ ਇਤਿਹਾਸਕਾਰ ਇਸ ਨੂੰ ਦੂਜੀ ਤਰ੍ਹਾਂ ਦੇਖਣ ਲਗਦਾ ਹੈ। ਜਿਵੇਂ ਫਰਾਂਸ ਦੀ ਕ੍ਰਾਂਤੀ ਹੋਈ, ਉੱਥੇ ਕਿਸਾਨਾਂ ਨੇ 33 ਫੀਸਦੀ ਜਗੀਰਦਾਰਾਂ ਦੀਆਂ ਜ਼ਮੀਨਾਂ ਖੋਹ ਲਈਆਂ। ਇਸ ਬਾਰੇ ਉੱਨੀਵੀਂ ਸਦੀ ਵਿਚ ਬਹਿਸ ਚਲਦੀ ਰਹੀ ਕਿ ਇਹ ਬਹੁਤ ਵੱਡੀ ਕਾਰਵਾਈ ਸੀ; ਹਾਲਾਂਕਿ ਉਦੋਂ ਵੀ 66 ਫੀਸਦੀ ਕਿਸਾਨ ਬਚੇ ਰਹੇ ਸਨ, ਪਰ ਜਦੋਂ ਰੂਸ ਵਿਚ ਇਨਕਲਾਬ ਹੋਇਆ ਤਾਂ ਉੱਥੇ ਸਾਰੇ ਹੀ ਜਗੀਰਦਾਰਾਂ ਦੀਆਂ ਜ਼ਮੀਨਾਂ ਖੋਹ ਲਈਆਂ ਗਈਆਂ। ਇਸ ਤੋਂ ਅੱਗੇ ਦੇਖੀਏ ਕਿ ਫਰਾਂਸ ਦੀ ਕ੍ਰਾਂਤੀ ਵੇਲੇ 33 ਫੀਸਦੀ ਜਗੀਰਦਾਰਾਂ ਨੂੰ ਖਤਮ ਕਰਨ ਦੀ ਘਟਨਾ ਕਿੰਨੀ ਛੋਟੀ ਸੀ, ਪਰ ਇਤਿਹਾਸਕਾਰ ਉਸ ਤੋਂ ਅੱਗੇ ਨਹੀਂ ਦੇਖ ਸਕੇ। ਉਹ ਇਹ ਸੰਭਾਵਨਾਵਾਂ ਨਹੀਂ ਦੇਖ ਸਕੇ ਕਿ 100 ਫੀਸਦੀ ਜਗੀਰਦਾਰੀ ਖਤਮ ਕੀਤੀ ਜਾ ਸਕਦੀ ਹੈ। ਜਿਵੇਂ ਜਿਵੇਂ ਮਨੁੱਖ ਦਾ ਵਿਕਾਸ ਹੁੰਦਾ ਹੈ, ਤਾਂ ਇਤਿਹਾਸ ਦਾ ਵੀ ਵਿਕਾਸ ਹੁੰਦਾ ਹੈ। ਜਿਵੇਂ ਹੁਣ ਇਤਿਹਾਸ ਵਿਚ ਔਰਤਾਂ ਦੇ ਅੰਦੋਲਨ ਜਾਂ ਉਨ੍ਹਾਂ 'ਤੇ ਹੋਏ ਜ਼ੁਲਮਾਂ ਨੂੰ ਦੇਖਣਾ ਸ਼ੁਰੂ ਕੀਤਾ ਹੈ। ਜਾਤੀ ਦੇ ਨਜ਼ਰੀਏ ਤੋਂ ਵੀ ਇਤਿਹਾਸ ਨੂੰ ਦੇਖਿਆ ਜਾਣ ਲੱਗਾ ਹੈ। ਪਹਿਲਾਂ ਮੁਸਲਿਮ ਸੰਸਾਰ ਨੂੰ ਪਛੜਿਆ ਸਮਝਿਆ ਜਾਂਦਾ ਸੀ, ਪਰ ਇਤਿਹਾਸ ਦੇ ਵਿਕਾਸ ਦੇ ਨਾਲ ਹੀ ਇਹ ਸਿੱਧ ਹੁੰਦਾ ਜਾ ਰਿਹਾ ਹੈ ਕਿ ਮੁਸਲਿਮ ਸੰਸਾਰ ਵੀ ਪਿੱਛੇ ਨਹੀਂ ਸੀ। ਮੈਂ 'ਐਗਰੇਰੀਅਨ ਸਿਸਟਮ ਆਫ ਮੁਗਲ ਇੰਡੀਆ' ਵਿਚ ਔਰਤਾਂ ਬਾਰੇ ਨਹੀਂ ਲਿਖਿਆ, ਪਰ ਜੇ ਹੁਣ ਉਹ ਕਿਤਾਬਾਂ ਲਿਖਾਂਗਾ ਤਾਂ ਸੰਭਵ ਹੀ ਨਹੀਂ ਕਿ ਉਨ੍ਹਾਂ ਦੀ ਮਿਹਨਤ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਨਾ ਲਿਖਾਂ। ਔਰਤਾਂ ਉਦੋਂ ਵੀ ਕੰਮ-ਕਾਰ (ਮਿਹਨਤ) ਕਰਦੀਆਂ ਸਨ। ਉਂਜ, ਅੱਜ ਵਾਂਗ ਹੀ ਉਨ੍ਹਾਂ ਦੀ ਮਿਹਨਤ-ਮਜ਼ਦੂਰੀ ਦਾ ਭੁਗਤਾਨ ਉਦੋਂ ਵੀ ਨਹੀਂ ਕੀਤਾ ਜਾਂਦਾ ਸੀ। ਉਦੋਂ ਉਨ੍ਹਾਂ ਵਲੋਂ ਕੀਤੀ ਮਿਹਨਤ ਦੀ ਆਮਦਨ ਮਰਦਾਂ ਦੀ ਆਮਦਨ ਦੇ ਨਾਲ ਹੀ ਸ਼ਾਮਲ ਕਰ ਦਿੱਤੀ ਜਾਂਦੀ ਸੀ। ਇਹ ਹਾਲਾਤ ਅੱਜ ਵੀ ਹਨ। ਇਹ ਠੀਕ ਹੈ ਕਿ ਮੈਨੂੰ ਇਸ ਸਭ ਕੁੱਝ ਦੇ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ, ਪਰ ਮੈਨੂੰ ਇਸ ਬਾਰੇ ਲਿਖਣਾ ਚਾਹੀਦਾ ਸੀ। ਲੋਕ ਇਤਿਹਾਸ ਵਿਚ ਇਸ ਸਭ ਕਾਸੇ ਬਾਰੇ ਵਿਸਥਾਰ ਨਾਲ ਲਿਖਿਆ ਜਾ ਰਿਹਾ ਹੈ। ਇਹ ਸਾਰੀਆਂ ਗੱਲਾਂ ਤੇ ਤੱਥ ਵਰਤਮਾਨ ਵਿਚ ਹੋ ਰਹੇ ਅੰਦੋਲਨਾਂ ਵਿਚੋਂ ਉਭਰ ਕੇ ਸਾਹਮਣੇ ਆ ਰਹੇ ਹਨ। ਇਸ ਤਰ੍ਹਾਂ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਇਤਿਹਾਸ ਉੱਪਰ ਵਰਤਮਾਨ ਦਾ ਬਹੁਤ ਅਸਰ ਹੁੰਦਾ ਹੈ।

**ਸਵਾਲ: ਤੁਸੀਂ ਹਾਸ਼ੀਏ ਵਲ ਧੱਕੇ ਗਏ ਸਮਾਜੀ ਸਮੂਹਾਂ ਦੇ ਇਤਿਹਾਸਕਾਰਾਂ ਨੂੰ (ਸਬਾਲਟਰਨ ਇਤਿਹਾਸਕਾਰ) ਤ੍ਰਾਸਦੀਆਂ ਦੇ "ਪ੍ਰਸੰਨ ਇਤਿਹਾਸਕਾਰ" (ਹੈਪੀ ਹਿਸਟੋਰੀਅਨ) ਕਿਹਾ ਹੈ। ਸਬਾਲਟਰਨ ਇਤਿਹਾਸਕਾਰਾਂ ਦਾ ਕੰਮ ਕਰਨ ਦਾ ਤਰੀਕਾ ਕੀ ਹੈ? ਉਹ ਇਤਿਹਾਸ 'ਤੇ ਕਿਸ ਤਰ੍ਹਾਂ ਦਾ ਪ੍ਰਭਾਵ ਪਾ ਰਹੇ ਹਨ?**

**ਜਵਾਬ:** ਉਹ ਮੈਨੂੰ ਕਦੀ ਪ੍ਰਭਾਵਿਤ ਨਹੀਂ ਕਰ ਸਕੇ। ਸਬਾਲਟਰਨ ਇਤਿਹਾਸਕਾਰਾਂ ਦੇ ਭਾਰਤ ਵਿਚ ਵਰਗ ਨਹੀਂ ਹਨ; ਬਸਤੀਵਾਦੀ ਸ਼ਾਸਕ, ਭਾਰਤੀ ਸ਼ਾਸਕ ਵਰਗ ਅਤੇ ਪੀੜਤ ਕਿਸਾਨ-ਮਜ਼ਦੂਰ ਨਹੀਂ ਹਨ। ਹਾਂ, ਉਨ੍ਹਾਂ ਦੇ ਬਸਤੀਵਾਦੀ ਉੱਚ ਵਰਗ (ਇਲੀਟ) ਹਨ ਜਿਨ੍ਹਾਂ ਦੇ ਖਿਲਾਫ ਭਾਰਤ ਦਾ ਉੱਚ ਵਰਗ ਖੜ੍ਹਾ ਹੈ। ਜਦੋਂ ਅਸੀਂ ਇਤਿਹਾਸ ਅਤੇ ਸਮਾਜ ਨੂੰ ਇਸ ਤਰ੍ਹਾਂ ਦੇਖਣ ਲਗਦੇ ਹਾਂ ਤਾਂ ਲੋਕਾਂ ਦਾ ਸਾਰਾ ਹੀ ਦੁੱਖ ਗਾਇਬ ਹੋ ਜਾਂਦਾ ਹੈ। ਉਦਯੋਗਾਂ ਦੀ ਬਰਬਾਦੀ ਅਤੇ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਜਿਸ ਤਰ੍ਹਾਂ ਤਬਾਹ ਕੀਤਾ ਗਿਆ, ਉਸ ਦਾ ਪਤਾ ਹੀ ਨਹੀਂ ਲਗਦਾ। ਬਸ, ਬਚਦੇ ਹਨ ਤਾਂ ਅੰਗਰੇਜ਼, ਜੋ ਜ਼ੁਲਮ ਕਰ ਰਹੇ ਹਨ ਅਤੇ ਗਰੀਬ ਤੇ ਧਨਾਢ ਕਿਸਾਨ ਜੋ ਅੰਗਰੇਜ਼ਾਂ ਦੇ ਜ਼ੁਲਮ ਦੇ ਮਾਰੇ ਹੋਏ ਹਨ; ਲੇਕਿਨ ਇਸ ਵਿਚ ਉਸ ਗਰੀਬ ਕਿਸਾਨ ਅਤੇ ਧਨਾਢ ਕਿਸਾਨ ਦੇ ਵਿਚਲੇ ਅੰਤਰਵਿਰੋਧ ਨੂੰ ਨਹੀਂ ਵੇਖਿਆ ਜਾਂਦਾ। ਇਸ ਲਈ ਮੈਂ ਕਹਿੰਦਾ ਹਾਂ ਕਿ ਉਹ (ਸਬਾਲਟਰਨ ਇਤਿਹਾਸਕਾਰ) ਇਤਿਹਾਸ ਨੂੰ ਮੂਧੇ ਮੂੰਹ ਮਾਰ ਰਹੇ ਹਨ।

---

# *2014 ਲਈ ਭਾਰਤ, ਪਾਕਿਸਤਾਨ ਤੇ ਅਮਰੀਕਾ ਦੀ ਸਿਆਸਤ*

*(ਸਫਾ 13 ਦੀ ਬਾਕੀ)*

ਉਂਜ, ਪੁਰਾਣੇ ਤਰੀਕੇ ਦੀ ਇਹ ਸਿਆਸਤ ਕੁਝ ਮੁਸ਼ਕਿਲ 'ਚ ਹੈ। ਉੱਥਲ-ਪੁੱਥਲ ਭਰੇ ਪਿਛਲੇ ਕੁਝ ਮਹੀਨਿਆਂ ਚ, ਸਿਰਫ਼ ਕੁਝ ਮੁੱਖ ਸਿਆਸੀ ਪਾਰਟੀਆਂ ਦੇ ਅਕਸ ਨੂੰ ਹੀ ਨਹੀਂ, ਖ਼ੁਦ ਸਿਆਸਤ ਨੂੰ ਤੇ ਸਿਆਸਤ ਦੇ ਵਿਚਾਰ ਨੂੰ ਹੀ ਧੱਕਾ ਲੱਗਿਆ ਹੈ। ਚਾਹੇ ਭ੍ਰਿਸ਼ਟਾਚਾਰ ਹੋਵੇ, ਚਾਹੇ ਮਹਿੰਗਾਈ 'ਚ ਵਾਧਾ ਹੋਵੇ, ਜਾਂ ਜਬਰ ਜਨਾਹ ਜਾਂ ਔਰਤਾਂ ਖ਼ਿਲਾਫ਼ ਵਧ ਰਹੀ ਹਿੰਸਾ ਹੋਵੇ, ਨਵਾਂ ਮੱਧ ਵਰਗ ਮੁੜ ਮੁੜ ਮੋਰਚਾਬੰਦੀਆਂ ਉੱਪਰ ਹੈ। ਉਨ੍ਹਾਂ ਉੱਪਰ ਪਾਣੀ ਦੀਆਂ ਬੌਛਾੜਾਂ ਸੁੱਟੀਆਂ ਜਾ ਸਕਦੀਆਂ ਹਨ ਜਾਂ ਲਾਠੀਆਂ ਚਲਾਈਆਂ ਜਾ ਸਕਦੀਆਂ ਹਨ, ਪਰ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਹਜ਼ਾਰਾਂ ਦੀ ਤਾਦਾਦ ਵਿਚ ਮਾਰਿਆ ਨਹੀਂ ਜਾ ਸਕਦਾ; ਜਿਸ ਤਰ੍ਹਾਂ ਗ਼ਰੀਬਾਂ ਨੂੰ ਮਾਰਿਆ ਜਾ ਸਕਦਾ ਹੈ, ਜਿਸ ਤਰ੍ਹਾਂ ਦਲਿਤਾਂ, ਆਦਿਵਾਸੀਆਂ, ਮੁਸਲਮਾਨਾਂ, ਕਸ਼ਮੀਰੀਆਂ, ਨਾਗਿਆਂ ਅਤੇ ਮਨੀਪੁਰੀਆਂ ਨੂੰ ਮਾਰਿਆ ਜਾ ਸਕਦਾ ਹੈ ਤੇ ਮਾਰਿਆ ਜਾਂਦਾ ਰਿਹਾ ਹੈ। ਪੁਰਾਣੀਆਂ ਸਿਆਸੀ ਪਾਰਟੀਆਂ ਜਾਣਦੀਆਂ ਹਨ ਕਿ ਜੇ ਪੂਰੀ ਤਬਾਹੀ ਆਉਣੋਂ ਰੋਕਣੀ ਹੈ ਤਾਂ ਇਸ ਹਮਲਵਾਰ ਰੁਖ਼ ਨੂੰ ਅੱਗੇ ਵਧ ਕੇ ਖ਼ਤਮ ਕਰਨਾ ਪੈਣਾ ਹੈ, ਇਸ ਦਾ ਰੁਖ਼ ਬਦਲਣਾ ਪੈਣਾ ਹੈ। ਉਹ ਜਾਣਦੇ ਹਨ ਕਿ ਪਹਿਲਾਂ ਜੋ ਸਿਆਸਤ ਹੁੰਦੀ ਸੀ, ਉਸ ਨੂੰ ਪਹਿਲੀ ਹਾਲਤ 'ਚ ਲਿਆਉਣ ਲਈ ਉਨ੍ਹਾਂ ਦਾ ਮਿਲ-ਜੁਲ ਕੇ ਕੰਮ ਕਰਨਾ ਜ਼ਰੂਰੀ ਹੈ। ਫਿਰ, ਫਿਰਕੂ ਅੱਗ ਤੋਂ ਬਿਹਤਰ ਰਾਸਤਾ ਹੋਰ ਕਿਹੜਾ ਹੋ ਸਕਦਾ ਹੈ? (ਵਰਨਾ ਕੋਈ ਧਰਮਨਿਰਪੇਖ ਹੋਰ ਕਿਵੇਂ ਧਰਮ-ਨਿਰਪੇਖ ਬਣਿਆ ਰਹਿ ਸਕਦਾ ਹੈ ਅਤੇ ਕੋਈ ਫ਼ਿਰਕਾਪ੍ਰਸਤ ਫ਼ਿਰਕਾਪ੍ਰਸਤ?) ਸੰਭਵ ਹੈ ਕਿ ਨਿੱਕਾ ਜਿਹਾ ਯੁੱਧ ਵੀ ਹੋਵੇ, ਤਾਂ ਕਿ ਅਸੀਂ ਦੁਬਾਰਾ ਘੁੱਗੀ-ਬਾਜ ਦੀ ਖੇਡ, ਖੇਡ ਸਕੀਏ।*

ਫਿਰ ਉਸ ਅਜ਼ਮਾਏ ਹੋਏ ਅਤੇ ਭਰੋਸੇਯੋਗ ਪੁਰਾਣੇ ਸਿਆਸੀ ਫੁੱਟਬਾਲ, ਕਸ਼ਮੀਰ ਨੂੰ ਉਛਾਲਣ ਨਾਲੋਂ ਹੋਰ ਬਿਹਤਰ ਹੱਲ ਹੋਰ ਕੀ ਹੋ ਸਕਦਾ ਹੈ? ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੀ। ਪੂਰੀ ਬੇਹਯਾਈ ਨਾਲ ਅਜਿਹਾ ਕੀਤਾ ਗਿਆ ਅਤੇ ਜਿਹੜਾ ਇਸ ਦਾ ਵਕਤ ਚੁਣਿਆ, ਇਹ ਦੋਵੇਂ ਗੱਲਾਂ ਜਾਣ-ਬੁੱਝ ਕੇ ਕੀਤੀਆਂ ਗਈਆਂ। ਇਸ ਨੇ ਕਸ਼ਮੀਰ ਦੀਆਂ ਸੜਕਾਂ ਉੱਪਰ ਸਿਆਸਤ ਅਤੇ ਗੁੱਸਾ ਉਤਾਰ ਦਿੱਤਾ ਹੈ।

ਭਾਰਤ ਇਸ ਨੂੰ ਮੈਕਿਆਵਲੀ ਵਾਲੀਆਂ ਚਾਲਾਂ, ਬੇਰਹਿਮ ਤਾਕਤ ਅਤੇ ਜ਼ਹਿਰੀਲੇ ਪ੍ਰਚਾਰ, ਨਾਲ ਕਾਬੂ ਕਰ ਲੈਣ ਦੀ ਉਮੀਦ ਕਰਦਾ ਹੈ, ਇਹ ਚਾਲਾਂ ਲੋਕਾਂ ਨੂੰ ਇਕ-ਦੂਜੇ ਖ਼ਿਲਾਫ਼ ਖੜ੍ਹੇ ਕਰਨ ਲਈ ਹੀ ਈਜਾਦ ਕੀਤੀਆਂ ਗਈਆਂ ਹਨ। ਦੁਨੀਆਂ ਅੱਗੇ ਕਸ਼ਮੀਰ ਵਿਚਲੇ ਯੁੱਧ ਨੂੰ ਸਭ ਨੂੰ ਕਲਾਵੇ ਵਿਚ ਲੈਣ ਵਾਲੀ, ਧਰਮਨਿਰਪੇਖ ਜਮਹੂਰੀਅਤ ਅਤੇ ਇੰਤਹਾਪਸੰਦ ਇਸਲਾਮਵਾਦੀਆਂ ਦਰਮਿਆਨ ਲੜਾਈ ਦੇ ਰੂਪ 'ਚ ਪੇਸ਼ ਕੀਤਾ ਜਾਂਦਾ ਹੈ। ਫਿਰ ਅਸੀਂ ਇਸ ਤੱਥ ਦਾ ਕੀ ਕਰੀਏ ਕਿ ਕਸ਼ਮੀਰ ਦਾ ਅਖੌਤੀ ਗਰੈਂਡ ਮੁਫ਼ਤੀ (ਜੋ ਮੁਕੰਮਲ ਕਠਪੁਤਲੀ ਅਹੁਦਾ ਹੈ) ਬਸ਼ੀਰੂਦੀਨ ਅਸਲ ਵਿਚ ਸਰਕਾਰ ਵਲੋਂ ਤਾਇਨਾਤ ਕੀਤਾ ਮੁਫਤੀ ਹੈ ਜਿਸ ਨੇ ਸਭ ਤੋਂ ਨਫ਼ਰਤ ਭਰੀਆਂ ਤਕਰੀਰਾਂ ਕੀਤੀਆਂ ਅਤੇ ਇਕ ਪਿੱਛੋਂ ਇਕ ਫ਼ਤਵੇ ਜਾਰੀ ਕੀਤੇ; ਜਿਸ ਦਾ ਇਰਾਦਾ ਮੌਜੂਦਾ ਕਸ਼ਮੀਰ ਨੂੰ ਭਿਆਨਕ, ਅਖੰਡ ਵਹਾਬੀ ਸਮਾਜ ਬਣਾਉਣ ਦਾ ਹੈ? ਫੇਸ ਬੁੱਕ 'ਤੇ ਲਿਖਣ ਵਾਲੀਆਂ ਬੱਚੀਆਂ ਗ੍ਰਿਫ਼ਤਾਰ ਕੀਤੀਆਂ ਜਾ ਸਕਦੀਆਂ ਹਨ, ਪਰ ਇਸ ਨੂੰ ਕਦੇ ਗ੍ਰਿਫਤਾਰ ਨਹੀਂ ਕੀਤਾ ਜਾਂਦਾ। ਅਸੀਂ ਇਸ ਤੱਥ ਦਾ ਕੀ ਕਰੀਏ, ਜਦੋਂ ਸਾਊਦੀ ਅਰਬ (ਅਮਰੀਕਾ ਦਾ ਭਰੋਸੇਯੋਗ ਮਿੱਤਰ) ਕਸ਼ਮੀਰੀ ਮਦਰੱਸਿਆਂ 'ਚ ਪੈਸਾ ਝੋਕਦਾ ਹੈ ਤਾਂ ਭਾਰਤ ਸਰਕਾਰ ਮੂੰਹ ਫੇਰ ਲੈਂਦੀ ਹੈ? ਸੀ.ਆਈ.ਏ. ਨੇ ਅਫ਼ਗਾਨਿਸਤਾਨ 'ਚ ਉਨ੍ਹਾਂ ਸਾਰੇ ਵਰ੍ਹਿਆਂ 'ਚ ਜੋ ਕੁਝ ਕੀਤਾ, ਇਹ ਉਸ ਤੋਂ ਵੱਖਰਾ ਕਿਵੇਂ ਹੈ? ਉਨ੍ਹਾਂ ਕਰਤੂਤਾਂ ਨੇ ਹੀ ਉਸਾਮਾ ਬਿਨ-ਲਾਦਿਨ, ਅਲ-ਕਾਇਦਾ ਅਤੇ ਤਾਲਿਬਾਨ ਨੂੰ ਜਨਮ ਦਿੱਤਾ। ਉਨ੍ਹਾਂ ਕਰਤੂਤਾਂ ਨੇ ਹੀ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਨੂੰ ਬਰਬਾਦ ਕਰ ਦਿੱਤਾ। ਹੁਣ ਇਹ ਕਿਸ ਤਰ੍ਹਾਂ ਦੇ ਭੈੜੇ ਜਿੰਨ ਨੂੰ ਜਗਾਏਗਾ?

ਹੁਣ ਮਸਲਾ ਇਹ ਹੈ-ਹੋ ਸਕਦਾ ਹੈ ਕਿ ਹੁਣ ਪੁਰਾਣੇ ਸਿਆਸੀ ਫੁੱਟਬਾਲ ਨੂੰ ਕਾਬੂ 'ਚ ਰੱਖਣਾ ਪੂਰੀ ਤਰ੍ਹਾਂ ਆਸਾਨ ਨਾ ਰਹੇ। ਤੇ ਇਹ ਰੇਡੀਓਐਕਟਿਵ ਵੀ ਹੈ। ਹੋ ਸਕਦਾ ਹੈ ਕਿ ਇਹ ਮਹਿਜ਼ ਇਤਫ਼ਾਕ ਨਾ ਹੋਵੇ ਕਿ ਕੁਝ ਦਿਨ ਪਹਿਲਾਂ ਹੀ ਪਾਕਿਸਤਾਨ ਨੇ 'ਉੱਭਰ ਰਹੇ ਦ੍ਰਿਸ਼' ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਦੇ ਖ਼ਿਲਾਫ਼ ਆਪਣੀ ਰੱਖਿਆ ਦੀ ਖ਼ਾਤਰ ਛੋਟੀ ਦੂਰੀ ਵਾਲੀ ਜ਼ਮੀਨ ਤੋਂ ਜ਼ਮੀਨ 'ਤੇ ਮਾਰ ਕਰਨ ਵਾਲੀ ਪਰਮਾਣੂ ਮਿਸਾਈਲ ਦਾ ਤਜਰਬਾ ਕੀਤਾ ਹੈ। ਦੋ ਹਫ਼ਤੇ ਪਹਿਲਾਂ, ਕਸ਼ਮੀਰ ਪੁਲਿਸ ਨੇ ਪਰਮਾਣੂ ਯੁੱਧ ਵਿਚ 'ਬਚਾਅ ਦੀਆਂ ਤਰਕੀਬਾਂ' ਛਾਪੀਆਂ ਹਨ। ਇਸ ਵਿਚ ਗੁਸਲਖ਼ਾਨਿਆਂ ਦੀ ਸਹੂਲਤ ਵਾਲੇ ਬੰਬਾਰੀ ਤੋਂ ਮਹਿਫੂਜ਼ ਭੋਰੇ ਬਣਾਉਣ ਦੇ ਨਾਲ-ਨਾਲ ਜੋ ਐਨਾ ਵੱਡਾ ਹੋਵੇ ਕਿ ਪੂਰਾ ਟੱਬਰ ਦੋ ਹਫ਼ਤਿਆਂ ਲਈ ਇਸ ਵਿਚ ਛੁਪ ਸਕੇ, ਕਿਹਾ ਗਿਆ ਹੈ ਕਿ 'ਪਰਮਾਣੂ ਹਮਲੇ ਦੌਰਾਨ, ਗੱਡੀ ਚਾਲਕਾਂ ਨੂੰ ਛੇਤੀ ਪਲਟ ਜਾਣ ਵਾਲੀਆਂ ਗੱਡੀਆਂ ਦੇ ਹੇਠਾਂ ਕੁਚਲੇ ਜਾਣ ਤੋਂ ਬਚਣ ਲਈ ਉਨ੍ਹਾਂ ਵਿਚੋਂ ਨਿਕਲ ਕੇ ਧਮਾਕੇ ਵੱਲ ਛਾਲ ਮਾਰਨ ਦੀ ਜਾਚ ਆਉਣੀ ਚਾਹੀਦੀ ਹੈ।' ਅਤੇ 'ਉਨ੍ਹਾਂ ਨੂੰ ਬੌਂਦਲਾ ਜਾਣ ਦੀ ਮੁੱਢਲੀ ਹਾਲਤ ਲਈ ਤਿਆਰ ਰਹਿਣਾ ਚਾਹੀਦਾ ਹੈ, ਜਦੋਂ ਧਮਾਕੇ ਦੀਆਂ ਤਰੰਗਾਂ ਫੈਲਣਗੀਆਂ ਅਤੇ ਅਨੇਕਾਂ ਅਹਿਮ ਅਤੇ ਜਾਣੀਆਂ-ਪਛਾਣੀਆਂ ਵਿਸ਼ੇਸ਼ਤਾਵਾਂ ਨੂੰ ਵਹਾ ਲਿਜਾਣਗੀਆਂ।'

ਸੰਭਵ ਹੈ ਕਿ ਅਹਿਮ ਅਤੇ ਜਾਣੀਆਂ-ਪਛਾਣੀਆਂ ਵਿਸ਼ੇਸ਼ਤਾਵਾਂ ਪਹਿਲਾਂ ਹੀ ਮਿਟ ਚੁੱਕੀਆਂ ਹੋਣ। ਸ਼ਾਇਦ ਸਾਨੂੰ ਸਭ ਨੂੰ ਆਪਣੀਆਂ ਛੇਤੀ ਹੀ ਪਲਟ ਜਾਣ ਵਾਲੀਆਂ ਗੱਡੀਆਂ ਤੋਂ ਛਾਲ ਮਾਰ ਦੇਣੀ ਚਾਹੀਦੀ ਹੈ।

***(*ਅਨੁਵਾਦਕੀ ਨੋਟ: ਘੁੱਗੀ ਅਤੇ ਬਾਜ ਅੰਗਰੇਜ਼ੀ ਕਾਮਿਕਸ ਦੇ ਜੁਰਮ ਨਾਲ ਭਿੜਨ ਵਾਲੇ ਸੁਪਰ ਨਾਇਕ ਹਨ; ਹਾਲਾਂਕਿ ਇਨ੍ਹਾਂ ਦੋਵਾਂ ਦਾ ਕਿਰਦਾਰ ਵੱਖ ਵੱਖ ਹੈ, ਬਾਜ ਗਰਮਮਿਜ਼ਾਜ ਤੇ ਸਖ਼ਤ ਹੈ; ਪਰ ਘੁੱਗੀ ਨਰਮਮਿਜ਼ਾਜ ਹੈ, ਪਰ ਜੁਰਮ ਨਾਲ ਦੋਵੇਂ ਮਿਲ ਕੇ ਲੜਦੇ ਹਨ। ਇਥੇ ਇਨ੍ਹਾਂ ਨੂੰ ਕ੍ਰਮਵਾਰ ਭਾਜਪਾ ਅਤੇ ਕਾਂਗਰਸ ਨਾਲ ਜੋੜ ਕੇ ਦਿਖਾਇਆ ਗਿਆ ਹੈ।)***

ਗੁਰਮਤਿ ਵਿਚਾਰ

# ਸਾ ਰੁਤ ਸੁਹਾਵੀ-5



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਫੱਗਣ ਦੇ ਮਹੀਨੇ ਵਿਚ ਪਰਮਾਤਮਾ ਨੂੰ ਧਿਆਉਣ ਅਤੇ ਉਸ ਨੂੰ ਪਾਉਣ ਸਬੰਧੀ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜੋ ਵਿਚਾਰ ਪ੍ਰਗਟ ਕੀਤੇ ਹਨ, 'ਤੇ ਗੱਲ ਖਤਮ ਕੀਤੀ ਗਈ ਸੀ। ਇਸ ਲੇਖ ਵਿਚ ਪੰਜਵੀਂ ਨਾਨਕ ਜੋਤਿ ਨੇ ਜਿਸ ਤਰ੍ਹਾ ਫੱਗਣ ਦੇ ਮਹੀਨੇ ਦੀ ਗੱਲ ਕੀਤੀ ਹੈ, ਉਸ ਬਾਰੇ ਚਰਚਾ ਕਰਾਂਗੇ।

ਪਹਿਲਾਂ ਵੀ ਪਿਛਲੇ ਲੇਖਾਂ ਵਿਚ ਗੱਲ ਕੀਤੀ ਜਾ ਚੁੱਕੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 'ਪੁਰਸ਼' ਸਿਰਫ਼ ਇੱਕ ਅਕਾਲ ਪੁਰਖ ਨੂੰ ਮੰਨਿਆ ਗਿਆ ਹੈ ਜਿਸ ਨੂੰ ਵੱਖ ਵੱਖ ਤਰ੍ਹਾਂ ਨਾਲ ਸੰਬੋਧਨ ਕੀਤਾ ਗਿਆ ਹੈ ਜਿਵੇਂ ਵਰ, ਖਸਮ, ਪਤੀ, ਸਹੁ, ਪ੍ਰੀਤਮ, ਪਿਆਰਾ ਆਦਿ। ਜੀਵਾਂ ਅਰਥਾਤ ਮਨੁੱਖਾਂ ਨੂੰ ਉਸ ਦੀਆਂ ਇਸਤਰੀਆਂ ਦੇ ਰੂਪ ਵਿਚ ਤਸੱਵਰ ਕੀਤਾ ਗਿਆ ਹੈ। ਜੀਵ-ਇਸਤਰੀ ਹਰ ਸਮੇਂ ਆਪਣੇ ਉਸ ਪ੍ਰੀਤਮ ਦੇ ਮਿਲਾਪ ਲਈ ਮਨ ਵਿਚ ਤਾਂਘ ਰੱਖਦੀ ਹੈ ਅਤੇ ਉਸ ਨੂੰ ਮਿਲਣ ਲਈ ਜਤਨ ਕਰਦੀ ਹੈ ਜਿਸ ਨੂੰ ਸੁਹਾਗਣ, ਨਾਰ, ਕਾਮਣੀ ਆਦਿ ਕਿਹਾ ਗਿਆ ਹੈ। ਇਹ ਬ੍ਰਹਮ, ਅਕਾਲ ਪੁਰਖ ਨੂੰ ਜੋ ਸਾਰੀ ਸ੍ਰਿਸ਼ਟੀ ਦਾ ਸੋਮਾ ਹੈ, ਜੀਵ-ਆਤਮਾ ਦੇ ਮਿਲਣ ਦੀ, ਉਸ ਵਿਚ ਸਮਾ ਜਾਣ ਦੀ ਲੋਚਾ, ਉਸ ਨੂੰ ਪਾਉਣ ਦੇ ਜਤਨਾਂ ਦਾ ਗਾਇਨ ਹੈ ਜਿਸ ਤੋਂ ਉਹ ਪੈਦਾ ਹੋਈ ਹੈ, ਜਿਸ ਦੀ ਜੋਤਿ ਨਾਲ ਉਹ ਪ੍ਰਕਾਸ਼ਮਾਨ ਹੈ। ਬਾਰਾਮਾਹਾ ਵਿਚ ਜੀਵ-ਆਤਮਾ ਦੀ ਇਸੇ ਤੜਪ ਦਾ ਗਾਇਨ ਹੈ।

ਇਸੇ ਸਬੰਧ ਵਿਚ ਭਗਤ ਕਬੀਰ ਫਰਮਾਉਂਦੇ ਹਨ ਕਿ ਸੰਸਾਰ ਤਾਂ ਸਮਝਦਾ ਹੈ ਕਿ ਇਹ ਕੋਈ ਗੀਤ ਹੈ ਪਰ ਇਹ ਤਾਂ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਹੈ ਜੋ ਮਨੁੱਖ ਨੂੰ ਜਿਉਂਦੇ ਜੀਅ ਮੁਕਤੀ ਦਿਵਾਉਂਦੀ ਹੈ ਜਿਵੇਂ ਕਾਸ਼ੀ ਵਿਚ ਮਰਦੇ ਸਮੇਂ ਮਨੁੱਖ ਨੂੰ ਉਸ ਦੀ ਮੁਕਤੀ ਲਈ ਮੰਤਰ ਜਾਂ ਉਪਦੇਸ਼ ਦਿੱਤਾ ਜਾਂਦਾ ਹੈ। ਕਬੀਰ ਜੀ ਕਹਿੰਦੇ ਹਨ ਕਿ ਜੋ ਮਨੁੱਖ ਇਸ ਬ੍ਰਹਮ-ਵਿਚਾਰ ਵਿਚ ਮਨ ਲਾ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਪਰਮ ਗਤਿ ਨੂੰ ਪ੍ਰਾਪਤ ਕਰ ਲੈਂਦਾ ਹੈ,

ਲੋਗੁ ਜਾਨੈ ਇਹੁ ਗੀਤੁ ਹੈ
ਇਹੁ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸੁ ਹੋਇ
ਮਾਨਸ ਮਰਤੀ ਬਾਰ॥3॥
ਕੋਈ ਗਾਵੈ ਕੋ ਸੁਣੈ
ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ
ਅੰਤਿ ਪਰਮ ਗਤਿ ਪਾਇ॥4॥
(ਪੰਨਾ 335)

ਇਸੇ ਵਿਚਾਰ ਨੂੰ ਪ੍ਰਗਟ ਕਰਦਿਆਂ ਗੁਰੂ ਅਰਜਨ ਦੇਵ ਫੱਗਣ ਦੇ ਸਬੰਧ ਵਿਚ ਫਰਮਾਉਂਦੇ ਹਨ ਕਿ ਜੋ ਮਨੁੱਖ ਆਪਣੇ ਅੰਦਰ ਵੱਸਦੀ ਉਸ ਈਸ਼ਵਰੀ ਜੋਤਿ ਦਾ ਅਨੁਭਵ ਕਰ ਲੈਂਦੇ ਹਨ, ਜਿਨ੍ਹਾਂ ਦੇ ਅੰਦਰ ਉਸ ਮਾਲਕ ਦੀ ਜੋਤਿ ਪ੍ਰਗਟ ਹੋ ਜਾਂਦੀ ਹੈ, ਉਨ੍ਹਾਂ ਅੰਦਰ ਇਸ ਫੱਗਣ ਦੇ ਮਹੀਨੇ ਦਾ ਆਤਮਕ ਅਨੰਦ ਪੈਦਾ ਹੁੰਦਾ ਹੈ (ਪਰੰਪਰਕ ਤੌਰ 'ਤੇ ਇਹ ਮਹੀਨਾ ਰੰਗਾਂ ਦਾ ਮਹੀਨਾ ਹੈ, ਹੋਲੀ ਖੇਡ ਕੇ ਲੋਕੀ ਅਨੰਦ ਮਾਣਦੇ ਹਨ)। ਗੁਰਮਤਿ ਅਨੁਸਾਰ ਗੁਰੂ ਨੂੰ, ਜਿਸ ਨੇ ਆਪ ਅਕਾਲ ਪੁਰਖ ਨੂੰ ਪਾ ਲਿਆ ਹੈ, ਅਕਾਲ ਪੁਰਖ ਨੂੰ ਮਿਲਾਉਣ ਵਾਲਾ ਮੰਨਿਆ ਗਿਆ ਹੈ। ਇਥੇ ਗੁਰੂ ਅਰਜਨ ਦੇਵ ਜਦੋਂ 'ਸੰਤ' ਸ਼ਬਦ ਵਰਤਦੇ ਹਨ ਤਾਂ ਇਸੇ ਤੱਥ ਵੱਲ ਇਸ਼ਾਰਾ ਕਰਦੇ ਹਨ ਕਿ ਉਸ ਅਕਾਲ ਪੁਰਖ ਦਾ ਮਿਲਾਪ ਕਰਾਉਣ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਕਿਰਪਾ ਕਰਕੇ ਉਨ੍ਹਾਂ ਨੂੰ ਅਕਾਲ ਪੁਰਖ ਨਾਲ ਜੋੜ ਦਿੰਦੇ ਹਨ (ਸੰਤ ਤੋਂ ਭਾਵ ਅੱਜ ਕਲ੍ਹ ਦੇ ਡੇਰੇਦਾਰ ਸੰਤ ਬਿਲਕੁਲ ਨਹੀਂ ਹੈ ਭਾਵੇਂ ਉਹ ਵੀ ਸਿੱਧੇ-ਸਾਦੇ ਲੋਕਾਂ ਨੂੰ 'ਨਾਮ' ਦੇ ਕੇ ਦਾਅਵਾ ਅਜਿਹਾ ਹੀ ਕਰਦੇ ਹਨ। ਬਾਣੀ ਅਨੁਸਾਰ ਸ਼ਬਦ ਹੀ ਗੁਰੂ ਹੈ)।

ਗੁਰਮਤਿ ਦਰਸ਼ਨ ਵਿਚ ਕਿਉਂਕਿ ਤਿਆਗ ਦੇ ਰਸਤੇ 'ਤੇ ਚੱਲ ਕੇ ਮੁਕਤੀ ਪ੍ਰਾਪਤ ਕਰਨ ਦੀ ਥਾਂ ਗ੍ਰਹਿਸਥ ਜੀਵਨ ਜਿਉਂਦਿਆਂ ਪਰਮਾਤਮਾ ਨੂੰ ਪਾ ਲੈਣ ਦੀ ਪ੍ਰੇਰਣਾ ਕੀਤੀ ਗਈ ਹੈ, ਇਸੇ ਲਈ ਸਾਰੇ ਚਿੰਨ੍ਹ ਅਤੇ ਪ੍ਰਤੀਕ ਗ੍ਰਹਿਸਥ ਜੀਵਨ ਵਿਚੋਂ ਹੀ ਲਏ ਗਏ ਹਨ। ਮਨੁੱਖ ਦੇ ਹਿਰਦੇ ਨੂੰ 'ਸੇਜ' ਕਿਹਾ ਹੈ ਜਿਥੇ ਪਰਮਾਤਮਾ ਨੇ ਬਿਰਾਜਣਾ ਹੈ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਇਸੇ ਦਾ ਹਵਾਲਾ ਦਿੰਦਿਆਂ ਫਰਮਾਉਂਦੇ ਹਨ ਕਿ ਜਿੱਥੇ ਪ੍ਰਭੂ-ਪਤੀ ਪ੍ਰਗਟ ਹੋ ਜਾਂਦਾ ਹੈ, ਉਹ ਹਿਰਦਾ-ਸੇਜ ਸੁਹਣਾ ਹੋ ਜਾਂਦਾ ਹੈ, ਸੁੰਦਰ ਹੋ ਜਾਂਦਾ ਹੈ ਅਤੇ ਅਜਿਹੇ ਜਿਉੜਿਆਂ ਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ, ਦੁੱਖਾਂ ਲਈ ਕੋਈ ਥਾਂ ਨਹੀਂ ਰਹਿ ਜਾਂਦੀ। ਅਜਿਹੇ ਜੀਵਾਂ ਦੀ ਪਰਮਾਤਮਾ ਨੂੰ ਮਿਲਣ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਅਜਿਹੇ ਮਨੁੱਖੀ ਜੀਵੜੇ ਸਤਿਸੰਗੀਆਂ ਨਾਲ ਮਿਲ ਕੇ ਉਸ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਗਾਉਂਦੇ ਹਨ, ਗੁਰਬਾਣੀ ਦਾ ਕੀਰਤਨ ਕਰਦੇ ਹਨ ਜੋ ਆਤਮਕ ਅਨੰਦ ਪੈਦਾ ਕਰਦੀ ਹੈ। ਅਜਿਹੇ ਜਿਉੜਿਆਂ ਨੂੰ ਪਰਮਾਤਮਾ ਦੇ ਬਰਾਬਰ ਹੋਰ ਕੋਈ ਨਜ਼ਰ ਨਹੀਂ ਆਉਂਦਾ (ਕਹਿਣ ਤੋਂ ਭਾਵ ਹੈ ਕਿ ਉਨ੍ਹਾਂ ਨੂੰ ਇੱਕ ਅਕਾਲ ਪੁਰਖ ਦੀ ਹਸਤੀ ਵਿਚ ਹੀ ਵਿਸ਼ਵਾਸ ਦ੍ਰਿੜ ਹੋ ਜਾਂਦਾ ਹੈ)। ਅਕਾਲ ਪੁਰਖ ਨੇ ਅਜਿਹੇ ਮਨੁੱਖਾਂ ਦੇ ਸੰਸਾਰਕ ਅਤੇ ਪਰਮਾਰਥਕ ਜੀਵਨ-ਦੋਵੇਂ ਅਕਾਲ ਪੁਰਖ ਦੀ ਨਦਰਿ ਸਦਕਾ ਸਫ਼ਲ ਹੋ ਗਏ ਹਨ। ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਨੂੰ ਉਸ ਦੇ ਚਰਨਾਂ ਵਿਚ ਅਜਿਹੀ ਥਾਂ ਮਿਲ ਗਈ ਹੈ ਜੋ ਕਦੀ ਡੋਲਦੀ ਨਹੀਂ। ਪਰਮਾਤਮਾ ਨੇ ਆਪ ਉਨ੍ਹਾਂ ਨੂੰ ਸੰਸਾਰ-ਸਾਗਰ ਤੋਂ ਪਾਰ ਲਾ ਕੇ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰ ਦਿਤਾ ਹੈ।

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਮਨੁੱਖ ਦੀ ਜੀਭਾ ਇੱਕ ਹੈ ਗਾਉਣ ਵਾਸਤੇ ਪਰ ਉਸ ਅਕਾਲ ਪੁਰਖ ਦੇ ਅਨੇਕਾਂ ਗੁਣ ਹਨ-ਗਾਏ ਜਾਣ ਲਈ। ਜਿਹੜੇ ਮਨੁੱਖ ਉਸ ਦੇ ਚਰਨੀਂ ਲੱਗ ਜਾਂਦੇ ਹਨ ਉਹ ਇਸ ਸੰਸਾਰ-ਰੂਪੀ ਸਮੁੰਦਰ ਤੋਂ ਪਾਰ ਲੱਗ ਜਾਂਦੇ ਹਨ। ਫੱਗਣ ਦੇ ਮਹੀਨੇ ਉਸ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ ਜਿਸ ਨੂੰ ਰਤੀ-ਮਾਸਾ ਵੀ ਲਾਲਚ ਦਾ ਲੇਪ ਨਹੀਂ ਹੈ, ਜੋ ਅਲੇਪ ਹੈ,

ਫਲਗੁਣਿ ਅਨੰਦ ਉਪਾਰਜਨਾ
ਹਰਿ ਸਜਣ ਪਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ
ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ
ਹੁਣਿ ਦੁਖਾ ਨਾਹੀ ਜਾਇ॥
---
ਜਿਹਵਾ ਏਕ ਅਨੇਕ ਗੁਣ
ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ
ਜਿਸ ਨੋ ਤਿਲੁ ਨ ਤਮਾਇ॥

ਆਪਣੇ ਆਪ ਨੂੰ ਸੰਤ ਕਹਾਉਣ ਵਾਲੇ ਸਾਰੇ ਡੇਰੇਦਾਰ ਪੂਰਨਮਾਸ਼ੀ ਜਾਂ ਮੱਸਿਆ ਆਪਣੇ ਡੇਰਿਆਂ ਵਿਚ ਮਨਾਉਂਦੇ ਹਨ ਅਤੇ ਇਨ੍ਹਾਂ ਦੋ ਦਿਨਾਂ 'ਤੇ ਡੇਰਿਆਂ ਵਿਚ ਸੰਗਤਾਂ ਦਾ ਖ਼ਾਸ ਇਕੱਠ ਹੁੰਦਾ ਹੈ। ਇਸੇ ਲਈ ਨਾਨਕਸ਼ਾਹੀ ਕੈਲੰਡਰ ਨੂੰ ਉਨ੍ਹਾਂ ਪੂਰਨਮਾਸ਼ੀ ਅਤੇ ਮੱਸਿਆ ਨੂੰ ਮਹੱਤਵ ਦਿੰਦਿਆਂ ਚੰਦਰਮਾ ਕੈਲੰਡਰ ਅਨੁਸਾਰ ਕਰਵਾਇਆ ਅਤੇ ਸ੍ਰੀ ਅਕਾਲ ਤਖ਼ਤ ਵੱਲੋਂ ਪਹਿਲਾਂ ਦਾ ਕੀਤਾ ਆਪਣਾ ਫੈਸਲਾ ਬਦਲਾਇਆ। ਅਕਾਲ ਤਖ਼ਤ ਮੌਜੂਦਾ ਅਕਾਲੀ ਦਲ ਦੇ ਦਬਦਬੇ ਹੇਠ ਫੈਸਲੇ ਕਰਦਾ ਹੈ ਅਤੇ ਅਕਾਲੀ ਦਲ ਨੂੰ ਸੱਤਾ 'ਤੇ ਕਾਬਜ ਰਹਿਣ ਲਈ ਡੇਰਿਆਂ ਦੀ ਸੰਗਤ ਦੀਆਂ ਵੋਟਾਂ ਚਾਹੀਦੀਆਂ ਹਨ। ਸਿੱਖ ਧਰਮ ਵਿਚ ਪੂਰਨਮਾਸ਼ੀ ਜਾਂ ਮੱਸਿਆ ਦੀ ਕੋਈ ਮਨੌਤ ਜਾਂ ਮਹੱਤਤਾ ਨਹੀਂ ਹੈ। ਇਨ੍ਹਾਂ ਦਾ ਮਹੱਤਵ ਹਿੰਦੂ ਸ਼ਾਸਤਰਾਂ ਵਿਚ ਮੰਨਿਆ ਗਿਆ ਹੈ। ਡੇਰੇਦਾਰ ਇਨ੍ਹਾਂ ਨੂੰ ਇਸ ਲਈ ਮਹੱਤਤਾ ਦਿੰਦੇ ਹਨ ਕਿ ਉਨ੍ਹਾਂ ਨੇ ਹਰ ਤਰ੍ਹਾਂ ਦੇ ਲੋਕ ਮਗਰ ਲਾਉਣੇ ਹੁੰਦੇ ਹਨ।

ਬਾਣੀ ਅਨੁਸਾਰ ਸਾਰੇ ਦਿਨ, ਥਿੱਤ, ਮਹੀਨੇ ਭਲੇ ਹਨ ਜੋ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਿਆਂ ਗੁਜ਼ਾਰੇ ਜਾਂਦੇ ਹਨ। ਗੁਰੂ ਨਾਨਕ ਰਾਗ ਤੁਖਾਰੀ ਵਿਚ ਰਚੇ ਬਾਰਾਮਾਹਾ ਵਿਚ ਇਸੇ ਵਿਚਾਰਧਾਰਾ ਨੂੰ ਦ੍ਰਿੜ ਕਰਵਾਉਂਦਿਆਂ ਫਰਮਾਉਂਦੇ ਹਨ ਕਿ ਉਸ ਜੀਵ ਲਈ, ਮਨੁੱਖ ਲਈ ਬਾਰਾਂ ਹੀ ਮਹੀਨੇ, ਸਾਰੀਆਂ ਰੁੱਤਾਂ, ਥਿੱਤਾਂ, ਘੜੀਆਂ, ਸਾਰੇ ਦਿਨ, ਮਹੂਰਤ ਅਤੇ ਪਲ ਸੁਲੱਖਣੇ ਹਨ ਜਿਸ ਦੇ ਸਹਿਜ ਅਵਸਥਾ ਵਿਚ ਆਏ ਹਿਰਦੇ ਵਿਚ ਅਕਾਲ ਪੁਰਖ ਨੇ ਨਿਵਾਸ ਕਰ ਲਿਆ ਹੈ। ਉਹੀ ਘੜੀ ਸੁਲੱਖਣੀ ਹੈ ਜੋ ਪਰਮਾਤਮਾ ਦੇ ਲੇਖੇ ਲੱਗ ਜਾਂਦੀ ਹੈ। ਅਜਿਹੇ ਗੁਰੂ ਵਰੋਸਾਏ ਮਨੁੱਖ ਲਈ ਕਿਸੇ ਕਾਰਜ ਨੂੰ ਸ਼ੁਰੂ ਕਰਨ ਲਈ ਕਿਸੇ ਖਾਸ ਦਿਨ ਜਾਂ ਮਹੂਰਤ ਜਾਂ ਘੜੀ ਦੀ ਜ਼ਰੂਰਤ ਨਹੀਂ ਹੁੰਦੀ। ਗੁਰੂ ਨਾਨਕ ਦੱਸਦੇ ਹਨ ਕਿ ਜਦੋਂ ਪਿਆਰਾ ਪਰਮਾਤਮਾ ਮਿਲ ਪਵੇ, ਉਸ ਦਾ ਓਟ-ਆਸਰਾ ਲਿਆਂ ਸਾਰੇ ਕਾਰਜ ਰਾਸ ਆ ਜਾਂਦੇ ਹਨ। ਕਰਤਾ ਪੁਰਖ ਜਾਣੀਜਾਣ ਹੈ, ਉਹ ਸਭ ਬਿਧੀਆਂ ਜਾਣਦਾ ਹੈ (ਜ਼ਰੂਰਤ ਉਸ 'ਤੇ ਭਰੋਸਾ ਕਰਨ ਦੀ ਹੈ। ਇਹ ਸਿਦਕ ਅਤੇ ਭਰੋਸਾ ਵੀ ਅਕਾਲ ਪੁਰਖ ਨੇ ਆਪਣੀ ਕਿਰਪਾ ਦ੍ਰਿਸ਼ਟੀ ਰਾਹੀਂ ਆਪ ਹੀ ਮਨੁੱਖ ਦੇ ਅੰਦਰ ਪੈਦਾ ਕਰਨਾ ਹੈ)। ਅਕਾਲ ਪੁਰਖ ਨੇ ਆਪ ਹੀ ਮਨੁੱਖ ਦੀ ਆਤਮਾ ਨੂੰ ਸਵਾਰਨਾ ਹੈ ਅਤੇ ਆਪ ਉਸ ਨੂੰ ਪਿਆਰ ਕਰਨਾ ਹੈ। ਇਸ ਲਈ ਉਸ ਅਕਾਲ ਪੁਰਖ ਦੀ ਮਿਹਰ ਸਦਕਾ ਜਿਸ ਜੀਵ-ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ, ਉਸ ਨੂੰ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਗੁਰਮਤਿ ਅਨੁਸਾਰ ਇਹ ਪ੍ਰਾਪਤੀ ਗੁਰੂ ਰਾਹੀਂ ਸੰਭਵ ਹੈ। ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਗੁਰੂ ਦੀ ਮਿਹਰ ਸਦਕਾ ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗ ਪੈਂਦੇ ਹਨ, ਜਦੋਂ ਅਕਾਲ-ਪੁਰਖ ਮਾਲਕ ਨੇ ਉਸ ਮਨੁੱਖ ਨੂੰ ਆਪਣੇ ਨਾਲ ਮਿਲਾ ਲਿਆ, ਆਪਣੇ ਚਰਨਾਂ ਦੀ ਪ੍ਰੀਤ ਬਖਸ਼ਿਸ਼ ਕਰ ਦਿੱਤੀ ਤਾਂ ਉਸ ਦੇ ਮਨ ਦੀ ਸੇਜ ਸੁੰਦਰ ਹੋ ਗਈ। ਅਜਿਹੇ ਸੁਭਾਗੇ ਮਨੁੱਖ ਦਾ ਮਿਲਾਪ ਪਰਮਾਤਮਾ ਨਾਲ ਦਿਨ-ਰਾਤ ਅਰਥਾਤ ਸਦੀਵੀ ਹੋਇਆ ਰਹਿੰਦਾ ਹੈ। ਅਕਾਲ ਪੁਰਖ ਉਸ ਦਾ ਸਦਾ ਕਾਇਮ ਰਹਿਣ ਵਾਲਾ ਸੁਹਾਗ ਬਣ ਜਾਂਦਾ ਹੈ (ਜੋ ਨਾ ਕਦੀ ਵਿਛੜਦਾ ਹੈ, ਨਾ ਮਰਦਾ ਹੈ),

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ
ਆਏ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ
ਕਰਤਾ ਸਭ ਬਿਧਿ ਜਾਣੈ॥
ਜਿਨਿ ਸੀਗਾਰੀ ਤਿਸਹਿ ਪਿਆਰੀ
ਮੇਲੁ ਭਇਆ ਰੰਗੁ ਮਾਣੈ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ
ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿ ਨਿਸਿ ਰਾਵੈ ਪ੍ਰੀਤਮੁ
ਹਰਿ ਵਰੁ ਥਿਰੁ ਸੋਹਾਗੋ॥

ਇਹ ਨਿਸ਼ਕਰਸ਼ ਗੁਰੂ ਨਾਨਕ ਸਾਹਿਬ ਨੇ ਮਹੀਨਿਆਂ, ਥਿਤਾਂ, ਵਾਰਾਂ ਆਦਿ ਸਮੇਂ ਦਾ ਕੱਢਿਆ ਹੈ ਕਿ ਉਹੀ ਘੜੀ ਸੁਲੱਖਣੀ ਹੈ ਜੋ ਪਰਮਾਤਮਾ ਦੇ ਲੇਖੇ ਲਾਈ ਜਾਂਦੀ ਹੈ, ਕਿਸੇ ਭਲੇ ਕਾਰਜ ਹਿਤ ਖਰਚ ਕੀਤੀ ਜਾਂਦੀ ਹੈ। ਪੰਚਮ ਪਾਤਿਸ਼ਾਹ ਹਜ਼ੂਰ ਫਰਮਾਉਂਦੇ ਹਨ ਕਿ ਜਿਸ ਜਿਸ ਪ੍ਰਾਣੀ ਨੇ ਉਸ ਅਕਾਲ ਪੁਰਖ ਦਾ ਨਾਮ ਜਪਿਆ ਹੈ, ਉਸ ਨੂੰ ਧਿਆਇਆ ਹੈ, ਉਸ ਉਸ ਦੇ ਸਾਰੇ ਕਾਰਜ ਰਾਸ ਆ ਜਾਂਦੇ ਹਨ, ਸਫਲ ਹੋ ਜਾਂਦੇ ਹਨ। ਜਿਨ੍ਹਾਂ ਨੇ ਅਕਲ ਪੁਰਖ ਅਤੇ ਪੂਰੇ ਗੁਰੂ ਦੀ ਅਰਾਧਨਾ ਕੀਤੀ ਹੈ, ਉਹ ਉਸ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਚ ਨਿਤਰਦੇ ਹਨ, ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੁੰਦੇ ਹਨ। ਪਰਮਾਤਮਾ ਦੇ ਚਰਨਾਂ ਨਾਲ ਮਨ ਨੂੰ ਜੋੜਨਾ ਹੀ, ਉਸ ਦਾ ਓਟ-ਆਸਰਾ ਤੱਕਣਾ ਹੀ, ਸਾਰੇ ਸੁੱਖਾਂ ਦੀ ਪ੍ਰਾਪਤੀ ਹੈ। ਉਸ ਦੇ ਚਰਨੀਂ ਲੱਗੇ ਮਨੁੱਖ ਇਸ ਸੰਸਾਰ-ਰੂਪੀ ਡੂੰਘੇ ਸਾਗਰ ਨੂੰ ਪਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਪਰਮਾਤਮਾ ਦੀ ਪ੍ਰੇਮਾ-ਭਗਤੀ ਪ੍ਰਾਪਤ ਹੋ ਜਾਂਦੀ ਹੈ। ਉਹ ਮਾਇਆ ਦੀ ਤ੍ਰਿਸ਼ਨਾ-ਅੱਗ ਵਿਚ ਨਹੀਂ ਸੜਦੇ।

ਗੁਰਮਤਿ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਰੱਖਦੇ ਹਨ, ਇਹ ਪੰਜੇ ਵਿਕਾਰ ਮਨੁੱਖ ਦੇ ਮਨ ਨੂੰ ਭਟਕਣਾ ਵਿਚ ਪਾਈ ਰੱਖਦੇ ਹਨ ਅਤੇ ਅਧਿਆਤਮਕ ਪ੍ਰਾਪਤੀ ਦੇ ਰਾਹ ਵਿਚ ਰੋੜਾ ਹਨ। ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਅਜਿਹੇ ਰੱਬ ਦੇ ਭਗਤਾਂ ਦੇ ਵਿਅਰਥ ਅਤੇ ਝੂਠੇ ਲਾਲਚ ਖ਼ਤਮ ਹੋ ਜਾਂਦੇ ਹਨ, ਉਨ੍ਹਾਂ ਦੇ ਮਨ ਦੀ ਭਟਕਣਾ ਮੁੱਕ ਜਾਂਦੀ ਹੈ, ਮਨ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਨ੍ਹਾਂ ਦਾ ਮਨ ਪੂਰੀ ਤਰ੍ਹਾਂ ਉਸ ਸਦਾ ਰਹਿਣ ਵਾਲੀ ਹਸਤੀ ਪਰਮਾਤਮਾ ਵਿਚ ਟਿਕ ਜਾਂਦਾ ਹੈ। ਉਹ ਆਪਣੇ ਮਨ ਵਿਚ ਉਸ ਇੱਕ ਨੂੰ ਹੀ ਸਿਮਰਦੇ ਹਨ ਅਤੇ ਉਸ ਇੱਕੋ ਪਰਮ ਜੋਤਿ ਨੂੰ ਆਪਣੇ ਮਨ ਵਿਚ ਟਿਕਾ ਕੇ ਰੱਖਦੇ ਹਨ।

ਗੁਰਮਤਿ ਅਨੁਸਾਰ ਅਧਿਆਤਮਕ ਪ੍ਰਾਪਤੀ ਉਸ ਅਕਾਲ ਪੁਰਖ ਦੀ ਮਿਹਰ, ਉਸ ਦੀ ਨਦਰਿ 'ਤੇ ਨਿਰਭਰ ਹੈ ਅਤੇ ਨਦਰਿ ਦੀ ਪ੍ਰਾਪਤੀ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ। ਗੁਰੂ ਅਰਜਨ ਦੇਵ ਦੱਸਦੇ ਹਨ ਕਿ ਅਕਾਲ ਪੁਰਖ ਜਿਨ੍ਹਾਂ ਜੀਵਾਂ 'ਤੇ ਆਪਣੀ ਮਿਹਰ ਦੀ ਨਜ਼ਰ ਕਰਦਾ ਹੈ ਅਰਥਾਤ ਜਿਨ੍ਹਾਂ ਨੂੰ ਉਸ ਦੀ ਕਿਰਪਾ-ਦ੍ਰਿਸ਼ਟੀ ਰਾਹੀਂ ਪਰਮਾਤਮਾ ਦੇ ਨਾਮ ਦੀ ਦਾਤ ਮਿਲ ਜਾਂਦੀ ਹੈ ਉਨ੍ਹਾਂ ਲਈ ਸਾਰੇ ਮਹੀਨੇ, ਸਾਰੇ ਦਿਨ, ਸਾਰੇ ਹੀ ਮਹੂਰਤ ਸ਼ੁਭ ਹਨ, ਸੁਲੱਖਣੇ ਹਨ (ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਸਿਮਰਨ ਲਈ, ਕੋਈ ਸ਼ੁਭ ਕਾਰਜ ਕਰਨ ਲਈ ਕਿਸੇ ਖਾਸ ਥਿਤ, ਦਿਨ ਜਾਂ ਮਹੂਰਤ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਸਾਰਾ ਸਮਾਂ ਉਸ ਪਰਮਾਤਮਾ ਦਾ ਘੜਿਆ ਹੋਇਆ ਹੈ)। ਉਨ੍ਹਾਂ ਲਈ ਹਰ ਸਮਾਂ ਪਵਿੱਤਰ ਅਤੇ ਸ਼ੁਭ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਮਿਹਰ ਕਰ, ਤੇਰੇ ਦਰਵਾਜ਼ੇ 'ਤੇ ਤੇਰੇ ਦਰਸ਼ਨਾਂ ਦੀ ਦਾਤਿ ਮੰਗਦਾ ਹਾਂ,

ਜਿਨਿ ਜਿਨਿ ਨਾਮੁ ਧਿਆਇਆ
ਤਿਨ ਕੇ ਕਾਜ ਸਰੇ॥
ਹਰਿ ਗੁਰੁ ਪੂਰਾ ਆਰਾਧਿਆ
ਦਰਗਹ ਸਚਿ ਖਰੇ॥
ਸਰਬ ਸੁਖਾ ਨਿਧਿ ਚਰਣ
ਹਰਿ ਭਉਜਲੁ ਬਿਖਮੁ ਤਰੇ॥
ਪ੍ਰੇਮ ਭਗਤਿ ਤਿਨ ਪਾਈਆ
ਬਿਖਿਆ ਨਾਹਿ ਜਰੇ॥
ਕੂੜ ਗਏ ਦੁਬਿਧਾ ਨਸੀ
ਪੂਰਨ ਸਚਿ ਭਰੇ॥
ਪਾਰਬ੍ਰਹਮੁ ਪ੍ਰਭੁ ਸੇਵਦੇ
ਮਨ ਅੰਦਰਿ ਏਕੁ ਧਰੇ॥
ਮਾਹ ਦਿਵਸ ਮੂਰਤ ਭਲੇ
ਜਿਨ ਕਉ ਨਦਰਿ ਕਰੇ॥
ਨਾਨਕ ਮੰਗੈ ਦਰਸ ਦਾਨ
ਕਿਰਪਾ ਕਰਹੁ ਹਰੇ॥14॥

ਗੁਰਬਾਣੀ ਗਿਆਨ

# ਹਉ ਪੰਥੁ ਦਸਾਈ ਨਿਤ ਖੜੀ...

ਸਿਰੀਰਾਗੁ ਮਹਲਾ ੪
ਹਉ ਪੰਥੁ ਦਸਾਈ ਨਿਤ ਖੜੀ
ਕੋਈ ਪ੍ਰਭੁ ਦਸੇ ਤਿਨਿ ਜਾਉ॥
ਜਿਨੀ ਮੇਰਾ ਪਿਆਰਾ ਰਾਵਿਆ
ਤਿਨ ਪੀਛੈ ਲਾਗਿ ਫਿਰਾਉ॥
ਕਰਿ ਮਿੰਨਤਿ ਕਰਿ ਜੋਦੜੀ
ਮੈ ਪ੍ਰਭੁ ਮਿਲਣੈ ਕਾ ਚਾਉ॥੧॥
ਮੇਰੇ ਭਾਈ ਜਨਾ ਕੋਈ ਮੋ ਕਉ
ਹਰਿ ਪ੍ਰਭੁ ਮੇਲਿ ਮਿਲਾਇ॥
ਹਉ ਸਤਿਗੁਰ ਵਿਟਹੁ ਵਾਰਿਆ
ਜਿਨਿ ਹਰਿ ਪ੍ਰਭੁ ਦੀਆ ਦਿਖਾਇ॥੧॥ਰਹਾਉ॥
ਹੋਇ ਨਿਮਾਣੀ ਢਹਿ ਪਵਾ
ਪੂਰੇ ਸਤਿਗੁਰ ਪਾਸਿ॥
ਨਿਮਾਣਿਆ ਗੁਰੁ ਮਾਣੁ ਹੈ
ਗੁਰੁ ਸਤਿਗੁਰੁ ਕਰੇ ਸਾਬਾਸਿ॥
ਹਉ ਗੁਰੁ ਸਾਲਾਹਿ ਨ ਰਜਊ
ਮੈ ਮੇਲੇ ਹਰਿ ਪ੍ਰਭੁ ਪਾਸਿ॥੨॥
ਸਤਿਗੁਰ ਨੋ ਸਭ ਕੋ ਲੋਚਦਾ
ਜੇਤਾ ਜਗਤੁ ਸਭੁ ਕੋਇ॥
ਬਿਨੁ ਭਾਗਾ ਦਰਸਨੁ ਨਾ ਥੀਐ
ਭਾਗਹੀਣ ਬਹਿ ਰੋਇ॥
ਜੋ ਹਰਿ ਪ੍ਰਭ ਭਾਣਾ ਸੋ ਥੀਆ
ਧੁਰਿ ਲਿਖਿਆ ਨ ਮੇਟੈ ਕੋਇ॥੩॥
ਆਪੇ ਸਤਿਗੁਰੁ ਆਪਿ ਹਰਿ
ਆਪੇ ਮੇਲਿ ਮਿਲਾਇ॥
ਆਪਿ ਦਇਆ ਕਰਿ ਮੇਲਸੀ
ਗੁਰ ਸਤਿਗੁਰ ਪੀਛੈ ਪਾਇ॥
ਸਭੁ ਜਗਜੀਵਨੁ ਜਗਿ ਆਪਿ ਹੈ
ਨਾਨਕ ਜਲੁ ਜਲਹਿ ਸਮਾਇ॥੪॥

ਗੁਰਦੇਵ ਬਖ਼ਸ਼ਿਸ਼ ਕਰ ਰਹੇ ਹਨ ਕਿ ਮੈਂ ਰੋਜ਼ ਹੀ ਰਾਹ ਵਿਚ ਖੜ੍ਹੀ ਹੋ ਕੇ ਰਾਹੀਆਂ ਨੂੰ ਪ੍ਰਭੂ ਦੇ ਦੇਸ਼ ਦਾ ਰਸਤਾ ਪੁੱਛਦੀ ਹਾਂ ਅਤੇ ਲੋਚਦੀ ਹਾਂ ਕਿ ਕੋਈ ਮੈਨੂੰ ਮੇਰੇ ਪ੍ਰਭੂ ਪ੍ਰੀਤਮ ਦੀ ਦੱਸ ਪਾਵੇ ਅਤੇ ਉਹਦੇ ਰਾਹੀਂ ਮੈਂ ਵੀ ਆਪਣੇ ਪ੍ਰਭੂ ਦੇ ਚਰਨਾਂ ਵਿਚ ਜਾ ਬੈਠਾਂ ਤੇ ਜਿਨ੍ਹਾਂ ਸਤਸੰਗੀ ਸਹੇਲੀਆਂ ਨੇ ਉਸ ਪਿਆਰੇ ਨੂੰ ਰਾਵਿਆ, ਭਾਵ ਉਸ ਦਾ ਮਿਲਾਪ ਪਾ ਲਿਆ ਹੈ, ਮੈਂ ਵੀ ਉਨ੍ਹਾਂ ਦੀ ਸੇਵਾ ਵਿਚ ਰਹਿ ਕੇ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰੀ ਫਿਰਾਂ, ਕਿਉਂਕਿ ਮੇਰੇ ਅੰਦਰ ਭੀ ਉਸ ਮਿਹਰਬਾਨ ਪ੍ਰਭੂ ਨੂੰ ਮਿਲਣ ਦਾ ਚਾਉ ਉਮਡ ਰਿਹਾ ਹੈ।

ਮੇਰੇ ਭਾਈ ਜਨਾ ਕੋਈ ਮੋ ਕਉ
ਹਰਿ ਪ੍ਰਭੁ ਮੇਲਿ ਮਿਲਾਇ॥
ਹਉ ਸਤਿਗੁਰ ਵਿਟਹੁ ਵਾਰਿਆ
ਜਿਨਿ ਹਰਿ ਪ੍ਰਭੁ ਦੀਆ ਦਿਖਾਇ॥੧॥ਰਹਾਉ॥

ਹੇ ਮੇਰੇ ਭਾਈ ਜਨੋ! ਕੋਈ ਤਾਂ ਮੈਨੂੰ ਮੇਰੇ ਹਰੀ ਪ੍ਰਭੂ ਨਾਲ ਮਿਲਾ ਦਿਉ। ਹੁਣ ਗੁਰਦੇਵ ਜੀ ਪੂਰੇ ਗੁਰੂ ਦੀ ਮਹਾਨਤਾ ਦਰਸਾਉਂਦੇ ਹਨ ਕਿ ਭਲਾ ਗੁਰੂ ਤੋਂ ਬਗੈਰ ਹੋਰ ਕੌਣ ਪ੍ਰਭੂ ਨੂੰ ਮਿਲਾ ਸਕਦਾ ਹੈ! ਮੈਂ ਆਪਣੇ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ ਜਿਸ ਨੇ ਮੈਨੂੰ ਹਰੀ ਪ੍ਰਭੂ ਵਿਖਾ ਦਿੱਤਾ।

ਹੋਇ ਨਿਮਾਣੀ ਢਹਿ ਪਵਾ
ਪੂਰੇ ਸਤਿਗੁਰ ਪਾਸਿ॥
ਨਿਮਾਣਿਆ ਗੁਰੁ ਮਾਣੁ ਹੈ
ਗੁਰੁ ਸਤਿਗੁਰੁ ਕਰੇ ਸਾਬਾਸਿ॥
ਹਉ ਗੁਰੁ ਸਾਲਾਹਿ ਨ ਰਜਊ
ਮੈ ਮੇਲੇ ਹਰਿ ਪ੍ਰਭੁ ਪਾਸਿ॥੨॥

ਗੁਰਦੇਵ ਆਖਦੇ ਹਨ, ਮਨ ਕਰਦਾ ਹੈ ਕਿ ਜਗਤ ਦੇ ਸਾਰੇ ਮਾਣ-ਤਾਣ ਛੱਡ ਕੇ ਨਿਮਾਣੀ ਹੋ ਕੇ ਪੂਰੇ ਸਤਿਗੁਰ ਦੇ ਚਰਨਾਂ ਉਤੇ ਡਿਗ ਪਵਾਂ ਕਿਉਂਕਿ ਗੁਰੂ ਤਾਂ ਨਿਮਾਣਿਆਂ ਦਾ ਮਾਣ ਹੁੰਦਾ ਹੈ ਅਤੇ ਜਿਨ੍ਹਾਂ ਦਾ ਇਸ ਜਗਤ ਵਿਚ ਕੋਈ ਆਸਰਾ ਨਹੀਂ ਹੁੰਦਾ, ਉਨ੍ਹਾਂ ਨਿਮਾਣਿਆਂ ਨੂੰ ਸਤਿਗੁਰ ਕਹੇ ਸਾਬਾਸਿ, ਭਾਵ ਗੁਰੂ ਆਦਰ ਦਿੰਦਾ ਹੈ ਅਤੇ ਦਿਲਾਸਾ ਦੇ ਕੇ ਮਾਣ ਵਾਲੇ ਬਣਾ ਦਿੰਦਾ ਹੈ। ਹਉ ਗੁਰੁ ਸੁਲਾਹਿ ਨ ਰਜਊ, ਭਾਵ ਗੁਰੂ ਦੀਆਂ ਸਿਫ਼ਤਾਂ ਕਰ ਕਰ ਕੇ ਮੇਰਾ ਮਨ ਰਜਦਾ ਨਹੀਂ, ਕਿਉਂਕਿ ਮੇਰੇ ਅੰਦਰ ਵਸਦਾ ਪ੍ਰਭੂ ਮੈਨੂੰ ਗੁਰੂ ਹੀ ਮਿਲਾ ਸਕਦਾ ਹੈ।

ਸਤਿਗੁਰ ਨੋ ਸਭ ਕੋ ਲੋਚਦਾ
ਜੇਤਾ ਜਗਤੁ ਸਭੁ ਕੋਇ॥
ਬਿਨੁ ਭਾਗਾ ਦਰਸਨੁ ਨਾ ਥੀਐ
ਭਾਗਹੀਣ ਬਹਿ ਰੋਇ॥
ਜੋ ਹਰਿ ਪ੍ਰਭ ਭਾਣਾ ਸੋ ਥੀਆ
ਧੁਰਿ ਲਿਖਿਆ ਨ ਮੇਟੈ ਕੋਇ॥੩॥

ਇਹ ਸਾਰਾ ਹੀ ਜਗਤ ਅਤੇ ਇਸ ਦਾ ਹਰ ਇਕ ਜੀਵ ਹੀ ਸਤਿਗੁਰੂ ਨੂੰ ਮਿਲਣ ਲਈ ਪਿਆ ਤੜਪਦਾ ਹੈ ਪਰ ਚੰਗੇ ਭਾਗਾਂ ਤੋਂ ਬਗੈਰ ਸਤਿਗੁਰ ਦਾ ਦਰਸ਼ਨ ਨਹੀਂ ਹੋ ਸਕਦਾ ਅਤੇ ਗੁਰੂ ਤੋਂ ਵਿਛੜੀ ਭਾਗਹੀਣ ਜੀਵ ਰੂਪੀ ਇਸਤਰੀ ਬੈਠੀ ਰੋਂਦੀ ਹੈ ਅਤੇ ਦੁਖੀ ਹੁੰਦੀ ਹੈ। ਗੁਰਦੇਵ ਆਖਦੇ ਹਨ ਕਿ ਜੀਵਾਂ ਦੇ ਵਸ ਵਿਚ ਤਾਂ ਕਰੋਧ ਭੀ ਨਹੀਂ ਹੈ, ਜੋ ਉਸ ਮਾਲਕ ਪ੍ਰਭੂ ਜੀ ਨੂੰ ਚੰਗਾ ਲਗਦਾ ਹੈ, ਉਹੋ ਹੀ ਹੁੰਦਾ ਹੈ। ਹੇ ਮੇਰੇ ਮਨ ਧੁਰਿ ਲਿਖਿਆ, ਭਾਵ ਉਸ ਪਰਮਾਤਮਾ ਦੇ ਲਿਖੇ ਹੁਕਮ ਨੂੰ ਤਾਂ ਕੋਈ ਵੀ ਮਿਟਾ ਨਹੀਂ ਸਕਦਾ।

ਆਪੇ ਸਤਿਗੁਰੁ ਆਪਿ ਹਰਿ
ਆਪੇ ਮੇਲਿ ਮਿਲਾਇ॥
ਆਪਿ ਦਇਆ ਕਰਿ ਮੇਲਸੀ
ਗੁਰ ਸਤਿਗੁਰ ਪੀਛੈ ਪਾਇ॥
ਸਭੁ ਜਗਜੀਵਨੁ ਜਗਿ ਆਪਿ ਹੈ
ਨਾਨਕ ਜਲੁ ਜਲਹਿ ਸਮਾਇ॥੪॥

ਗੁਰਦੇਵ ਪਿਤਾ ਆਖਦੇ ਹਨ, ਉਹ ਮਿਹਰਬਾਨ ਪ੍ਰਭੂ ਆਪ ਹੀ ਮਿਹਰ ਕਰ ਕੇ ਸਤਿਗੁਰੂ ਮਿਲਾ ਦਿੰਦਾ ਹੈ ਅਤੇ ਫਿਰ ਗੁਰੂ ਰਾਹੀਂ ਹੀ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ। ਉਹ ਦਇਆ ਦਾ ਸਾਗਰ ਪ੍ਰਭੂ ਪਹਿਲਾਂ ਤਾਂ ਜੀਵਾਂ ਨੂੰ ਸਤਿਗੁਰੂ ਦੇ ਲੜ ਲਾਉਂਦਾ ਹੈ ਅਤੇ ਫਿਰ ਆਪਣੀ ਮਿਹਰ ਸਦਕਾ ਆਪਣੇ ਨਾਲ ਮਿਲਾਉਣ ਦੀ ਬਖ਼ਸ਼ਿਸ਼ ਭੀ ਕਰ ਦਿੰਦਾ ਹੈ। ਹੇ ਨਾਨਕ! ਇਸ ਜਗਤ ਦੇ ਜੀਵਾਂ ਦਾ ਸਹਾਰਾ ਪ੍ਰਭੂ ਤਾਂ ਹਰ ਥਾਂ ਇਸ ਜਗਤ ਵਿਚ ਆਪ ਹੈ ਅਤੇ ਜਿਸ ਜੀਵ ਉਤੇ ਉਹਦੀ ਮਿਹਰ ਹੋ ਜਾਏ, ਉਸ ਨੂੰ ਆਪਣੇ ਵਿਚ ਇਵੇਂ ਮਿਲਾ ਲੈਂਦਾ ਹੈ ਜਿਵੇਂ ਪਾਣੀ ਵਿਚ ਪਾਣੀ ਸਮਾ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਾਮਰਾਜੀ ਸਭਿਅਤਾ ਸਾਰੇ ਹੀ ਧਰਮਾਂ ਦੀ ਦੁਸ਼ਮਣ

***ਖਪਤਵਾਦ ਦੀ ਬੁਨਿਆਦ ਉਤੇ ਖੜ੍ਹੇ ਸਾਮਰਾਜੀ ਪ੍ਰਬੰਧ ਨੇ ਜਿੰਨਾ ਨੁਕਸਾਨ ਕੁਦਰਤ ਦਾ ਕੀਤਾ ਹੈ, ਸੰਸਾਰ ਵਿਚ ਸ਼ਾਇਦ ਹੀ ਅਜਿਹੀ ਕੋਈ ਹੋਰ ਮਿਸਾਲ ਮਿਲਦੀ ਹੋਵੇ। 21ਵੀਂ ਸਦੀ ਦੇ ਮਨੁੱਖ ਨੂੰ ਦਰਪੇਸ਼ ਬਹੁਤੇ ਸੰਕਟ ਅਸਲ ਵਿਚ, ਕੁਦਰਤ ਨਾਲ ਸਿੱਧੇ ਟਕਰਾਅ ਦੀ ਹੀ ਪੈਦਾਵਾਰ ਹਨ। ਮਨੁੱਖ ਦੀ ਹੋਣੀ ਅਤੇ ਹਸਤੀ ਬਾਰੇ ਲਗਾਤਾਰ ਸੋਚਣ ਵਾਲੇ ਫਲਸਫੀਆਂ ਨੇ ਇਸ ਸੰਕਟ ਦੇ ਹੱਲ ਲਈ ਗਾਹੇ-ਬਗਾਹੇ ਆਪਣੇ ਵਿਚਾਰ ਅਵਾਮ ਨਾਲ ਕਿਸੇ ਨਾ ਕਿਸੇ ਰੂਪ ਵਿਚ ਸਾਂਝੇ ਕੀਤੇ ਹਨ। ਸਾਇੰਸਦਾਨਾਂ ਨੇ ਤਬਾਹੀ ਵੱਲ ਖੁੱਲ੍ਹਦੀ ਇਸ ਖਿੜਕੀ ਬਾਰੇ ਖੁੱਲ੍ਹ ਕੇ ਟਿੱਪਣੀਆਂ ਕੀਤੀ ਹਨ। ਇਨ੍ਹਾਂ ਟਿੱਪਣੀਆਂ ਦਾ ਆਧਾਰ ਜੱਗ ਰਚਨਾ ਨਾਲ ਬਾਵਸਤਾ ਹੈ। ਅਧਿਆਤਮਵਾਦੀਆਂ ਨੇ ਵੀ ਇਸ ਬਾਰੇ ਆਪਣੇ ਪੱਧਰ ਉਤੇ ਵਿਚਾਰ ਪ੍ਰਗਟ ਕੀਤੇ ਹਨ। ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਅਧਿਆਤਮ ਨੂੰ ਹੀ ਕੇਂਦਰ ਵਿਚ ਰੱਖ ਕੇ ਸਾਮਰਾਜੀ ਸਭਿਅਤਾ ਦੀ ਭਿਆਨਕਤਾ ਬਾਰੇ ਲਿਖਿਆ ਹੈ। ਉਹ ਸਾਇੰਸਦਾਨਾਂ ਵਾਂਗ ਮਸਲੇ ਦੀ ਤਹਿਆਂ ਤਾਂ ਨਹੀਂ ਫਰੋਲਦਾ, ਪਰ ਵਿਸ਼ਵਾਸ ਦੀਆਂ ਤੰਦਾਂ ਫੜ ਕੇ ਮਸਲੇ ਨੂੰ ਵੱਖਰੇ ਢੰਗ ਨਾਲ ਸਮਝਣ/ਸਮਝਾਉਣ ਦਾ ਯਤਨ ਜ਼ਰੂਰ ਕਰਦਾ ਹੈ। -ਸੰਪਾਦਕ***

ਮਨੁੱਖ ਜਾਤੀ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਕੁਝ ਪ੍ਰਭਾਵਸ਼ਾਲੀ ਸਾਮਰਾਜੀ (ਪੂੰਜੀਵਾਦੀ) ਦੇਸਾਂ ਦੇ ਲੀਡਰ ਕੀ ਸੋਚਦੇ ਹਨ ਜਾਂ ਹੁਣ ਤੱਕ ਸਾਮਰਾਜੀ ਟੁਕੜਿਆਂ 'ਤੇ ਪਲਦੇ ਆ ਰਹੇ ਪੱਛੜੇ ਦੇਸਾਂ ਵਿਚਲੇ ਉਨ੍ਹਾਂ ਦੇ ਦਲਾਲ ਕੀ ਨੀਤੀਆਂ ਅਪਨਾਉਂਦੇ ਹਨ? ਸਗੋਂ ਇਸ ਦਾ ਫੈਸਲਾ ਘੋਰ ਸਾਮਰਾਜੀ ਸੰਕਟ ਵਿਚ ਫਸੇ ਸਾਮਰਾਜੀ ਤਾਣੇ-ਬਾਣੇ ਵਿਚਲੇ ਵਿਰੋਧਾਂ ਤੇ ਲੋਕ ਸਮੂਹਾਂ ਵੱਲੋਂ ਅਪਨਾਈ ਗਈ ਠੀਕ ਸਿਆਸੀ ਦਿਸ਼ਾ ਨੇ ਕਰਨਾ ਹੈ। ਸਾਮਰਾਜੀ ਪੂੰਜੀਵਾਦ ਦੇ ਵਜੂਦ ਸਮੋਏ ਲੱਛਣ-ਅੰਤਹੀਣ ਲਾਲਚ ਤੇ ਮੁਨਾਫੇ ਦੇ ਰੂਪ ਵਿਚ ਪੂੰਜੀ ਦੀ ਹਾਬੜ ਕਾਰਨ,

**ਗੁਰਬਚਨ ਸਿੰਘ**
ਫੋਨ: 91-98156-98451

ਇਨ੍ਹਾਂ ਸਾਮਰਾਜੀਆਂ ਵਿਚ ਚੱਲ ਰਹੇ ਸਿਰ ਵੱਢਵੇਂ ਵੈਰ ਅਤੇ ਇਨ੍ਹਾਂ ਦੀਆਂ ਨੀਤੀਆਂ ਕਾਰਨ ਫੈਲੀ ਅੰਨ੍ਹੀ ਅਰਾਜਕਤਾ, ਇਨ੍ਹਾਂ ਨੂੰ ਇਨ੍ਹਾਂ ਦੇ ਅੰਤ ਵੱਲ ਲਗਾਤਾਰ ਧੱਕੀ ਜਾ ਰਹੀ ਹੈ। ਇਨ੍ਹਾਂ ਤਿੱਖੀਆਂ ਵਿਰੋਧਾਂ ਦੇ ਮੌਕਾ-ਮੇਲ ਨੇ ਇਨ੍ਹਾਂ ਨੂੰ ਪਹਿਲਾਂ ਵੀ ਦੋ ਸਾਮਰਾਜੀ ਸੰਸਾਰ ਜੰਗਾਂ ਵੱਲ ਧੱਕਿਆ ਸੀ ਤੇ ਇਹੀ ਵੇਗ ਹੁਣ ਤੀਜੀ ਸਾਮਰਾਜੀ ਸੰਸਾਰ ਜੰਗ ਵੱਲ ਧੱਕ ਰਿਹਾ ਹੈ। ਇਹ ਠੀਕ ਹੈ ਕਿ ਪ੍ਰਮਾਣੂ ਬੰਬਾਂ ਦੀ ਭਿਆਨਕਤਾ ਕਾਰਨ ਸਾਰੇ ਸਾਮਰਾਜੀਆਂ ਨੂੰ ਨਜ਼ਰ ਆ ਰਹੀ ਆਪਸੀ ਯਕੀਨੀ ਤਬਾਹੀ (Mutual Assured Destruction) ਅਜੇ ਤੱਕ ਇਨ੍ਹਾਂ ਨੂੰ ਇਹ ਜੰਗ ਲਾਉਣ ਤੋਂ ਰੋਕ ਰਹੀ ਹੈ ਪਰ ਦੂਜੇ ਪਾਸੇ ਨਜ਼ਰ ਆ ਰਿਹਾ ਆਪਣਾ ਅੰਤ ਇਨ੍ਹਾਂ ਨੂੰ ਕਿੰਨਾ ਕੁ ਚਿਰ ਇਹ ਭਿਆਨਕ ਕਾਰਾ ਕਰਨ ਤੋਂ ਰੋਕੇਗਾ, ਇਹ ਵੇਖਣ ਵਾਲਾ ਹੈ।

ਨਿਰਸੰਦੇਹ ਇਸ ਸਮੇਂ ਦੌਰਾਨ ਜੇ ਸੰਸਾਰ ਭਰ ਦੇ ਲੋਕਾਂ ਨੇ ਦਰੁਸਤ ਰਾਜਨੀਤੀ ਅਧੀਨ ਇਨ੍ਹਾਂ ਸਾਮਰਾਜੀਆਂ ਵਿਰੁਧ ਆਪਣੇ-ਆਪ ਨੂੰ ਲਾਮਬੰਦ ਕਰ ਲਿਆ ਤਾਂ ਇਸ ਸੰਕਟ ਦੌਰਾਨ ਇਨ੍ਹਾਂ ਸਾਮਰਾਜੀਆਂ ਦਾ ਸਦਾ ਲਈ ਫਸਤਾ ਵੀ ਵੱਢਿਆ ਜਾ ਸਕਦਾ ਹੈ। ਦਰੁਸਤ ਰਾਜਨੀਤੀ ਦਾ ਪੈਮਾਨਾ ਕੁਦਰਤੀ ਨੇਮਾਂ (ਭਾਵ ਹੁਕਮੁ ਜਾਂ ਭੌਤਿਕਵਾਦੀ ਫ਼ਲਸਫ਼ੇ) ਤੋਂ ਪ੍ਰੇਰਣਾ ਲੈ ਰਹੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਮਨੁੱਖਘਾਤੀ ਸਾਮਰਾਜੀ ਪ੍ਰਬੰਧ ਵਿਰੁਧ ਲਾਮਬੰਦ ਕਰਕੇ, ਉਨ੍ਹਾਂ ਨੂੰ ਰਾਜਸੀ ਹਰਕਤ ਵਿਚ ਲਿਆਉਣਾ ਅਤੇ ਇਸ ਹਰਕਤ ਨੂੰ ਰਾਜਸੀ ਹਮਲੇ ਦਾ ਰੂਪ ਦੇਣਾ ਹੈ। ਇਹ ਤਾਂ ਹੀ ਸੰਭਵ ਹੈ ਜੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਸਾਮਰਾਜੀ ਪ੍ਰਬੰਧ ਦੀ




ਮਨੁੱਖਘਾਤੀ ਫਿਤਰਤ ਬਾਰੇ ਸਪੱਸ਼ਟ ਜਾਣਕਾਰੀ ਦਿੱਤੀ ਜਾਵੇ। ਇਸ ਸੱਚ ਦੀ ਸਹੀ ਜਾਣਕਾਰੀ ਹੀ ਲੋਕ ਸਮੂਹਾਂ ਨੂੰ ਹਰਕਤਸ਼ੀਲ ਕਰੇਗੀ ਅਤੇ ਉਨ੍ਹਾਂ ਨੂੰ ਜਥੇਬੰਦ ਹੋਣ ਲਈ ਪ੍ਰੇਰੇਗੀ।

ਮੁਸਲਿਮ ਭਾਈਚਾਰਾ ਅੱਜ ਇਕੱਲਾ ਹੀ ਪੱਛਮੀ ਸਾਮਰਾਜੀ ਸਭਿਅਤਾ ਨਾਲ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ। ਪਰ ਧਿਆਨ ਰਹੇ ਕਿ ਸਾਮਰਾਜੀ ਪ੍ਰਬੰਧ ਵੱਲੋਂ ਫੈਲਾਈ ਜਾ ਰਹੀ ਮਨੁੱਖਹੀਣਤਾ ਦੀ ਦੁਸ਼ਮਣੀ ਸਾਰੇ ਹੀ ਧਰਮਾਂ ਦੇ ਲੋਕਾਂ ਨਾਲ ਹੈ, ਇਕੱਲੇ ਇਸਲਾਮ ਨਾਲ ਨਹੀਂ। ਅਸਲ 'ਚ ਮਨੁੱਖ ਜਾਤੀ ਦੀ ਆਖਰੀ ਬੌਧਿਕ ਬਹਿਸ ਸਾਰੇ ਧਰਮਾਂ ਵਿਚਲੀਆਂ ਕੁਦਰਤੀ ਫ਼ਿਲਾਸਫ਼ੀ ਦੀਆਂ ਧਾਰਨਾਵਾਂ ਨਾਲ ਜੁੜ ਕੇ ਹੋਣੀ ਹੈ। ਸਾਰੇ ਧਰਮ ਕੁਦਰਤ, ਮਨੁੱਖ ਅਤੇ ਰੱਬ ਦੇ ਰਿਸ਼ਤੇ ਦੁਆਲੇ ਘੁੰਮਦੇ ਹਨ। ਜੋ ਸੰਕਲਪ ਅਸਲ ਵਿਚ ਕੁਦਰਤੀ ਸੱਚ ਉਤੇ ਆਧਾਰਤ ਅਤੇ ਅਮਲ ਯੋਗ ਹੋਣਗੇ, ਓਹੀ ਚਿਰ ਸਦੀਵੀ ਰਹਿਣਗੇ।

ਮਿਸਾਲ ਦੇ ਤੌਰ 'ਤੇ ਇਸਾਈ ਜਗਤ ਦੇ ਸਭ ਤੋਂ ਸਤਿਕਾਰਤ ਤੇ ਕੈਥੋਲਿਕ ਚਰਚ ਦੇ ਮੁਖੀ ਪੋਪ ਨੇ ਆਪਣੇ ਇਕ ਹੁਕਮਨਾਮੇ ਵਿਚ ਰੱਬ ਦੀ ਸਾਰੀ ਨਾਰੀਵਾਦੀ ਵਿਆਖਿਆ ਨੂੰ ਰੱਦ ਕਰਦਿਆਂ ਇਸ ਨੂੰ ਇਸਾਈ ਧਰਮ ਦੇ ਸਿਧਾਂਤਾਂ ਦੇ ਉਲਟ ਦੱਸਿਆ ਹੈ। ਉਨ੍ਹਾਂ ਨੇ ਇਹ ਗੱਲ ਫਿਰ ਦੁਹਰਾਈ ਹੈ ਕਿ ਰੱਬ ਦਾ ਸਤਿਕਾਰ ਹਮੇਸ਼ਾ "ਸਾਡੇ ਪਿਤਾ" ਦੇ ਤੌਰ 'ਤੇ ਹੀ ਰਹੇਗਾ। ਪੋਪ ਦੇ ਕਥਨ ਅਨੁਸਾਰ "ਜਿਸ ਨੂੰ ਵੀ ਇਸਾਈ ਧਰਮ ਵਿਚ ਸ਼ਾਮਲ ਕਰਨ ਵੇਲੇ ਰੱਬ ਨੂੰ ਸਿਰਜਣਹਾਰ, ਮੁਕਤੀਦਾਤਾ ਜਾਂ ਬਖਸ਼ਣਹਾਰ ਦੇ ਤੌਰ 'ਤੇ ਦੱਸਿਆ ਜਾਵੇਗਾ, ਪਰੰਪਰਾ ਅਨੁਸਾਰ ਉਸ ਨੂੰ ਇਹ ਰਸਮ ਦੁਬਾਰਾ ਕਰਨੀ ਪਵੇਗੀ।" ਪੋਪ ਅਨੁਸਾਰ "ਇਹ ਸਾਰੇ ਵਖਰੇਵੇਂ ਧਰਮ ਦੀ ਅਖੌਤੀ ਨਾਰੀਵਾਦੀ ਵਿਆਖਿਆ ਵਿਚੋਂ ਪੈਦਾ ਹੁੰਦੇ ਹਨ ਅਤੇ ਪਿਤਾ ਤੇ ਪੁੱਤਰ ਦੇ ਰਿਸ਼ਤੇ ਤੋਂ ਬਚਣ ਦੇ ਇਕ ਉਪਾਅ ਵਜੋਂ ਵਰਤੇ ਜਾਂਦੇ ਹਨ, ਜਿਸ ਨੂੰ ਮਰਦ ਹਉਮੈ ਵਜੋਂ ਪੇਸ਼ ਕੀਤਾ ਜਾਂਦਾ ਹੈ।" ਪੋਪ ਅਨੁਸਾਰ ਇਸ ਦੀ ਬਜਾਇ 'ਪਿਤਾ-ਪੁੱਤਰ ਅਤੇ ਪਵਿੱਤਰ ਆਤਮਾ' ਵਾਲਾ ਰੂਪ ਹੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਵੈਟੀਕਨ (ਰੋਮ) ਦੇ ਮੁਖੀ ਪੋਪ ਨੇ ਇਹ ਵੀ ਕਿਹਾ ਹੈ ਕਿ ਜਿਸ ਕਿਸੇ ਨੂੰ ਵੀ ਰੱਬ ਦੀ ਨਾਰੀਵਾਦੀ ਵਿਆਖਿਆ ਕਰਕੇ ਇਸਾਈ ਧਰਮ ਵਿਚ ਸ਼ਾਮਿਲ ਕੀਤਾ ਜਾਵੇਗਾ, ਉਸ ਦੇ ਵਿਆਹ ਨੂੰ ਧਾਰਮਿਕ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਇਕ ਕਾਰਡੀਨਲ ਅਨੁਸਾਰ ਜਿਹੜਾ ਵੀ ਕੋਈ ਪਾਦਰੀ ਕਿਸੇ ਨੂੰ ਰੱਬ ਦੀ ਲਿੰਗ ਨਿਰਲੇਪ ਰੂਪ ਵਿਚ ਵਿਆਖਿਆ ਕਰਕੇ ਇਸਾਈ ਧਰਮ ਵਿਚ ਸ਼ਾਮਿਲ ਕਰਦਾ ਹੈ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਪੋਪ ਨੇ ਆਪਣੇ ਹੁਕਮਨਾਮੇ ਵਿਚ ਰੱਬ ਦੀ ਨਾਰੀਵਾਦੀ ਵਿਆਖਿਆ ਦਾ ਡਟਵਾਂ ਵਿਰੋਧ ਕਰਦਿਆਂ ਲਿਖਿਆ ਹੈ ਕਿ "ਅਸਲ ਵਿਚ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਜੋ ਕੁਝ ਨਾਰੀਵਾਦੀ ਆਪਣੀ ਤਿੱਖੀ ਸੁਰ ਵਿਚ ਪ੍ਰਚਾਰਦੇ ਹਨ, ਉਹ ਸਾਡੀ ਸਮਝ 'ਚ ਆਉਂਦੀ ਇਸਾਈਅਤ ਤਾਂ ਨਹੀਂ, ਉਹ ਕੋਈ ਹੋਰ ਧਰਮ ਹੈ।" ਇਸਾਈ ਧਰਮ ਦੀ ਨਾਰੀਵਾਦੀ ਵਿਆਖਿਆ ਦੇ ਪੈਰੋਕਾਰ ਤੇ ਕੈਲੀਫੋਰਨੀਆ ਦੀ ਧਰਮ ਯੂਨੀਅਨ ਦੇ ਡਿਗਰੀ ਯਾਫਤਾ ਪ੍ਰੋ. ਰੋਜਮਰੀ ਰੈਡਫੋਰਡ ਰਿਊਥਰ ਨੇ ਇਸ ਹੁਕਮਨਾਮੇ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ, 'ਉਦਾਰ' ਕੈਥੋਲਿਕ ਪੋਪ ਨੂੰ ਆਪਣਾ ਪੋਪ ਹੀ ਨਹੀਂ ਮੰਨਦੇ। ਰੱਬ ਦੀ ਇਹ ਨਾਰੀਵਾਦੀ ਵਿਆਖਿਆ ਉਤਰੀ ਅਮਰੀਕਾ ਵਿਚ ਸ਼ੁਰੂ ਹੋਈ ਸੀ ਅਤੇ ਇੰਗਲੈਂਡ ਦੇ ਚਰਚ ਨੂੰ ਵੀ ਪ੍ਰਵਾਨ ਹੈ। ਭਾਵੇਂ ਕੈਥੋਲਿਕ ਚਰਚ ਅਤੇ ਇੰਗਲੈਂਡ ਦਾ ਚਰਚ ਇਸ ਮਸਲੇ 'ਤੇ ਵੰਡੇ ਹੋਏ ਹਨ। ਇੰਗਲੈਂਡ ਦੇ ਚਰਚ ਕੈਂਟਨਬਰੀ ਦੇ ਮੁਖੀ ਰੋਵਰ ਵਿਲੀਅਮ ਅਤੇ ਪੋਪ ਰੋਮ ਵਿਚ ਮਿਲੇ ਸਨ ਤੇ ਉਨ੍ਹਾਂ ਮੰਨਿਆ ਸੀ ਕਿ ਔਰਤ ਪਾਦਰੀਆਂ ਦੀ ਨਿਯੁਕਤੀ ਦੋਹਾਂ ਚਰਚਾਂ ਦੀ ਨੇੜਤਾ ਵਿਚ ਇਕ ਗੰਭੀਰ ਰੁਕਾਵਟ ਹੈ।

ਹਕੀਕਤ ਇਹ ਹੈ ਕਿ ਪਿਛਲੀਆਂ ਦੋ ਸਦੀਆਂ ਤੋਂ ਇਸਾਈ ਧਰਮ ਦੇ ਪੈਰੋਕਾਰਾਂ ਵਿਚ 'ਰੱਬ' ਦੀ ਇਕ ਪਿਤਾ ਵਜੋਂ ਵਿਆਖਿਆ ਬਾਰੇ ਬੜੀ ਤਿੱਖੀ ਬਹਿਸ ਛਿੜੀ ਹੋਈ ਹੈ। ਜਿਵੇਂ ਜਿਵੇਂ ਯੂਰਪ ਅੰਦਰ ਔਰਤਾਂ ਦੀ ਮਰਦਾਂ ਨਾਲ ਬਰਾਬਰੀ ਦੀ ਲਹਿਰ ਨੇ ਜ਼ੋਰ ਫੜਿਆ, ਤਿਵੇਂ ਤਿਵੇਂ ਹੀ ਇਸ ਅੰਦੋਲਨ ਦੇ ਪੈਰੋਕਾਰਾਂ ਨੇ ਰੱਬ ਦੀ ਇਸ ਮਰਦ ਪ੍ਰਧਾਨ ਵਿਆਖਿਆ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਕੁਝ ਧਾਰਮਿਕ ਵਿਦਵਾਨਾਂ ਨੇ ਵਿਚਲਾ ਰਸਤਾ ਲੱਭਦਿਆਂ ਰੱਬ ਦੀ ਸਿਰਜਣਹਾਰ, ਮੁਕਤੀਦਾਤਾ ਜਾਂ ਪਵਿੱਤਰ ਬਖਸ਼ਿੰਦ ਦੇ ਤੌਰ 'ਤੇ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ, ਪਰ ਇਸਾਈ ਧਰਮ ਦੀ ਰਵਾਇਤੀ ਪਰੰਪਰਾ ਇਸ ਵਿਆਖਿਆ ਦੀ ਪੁਸ਼ਟੀ ਨਹੀਂ ਕਰਦੀ। ਇਸ ਲਈ ਰਵਾਇਤੀ ਤੇ ਇਸ ਉਦਾਰ ਵਿਆਖਿਆ ਵਿਚਕਾਰ ਟਕਰਾਅ ਚੱਲਿਆ ਆ ਰਿਹਾ ਹੈ, ਜਿਸ ਨੂੰ ਪੋਪ ਨੇ ਆਪਣੇ ਇਸ ਹੁਕਮਨਾਮੇ ਨਾਲ ਇਕਪਾਸੜ ਤੌਰ 'ਤੇ ਹੱਲ ਕਰਨ ਦਾ ਯਤਨ ਕੀਤਾ ਹੈ।

ਪੋਪ ਦੇ ਇਸ ਹੁਕਮਨਾਮੇ ਤੋਂ ਬਾਅਦ ਹੁਣ ਜਿਹੜੇ ਲੋਕ ਇਹ ਸੋਚਦੇ ਹਨ ਕਿ ਸਾਰੇ ਧਰਮ ਇਕੋ ਜਿਹੇ ਹਨ, ਉਨ੍ਹਾਂ ਨੂੰ ਮੁੜ ਸੋਚਣ ਦੀ ਲੋੜ ਹੈ। ਜਿਹੜੇ ਅਖੌਤੀ ਵਿਦਵਾਨ ਇਹ ਸੋਚਦੇ ਹਨ ਕਿ ਸਾਰੇ ਧਰਮਾਂ ਦੇ ਰੱਬ ਦਾ ਸੰਕਲਪ ਇਕੋ ਜਿਹਾ ਹੈ, ਉਨ੍ਹਾਂ ਨੂੰ ਵੀ ਮੁੜ ਸੋਚਣ ਦੀ ਲੋੜ ਹੈ ਅਤੇ ਜਿਹੜੇ 'ਕਮਿਊਨਿਸਟ' ਇਹ ਸੋਚਦੇ ਹਨ ਕਿ ਸਾਰੇ ਧਰਮ ਅੰਧਵਿਸ਼ਵਾਸ ਫੈਲਾਉਂਦੇ ਹਨ, ਜੇ ਉਹ ਸੱਚਮੁੱਚ ਕਮਿਊਨਿਸਟ ਸਮਾਜ ਦੀ



ਸਿਰਜਣਾ ਕਰਨੀ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਵੀ ਆਪਣੀ ਸੋਚ 'ਤੇ ਮੁੜ ਗੌਰ ਕਰਨ ਦੀ ਲੋੜ ਹੈ। ਕਿਉਂਕਿ ਸਾਰੇ ਧਰਮ ਇਤਿਹਾਸ ਦੇ ਅੱਡ-ਅੱਡ ਪੜਾਵਾਂ 'ਤੇ ਵੱਖ-ਵੱਖ ਸਮਿਆਂ ਵਿਚ ਪ੍ਰਗਟ ਹੋਏ ਹਨ, ਇਸ ਲਈ ਸਾਰੇ ਧਰਮਾਂ ਦੀ ਰੱਬ ਦੇ ਸਰੂਪ ਬਾਰੇ ਕਲਪਨਾ ਵੱਖਰੀ-ਵੱਖਰੀ ਹੈ। ਮਿਸਾਲ ਦੇ ਤੌਰ 'ਤੇ ਸਿੱਖ ਧਰਮ ਕਰਤਾ ਦੀ ਮਰਦ ਪ੍ਰਧਾਨ ਵਿਆਖਿਆ ਨੂੰ ਰੱਦ ਕਰਦਿਆਂ ਬੜਾ ਸਪੱਸ਼ਟ ਐਲਾਨ ਕਰਦਾ ਹੈ, 'ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥' ਅਤੇ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥'

ਗੁਰੂ ਸਾਹਿਬ ਅਨੇਕਾਂ ਥਾਂ ਕਰਤਾ ਨੂੰ ਔਰਤ ਦੇ ਰੂਪ ਵਿਚ ਵੇਖਦੇ ਹਨ। ਇਕ ਥਾਂ ਉਹ ਇਥੋਂ ਤੱਕ ਕਹਿੰਦੇ ਹਨ ਕਿ ਜਿਵੇਂ ਮਾਤਾ ਆਪਣੇ ਪੁੱਤਰਾਂ ਦੇ ਅਪਰਾਧਾਂ ਨੂੰ ਚੇਤੇ ਨਹੀਂ ਰੱਖਦੀ, ਇਸੇ ਤਰ੍ਹਾਂ, ਹੇ ਰੱਬ ਤੂੰ ਵੀ ਮੇਰੇ ਔਗੁਣਾਂ ਨੂੰ ਭੁਲਾ ਦੇ। ਗੁਰੂ ਨਾਨਕ ਤਾਂ ਕੁਦਰਤੀ ਸੱਚ ਦੀ ਵਿਆਖਿਆ ਕਰਦੇ ਹੋਏ ਇਸ ਤੋਂ ਵੀ ਅੱਗੇ ਜਾਂਦੇ ਹਨ। ਔਰਤ-ਮਰਦ ਦੀ ਬਰਾਬਰੀ ਬਾਰੇ ਪ੍ਰਚਾਰੀ ਜਾਂਦੀ, ਉਨ੍ਹਾਂ ਦੀ ਇਹ ਧਾਰਨਾ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ' ਤੋਂ ਅੱਗੇ ਜਾਂਦੇ ਉਹ ਫੁਰਮਾਉਂਦੇ ਹਨ,

ਭੰਡਹੁ ਹੀ ਭੰਡ ਉਪਜੈ ਭੰਡਹਿ ਬਾਜ ਨ ਕੋਇ॥
ਨਾਨਕ ਭੰਡਹਿ ਬਾਹਰਾ ਇਕੋ ਸੱਚਾ ਸੋਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 473)

ਭਾਵ ਔਰਤ ਤੋਂ ਹੀ ਔਰਤ ਪੈਦਾ ਹੁੰਦੀ ਹੈ ਅਤੇ ਔਰਤ ਤੋਂ ਬਿਨਾਂ ਕੋਈ ਮਨੁੱਖੀ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਇਥੇ ਇਹ ਧਾਰਨਾ ਵੀ ਠੀਕ ਨਹੀਂ ਜਾਪਦੀ ਕਿ ਸਾਰੇ ਧਰਮਾਂ ਦੇ ਲੋਕ ਹੀ ਆਪਣੇ ਆਪਣੇ ਧਰਮ ਨੂੰ ਦੂਜੇ ਧਰਮਾਂ ਤੋਂ ਉਚਾ ਵਿਖਾਉਣ ਦੇ ਯਤਨ ਕਰਦੇ ਹਨ। ਅਸਲ ਗੱਲ ਇਹ ਹੈ ਕਿ ਜਿਹੜਾ ਧਰਮ ਕੁਦਰਤੀ ਸੱਚ ਦੇ ਜ਼ਿਆਦਾ ਨੇੜੇ ਹੈ, ਉਸ ਦੀ ਹੋਂਦ ਕਾਇਮ ਰਹਿਣੀ ਅਟੱਲ ਹੈ। ਹੁਣ ਜੇ ਇਸਾਈ ਧਰਮ ਦੇ ਲੋਕ ਹੀ ਆਪਣੀਆਂ ਮਾਨਤਾਵਾਂ 'ਤੇ ਕਿੰਤੂ-ਪ੍ਰੰਤੂ ਕਰਨ ਲੱਗੇ ਹਨ ਤਾਂ ਇਹ ਵਰਤਾਰਾ ਸਮਾਜਿਕ ਵਿਕਾਸ ਦੀ ਦੱਸ ਪਾਉਂਦਾ ਹੈ ਕਿ ਹੁਣ ਦੇ ਸਮਿਆਂ ਵਿਚ ਰੱਬ ਨੂੰ ਇਕੱਲੇ ਮਰਦ ਨਾਲ ਤੁਲਨਾ ਦੇ ਕੇ ਤੁਸੀਂ ਆਪਣੇ ਹੀ ਧਰਮ ਦੀਆਂ ਔਰਤਾਂ ਨੂੰ ਰੂਹਾਨੀ ਤੌਰ 'ਤੇ ਸੰਤੁਸ਼ਟ ਨਹੀਂ ਕਰ ਸਕਦੇ। ਇਸ ਦੁਬਿਧਾ ਕਾਰਨ ਹੀ ਇਸਾਈ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਇਕ ਹਿੱਸਾ ਆਪਣੀਆਂ ਪਰੰਪਰਾਵਾਂ ਤੋਂ ਮੁਨਕਿਰ ਹੋ ਰਿਹਾ ਹੈ।

ਅਸਲ ਵਿਚ ਉਹੀ ਧਰਮ ਬਚੇਗਾ ਜੋ ਕੁਦਰਤੀ ਸੱਚਾਈ ਦੇ ਜ਼ਿਆਦਾ ਨੇੜੇ ਹੋਵੇਗਾ ਅਤੇ ਕੁਦਰਤੀ ਹੁਕਮ 'ਤੇ ਪੂਰਾ ਉਤਰੇਗਾ। ਇਸ ਸਬੰਧੀ ਗੁਰਮਤਿ ਨੇ ਇਸਲਾਮ ਧਰਮ ਨਾਲ ਵੀ ਬੜੀ ਗੰਭੀਰ ਚਰਚਾ ਕੀਤੀ ਹੈ। ਅਸਲ ਵਿਚ ਗੁਰਮਤਿ ਨੇ ਔਰਤ-ਮਰਦ ਦੇ ਕੁਦਰਤੀ ਰਿਸ਼ਤੇ ਦੀ, ਹੁਣ ਤੱਕ ਦੀ, ਸਭ ਤੋਂ ਖੂਬਸੂਰਤ ਵਿਆਖਿਆ ਕੀਤੀ ਹੈ। ਗੁਰਮਤਿ ਅਨੁਸਾਰ ਔਰਤ-ਮਰਦ ਇਕ-ਦੂਜੇ ਦੇ ਅਰਧ-ਸਰੀਰੀ ਹਨ, ਕਿਉਂਕਿ ਕੁਦਰਤੀ ਨੇਮਾਂ ਅਨੁਸਾਰ ਔਰਤ-ਮਰਦ ਦੇ ਰਿਸ਼ਤੇ ਬਿਨਾਂ ਮਨੁੱਖੀ ਨਸਲ ਅੱਗੇ ਨਹੀਂ ਤੋਰੀ ਜਾ ਸਕਦੀ। ਇਸ ਲਈ ਔਰਤ-ਮਰਦ ਇਕ-ਦੂਜੇ ਤੋਂ ਆਜ਼ਾਦ ਨਹੀਂ, ਜਿਵੇਂ ਕਿ ਪੱਛਮੀ ਸਾਮਰਾਜੀ ਸਭਿਅਤਾ ਪ੍ਰਚਾਰਦੀ ਹੈ, ਸਗੋਂ ਦੋਵੇਂ ਇਕ-ਦੂਜੇ ਦੇ ਪੂਰਕ ਹਨ। ਗੁਰਮਤਿ ਨੇ ਭਗਤ ਕਬੀਰ ਦੇ ਰੂਪ ਵਿਚ ਇਸਲਾਮ ਵਿਚਲੀ ਸੁੰਨਤ ਦੀ ਪਰੰਪਰਾ ਨੂੰ ਵੀ ਇਸੇ ਆਧਾਰ 'ਤੇ ਰੱਦ ਕੀਤਾ ਹੈ। ਭਗਤ ਕਬੀਰ ਦੇ ਬਚਨ ਹਨ,

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ
ਮੈ ਨ ਬਦਉਗਾ ਭਾਈ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ
ਆਪਨ ਹੀ ਕਟਿ ਜਾਈ॥੨॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ॥੩॥
(ਗੁਰੂ ਗ੍ਰੰਥ ਸਾਹਿਬ, ਪੰਨਾ 477)

ਭਗਤ ਕਬੀਰ ਇਸਲਾਮ ਵਿਚਲੀ ਇਕ ਬਹੁਤ ਵੱਡੀ ਪਰੰਪਰਾ, ਜਿਸ ਵਿਚ ਛੋਟੇ ਬੱਚਿਆਂ ਦੀ ਬਾਲਪਨ ਵਿਚ ਹੀ ਸੁੰਨਤ (ਇੰਦ੍ਰੀ ਦਾ ਮਾਸ ਕੱਟਣਾ) ਕੀਤੀ ਜਾਂਦੀ ਹੈ, ਪ੍ਰਤੀ ਸੁਆਲੀਆ ਚਿੰਨ੍ਹ ਲਾਉਂਦੇ ਪੁੱਛਦੇ ਹਨ ਕਿ ਜੇ ਔਰਤ ਨਾਲ ਪਿਆਰ ਕਰਨ ਵਾਸਤੇ ਸੁੰਨਤ ਕੀਤੀ ਜਾਂਦੀ ਹੈ ਤਾਂ ਮੈਂ ਇਸ ਨੂੰ ਪ੍ਰਵਾਨ ਨਹੀਂ ਕਰਦਾ ਤੇ ਜੇ ਇਹ ਕੁਦਰਤੀ ਨਿਯਮ ਹੈ ਤਾਂ ਫਿਰ ਕੁਦਰਤ ਨੇ ਮੈਨੂੰ ਇਸ ਤਰ੍ਹਾਂ ਹੀ ਪੈਦਾ ਕਰਨਾ ਸੀ ਤੇ ਇਹ ਇੰਦ੍ਰੀ ਆਪਣੇ-ਆਪ ਹੀ ਕਟ ਜਾਣੀ ਸੀ। ਭਾਵ ਸੁੰਨਤ ਕੋਈ ਕੁਦਰਤੀ ਵਰਤਾਰਾ ਨਹੀਂ ਤੇ ਜੇ ਇਹ ਕੁਦਰਤ ਦੀ ਕੋਈ ਲੋੜ ਹੁੰਦੀ ਤਾਂ ਉਸ ਨੇ ਪਹਿਲਾਂ ਹੀ ਮਨੁੱਖ ਦੀ ਸੁੰਨਤ ਕਰਕੇ ਭੇਜਣਾ ਸੀ। ਆਪਣੇ ਇਸ ਤਰਕ ਨੂੰ ਹੋਰ ਗੰਭੀਰ ਰੂਪ ਦਿੰਦਿਆਂ ਭਗਤ ਕਬੀਰ ਬਚਨ ਕਰਦੇ ਹਨ ਕਿ ਜੇ ਸੁੰਨਤ ਕੀਤਿਆਂ ਹੀ ਤੁਰਕ ਬਣਿਆ ਜਾਂਦਾ ਹੈ ਤਾਂ ਫਿਰ ਔਰਤ ਦਾ ਕੀ ਕਰੋਗੇ। ਅਰਧ ਸਰੀਰੀ ਨਾਰ ਨੂੰ ਛੱਡਿਆ ਤੇ ਜਾ




ਨਹੀਂ ਸਕਦਾ, ਫਿਰ ਚੰਗਾ ਹੈ ਕਿ ਤੁਰਕ ਬਣਨ ਨਾਲੋਂ ਹਿੰਦੂ ਹੀ ਰਹੀਏ।

ਆਪਣੀ ਇਸ ਇਕੋ ਦਲੀਲ ਵਿਚ ਭਗਤ ਕਬੀਰ ਬਹੁਤ ਵੱਡੇ ਕੁਦਰਤੀ ਸੱਚ ਨੂੰ ਪ੍ਰਗਟ ਕਰਦੇ ਹਨ ਕਿ ਔਰਤ ਅਤੇ ਮਰਦ ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੋਵੇਂ ਇਕ ਦੂਜੇ ਦੇ ਅਰਧ ਸਰੀਰੀ ਹਨ ਅਤੇ ਜਿਹੜਾ ਕੁਦਰਤੀ ਕਾਨੂੰਨ ਦੋਵਾਂ ਉਤੇ ਲਾਗੂ ਨਹੀਂ ਹੋ ਸਕਦਾ, ਉਹ ਇਕੱਲੇ ਮਰਦ ਉਤੇ ਲਾਗੂ ਕਰਨਾ ਜਚਦਾ ਨਹੀਂ।

ਗੁਰਮਤਿ ਨੇ ਭਾਵੇਂ ਕੁਦਰਤ ਤੇ ਮਨੁੱਖ ਦੇ ਸਿੱਧੇ ਰਿਸ਼ਤੇ ਦੀ ਬੜੀ ਭਰਪੂਰ ਵਿਆਖਿਆ ਕੀਤੀ ਹੈ ਅਤੇ ਇਸ ਆਧਾਰ 'ਤੇ ਹਰ ਤਰ੍ਹਾਂ ਦੇ ਕਰਮਕਾਂਡ ਦਾ ਖੰਡਨ ਕੀਤਾ ਹੈ ਪਰ ਕੁਦਰਤ ਤੇ ਮਨੁੱਖ ਦੇ ਸਿੱਧੇ ਰਿਸ਼ਤੇ ਨੂੰ ਮਨੁੱਖੀ ਸਵੈ-ਚੇਤਨਾ ਅਤੇ ਮਨ ਵਿਚ ਬਣੇ ਸੰਕਲਪਾਂ ਦੀ ਪੱਧਰ ਉਤੇ ਸਪੱਸ਼ਟ ਕਰਕੇ, ਜਿੰਨਾ ਚਿਰ ਇਸ ਕਰਮਕਾਂਡ ਨੂੰ ਮਨੋਂ ਰੱਦ ਨਹੀਂ ਕੀਤਾ ਜਾਂਦਾ, ਓਨਾ ਚਿਰ ਇਹ ਕਰਮਕਾਂਡ ਨਵੇਂ ਰੂਪ ਧਾਰਦਾ ਰਹਿੰਦਾ ਹੈ। ਇਸੇ ਕਰਕੇ ਅੱਜ ਸਿੱਖ ਪੰਥ 'ਚ ਕਰਮਕਾਂਡ ਫਿਰ ਤੋਂ ਭਾਰੂ ਹੈ।

ਮਨਘੜਤ ਤੇ ਝੂਠੀਆਂ ਕਹਾਣੀਆਂ ਸੁਣਾ-ਸੁਣਾ ਕੇ ਬ੍ਰਾਹਮਣੀ ਵਿਆਖਿਆਕਾਰਾਂ ਨੇ ਜਿਵੇਂ ਸਿੱਖ ਫ਼ਲਸਫ਼ੇ ਤੇ ਸਿੱਖ ਇਤਿਹਾਸ ਨੂੰ ਪਲੀਤ ਕੀਤਾ ਹੈ ਅਤੇ ਕੁਦਰਤ ਦੀ ਪਵਿੱਤਰ ਗੋਦ ਵਿਚ ਬੈਠ ਕੇ ਸਹਿਜ ਜੀਵਨ ਜਿਉਣ ਦੀ ਇਕ ਖੂਬਸੂਰਤ ਮਨੁੱਖੀ ਜੀਵਨ ਜਾਚ, ਮਹਿਜ ਬ੍ਰਾਹਮਣੀ ਰਟਨ ਮੰਤਰ ਬਣ ਕੇ ਰਹਿ ਗਈ ਹੈ, ਬਿਲਕੁਲ ਇਸੇ ਤਰ੍ਹਾਂ ਹੀ ਬ੍ਰਾਹਮਣਵਾਦੀ (ਖਿਆਲੀ) ਕਮਿਊਨਿਸਟਾਂ ਨੇ ਕਮਿਊਨਿਸਟ ਫ਼ਲਸਫ਼ੇ ਦੀ ਮਨੋਕਲਪਿਤ ਵਿਆਖਿਆ ਕਰਕੇ ਇਸ ਦਾ ਸੱਤਿਆਨਾਸ ਕਰ ਦਿੱਤਾ ਹੈ ਤੇ ਇਕ ਜਿਉਂਦੀ ਜਾਗਦੀ ਮਨੁੱਖੀ ਜਜ਼ਬਿਆਂ (ਅਨੁਭਵੀ ਮਨ) ਵਿਚ ਧੜਕਦੀ ਇਨਕਲਾਬੀ ਫ਼ਿਲਾਸਫ਼ੀ ਨੂੰ ਇਕ ਕਾਠੇ ਕਿਤਾਬੀ ਗਿਆਨ ਅਤੇ ਸਾਮਰਾਜੀ ਖਪਤਕਾਰੀ ਦਾ ਸੰਦ ਬਣਾ ਦਿੱਤਾ ਹੈ।

ਪ੍ਰਸਿੱਧ ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ ਦਾ ਇਕ ਕਾਵਿ ਬੰਦ ਹੈ,

ਰੱਬ ਇਕ ਗੁੰਝਲਦਾਰ ਬੁਝਾਰਤ,
ਰੱਬ ਇਕ ਗੋਰਖਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ,
ਕਾਫ਼ਿਰ ਹੋ ਜਾਏ ਬੰਦਾ।
ਕਾਫ਼ਿਰ ਹੋਣੋਂ ਡਰ ਕੇ ਜੀਵੇਂ,
ਖੋਜੋਂ ਮੂਲ ਨਾ ਖੁੰਝੀਂ।
ਲਾਈ ਲੱਗ ਮੋਮਿਨ ਦੇ ਨਾਲੋਂ,
ਖੋਜੀ ਕਾਫ਼ਿਰ ਚੰਗਾ।

ਗੁਰੂ ਨਾਨਕ ਸਾਹਿਬ ਦੇ ਸ਼ਬਦੁ-ਗੁਰੂ ਦੇ ਗਿਆਨ ਅਤੇ ਮਾਰਕਸ-ਏਂਗਲਜ ਦੇ ਭੌਤਿਕਵਾਦੀ ਫ਼ਲਸਫ਼ੇ ਤੋਂ ਬਾਅਦ ਨਾ ਰੱਬ ਇਕ ਗੁੰਝਲਦਾਰ ਬੁਝਾਰਤ ਰਿਹਾ ਹੈ ਅਤੇ ਨਾ ਹੀ ਹੁਣ ਇਹ ਇਕ ਗੋਰਖਧੰਦਾ ਹੈ। ਨਾ ਹੀ ਹੁਣ ਇਸ ਦੇ ਪੇਚ ਖੋਲ੍ਹਣਾ ਕਾਫ਼ਿਰ ਹੋਣਾ ਹੈ ਅਤੇ ਨਾ ਹੀ ਹੁਣ ਇਸ ਨੂੰ ਮੰਨਣ ਵਾਲਾ ਮੋਮਿਨ ਹੈ।

ਇਨ੍ਹਾਂ ਦੋਹਾਂ ਫ਼ਲਸਫ਼ਿਆਂ ਦੇ ਗਿਆਨ ਤੋਂ ਬਾਅਦ 'ਰੱਬ', 'ਮੋਮਿਨ', 'ਕਾਫ਼ਿਰ' ਸ਼ਬਦਾਂ ਦੇ ਅਰਥ ਹੀ ਬਦਲ ਗਏ ਹਨ। ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਅਨੁਸਾਰ ਕੁਦਰਤ ਦੀ ਕਰਤਾਰੀ ਸ਼ਕਤੀ ਹੀ 'ਕਰਤਾ' ਦੀ ਸਜੀਵ ਹਸਤੀ ਦੇ ਰੂਪ ਵਿਚ ਰੱਬ ਹੈ। (ਇਸਲਾਮ ਇਸ ਹਸਤੀ ਨੂੰ ਅਲਹ ਦੇ ਰੂਪ ਵਿਚ ਪ੍ਰਵਾਨ ਕਰਦਾ ਹੈ।) ਮਾਰਕਸ ਦੇ ਸ਼ਬਦਾਂ ਵਿਚ ਇਹੀ ਰੱਬ ਜੀਵੰਤ ਕੁਦਰਤ ਹੈ। ਕੁਦਰਤ ਦੇ ਨੇਮਾਂ (ਹੁਕਮੁ) ਦਾ ਫ਼ਲਸਫ਼ੇ ਰਾਹੀਂ ਮਨ ਵਿਚ ਪ੍ਰਗਟ ਹੋ ਰਿਹਾ ਅਤੇ ਦਿਮਾਗ ਰਾਹੀਂ ਸ਼ਬਦੀ ਰੂਪ ਲੈ ਰਿਹਾ ਆਤਮ ਗਿਆਨ ਭਾਵ ਸਵੈ ਜਾਂ ਆਪੇ ਦੀ ਚੇਤਨਾ ਗੁਰੂ ਹੈ, ਰੱਬੀ ਗਿਆਨ ਹੈ, ਆਤਮਿਕ ਗਿਆਨ ਹੈ, ਆਤਮਾ ਹੈ।

ਇਹ ਆਤਮਾ ਮਨੁੱਖ ਦੇ ਮਨ ਨੂੰ ਜਗਾਉਂਦੀ ਹੈ। ਮਨ ਨੂੰ ਇਸ ਗਿਆਨ ਨਾਲ ਸਿਆਣਾ ਬਣਾਉਂਦੀ ਹੈ। ਉਸ ਨੂੰ ਸਮੁੱਚੀ ਮਨੁੱਖ ਜਾਤੀ ਦੀ ਇਤਿਹਾਸਕ ਸਵੈ-ਚੇਤਨਾ ਵਿਚ ਪ੍ਰਗਟ ਹੋਇਆ ਗਿਆਨ ਦਿੰਦੀ ਹੈ। ਕਿਸੇ ਮਨੁੱਖ ਦੀ ਸਵੈ-ਚੇਤਨਾ ਅਤੇ ਮਨ ਦਾ ਕਾਇਆ ਅੰਦਰਲਾ ਇਹ ਜੀਵੰਤ

***(ਬਾਕੀ ਸਫਾ 25 'ਤੇ)***

## ਕਹਾਣੀ

# ਧਾੜਵੀ

***ਕਹਾਣੀਕਾਰ ਗੁਰਦਿਆਲ ਦਲਾਲ ਦੀ ਇਹ ਕਹਾਣੀ ਅੱਜ ਦੇ ਯੁੱਗ ਵਿਚ ਸਵਾਰਥੀ ਹੋ ਚੁੱਕੇ ਬੰਦੇ ਦੀ ਕਥਾ ਹੈ। ਅੱਜ ਦੇ ਲਗਾਤਾਰ ਥੋਥੇ ਹੋ ਰਹੇ ਮਨੁੱਖ ਉਤੇ ਇੰਨੇ ਤਹੱਮਲ ਅਤੇ ਇੰਨੇ ਸਹਿਜ ਨਾਲ ਇੰਨੀ ਤਿੱਖੀ ਚੋਟ ਗੁਰਦਿਆਲ ਵਰਗਾ ਲੇਖਕ ਹੀ ਕਰ ਸਕਦਾ ਹੈ। ਰਾਹ ਭੁੱਲੇ ਨੌਜਵਾਨ ਨੂੰ ਰਾਹੇ ਪਾਉਣ ਦੀ ਥਾਂ ਕਹਾਣੀ ਦਾ ਪਾਤਰ ਉਸ ਨੂੰ ਘਰ ਲੈ ਆਉਂਦਾ ਹੈ ਅਤੇ ਦਿਨ ਭਰ ਉਸ ਤੋਂ ਕੰਮ ਕਰਵਾਉਂਦਾ ਹੈ। ਅਸਲ ਕਹਿਰ ਤਾਂ ਕਹਾਣੀ ਦੇ ਅਖੀਰ ਉਤੇ ਵਰਤਦਾ ਹੈ; ਅਜਿਹਾ ਕਹਿਰ ਕਿ ਆਮ-ਸਾਧਾਰਨ ਬੰਦਾ ਪੜ੍ਹ-ਸੁਣ ਕੇ ਦੰਗ ਰਹਿ ਜਾਂਦਾ ਹੈ। ਲੇਖਕ ਨੇ ਬੰਦੇ ਦੇ ਮਨ ਅੰਦਰ ਬੈਠੀ ਖੁਦਗਰਜ਼ੀ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਪਾਠਕ, ਬੰਦੇ ਦੇ ਅੰਦਰ ਬੈਠੇ ਧਾੜਵੀ ਬਾਰੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ। -ਸੰਪਾਦਕ***



**ਗੁਰਦਿਆਲ ਦਲਾਲ**
ਫੋਨ: 91-98141-85363

ਸੇਵਾਮੁਕਤ ਅਧਿਆਪਕ ਰਤਨ ਦੇਵ ਨਿੱਤ ਵਾਂਗ ਦੀਵਾਲੀ ਵਾਲੇ ਦਿਨ ਵੀ ਆਪਣੇ ਕਸਬੇ ਦੋਰਾਹੇ ਤੋਂ ਬੀ.ਟੀ.ਸੀ. ਕੋਲੋਂ ਲੰਘਦੀ ਲਿੰਕ ਰੋਡ 'ਤੇ ਸਵੇਰ ਦੀ ਸੈਰ ਕਰਨ ਲਈ ਗਿਆ ਸੀ। ਰਾਤੀਂ ਕੁਝ ਦੇਰ ਮੀਂਹ ਪੈਣ ਕਰ ਕੇ ਠੰਢ ਇਕਦਮ ਵਧ ਗਈ ਸੀ ਤੇ ਸੜਕ ਦੀਆਂ ਨੀਵੀਆਂ ਥਾਂਵਾਂ 'ਤੇ ਪਾਣੀ ਖੜ੍ਹ ਗਿਆ ਸੀ। ਲਗਾਤਾਰ ਸੜਕ ਵੱਲ ਧਿਆਨ ਹੋਣ ਕਰ ਕੇ ਅੱਜ ਉਸ ਨੂੰ ਸੈਰ ਦਾ ਮਜ਼ਾ ਨਹੀਂ ਸੀ ਆ ਰਿਹਾ। ਪਹਿਲਾਂ ਉਹ ਰੋਜ਼ ਗੁਰਦੁਆਰੇ ਕੋਲੋਂ ਵਾਪਸ ਮੁੜਿਆ ਕਰਦਾ ਸੀ ਪਰ ਅੱਜ ਉਸ ਨੇ ਰਾਮਪੁਰ ਪਿੰਡ ਦੀਆਂ ਮੜ੍ਹੀਆਂ ਕੋਲੋਂ ਹੀ ਵਾਪਸ ਮੁੜਨ ਦਾ ਫ਼ੈਸਲਾ ਕਰ ਲਿਆ। ਛੇ ਕੁ ਵਜੇ ਜਦੋਂ ਉਹ ਅਗਰਵਾਲ ਕੈਮੀਕਲਜ਼ ਦੀ ਦੀਵਾਰ ਕੋਲੋਂ ਲੰਘਣ ਲੱਗਿਆ ਤਾਂ ਸੜਕ ਕਿਨਾਰੇ ਪਏ ਪਰਾਲੀ ਦੇ ਢੇਰ ਵਿਚੋਂ ਕਿਸੇ ਦੇ ਖੰਘਣ ਦੀ ਆਵਾਜ਼ ਆਈ। ਹੈਰਾਨ ਹੋ ਕੇ ਉਹ ਰੁਕ ਗਿਆ ਤੇ ਸੋਚਣ ਲੱਗਿਆ ਕਿ ਅਜਿਹੇ ਮੌਸਮ ਵਿਚ ਉਥੇ ਕੌਣ ਹੋ ਸਕਦਾ ਸੀ! ਇੱਕ ਵਾਰੀ ਫਿਰ ਖੰਘਣ ਦੀ ਆਵਾਜ਼ ਆਈ ਤਾਂ ਰਤਨ ਦੇਵ ਢੇਰ ਲਾਗੇ ਜਾ ਕੇ ਬੋਲਿਆ, "ਕਿਹੜਾ ਏ ਬਈ ਓਏ? ਐਥੇ ਕੀ ਕਰਦੈਂ?" ਪਰਾਲੀ ਹਿੱਲੀ ਤੇ ਹੌਲੀ-ਹੌਲੀ ਇੱਕ ਸਿਰ ਬਾਹਰ ਨਿਕਲ ਆਇਆ। ਪੰਦਰਾਂ-ਸੋਲਾਂ ਸਾਲ ਦਾ ਮੁੰਡਾ ਡਰੀਆਂ ਅੱਖਾਂ ਨਾਲ ਰਤਨ ਦੇਵ ਵੱਲ ਦੇਖਣ ਲੱਗਿਆ ਸੀ। ਰਤਨ ਦੇਵ ਬੋਲਿਆ, "ਤੂੰ ਐਥੇ ਪਰਾਲੀ 'ਚ ਵੜਿਆ ਕੀ ਕਰ ਰਿਹਾ ਏਂ?" ਪਹਿਲਾਂ ਮੁੰਡੇ ਦੇ ਬੁੱਲ੍ਹ ਹਿੱਲੇ, ਫਿਰ ਥਥਲਾਉਂਦੀ ਆਵਾਜ਼ ਵਿਚ ਬੋਲਿਆ, "ਮੈਂ ਇੱਥੇ ਰਾਤ ਦਾ...ਲੇਟਿਆ ਹੋਇਆ ਹਾਂ...ਮੇਰਾ ਚਾਚਾ, ਭਰਾ...।" "ਮੂਰਖਾ ਐਥੇ ਪਰਾਲੀ 'ਚ ਲੇਟਿਆ ਪਿਆ ਏਂ? ਸੱਪ ਲੜ ਗਿਆ ਤਾਂ ਮਾਰਿਆ ਜਾਵੇਂਗਾ। ਕੀ ਹੋਇਆ ਤੈਨੂੰ? ਭਰਾ, ਚਾਚਾ ਕੀ ਮਤਲਬ?"

ਮੁੰਡਾ ਉਠਿਆ ਤੇ ਆਪਣੇ ਮੋਢੇ ਨਾਲ ਝੋਲਾ ਲਮਕਾਈ ਬਾਹਰ ਸੜਕ 'ਤੇ ਨਿਕਲ ਆਇਆ। ਉਸ ਦੇ ਦੰਦ ਵੱਜ ਰਹੇ ਸਨ। ਉਸ ਨੇ ਘਸਿਆ ਤੇ ਮੈਲਾ ਕਮੀਜ਼-ਪਜਾਮਾ ਪਾਇਆ ਹੋਇਆ ਸੀ, ਪੈਰ ਗਾਰੇ ਨਾਲ ਲਿੱਬੜੇ ਹੋਏ ਸਨ। ਉਹ ਘਬਰਾਈਆਂ ਅੱਖਾਂ ਨਾਲ ਬੁੱਲ੍ਹਾਂ 'ਤੇ ਜੀਭ ਫੇਰਦਾ ਰਤਨ ਦੇਵ ਵੱਲ ਦੇਖਣ ਲੱਗ ਪਿਆ। ਰਤਨ ਦੇਵ ਨੇ ਆਪਣੇ ਹੱਥ ਨਾਲ ਉਸ ਦੀ ਪਿੱਠ ਥਾਪੜੀ ਤੇ ਪੁੱਛਿਆ ਕਿ ਉਹ ਕੌਣ ਸੀ ਤੇ ਕਿੱਥੋਂ ਆਇਆ ਸੀ। ਮੁੰਡੇ ਨੇ ਕੰਬਦਿਆਂ, ਟੁੱਟੇ-ਫੁੱਟੇ ਲਫ਼ਜ਼ਾਂ ਵਿਚ ਉਸ ਨੂੰ ਸਾਰੀ ਗੱਲ ਦੱਸੀ। ਬੈਜਨਾਥ ਨਾਂ ਦੇ ਇਸ ਮੁੰਡੇ ਦਾ ਚਾਚਾ ਤੇ ਭਰਾ ਐਥੇ ਕਿਧਰੇ ਖੇਤਾਂ ਵਿਚ ਕਿਸੇ ਮੋਟਰ 'ਤੇ ਰਹਿੰਦੇ ਸਨ। ਉਨ੍ਹਾਂ ਦੀ ਚਿੱਠੀ ਮਿਲਣ ਮਗਰੋਂ ਹੀ ਉਹ ਬਿਹਾਰ ਤੋਂ ਪੰਜਾਬ ਵਿਚ ਖੇਤ ਮਜ਼ਦੂਰੀ ਕਰਨ ਆਇਆ ਸੀ। ਬੀਤੇ ਦਿਨ ਉਹ ਤਿੰਨ ਕੁ ਵਜੇ ਸ਼ਾਮ ਨੂੰ ਦੋਰਾਹੇ ਦੇ ਰੇਲਵੇ ਸਟੇਸ਼ਨ 'ਤੇ ਗੱਡੀ ਤੋਂ ਉਤਰਿਆ ਸੀ, ਪਰ ਉਸ ਦਾ ਚਾਚਾ ਤੇ ਭਰਾ ਉਸ ਨੂੰ ਲੈਣ ਲਈ ਪਲੇਟਫਾਰਮ 'ਤੇ ਨਹੀਂ ਸਨ ਪੁੱਜੇ। ਬੈਜਨਾਥ ਹਨੇਰਾ ਹੋਣ ਤਕ ਖੇਤਾਂ ਦੀਆਂ ਸਾਰੀਆਂ ਮੋਟਰਾਂ 'ਤੇ ਭੌਂਦਾ ਫਿਰਿਆ ਸੀ, ਪਰ ਉਹ ਕਿਤੇ ਵੀ ਨਹੀਂ ਸਨ ਲੱਭੇ। ਥੱਕ ਹਾਰ ਕੇ ਉਹ ਠੰਢ ਤੋਂ ਬਚਣ ਲਈ ਪਰਾਲੀ ਦੇ ਉਸ ਢੇਰ ਵਿਚ ਵੜ ਕੇ ਲੇਟ ਗਿਆ ਸੀ। ਬੈਜਨਾਥ ਨੇ ਆਪਣੇ ਪੇਟ 'ਤੇ ਹੱਥ ਮਾਰ ਕੇ ਰਤਨ ਦੇਵ ਨੂੰ ਦੱਸਿਆ ਕਿ ਉਸ ਕੋਲ ਕੋਈ ਪੈਸਾ ਨਾ ਹੋਣ ਕਰ ਕੇ ਉਸ ਨੇ ਕੱਲ੍ਹ ਸਵੇਰ ਤੋਂ ਕੁਝ ਨਹੀਂ ਸੀ ਖਾਧਾ ਤੇ ਉਸ ਨੂੰ ਬਹੁਤ ਭੁੱਖ ਲੱਗੀ ਹੋਈ ਸੀ। ਉਸ ਨੇ ਆਪਣੇ ਝੋਲੇ 'ਚੋਂ ਕੱਢ ਕੇ ਆਪਣੇ ਭਰਾ ਦੀ ਉਹ ਚਿੱਠੀ ਵੀ ਦਿਖਾਈ ਜਿਹੜੀ ਉਸ ਨੂੰ ਬਿਹਾਰ ਉਸ ਦੇ ਪਿੰਡ ਮਿਲੀ ਸੀ ਤੇ ਜਿਸ 'ਤੇ ਉਸ ਦੇ ਭਰਾ ਦਾ ਪਤਾ ਲਿਖਿਆ ਹੋਇਆ ਸੀ। ਇਹ ਮੋਟਰ ਰਾਮਪੁਰ ਪਿੰਡ ਦੇ ਰਣਧੀਰ ਸਿੰਘ ਸਰਪੰਚ ਦੀ ਸੀ ਜਿਸ ਨੂੰ ਮਾਸਟਰ ਰਤਨ ਦੇਵ ਵੀ ਜਾਣਦਾ ਸੀ। ਰਤਨ ਦੇਵ ਨੂੰ ਇਹ ਵੀ ਪਤਾ ਸੀ ਕਿ ਉਸ ਇਲਾਕੇ ਵਿਚ ਸਿਰਫ਼ ਰਣਧੀਰ ਸਿੰਘ ਹੀ ਆਪਣੇ ਖੇਤਾਂ ਵਿਚ ਸਬਜ਼ੀਆਂ ਦੀ ਕਾਸ਼ਤ ਕਰਵਾਉਂਦਾ ਸੀ। ਹੁਣ ਜਿੱਥੇ ਉਹ ਖੜ੍ਹੇ ਸਨ, ਉਥੋਂ ਰਣਧੀਰ ਸਿੰਘ ਦੀ ਮੋਟਰ ਦੋ ਕੁ ਸੌ ਗਜ਼ ਦੀ ਦੂਰੀ 'ਤੇ ਨਹਿਰ ਵੱਲ ਦਰੱਖਤਾਂ ਦੇ ਝੁੰਡ ਵਿਚ ਸੀ ਜੋ ਸ਼ਾਇਦ ਬੈਜਨਾਥ ਨੂੰ ਦਿਖਾਈ ਨਹੀਂ ਦਿੱਤੀ ਹੋਵੇਗੀ। ਜੇ ਉਹ ਚਾਹੁੰਦਾ ਤਾਂ ਉਸ ਨੂੰ ਉਸੇ ਵੇਲੇ ਮੋਟਰ ਦਾ ਰਾਹ ਦੱਸ ਕੇ ਉਸ ਦੇ ਚਾਚੇ ਤੇ ਭਰਾ ਕੋਲ ਭੇਜ ਸਕਦਾ ਸੀ ਪਰ ਉਸ ਨੇ ਅਜਿਹਾ ਨਾ ਕੀਤਾ।

ਮਾਸਟਰ ਰਤਨ ਦੇਵ ਦੀ ਪਤਨੀ ਕਾਂਤਾ ਰਾਣੀ ਕਈ ਦਿਨਾਂ ਤੋਂ ਉਸ ਨੂੰ ਕਹਿੰਦੀ ਰਹੀ ਸੀ ਕਿ ਪਿਛਲੇ ਸਾਲ ਵਾਂਗ ਕੋਈ ਮਜ਼ਦੂਰ ਲਗਾ ਕੇ ਕੋਠੀ ਦੇ ਸਾਰੇ ਕਮਰਿਆਂ ਦੀ ਸਫ਼ਾਈ ਕਰਵਾ ਲਈ ਜਾਵੇ। ਉਸ ਦਾ ਵਿਸ਼ਵਾਸ ਸੀ ਕਿ ਦੀਵਾਲੀ ਵਾਲੀ ਰਾਤ ਹੀ ਲੱਛਮੀ ਮਨੁੱਖ 'ਤੇ ਦਿਆਲ ਹੁੰਦੀ ਹੈ ਤੇ ਉਹ ਸਿਰਫ਼ ਸਾਫ਼-ਸੁਥਰੇ ਘਰਾਂ ਵਿਚ ਹੀ ਪ੍ਰਵੇਸ਼ ਕਰਦੀ ਹੈ। ਆਪਣੇ ਘਰ ਨੂੰ ਸਾਫ਼-ਸੁਥਰਾ ਬਣਾਉਣਾ ਉਸ ਦੀਆਂ ਧਾਰਮਿਕ ਭਾਵਨਾਵਾਂ ਵਿਚ ਵੀ ਸ਼ਾਮਲ ਸੀ ਪਰ ਇਹ ਸਾਰਾ ਝੰਜਟ ਕਰੇ ਕੌਣ? ਕਾਂਤਾ ਵਿਚਾਰੀ ਤਾਂ ਆਪ ਗੋਡਿਆਂ ਦੇ ਦਰਦ ਤੋਂ ਪ੍ਰੇਸ਼ਾਨ ਰਹਿੰਦੀ ਸੀ। ਨੂੰਹ-ਪੁੱਤ ਸਰਕਾਰੀ ਨੌਕਰੀਆਂ ਕਰਦੇ ਹੋਣ ਕਰ ਕੇ ਘਰ ਦੀਆਂ ਸਫ਼ਾਈਆਂ ਕਰਵਾਉਣ ਵਾਲਾ ਇਹ ਕੰਮ ਉਨ੍ਹਾਂ ਦੇ ਸਿਲੇਬਸ ਵਿਚ ਸ਼ਾਮਲ ਨਹੀਂ ਸੀ। ਮਾਸਟਰ ਰਤਨ ਦੇਵ ਨੂੰ ਵੀ ਰਿਟਾਇਰ ਹੋਏ ਨੂੰ ਕਿੰਨੇ ਹੀ ਸਾਲ ਬੀਤ ਚੁੱਕੇ ਸਨ ਤੇ ਉਸ ਦੀਆਂ ਲੱਤਾਂ ਵਿਚ ਵੀ ਫੈੜ੍ਹ ਪੈਣਾ ਸ਼ੁਰੂ ਹੋ ਗਿਆ ਸੀ। ਕਿਸੇ ਮਜ਼ਦੂਰ ਤੋਂ ਬਿਨਾਂ ਪਹਾੜ ਜਿੱਡੇ ਇਸ ਕੰਮ ਨੂੰ ਅੰਜਾਮ ਦੇਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ। ਘਰ ਵਿਚ ਕੰਮ ਵਾਲੀ ਨਿੱਤ ਆਉਂਦੀ ਸੀ ਪਰ ਉਸ ਦਾ ਤਾਂ ਝਾੜੂ ਮਾਰਨ, ਕੱਪੜੇ ਧੋਣ ਤੇ ਭਾਂਡੇ ਮਾਜਣ ਵਿਚ ਹੀ ਸਮਾਂ ਬੀਤ ਜਾਂਦਾ ਸੀ।

ਰਤਨ ਦੇਵ ਨੇ ਕੋਠੀ ਵੀ ਤਾਂ ਦੋ ਮੰਜ਼ਿਲਾ ਛੱਤ ਲਈ ਸੀ। ਉਨ੍ਹਾਂ ਦੇ ਇਕਲੌਤਾ ਮੁੰਡਾ ਹੀ ਮੁੰਡਾ ਸੀ। ਨੂੰਹ ਆਉਣ ਬਾਅਦ ਦੋ ਬੱਚੇ ਹੋ ਗਏ ਸਨ। ਉਨ੍ਹਾਂ ਦੀ ਕੋਠੀ ਦੇ ਨੌਂ ਕਮਰੇ, ਚਾਰ ਬਾਥਰੂਮ, ਦੋ ਰਸੋਈਆਂ ਤੇ ਸਟੋਰ ਵਗੈਰਾ ਸਨ। ਕੀ ਤੁਕ ਸੀ ਐਨਾ ਛੱਤਣ ਦੀ? ਰਤਨ ਦੇਵ ਹੀ ਜਾਣਦਾ ਹੋਵੇਗਾ। ਉਨ੍ਹਾਂ ਦੀ ਕੋਠੀ ਦੇ ਸਾਰੇ ਪੱਖਿਆਂ, ਕੰਧਾਂ ਤੇ ਫਰਸ਼ਾਂ 'ਤੇ ਸਾਲ ਭਰ ਦੀ ਮੈਲ ਜੰਮੀ ਹੋਈ ਸੀ।

ਕਾਂਤਾ ਰਾਣੀ ਜਦੋਂ ਨੌਕਰੀ ਕਰਦੀ ਸੀ, ਹਰ ਸਾਲ ਆਪਣੇ ਸਕੂਲੋਂ ਕਿਸੇ ਨਾ ਕਿਸੇ ਚਪੜਾਸੀ ਨੂੰ ਸਫ਼ਾਈਆਂ ਕਰਨ ਲਈ ਲਿਆਇਆ ਕਰਦੀ ਸੀ ਜੋ ਘਰ ਨੂੰ ਦੀਵਾਲੀ ਤੋਂ ਪਹਿਲਾਂ ਲਿਸ਼ਕਾ ਜਾਇਆ ਕਰਦਾ ਸੀ। ਉਸ ਨੂੰ ਦੋ ਟਾਈਮ ਰੋਟੀ ਖੁਆ ਦੇਣੀ, ਚਾਹ ਪਿਲਾ ਦੇਣੀ ਤੇ ਕੋਈ ਪੁਰਾਣਾ ਘਸਿਆ ਕੱਪੜਾ ਜਾਂ ਸਵੈਟਰ ਦੇ ਦੇਣਾ। ਨਾ ਹਿੰਗ ਲਗਦੀ ਨਾ ਫਟਕੜੀ, ਮੁਫ਼ਤੋ-ਮੁਫ਼ਤੀ ਵਿਚ ਸਰ ਜਾਂਦਾ। ਇਸ ਸਾਲ ਕਾਂਤਾ ਰਾਣੀ ਰਿਟਾਇਰ ਹੋ ਚੁੱਕੀ ਸੀ। ਉਸ ਦੇ ਕਹਿਣ 'ਤੇ ਰਤਨ ਦੇਵ ਉਸ ਦੇ ਸਕੂਲ ਕੋਈ ਬੰਦਾ ਲੱਭਣ ਗਿਆ ਵੀ ਸੀ, ਪਰ ਕਿਸੇ ਨੇ ਲੜ ਨਹੀਂ ਸੀ ਫੜਾਇਆ। ਰਤਨ ਦੇਵ ਤਾਂ ਕਸਬੇ ਵਿਚ ਭਈਆਂ ਦੇ ਕੁਆਰਟਰਾਂ ਵਿਚ ਵੀ ਕਈ ਗੇੜੇ ਲਾ ਆਇਆ ਸੀ। ਉਸ ਨੂੰ ਕੋਈ ਵੀ ਮਜ਼ਦੂਰ ਐਸਾ ਨਹੀਂ ਸੀ ਮਿਲਿਆ ਜਿਸ ਨੇ ਪੰਜ ਸੌ ਰੁਪਏ ਤੋਂ ਘੱਟ ਦਿਹਾੜੀ ਮੰਗੀ ਹੋਵੇ। ਕੰਮ ਦਾ ਰਸ਼ ਪੈਣ ਕਰ ਕੇ ਦਿਹਾੜੀ ਦਾ ਰੇਟ ਬਹੁਤ ਵਧ ਗਿਆ ਸੀ। ਇਹ ਰੇਟ ਉਨ੍ਹਾਂ ਦੋਵਾਂ ਨੂੰ ਹੀ ਬਹੁਤ ਵੱਧ ਲੱਗਾ ਸੀ ਤੇ ਉਨ੍ਹਾਂ ਨੇ ਸਫ਼ਾਈ ਦਾ ਕੰਮ ਦੀਵਾਲੀ ਮਗਰੋਂ ਕਰਵਾਉਣ ਦਾ ਫ਼ੈਸਲਾ ਕਰ ਲਿਆ ਸੀ।

ਤੇ ਹੁਣ ਪਰਾਲੀ ਦੇ ਢੇਰ 'ਚੋਂ ਲੱਭੇ ਬਿਹਾਰੀ ਮੁੰਡੇ ਵੱਲ ਦੇਖਦਾ ਮਾਸਟਰ ਰਤਨ ਦੇਵ ਬਹੁਤ ਖ਼ੁਸ਼ ਹੋ ਗਿਆ ਸੀ। ਉਹ ਬੋਲਿਆ, "ਅਰੇ ਭਾਈ ਬੈਜਨਾਥ ਜਿਹੜੀ ਮੋਟਰ ਤੂੰ ਲੱਭ ਰਿਹਾ ਏਂ, ਉਹ ਤਾਂ ਐਥੋਂ ਬੜੀ ਦੂਰ ਏ। ਤੂੰ ਤਾਂ ਉਲਟ ਦਿਸ਼ਾ ਵਿਚ ਆ ਗਿਆ। ਤੇਰੀ ਪ੍ਰੇਸ਼ਾਨੀ ਦੇਖ ਕੇ ਮੈਨੂੰ ਬੜਾ ਦੁੱਖ ਹੋ ਰਿਹਾ ਏ। ਤੂੰ ਹੁਣ ਮੇਰੇ ਨਾਲ ਘਰ ਚੱਲ। ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ। ਹਮੇਸ਼ਾਂ ਗ਼ਰੀਬ ਲੋਕਾਂ ਦੀ ਸਹਾਇਤਾ ਕਰ ਕੇ ਮੈਨੂੰ ਬੜੀ ਖ਼ੁਸ਼ੀ ਤੇ ਚੈਨ ਮਿਲਦਾ ਹੈ। ਮੈਂ ਤੈਨੂੰ ਆਪਣੇ ਘਰੋਂ ਪੇਟ ਭਰ ਕੇ ਰੋਟੀ ਖੁਆਵਾਂਗਾ ਤੇ ਚਾਹ ਪਿਲਾਵਾਂਗਾ। ਬਾਅਦ ਵਿਚ ਆਪਣੇ ਸਕੂਟਰ 'ਤੇ ਹੀ ਆਪਾਂ ਉਹ ਮੋਟਰ ਲੱਭਣ ਜਾਵਾਂਗੇ। ਤੂੰ ਫ਼ਿਕਰ ਛੱਡ ਦੇ, ਠੀਕ ਥਾਂ 'ਤੇ ਪਹੁੰਚਾਉਣਾ ਹੁਣ ਮੇਰੀ ਜ਼ਿੰਮੇਵਾਰੀ ਏ।"

ਰਤਨ ਦੇਵ ਦੀ ਗੱਲ ਸੁਣ ਕੇ ਬੈਜਨਾਥ ਬੜਾ ਖ਼ੁਸ਼ ਹੋਇਆ। ਉਸ ਨੂੰ ਤਾਂ ਜਿਵੇਂ ਰੱਬ ਹੀ ਮਿਲ ਗਿਆ ਹੋਵੇ। ਸਾਰੀ ਰਾਤ ਠੰਢ ਵਿਚ ਪਿਆ ਰਹਿਣ ਕਰ ਕੇ ਬੈਜਨਾਥ ਭਾਵੇਂ ਕੰਬ ਰਿਹਾ ਸੀ ਪਰ ਉਹ ਲੰਮੀਆਂ-ਲੰਮੀਆਂ ਪੁਲਾਘਾਂ ਪੁੱਟਦਾ ਉਸ ਦੇ ਮੂਹਰੇ-ਮੂਹਰੇ ਤੁਰਨ ਲੱਗ ਪਿਆ। ਰਤਨ ਦੇਵ ਨੇ ਜੁਰਾਬਾਂ ਅਤੇ ਬੂਟ ਪਾਏ ਹੋਏ ਸਨ। ਉਸ ਨੇ ਗਰਮ ਟਰੈਕ ਸੂਟ ਉਤੋਂ ਇੱਕ ਸਵੈਟਰ ਵੀ ਪਾਇਆ ਹੋਇਆ ਸੀ। ਉਸ ਨੇ ਆਪਣੇ ਸਿਰ 'ਤੇ ਮਫ਼ਲਰ ਲਪੇਟਿਆ ਹੋਇਆ ਸੀ। ਪਲ ਦੀ ਪਲ ਕਮੀਜ਼ ਪਜਾਮੇ ਵਿਚ ਤੁਰੇ ਜਾਂਦੇ ਬੈਜਨਾਥ 'ਤੇ ਉਸ ਨੂੰ ਰਹਿਮ ਆਇਆ। ਉਸ ਦਾ ਦਿਲ ਕੀਤਾ ਕਿ ਉਹ ਆਪਣਾ ਸਵੈਟਰ ਲਾਹ ਕੇ ਘਰ ਤਕ ਪਹਿਨਣ ਲਈ ਬੈਜਨਾਥ ਨੂੰ ਦੇ ਦੇਵੇ ਤਾਂ ਉਸ ਦੇ ਸਰੀਰ ਨੂੰ ਨਿੱਘ ਮਿਲ ਜਾਵੇਗਾ, ਪਰ ਇੰਜ ਉਹ ਕਰ ਨਾ ਸਕਿਆ। ਘਰ ਜਾ ਕੇ ਉਸ ਤੋਂ ਸਵੈਟਰ ਲੁਹਾ ਕੇ ਆਪ ਪਾਉਣਾ ਤਾਂ ਕਿਸੇ ਦੇ ਉਤਾਰ ਵਾਂਗ ਹੋ ਜਾਵੇਗਾ! ਉਹ ਚੁੱਪ ਕਰ ਰਿਹਾ। ਉਹ ਬੈਜਨਾਥ ਤੋਂ ਬਿਹਾਰ ਵਿਚ ਲੋਕਾਂ ਦੀ ਗ਼ਰੀਬੀ ਬਾਰੇ ਪੁੱਛਦਾ ਰਿਹਾ ਤੇ ਮਨ ਹੀ ਮਨ ਰੱਬ ਦਾ ਧੰਨਵਾਦ ਕਰਦਾ ਰਿਹਾ ਕਿ ਉਸ ਨੇ ਉਸ ਨੂੰ ਬਿਹਾਰ 'ਚ ਪੈਦਾ ਨਹੀਂ ਸੀ ਕੀਤਾ। ਉਨ੍ਹਾਂ ਲੋਕਾਂ ਦੀ ਜ਼ਿੰਦਗੀ ਤਾਂ ਪਸ਼ੂਆਂ ਨਾਲੋਂ ਵੀ ਬਦਤਰ ਸੀ। ਪਿੰਡਾਂ ਵਿਚ ਜ਼ਮੀਨਾਂ ਦੇ ਮਾਲਕ ਐਸੇ ਲੋਕ ਵੀ ਸਨ ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ।

ਜਦੋਂ ਉਹ ਦੋਵੇਂ ਕਸਬੇ ਦੇ ਅੰਦਰ ਵੜੇ ਤਾਂ ਰਤਨ ਦੇਵ ਬੋਲਿਆ, "ਬੈਜਨਾਥ ਤੈਨੂੰ ਪਤਾ ਕਿ ਅੱਜ ਦੀਵਾਲੀ ਹੈ?"

"ਹਾਂ, ਬਾਬੂ ਜੀ, ਗ਼ਰੀਬ ਕੀ ਕਾਹਦੀ ਦੀਵਾਲੀ।" ਉਸ ਨੇ ਹਉਕਾ ਲਿਆ।

"ਤੁਸੀਂ ਬਿਹਾਰ ਵਿਚ ਮਨਾਉਂਦੇ ਹੁੰਦੇ ਹੋ ਦੀਵਾਲੀ?"

"ਹਾਂ ਬਾਬੂ ਜੀ, ਖ਼ੂਬ ਮਨਾਉਂਦੇ ਹਾਂ, ਮਠਿਆਈ ਖਾਂਦੇ ਹਾਂ, ਦੀਵੇ ਬਾਲਦੇ ਹਾਂ।"

"ਕਿਉਂ ਬਾਲਦੇ ਨੇ ਭਲਾ ਦੀਵੇ ਲੋਕ?"

"ਸ੍ਰੀ ਰਾਮ ਚੰਦਰ ਜੀ ਬਨਵਾਸ ਤੋਂ ਲੌਟੇ ਸੀ ਇਸੀ ਦਿਨ।"

"ਚੱਲ ਅੱਜ ਤੂੰ ਮੇਰੇ ਕੋਲ ਦੀਵਾਲੀ ਮਨਾ ਲਈਂ। ਤੈਨੂੰ ਸਭ ਕੁਝ ਮਿਲੂ।"

"ਨਹੀਂ ਬਾਬੂ ਜੀ...ਤੁਸੀਂ ਮੇਰੇ ਭਰਾ ਤੇ ਚਾਚੇ ਨੂੰ ਮਿਲਾ ਦੇਵੋ। ਅਸੀਂ ਮਨਾਵਾਂਗੇ ਦੀਵਾਲੀ।"

"ਹਾਂ-ਹਾਂ...ਕਿਉਂ ਨਹੀਂ...ਤੂੰ ਫ਼ਿਕਰ ਨਾ ਕਰ।" ਰਤਨ ਦੇਵ ਹੱਸਿਆ।

ਰਤਨ ਦੇਵ ਭਗਵਾਨ ਦੀ ਲੀਲਾ 'ਤੇ ਬੜਾ ਹੈਰਾਨ ਹੋ ਰਿਹਾ ਸੀ। ਦੀਵਾਲੀ ਤਾਂ ਰਾਤ ਨੂੰ ਹੋਣੀ ਸੀ, ਉਸ ਤੋਂ ਪਹਿਲਾਂ ਭਗਵਾਨ ਨੇ ਉਸ ਲਈ ਪਰਾਲੀ 'ਚੋਂ ਮਜ਼ਦੂਰ ਕੱਢ ਦਿੱਤਾ ਸੀ। ਉਹ ਸੋਚ ਰਿਹਾ ਸੀ ਕਿ ਇਹ ਗ਼ਰੀਬੀ ਅਮੀਰੀ ਸਭ ਰੱਬ ਦੀ ਦੇਣ ਸੀ। ਜੇ ਗ਼ਰੀਬ ਨਾ ਹੋਣ ਤਾਂ ਅਮੀਰਾਂ ਦੇ ਕੰਮ ਕੌਣ ਕਰੇ? ਉਸ ਨੂੰ ਆਪਣੀ ਅਮੀਰੀ 'ਤੇ ਮਾਣ ਹੋਣ ਲੱਗਿਆ। ਉਸ ਦੀ ਦੋ ਮੰਜ਼ਿਲੀ ਕੋਠੀ ਤਾਂ ਦੂਰੋਂ ਹੀ ਚਮਕਦੀ ਸੀ। ਗੱਡੀ, ਮੋਟਰਸਾਈਕਲ, ਸਕੂਟਰ, ਐਕਟਿਵਾ, ਕਿੰਨੇ ਹੀ ਵਾਹਨ ਸਨ ਉਨ੍ਹਾਂ ਕੋਲ। ਐਸ਼ੋ-ਇਸ਼ਰਤ ਦਾ ਸਭ ਸਾਮਾਨ ਉਨ੍ਹਾਂ ਦੇ ਘਰ ਵਿਚ ਮੌਜੂਦ ਸੀ। ਨੂੰਹ-ਪੁੱਤਰ ਦੋਵਾਂ ਦੀਆਂ ਤਨਖਾਹਾਂ, ਉਨ੍ਹਾਂ ਦੋਵਾਂ ਦੀਆਂ ਪੈਨਸ਼ਨਾਂ, ਹਰ ਮਹੀਨੇ ਬੈਂਕ ਵਿਆਜ...ਉਹ ਤਾਂ ਦੋ ਲੱਖ ਨੂੰ ਹੱਥ ਲਾਉਂਦੇ ਸਨ। ਮਾਸਟਰ ਰਤਨ ਦੇਵ ਜਿਹੋ-ਜਿਹਾ ਆਪ ਚੀਪੜ ਸੀ, ਹੌਲੀ-ਹੌਲੀ ਉਸ ਨੇ ਆਪਣੀ ਪਤਨੀ ਕਾਂਤਾ ਨੂੰ ਵੀ ਬਣਾ ਲਿਆ ਸੀ। ਉਸ ਦੇ ਪੁੱਤ ਨੇ ਵੀ ਉਨ੍ਹਾਂ ਦੇ ਕਦਮਾਂ 'ਤੇ ਹੀ ਪੈਰ ਰੱਖੇ ਸਨ। ਉਨ੍ਹਾਂ ਨੂੰ ਨੂੰਹ ਵੀ ਭੁੱਖੀ ਰਹਿ ਕੇ ਜੋੜਨ ਵਾਲੀ ਮਿਲੀ ਸੀ। ਸਾਰੇ ਟੱਬਰ ਦੀ ਹੀ ਸੋਚ ਸੀ ਕਿ ਜੇ ਪੈਸੇ ਨੂੰ ਉਡਾਉਣਾ ਸ਼ੁਰੂ ਕਰ ਦਿੱਤਾ ਜਾਵੇ ਤਾਂ ਉਹ ਬੰਦੇ ਨੂੰ ਹੀ ਉਡਾ ਦਿਆ ਕਰਦਾ ਹੈ। ਉਹ ਕੋਈ ਵੀ ਸੌਦਾ ਪੱਤਾ ਖਰੀਦਣ ਲੱਗੇ ਕਈ-ਕਈ ਦੁਕਾਨਾਂ ਤੋਂ ਭਾਅ ਪੁੱਛਦੇ। ਜੋ ਭਾਅ ਦੱਸਿਆ ਜਾਂਦਾ, ਉਸ ਨੂੰ ਘੱਟ ਕਰਾਉਣ ਦੀ ਕੋਸ਼ਿਸ਼ ਕਰਦੇ। ਜੇ ਰਿਕਸ਼ੇ ਵਾਲਾ ਵੀ ਪੰਦਰਾਂ ਰੁਪਏ ਮੰਗਦਾ ਤਾਂ ਉਹ ਮਿੰਨਤਾਂ-ਤਰਲੇ ਕਰ ਕੇ ਉਸ ਨੂੰ ਦਸਾਂ 'ਚ ਰਾਜ਼ੀ ਕਰ ਲੈਂਦੇ। ਉਹ ਘਰ ਆਏ ਮਹਿਮਾਨ ਨੂੰ ਪਾਣੀ ਪਿਲਾ ਕੇ ਪੁੱਛਦੇ, "ਦੇਰ ਤਾਂ ਲੱਗਣੀ ਨੀ, ਚਾਹ ਦਾ ਕੱਪ ਪੀ ਲੈਂਦੇ।"

ਉਹ ਘਰ ਪੁੱਜੇ ਤਾਂ ਉਸ ਦਾ ਬੇਟਾ, ਨੂੰਹ ਤੇ ਬੱਚੇ ਆਪਣੀ ਗੱਡੀ ਵਿਚ ਉਸ ਦੇ ਕੁੜਮਾਂ ਨੂੰ ਮਿਲਣ ਲੁਧਿਆਣੇ ਜਾ ਚੁੱਕੇ ਸਨ। ਉਸ ਦੇ ਕੁੜਮ ਦੀ ਉਥੇ ਬਹੁਤ ਵੱਡੀ ਹਲਵਾਈ ਦੀ ਦੁਕਾਨ ਸੀ। ਜਦ ਤੋਂ ਉਸ ਨੇ ਮੁੰਡਾ ਵਿਆਹਿਆ ਸੀ, ਹਰ ਤਿਓਹਾਰ ਨੂੰ ਉਹ ਸਹੁਰੇ ਘਰ ਗੇੜਾ ਲਾ ਕੇ ਆਇਆ ਕਰਦਾ ਸੀ। ਸ਼ੁੱਧ ਅਤੇ ਮੁਫ਼ਤ ਮਠਿਆਈ ਉਥੋਂ ਹੀ ਮਿਲ ਸਕਦੀ ਸੀ। ਦੀਵਾਲੀ ਸਮੇਂ ਤਾਂ ਉਹ ਮਠਿਆਈ ਹੀ ਨਹੀਂ, ਸਾਰੀ ਆਤਿਸ਼ਬਾਜ਼ੀ ਵੀ ਖਰੀਦ ਕੇ ਉਨ੍ਹਾਂ ਨੂੰ ਦੇ ਦਿਆ ਕਰਦੇ ਸਨ। ਆਪਣੇ ਪਤੀ ਨਾਲ ਤੁਰੇ ਆਉਂਦੇ ਮਜ਼ਦੂਰ ਨੂੰ ਦੇਖ ਕਾਂਤਾ ਦੇਵੀ ਸਾਰੀ ਕਹਾਣੀ ਸਮਝ ਗਈ। ਰਤਨ ਦੇਵ ਨੇ ਮੁਸਕਰਾ ਕੇ ਇਸ਼ਾਰਾ ਕੀਤਾ ਤੇ ਫਿਰ ਅੰਗਰੇਜ਼ੀ 'ਚ ਦੱਸਿਆ ਕਿ ਕੰਮ ਦਾ ਬੰਦਾ ਉਸ ਨੇ ਲੱਭ ਲਿਆ ਸੀ। ਉਸ ਦਾ ਨਾਂ ਬੈਜਨਾਥ ਸੀ। ਬੈਜਨਾਥ ਨਾਲ ਘਰ ਦੀ ਸਫ਼ਾਈ ਕਰਾਉਣ ਲਈ ਅਜੇ ਕੋਈ ਗੱਲ ਨਾ ਕੀਤੀ ਜਾਵੇ। ਪਹਿਲਾਂ ਉਸ ਨੂੰ ਰੱਜਵੀਂ ਰੋਟੀ ਖੁਆਈ ਜਾਵੇ। ਫਿਰ ਲੱਡੂਆਂ ਨਾਲ ਚਾਹ ਪਿਲਾਈ ਜਾਵੇ। ਫਿਰ ਕੰਮ ਨੂੰ ਜੋੜਿਆ ਜਾਵੇ।



"ਤੁਸੀਂ ਬੜੇ ਸ਼ੈਤਾਨ ਹੋ। ਇਹ ਕਿੱਥੋਂ ਅਗਵਾ ਕਰ ਕੇ ਲਿਆਏ ਹੋ?" ਉਸ ਦੀ ਪਤਨੀ ਹੱਸਦੀ ਹੋਈ ਅੰਗਰੇਜ਼ੀ 'ਚ ਬੋਲੀ।

"ਭਗਵਾਨ ਰਾਮ ਚੰਦਰ ਜੀ ਦੀ ਕਿਰਪਾ ਹੋਈ ਏ ਕਾਂਤਾ। ਉਹ ਜਾਣੀ ਜਾਣ ਨੇ। ਸਾਡੀ ਤਕਲੀਫ਼ ਦਾ ਉਨ੍ਹਾਂ ਨੂੰ ਸਭ ਪਤਾ ਏ। ਬੱਸ ਅਕਾਸ਼ ਵਿਚੋਂ ਹੀ ਉਨ੍ਹਾਂ ਨੇ ਇਹ ਬੰਦਾ ਮੇਰੇ ਮੂਹਰੇ ਸੁੱਟ ਦਿੱਤਾ।" ਰਤਨ ਦੇਵ ਅੰਗਰੇਜ਼ੀ ਵਿਚ ਬੋਲਿਆ।

ਅਮੀਰ ਲੋਕਾਂ ਦੇ ਸਾਰੇ ਦਾਅ-ਪੇਚਾਂ ਨੂੰ ਜਾਣਨ ਵਾਲੀ ਕਾਂਤਾ ਰਾਣੀ ਕਿਹੜਾ ਘੱਟ ਸ਼ੈਤਾਨ ਸੀ। ਉਸ ਨੇ ਬੈਜਨਾਥ ਨੂੰ ਗੀਜ਼ਰ 'ਚੋਂ ਕੱਢ ਕੇ ਗਰਮ ਪਾਣੀ ਦੀ ਪੂਰੀ ਭਰੀ ਬਾਲਟੀ ਵੀ ਦੇ ਦਿੱਤੀ ਤਾਂ ਕਿ ਉਹ ਆਪਣੇ ਹੱਥ ਮੂੰਹ ਤੇ ਪੈਰ ਚੰਗੀ ਤਰ੍ਹਾਂ ਧੋ ਲਵੇ। ਉਸ ਮਗਰੋਂ ਉਹ ਆਪਣੇ ਬੇਟੇ ਵੱਲੋਂ ਕੰਡਮ ਕਰ ਕੇ ਸੁੱਟੀ ਹੋਈ ਕੋਟੀ ਵੀ ਚੁੱਕ ਲਿਆਈ। ਕੋਟੀ ਪਹਿਨ ਕੇ ਬੈਜਨਾਥ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਖੁੱਲ੍ਹੀ-ਡੁੱਲ੍ਹੀ ਅਤੇ ਲੰਮੀ ਕੋਟੀ ਨੇ ਉਸ ਦੀ ਸਾਰੀ ਠੰਢ ਜਜ਼ਬ ਕਰ ਲਈ। ਐਨੇ ਨੂੰ ਕੰਮ ਵਾਲੀ ਵੀ ਆ ਗਈ। ਉਸ ਨੂੰ ਕਹਿ ਕੇ ਉਸ ਨੇ ਬੈਜਨਾਥ ਲਈ ਅੱਠ ਰੋਟੀਆਂ ਬਣਵਾ ਦਿੱਤੀਆਂ। ਦਾਲ ਨਾਲ ਭਰਿਆ ਕੌਲਾ ਤਾਂ ਪਹਿਲਾਂ ਹੀ ਫਰਿੱਜ ਵਿਚ ਪਿਆ ਸੀ, ਉਹ ਵੀ ਗਰਮ ਕਰ ਦਿੱਤਾ। ਰੋਟੀ ਖਾ ਕੇ ਬੈਜਨਾਥ ਨਿਹਾਲ ਹੋ ਗਿਆ। ਕਾਂਤਾ ਨੇ ਦੋ ਲੱਡੂ ਅਤੇ ਚਾਹ ਨਾਲ ਪੂਰਾ ਭਰਿਆ ਗਿਲਾਸ ਵੀ ਉਸ ਲਈ ਲਿਆ ਦਿੱਤੇ। ਰਤਨ ਦੇਵ ਹੱਸ ਕੇ ਅੰਗਰੇਜ਼ੀ 'ਚ ਬੋਲਿਆ, "ਐਨਾ ਖੁਆ ਕੇ ਹੁਣ ਤੂੰ ਉਸ ਤੋਂ ਕੰਮ ਦੀ ਆਸ ਨਾ ਰੱਖੀਂ। ਇਹਨੇ ਸੌਂ ਜਾਣਾ ਏਂ। ਪਰਾਲੀ 'ਚ ਜਾਗ ਕੇ ਰਾਤ ਕੱਟੀ ਏ ਉਸ ਨੇ।"

ਕਾਂਤਾ ਰਾਣੀ ਹੱਸ ਪਈ ਤੇ ਅੰਗਰੇਜ਼ੀ ਵਿਚ ਕਹਿਣ ਲੱਗੀ, "ਮੌਤ ਤੋਂ ਹੱਡ ਛੁਡਾ ਸਕਦਾ ਏ, ਪਰ ਮੈਂ ਨੀ ਹੁਣ ਇਹਨੂੰ ਛੱਡਣ ਲੱਗੀ।"

ਕੋਟੀ ਦੇ ਪਿੱਛੇ ਹੱਥ ਪੂੰਝ ਕੇ ਬੈਜਨਾਥ ਬੋਲਿਆ, "ਹੁਣ ਮੈਨੂੰ ਛੱਡ ਆਓ ਜੀ।"

"ਛੱਡਾਂਗਾ...ਕਾਹਲਾ ਕਿਉਂ ਪੈਂਦਾ ਏਂ। ਪਹਿਲਾਂ ਥੋੜ੍ਹਾ ਕੰਮ ਕਰਵਾ ਲਈਏ ਤੇਰੇ ਕੋਲੋਂ।"

"ਦੱਸੋ ਜੀ, ਕੀ ਕਰਨਾ ਏ?" ਉਹ ਬੋਲਿਆ।

ਉਹ ਉਸ ਨੂੰ ਕਮਰੇ 'ਚ ਲੈ ਗਿਆ। ਉਸ ਨੂੰ ਇੱਕ ਗਿੱਲਾ ਕੱਪੜਾ ਦਿੰਦਿਆਂ ਮੇਜ਼ 'ਤੇ ਚੜ੍ਹ ਕੇ ਪੱਖਾ ਸਾਫ਼ ਕਰਨ ਲਈ ਕਿਹਾ। ਬੈਜਨਾਥ ਨੇ ਇਹ ਕੰਮ ਖ਼ੁਸ਼ੀ-ਖ਼ੁਸ਼ੀ ਕਰ ਦਿੱਤਾ। ਫਿਰ ਉਹ ਉਸ ਨੂੰ ਦੂਜੇ ਕਮਰੇ ਵਿਚ ਲੈ ਗਿਆ। ਇੱਕ-ਇੱਕ ਕਰਕੇ ਸਾਰੇ ਕਮਰਿਆਂ ਦੇ ਪੱਖੇ ਸਾਫ਼ ਹੋ ਗਏ। ਕੁੱਲ ਪੱਚੀ ਪੱਖੇ ਸਨ ਜਿਹੜੇ ਬੈਜਨਾਥ ਨੇ ਲਿਸ਼ਕਾ ਦਿੱਤੇ।

"ਹੁਣ ਮੈਨੂੰ ਛੱਡ ਆਓ ਜੀ।" ਉਹ ਰਤਨ ਦੇਵ ਵੱਲ ਦੇਖਦਾ ਹੋਇਆ ਬੋਲਿਆ।

"ਇੱਧਰ ਆਓ।" ਰਤਨ ਦੇਵ ਉਸ ਨੂੰ ਮੁੜ ਪਹਿਲੇ ਕਮਰੇ 'ਚ ਲੈ ਗਿਆ। ਕੰਮ ਵਾਲੀ ਨੂੰ ਕਾਂਤਾ ਦੇਵੀ ਨੇ ਪਤਾ ਨਹੀਂ ਕੀ ਦਿੱਤਾ ਕਿ ਉਹ ਵੀ ਉਸ ਕੋਲ ਆ ਗਈ। ਜਿਵੇਂ ਰਤਨ ਦੇਵ ਨੇ ਦੱਸਿਆ, ਉਹ ਪਾਣੀ ਦੀ ਪਾਈਪ ਨਾਲ ਕੰਧਾਂ ਅਤੇ ਫ਼ਰਸ਼ ਨੂੰ ਧੋਣ ਲੱਗ ਪਏ। ਕਮਰੇ ਮੁੱਕੇ ਤਾਂ ਬਾਥਰੂਮ ਅਤੇ ਫਲੱਸ਼ਾਂ ਦੀ ਵਾਰੀ ਆ ਗਈ। ਉਨ੍ਹਾਂ ਦੋਵਾਂ ਨੇ ਹੀ ਰਸੋਈ ਖਾਲੀ ਕਰ ਕੇ ਧੋ ਦਿੱਤੀ ਤੇ ਸਾਰੇ ਭਾਂਡੇ ਮਾਂਜ ਦਿੱਤੇ। ਬੈਜਨਾਥ ਬੜਾ ਫੁਰਤੀਲਾ ਤੇ ਕਾਮਾ ਨਿਕਲਿਆ। ਦੋ ਕੁ ਵਜੇ ਕਾਂਤਾ ਦੇਵੀ ਨੇ ਦੋਵਾਂ ਨੂੰ ਚਾਹ ਪੀਣ ਲਈ ਆਵਾਜ਼ ਮਾਰ ਲਈ। ਚਾਹ ਨਾਲ ਬਿਸਕੁਟ ਵੀ ਧਰ ਦਿੱਤੇ। ਮਾਸਟਰ ਰਤਨ ਦੇਵ ਦੇ ਨੂੰਹ-ਪੁੱਤ ਵੀ ਮੁਫ਼ਤ ਦੇ ਸਾਮਾਨ ਨਾਲ ਵਾਪਸ ਆ ਗਏ ਸਨ।

"ਬਾਬੂ ਜੀ, ਹੁਣ ਮੈਨੂੰ ਛੱਡ ਆਓ ਜੀ।" ਬੈਜਨਾਥ ਬੋਲਿਆ।

"ਇਹ ਕਿੱਥੋਂ ਫੜ ਲਿਆਂਦਾ?" ਰਤਨ ਦੇਵ ਦੀ ਨੂੰਹ ਬੋਲੀ।

"ਸ੍ਰੀ ਰਾਮ ਚੰਦਰ ਜੀ ਨੇ ਹੀ ਭੇਜ ਦਿੱਤਾ। ਕੰਮ ਨੂੰ ਤਾਂ ਪੂਰਾ ਹਨੂੰਮਾਨ ਏ।" ਕਾਂਤਾ ਦੇਵੀ ਨੇ ਅੰਗਰੇਜ਼ੀ 'ਚ ਦੱਸਿਆ।

"ਫੇਰ ਤਾਂ ਮੇਰੀ ਕਾਰ ਵੀ ਧੁਆ ਦਿਓ।" ਕਾਂਤਾ ਦਾ ਬੇਟਾ ਬੋਲਿਆ।

ਉਸ ਨੇ ਬੈਜਨਾਥ ਨੂੰ ਆਪਣੀ ਕਾਰ ਧੋਣ ਲਾ ਲਿਆ। ਉਸ ਨੇ ਹਰ ਜਗ੍ਹਾ 'ਤੇ ਪਾਈਪ ਨਾਲ ਪਾਣੀ ਸੁੱਟਿਆ ਤੇ ਫਿਰ ਸਾਰੇ ਪਾਸੇ ਸਰਫ ਮਾਰਿਆ ਤੇ ਰਗੜਿਆ। ਗੱਡੀ ਦਾ ਕੰਮ ਮੁੱਕਿਆ ਤਾਂ ਰਤਨ ਦੇਵ ਨੇ ਸਕੂਟਰ ਤੇ ਮੋਟਰਸਾਈਕਲ ਗਲੀ ਵਿਚ ਕੱਢ ਦਿੱਤੇ ਤੇ ਉਸ ਨੂੰ ਧੋਣ ਲਈ ਕਿਹਾ। ਉਹ ਲੱਗਿਆ ਰਿਹਾ। ਇਹ ਕੰਮ ਮੁਕਾ ਕੇ ਉਸ ਨੇ ਤਰਲੇ ਜਿਹੇ ਨਾਲ ਰਤਨ ਦੇਵ ਵੱਲ ਦੇਖਿਆ ਤੇ ਬੋਲਿਆ, "ਬਾਬੂ ਜੀ, ਬਹੁਤ ਲੇਟ ਹੋ ਗਿਆ ਹਾਂ। ਮੇਰਾ ਭਰਾ ਤੇ ਚਾਚਾ ਲੱਭ ਰਹੇ ਹੋਣਗੇ। ਹੁਣ

*(ਅਗਲੇ ਸਫੇ 'ਤੇ ਜਾਰੀ)*

# ਗੁੰਮਨਾਮ, ਪਰ ਗੈਰਤਮੰਦ ਹੈ ਗਾਇਕਾ ਚੰਦਰਕਾਂਤਾ ਕਪੂਰ


## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883


ਇਕੱਲਿਆਂ ਰਹਿਣਾ ਹੁਣ ਉਸ ਦਾ ਸੁਭਾਅ ਵੀ ਏ ਤੇ ਮਜਬੂਰੀ ਵੀ। ਜਲੰਧਰ ਦੇ ਮਾਡਲ ਹਾਊਸ ਵਾਲੇ ਪਾਸੇ, ਜਿੱਥੇ ਕਦੇ ਸਕੂਲ ਚੱਲਦਾ ਹੁੰਦਾ ਸੀ, ਵਾਲੀ ਥਾਂ ਇਕ ਤੰਗ ਤੇ ਸਲਾਭੇ ਜਿਹੇ ਕਮਰੇ ਵਿਚ ਉਹ ਤੇ ਉਸ ਦੀ ਤਨਹਾਈ-ਦੋਵੇਂ ਰਹਿੰਦੇ ਨੇ। ਕੋਈ ਆਉਣ ਵਾਲਾ ਨਹੀਂ, ਕੋਈ ਬੁਲਾਉਣ ਵਾਲਾ ਨਹੀਂ, ਪੁੱਛਣ ਵਾਲਾ ਨਹੀਂ, ਕੋਈ ਦੱਸਣ ਵਾਲਾ ਨਹੀਂ। ਨਾ ਜਲੰਧਰ ਦਾ ਕੋਈ ਗਵੱਈਆ ਜਾਣਦੈ ਕਿ ਆਪਣੇ ਵੇਲੇ ਦੀ ਮਸ਼ਹੂਰ ਗਾਇਕਾ ਸ਼ਹਿਰ ਦੇ ਇਸ ਕੋਨੇ 'ਚ ਰਹਿੰਦੀ ਏ ਤੇ ਨਾ ਹੀ ਕੋਈ ਹੋਰ। ਵਿਹਲ ਮਾਨਣ ਨਾਲੋਂ ਜ਼ਿਆਦਾ ਵਕਤ ਉਹ ਕੰਮ 'ਚ ਮਸਤ ਰਹਿੰਦੀ ਏ, ਕਿਉਂਕਿ ਵਿਹਲ ਉਸ ਨੂੰ ਜ਼ਿੰਦਗੀ ਦੀਆਂ ਥੁੜ੍ਹਾਂ ਦਾ ਚੇਤਾ ਕਰਾ ਗੱਚ ਭਰਾ ਛੱਡਦੀ ਏ। ਮਿਲਣ ਆਏ ਨੂੰ ਪਹਿਲਾਂ ਉਹ ਸਵਾਲੀਆ ਨਜ਼ਰਾਂ ਨਾਲ ਦੇਖਦੀ ਏ ਤੇ ਫੇਰ ਛੋਟੇ ਜਿਹੇ ਸਵਾਲ ਦਾ ਲੰਮਾ ਸਾਰਾ ਜਵਾਬ ਦਿੰਦੀ ਨਹੀਂ ਥੱਕਦੀ। ਉਹ ਬਿਨਾਂ ਸਾਹ ਲਿਆਂ ਬੋਲਦੀ ਏ...ਉਦੋਂ ਤੱਕ, ਜਿੰਨੀ ਦੇਰ ਵਿਚਾਲਿਓਂ ਟੋਕ ਇਹ ਨਾ ਕਹੀਏ, 'ਭੈਣ ਜੀ, ਮੇਰਾ ਮਤਲਬ ਇਹ ਨਹੀਂ...ਆਹ ਸੀ...।' ਤੇ ਫੇਰ ਉਹ 'ਆਹ' ਵਾਲੇ ਸਵਾਲ ਦਾ ਲੰਮਾ-ਚੌੜਾ ਜਵਾਬ ਦੇਣ ਲੱਗਦੀ ਏ।



ਚੰਦਰਕਾਂਤਾ ਕਪੂਰ ਦਾ ਅੱਜ

ਨਾਂ ਹੈ ਉਸ ਦਾ ਚੰਦਰਕਾਂਤਾ ਕਪੂਰ, ਜਿਸ ਦੀ ਪਤਲੀ ਫ਼ਿਲਮੀ ਅਵਾਜ਼ 'ਚ ਗਾਏ ਲੋਕ ਗੀਤ ਕਦੇ ਅਕਾਸ਼ਵਾਣੀ ਤੋਂ ਘਰ-ਘਰ ਵੱਜਦੇ ਸਨ। ਗੀਤ ਸੁਣ-ਸੁਣ ਲੋਕ ਚੰਦਰਕਾਂਤਾ ਨੂੰ ਦੇਖਣ ਦੀ ਹਸਰਤ ਪਾਲਣ ਲੱਗਦੇ...ਕਿਹੋ ਜਿਹੀ ਹੋਏਗੀ ਉਹ, ਦਿਮਾਗ਼ 'ਚ ਤਸਵੀਰਾਂ ਬਣਾਉਂਦੇ ਰਹਿੰਦੇ, ਪਰ ਅੱਜ ਉਸ ਦੀ ਜ਼ਿੰਦਗੀ ਮਾਰੂਥਲ 'ਚ ਖੜ੍ਹੇ ਉਸ ਰੁੱਖ ਵਰਗੀ ਏ, ਜਿਸ ਦਾ ਹਾਲ-ਚਾਲ ਜਾਣਣ ਵਾਲਾ ਕੋਈ ਨਹੀਂ। ਵਕਤ ਦੇ ਝਮੇਲਿਆਂ ਨੇ ਉਸ ਨੂੰ ਅਜਿਹੇ ਤਜਰਬੇ ਕਰਾਏ, ਜਿਨ੍ਹਾਂ ਤੋਂ ਪਰਦਾ ਨਾ ਚੁੱਕਣ 'ਚ ਹੀ ਉਹ ਭਲਾ ਸਮਝਦੀ ਏ। ਕਹਿੰਦੀ ਏ, 'ਨਾ ਮੈਨੂੰ ਅੱਗੇ ਲਿਆਉਣ ਵਾਲਾ ਕੋਈ ਗੌਡਫਾਦਰ ਸੀ...ਨਾ ਘਰਵਾਲਾ...ਨਾ ਭਰਾ ਤੇ ਨਾ ਕੋਈ ਦੋਸਤ-ਮਿੱਤਰ..., ਜਿੰਨਾ ਕੀਤਾ, 'ਕੱਲੀ ਨੇ ਆਪਣੇ ਦਮ 'ਤੇ ਕੀਤਾ ਅਤੇ ਅੱਜ ਸਭੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੇ ਚੰਗਾ ਗਾਉਣ ਦੇ ਬਾਵਜੂਦ 'ਕੱਲੀ ਖੜ੍ਹੀ ਹਾਂ।'

ਸੱਠਾਂ ਨੂੰ ਢੁੱਕੀ ਚੰਦਰਕਾਂਤਾ ਦੇ ਨਾਂ ਬਾਰੇ ਕਦੇ ਨਹੀਂ ਸੀ ਸੁਣਿਆ। ਹਾਂ, ਇੱਕ ਵਾਰ ਪੂਰਨ ਸ਼ਾਹਕੋਟੀ ਹੁਰਾਂ ਆਪਣੇ ਗਾਇਕੀ ਸਫ਼ਰ ਦਾ ਜ਼ਿਕਰ ਕਰਦਿਆਂ ਕਿਹਾ ਸੀ, 'ਚੰਦਰਕਾਂਤਾ ਭੈਣ ਜੀ ਨਾਲ ਇਕ ਰਿਕਾਰਡ ਕੀਤਾ ਸੀ...।' ਤੇ ਏਨੇ ਕੁ ਜ਼ਿਕਰ ਮਗਰੋਂ ਗੱਲ ਦਾ ਰੁਖ ਬਦਲ ਗਿਆ। ਪਰ ਸ਼ਾਹਕੋਟੀ ਕੋਲੋਂ ਸੁਣਿਆ 'ਚੰਦਰਕਾਂਤਾ' ਨਾਂ ਦਿਮਾਗ਼ 'ਚ ਫਿੱਟ ਹੋ ਗਿਆ ਕਿ ਜਲੰਧਰ 'ਚ ਇਸ ਨਾਂ ਦੀ ਕੋਈ ਗਾਇਕਾ ਸੀ, ਜਿਸ ਦੇ ਹੋਣ, ਨਾ ਹੋਣ ਬਾਰੇ ਕਿਸੇ ਨੂੰ ਨਹੀਂ ਪਤਾ, ਤੇ ਜੇ ਉਹ ਹੈ, ਤਾਂ ਕਿੱਥੇ? ਕਿਹੜੇ ਹਾਲ ਏ, ਕੋਈ ਨਹੀਂ ਜਾਣਦਾ।

ਦੋ ਕੁ ਮਹੀਨੇ ਪਹਿਲਾਂ ਕਿਸੇ ਸਾਹਿਤਕ ਸਮਾਗਮ 'ਤੇ ਇਕ ਸੱਜਣ ਮਿਲਿਆ। ਕਹਿੰਦਾ, 'ਤੁਸੀਂ ਤਾਂ ਕਲਾਕਾਰਾਂ ਬਾਰੇ ਲਿਖਦੇ ਰਹਿੰਦੇ ਓ, ਜਲੰਧਰ ਆਲੀ ਚੰਦਰਕਾਂਤਾ ਬਾਰੇ ਵੀ ਲਿਖ ਛੱਡੋ। ਵਿਚਾਰੀ ਲੋੜਵੰਦ ਵੀ ਏ ਤੇ ਗਾਉਂਦੀ ਹਾਲੇ ਵੀ ਕਮਾਲ ਦਾ ਏ।'

'ਕੌਣ ਚੰਦਰਕਾਂਤਾ?' ਮੂੰਹੋਂ ਸੁਭਾਵਕ ਨਿਕਲਿਆ। ਜਵਾਬ ਮਿਲਿਆ, 'ਲੋਕ ਗੀਤ ਗਾਉਂਦੀ ਰਹੀ ਏ, ਕਈ ਕਲਾਕਾਰਾਂ ਨਾਲ ਵੀ ਗਾਇਐ ਉਹਨੇ।' ਸ਼ਾਹਕੋਟੀ ਕੋਲੋਂ ਸੁਣਿਆ ਜ਼ਿਕਰ ਇਕਦਮ ਤਾਜ਼ਾ ਹੋ ਗਿਆ ਤੇ ਮੂੰਹੋਂ ਨਿਕਲਿਆ, 'ਕਿਤੇ ਉਹੀ ਚੰਦਰਕਾਂਤਾ ਤਾਂ ਨਹੀਂ, ਜੀਹਨੇ ਸ਼ਾਹਕੋਟੀ ਨਾਲ ਵੀ ਗਾਇਐ?'

'ਹਾਂ, ਹਾਂ, ਉਹੀ ਏ।' ਦੱਸਣ ਵਾਲੇ ਨੇ ਹਾਮੀ ਭਰੀ।

ਤੇ ਉਸ ਤੋਂ ਚੰਦਰਕਾਂਤਾ ਦਾ ਪਤਾ ਲੈ ਕੇ ਪਹੁੰਚ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪਹਿਲੀ ਵਾਰ ਮਿਲਿਆ ਤਾਂ ਯਕੀਨ ਨਾ ਆਇਆ ਕਿ ਇਸ ਥਾਂ ਏਦਾਂ ਵੀ ਰਿਹਾ ਜਾ ਸਕਦੈ। ਸੋਚਿਆ ਪਰਿਵਾਰਕ ਮੈਂਬਰ ਬਾਹਰ-ਅੰਦਰ ਗਏ ਹੋਣੇ ਨੇ, ਪਰ ਥੋੜ੍ਹੀ ਦੇਰ ਬਾਅਦ ਪਤਾ ਲੱਗਾ ਕਿ ਬੈਡ 'ਤੇ ਪਿਆ ਹਾਰਮੋਨੀਅਮ ਹੀ ਉਸ ਦਾ ਦੋਸਤ, ਰਿਸ਼ਤੇਦਾਰ, ਪ੍ਰਸ਼ੰਸਕ-ਸਭ ਕੁਝ ਹੈ, ਹੋਰ ਕੋਈ ਨਹੀਂ ਨਾਲ ਰਹਿਣ ਵਾਲਾ।'

ਜਿਵੇਂ-ਜਿਵੇਂ ਉਸ ਨੂੰ ਕੁਰੇਦਦਾ ਗਿਆ, ਤਹਿਆਂ ਖੁੱਲ੍ਹਦੀਆਂ ਗਈਆਂ। ਉਸ ਨੇ ਜੋ ਦੱਸਿਆ, ਅੰਦਰ ਹਿਲਾਉਣ ਵਾਲਾ ਸੀ। ਜ਼ਿੰਦਗੀ ਨਾਲ ਜੁੜੇ ਕੌੜੇ ਤਜਰਬੇ ਉਹ ਭਾਵੇਂ ਸਧਾਰਨ ਤਰੀਕੇ ਨਾਲ ਦੱਸ ਰਹੀ ਸੀ ਪਰ ਮੈਨੂੰ ਉਸ ਦੇ ਸਿਰੜ 'ਤੇ ਰਸ਼ਕ ਹੋ ਰਿਹਾ ਸੀ। ਨਾਲ-ਨਾਲ ਉਹ ਗੀਤਾਂ ਦੇ ਨਮੂਨੇ ਸੁਣਾਉਂਦੀ ਗਈ, ਜਿਹੜੇ ਉਸ ਦੇ ਛੋਟੇ ਜਿਹੇ ਸਾਹ ਤੇ ਪਤਲੀ ਅਵਾਜ਼ 'ਚ ਬੇਹੱਦ ਖ਼ੂਬਸੂਰਤ ਲੱਗੇ। 1965 ਤੋਂ 1984 ਤੱਕ ਦੀ ਚੜ੍ਹਤ ਤੇ ਮੌਜੂਦਾ ਹਾਲਾਤ ਦੱਸਦਿਆਂ ਉਸ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ 'ਚ ਨਮੀ ਜਾਪੀ।

ਚੰਦਰਕਾਂਤਾ ਦਾ ਪਿਛੋਕੜ ਲਾਹੌਰ ਦਾ ਹੈ। ਮੋਗਾ, ਗੰਗਾਨਗਰ ਤੇ ਹੋਰ ਥਾਂਈਂ ਹੁੰਦਿਆਂ ਪਰਿਵਾਰ ਜਲੰਧਰ ਆ ਟਿਕਿਆ। ਇਥੇ ਉਸ ਦਾ ਗਾਇਕੀ ਸ਼ੌਕ ਪ੍ਰਵਾਨ ਚੜ੍ਹਨ ਲੱਗਾ, ਪਛਾਣ ਬਣਨੀ ਸ਼ੁਰੂ ਹੋਈ। ਪਰ ਜਦੋਂ ਥੋੜ੍ਹਾ ਕੁ ਚੰਗਾ ਵੇਲਾ ਆਉਂਦਾ ਤਾਂ ਵਕਤ ਝਕਾਨੀ ਦੇ ਜਾਂਦਾ। ਅਜਿਹੀ ਪਰਿਵਾਰਕ ਉਲਝਣ ਖੜ੍ਹੀ ਹੁੰਦੀ ਕਿ ਉਹ ਪਹਿਲਾਂ ਵਾਲੀ ਥਾਂ ਆ ਜਾਂਦੀ। ਪਰ ਉਹ ਸਿਰੜ ਨਾ ਹਾਰਦੀ। ਮੋਟੇ ਜਿਹੇ ਅੰਦਾਜ਼ੇ ਮੁਤਾਬਕ ਚੰਦਰਕਾਂਤਾ ਨੇ ਤਿੰਨ ਕੁ ਸੌ ਲੋਕ ਗੀਤ ਅਕਾਸ਼ਵਾਣੀ ਤੇ ਜਲੰਧਰ ਦੂਰਦਰਸ਼ਨ 'ਤੇ ਗਾਏ। ਗਾਇਕੀ ਨਾਲ ਉਸ ਦਾ ਪਰਿਵਾਰਕ ਰਿਸ਼ਤਾ ਸੀ। ਲਾਹੌਰ ਤੋਂ ਆਈਆਂ ਉਸ ਦੀਆਂ ਭੂਆ ਗਾਉਂਦੀਆਂ ਸਨ, ਪਰ ਇਹ ਗਾਉਣ ਘਰ-ਪਰਿਵਾਰ ਤੱਕ ਸੀਮਤ ਸੀ। ਕੁੜੀ ਦਾ ਘਰੋਂ ਬਾਹਰ ਨਿਕਲ ਕੇ ਗਾਉਣਾ ਸੋਚਣਾ ਵੀ ਗੁਨਾਹ ਸੀ। ਚੰਦਰਕਾਂਤਾ ਭੂਆ, ਭਰਾਵਾਂ ਵੱਲੋਂ ਗਾਏ ਲੋਕ ਗੀਤ ਕੰਠ ਕਰਦੀ ਗਈ ਤੇ ਪਰਿਵਾਰ ਦੀ ਵਿਰੋਧਤਾ ਮੁੱਲ ਲੈਂਦਿਆਂ ਘਰੋਂ ਬਾਹਰ ਨਿਕਲ ਗਾਉਣ ਲੱਗੀ। ਚੰਗੀ ਅਵਾਜ਼ ਛੇਤੀ ਹੀ ਉਸ ਦੀ ਚਰਚਾ ਕਰਾਉਣ ਲੱਗੀ। ਉਸ ਦੇ ਮੋਢਿਆਂ 'ਤੇ ਜ਼ਿੰਮੇਵਾਰੀਆਂ ਦੀ ਭਾਰੀ ਪੰਡ ਸੀ। ਸੋ ਉਹ ਗਾਉਂਦੀ ਗਈ, ਕਮਾਉਂਦੀ ਗਈ, ਅੱਠਾਂ ਭੈਣ-ਭਰਾਵਾਂ ਨੂੰ ਵਿਆਹੁਣ ਦੇ ਆਹਰ 'ਚ ਜੁਟੀ ਰਹੀ ਤੇ ਖ਼ੁਦ ਨੂੰ ਉਸ ਨੇ ਗ੍ਰਹਿਸਥੀ ਤੋਂ ਸੱਖਣੀ ਰੱਖ ਲਿਆ। ਉਹ ਦੱਸਦੀ ਹੈ, 'ਚੜ੍ਹਤ ਦੇ ਦਿਨਾਂ 'ਚ ਜਦੋਂ ਕਨੇਡਾ-ਅਮਰੀਕਾ ਸ਼ੋਆਂ ਲਈ ਗਈ ਤਾਂ ਕਈਆਂ ਆਖਿਆ, 'ਐਧਰ ਰਹਿ ਲੈ, ਜ਼ਿੰਦਗੀ ਬਣ ਜਾਏਗੀ।' ਪਰ ਪਰਿਵਾਰ ਵੱਲ ਦੇਖਦਿਆਂ ਵਾਪਸ ਆ ਜਾਂਦੀ।

ਚੰਦਰਕਾਂਤਾ ਦੇ ਤਿੰਨ-ਚਾਰ ਰਿਕਾਰਡ ਅਰਜਨ ਦੇਵ ਅਮਰ, ਰਮੇਸ਼ ਸਿਆਲਕੋਟੀ ਤੇ ਪੂਰਨ ਸ਼ਾਹਕੋਟੀ ਨਾਲ ਆਏ, ਜਿਨ੍ਹਾਂ ਨੂੰ ਉਨ੍ਹਾਂ ਵੇਲਿਆਂ ਵਿਚ ਠੀਕ ਹੁੰਗਾਰਾ ਮਿਲਿਆ। ਇਨ੍ਹਾਂ ਰਿਕਾਰਡਾਂ ਦਾ ਉਹ ਬਹੁਤਾ ਜ਼ਿਕਰ ਨਹੀਂ ਕਰਦੀ, ਕਿਉਂਕਿ ਇਨ੍ਹਾਂ ਵਿਚ ਵਕਤੀ ਗਾਣੇ ਸਨ। ਉਸ ਦਾ ਬਹੁਤਾ ਝੁਕਾਅ ਲੋਕ ਗੀਤਾਂ ਵੱਲ ਸੀ।

ਚੰਦਰਕਾਂਤਾ ਮੁਤਾਬਕ, 'ਇਕ ਵਾਰ ਅਸੀਂ ਪੰਜਾਬੀਆਂ ਦੀ ਦਾਰੂ ਪੀਣ ਵਾਲੀ ਸੋਚ ਨਾਲ ਜੁੜਿਆ ਗੀਤ ਈ.ਪੀ. ਰਿਕਾਰਡ 'ਚ ਗਾਇਆ। ਬਹੁਤ ਚੰਗਾ ਸੀ ਇਹ ਗੀਤ। ਉਸ ਗੀਤ ਵਰਗੇ ਹੁਣ ਕਈ ਗਾਣੇ ਹਿੰਦੀ ਫ਼ਿਲਮਾਂ 'ਚ ਵੀ ਆ ਰਹੇ ਨੇ। ਲੋਕ ਧੀਆਂ-ਪੁੱਤਾਂ ਵਿਚ ਫ਼ਰਕ ਪਹਿਲਾਂ ਵੀ ਸਮਝਦੇ ਸਨ ਤੇ ਅੱਜ ਵੀ ਉਹੀ ਹਾਲ ਏ। ਜਦੋਂ ਧੀ ਜੰਮਦੀ ਏ, ਉਦੋਂ ਦਿਖਾਵੇ ਲਈ ਖ਼ੁਸ਼ੀ ਮਨਾਈ ਜਾਂਦੀ ਏ, ਪਰ ਜਦੋਂ ਪੁੱਤ ਆਉਂਦਾ ਹੈ ਤਾਂ ਖ਼ੁਸ਼ੀ ਢਿੱਡੋਂ ਨਿਕਲਦੀ ਏ।' ਉਸ ਗੀਤ ਦੇ ਬੋਲ ਸਨ,

ਮੁੰਡਾ ਜੰਮਿਆ ਤਾਂ ਇੰਗਲਿਸ਼ ਪੀਣੀ,
ਕੁੜੀ ਜੰਮੇ ਦੇਰ ਮਾਰਕਾ
ਪੀਣੀ ਆ ਮੈਂ ਤਾਂ ਪੀਣੀ ਆ...।

ਉਸ ਮੁਤਾਬਕ ਲੋਕ ਗੀਤਾਂ ਦੀ ਸੰਭਾਲ ਮੇਰੀ ਸੰਭਾਲ ਨਾਲੋਂ ਵੀ ਜ਼ਿਆਦਾ ਜ਼ਰੂਰੀ ਏ, ਕਿਉਂਕਿ ਮਨੋਰੰਜਨ ਦੇ ਬਦਲੇ ਸਵਾਦ ਕਾਰਨ ਲੋਕ ਗੀਤਾਂ ਦੀਆਂ ਵੰਨਗੀਆਂ ਵਿਆਹਾਂ 'ਚੋਂ ਵੀ ਗਾਇਬ ਹੋ ਚੱਲੀਆਂ ਨੇ। ਚੰਦਰਕਾਂਤਾ ਦਾ ਕਹਿਣੈ, 'ਪੰਜਾਬੀ ਆਪਣੇ ਵਿਰਸੇ, ਕਲਾਕਾਰਾਂ, ਪੰਜਾਬੀ ਬੋਲੀ ਤੇ ਸਮਾਜਿਕ ਸਰੋਕਾਰਾਂ ਨਾਲੋਂ ਟੁੱਟ ਚੁੱਕੇ ਨੇ। ਗੱਲਾਂ ਨਾਲ ਅਸਮਾਨ ਨੂੰ ਟਾਕੀਆਂ ਲਾ ਛੱਡਦੇ ਨੇ ਪਰ ਜਦੋਂ ਕੁਝ ਕਰਨ ਦਾ ਵਕਤ ਆਉਂਦੈ ਤਾਂ ਨੱਠ ਤੁਰਦੇ ਨੇ, ਵਕਤ ਦੇ ਵਹਿਣ ਵੱਲ ਜਾਣ 'ਚ ਹੀ ਮਹਾਨਤਾ ਸਮਝਣ ਦਾ ਭਰਮ ਪਾਲੀ ਬੈਠੇ ਨੇ।'

ਵਾਰ ਵਾਰ ਉਹ ਉਨ੍ਹਾਂ ਗੀਤਾਂ ਦਾ ਜ਼ਿਕਰ ਕਰਦੀ ਏ, ਜਿਹੜੇ ਉਸ ਨੇ ਰੇਡੀਓ ਤੋਂ ਅਣਗਿਣਤ ਵਾਰ ਗਾਏ। ਹਾਰਮੋਨੀਅਮ ਦੀ ਸੁਰ ਠੀਕ ਕਰਦਿਆਂ ਕਈਆਂ ਦਾ ਜ਼ਿਕਰ ਕਰਦੀ ਕਰਦੀ ਏ,

-ਲੈ ਦੇ ਚਾਂਦੀ ਦੇ ਮਾਹੀਆ ਬੁੰਦੇ,
ਮੈਂ ਤੇਰੇ ਘਰ ਤਾਂ ਵੱਸਣਾ ਏ।
-ਲਾਲ ਲਾਲ ਲਾਲ,
ਮੇਰਾ ਚਿੱਤ ਮਾਹੀ ਦੇ ਨਾਲ,
ਲੈ ਡੁੱਲ ਗਿਆ ਧਨੀਆ,
ਲੈ ਡੁੱਲ ਗਿਆ ਜੀਰਾ,
ਲੈ ਰੁੱਸ ਗਿਆ ਨੀਂ ਛੋਟੀਏ
ਨਣਦੇ ਤੇਰਾ ਵੀਰਾ।
-ਵੇ ਮੈਂ ਪਾਣੀ ਭਰੇਨੀ ਆਂ ਸੱਜਣਾ
ਟੁੱਟ ਗਿਆ ਬਲੌਰੀ ਗਜਰਾ...।
-ਰਾਂਝੇ ਚਾਕ ਪਰੈਣੀ ਫੜ ਲਈ
ਮੱਝਾਂ ਚਾਰਨ ਨੂੰ,
ਫਿਰਦੀ ਵਿਹੜੇ ਦੇ ਵਿਚ
ਹੀਰ ਜਰੀ ਨਾ ਜਾਵੇ।
-ਸਾੜ੍ਹੀ ਲੈ ਦੇ ਪਿੰਜੌਰੇ ਲੱਪੇ ਵਾਲੀ,
ਛਿਓਰੇ ਲੱਪੇ ਵਾਲੀ,
ਵੇ ਮੁੰਡਿਆ ਸਿਆਲਕੋਟੀਆ।
-ਆਪ ਸੱਸ ਪਲੰਘੇ ਲੇਟਦੀ,
ਮੈਨੂੰ ਮਾਰਦੀ ਚੱਕੀ ਵੱਲ ਸੈਨਤਾਂ।

'ਕੱਲਿਆਂ ਜ਼ਿੰਦਗੀ ਕੱਟਣ ਦੇ ਦੁੱਖ ਭਾਵੇਂ ਸਾਰੇ ਜਾਣਦੇ ਨੇ, ਪਰ ਚੰਦਰਕਾਂਤਾ ਦੀ ਵੱਡੀ ਖਾਸੀਅਤ ਇਹ ਹੈ ਕਿ ਇਸ ਪੜਾਅ 'ਤੇ ਵੀ ਸੰਘਰਸ਼ ਦਾ ਪੱਲਾ ਫੜੀ ਬੈਠੀ ਏ। ਉਹ ਆਖਦੀ ਏ, 'ਉਤਾਹਾਂ ਥੱਲੇ ਆਈ ਹਾਂ ਤੇ ਹੁਣ ਆਪਣੀ ਖੁੱਸ ਚੁੱਕੀ ਪਛਾਣ ਬਣਾਉਣ ਦੇ ਯਤਨ 'ਚ ਹਾਂ, ਚਾਹੁੰਦੀ ਹਾਂ ਕਿ ਅਦੀਬਾਂ ਨਾਲ ਸਾਂਝ ਪਈ ਰਹੇ, ਭੁੱਲਿਆਂ ਨੂੰ ਮੇਰੇ ਨਾਂ ਦਾ ਚੇਤਾ ਫੇਰ ਆ ਜਾਵੇ।'

ਵਿਰਲਾ-ਟਾਂਵਾਂ ਪ੍ਰੋਗਰਾਮ ਮਿਲ ਜਾਵੇ ਤਾਂ ਉਹ ਕਰ ਆਉਂਦੀ ਹੈ ਤੇ ਏਨੇ ਨਾਲ ਉਸ ਦੀ ਰੋਟੀ ਚੱਲੀ ਜਾਂਦੀ ਏ। ਦੱਸਦੀ ਏ, 'ਜਦੋਂ ਦਿੱਲੀ ਵਾਲੇ ਭੈਣ ਜੀ ਬਿਮਾਰ ਹੋ ਗਏ ਤਾਂ ਮੈਂ ਕਈ ਸਾਲ ਜਲੰਧਰ ਛੱਡ ਉਨ੍ਹਾਂ ਕੋਲ ਚਲੀ ਗਈ। ਜਦੋਂ ਉਹ ਤੁਰ ਗਏ ਤਾਂ ਵਾਪਸ ਜਲੰਧਰ ਆਈ। ਏਨੇ ਨੂੰ ਗਾਇਕੀ 'ਚ ਸਭ ਕੁਝ ਬਦਲ ਚੁੱਕਾ ਸੀ, ਕੋਈ ਕਿਸੇ ਨੂੰ ਨਹੀਂ ਸੀ ਪਛਾਣਦਾ, ਜਿਹੜੇ ਪਹਿਲਾਂ ਘਰ ਗੇੜੇ ਮਾਰਦੇ ਹੁੰਦੇ ਸਨ ਕਿ ਭੈਣ ਜੀ, ਤੁਹਾਡੇ ਬਿਨਾਂ ਨਹੀਂ ਸਰਦਾ, ਉਨ੍ਹਾਂ ਨੂੰ ਹੋਰ ਗਾਇਕਾਵਾਂ ਮਿਲ ਗਈਆਂ ਸਨ। ਮੈਨੂੰ ਕੰਮ ਦੀ ਲੋੜ ਸੀ ਤੇ ਮੈਂ ਜਲੰਧਰ ਦੇ ਸੱਭੇ ਕਲਾਕਾਰਾਂ ਨਾਲ ਸੰਪਰਕ ਕੀਤਾ ਕਿ ਕੰਮ ਦਿਓ, ਸਟੂਡੀਓ ਵਾਲਿਆਂ ਕੋਲ ਵੀ ਗਈ, ਪਰ ਅਖੀਰ ਥੋੜ੍ਹੀ-ਬਹੁਤ ਮੱਦਦ ਰੇਡੀਓ ਵਾਲਿਆਂ ਹੀ ਕੀਤੀ। ਉਹ ਹਾਲੇ ਵੀ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਬੁਲਾ ਲੈਂਦੇ ਨੇ ਤੇ ਥੋੜ੍ਹੀ ਸਹਾਇਤਾ ਹੋ ਜਾਂਦੀ ਏ।'

ਚੰਦਰਕਾਂਤਾ ਆਪਣੀਆਂ ਭੁੱਲਾਂ ਤੋਂ ਹੋਰਾਂ ਨੂੰ ਸਬਕ ਸਿੱਖਣ ਲਈ ਪ੍ਰੇਰਦੀ ਏ। ਉਸ ਨੂੰ ਇਸ ਗੱਲ ਦਾ ਬਹੁਤਾ ਸ਼ਿਕਵਾ ਨਹੀਂ ਕਿ ਪੰਜਾਬੀ ਕਲਾਕਾਰਾਂ ਦੀ ਦੇਣ ਨੂੰ ਛੇਤੀ ਭੁਲਾ ਦਿੰਦੇ ਨੇ, ਕਿਉਂਕਿ ਉਹ ਜਾਣਦੀ ਏ ਕਿ ਇਹ ਤਾਂ ਪੰਜਾਬੀਆਂ ਦੇ ਸੁਭਾਅ 'ਚ ਸ਼ਾਮਲ ਏ। ਉਸ ਮੁਤਾਬਕ, 'ਜਦੋਂ ਲੋਕ ਚਾਅ ਨਾਲ ਸੁਣਦੇ ਸੀ, ਪੈਸਾ ਆ ਰਿਹਾ ਸੀ, ਉਦੋਂ ਮੈਂ ਇਹ ਸੋਚਣਾ ਭੁੱਲ ਗਈ ਕਿ ਇਹ ਦਿਨ ਸਦਾ ਨਹੀਂ ਰਹਿਣੇ। ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੀ ਗਈ ਪਰ ਮੇਰੇ ਪ੍ਰਤੀ ਕਿਸੇ ਨੇ ਕੋਈ ਜ਼ਿੰਮੇਵਾਰੀ ਨਾ ਸਮਝੀ। ਪਹਿਲਾਂ ਕੁਝ ਰਿਸ਼ਤੇਦਾਰ ਥੋੜ੍ਹੀ-ਬਹੁਤ ਮੱਦਦ ਕਰ ਦਿੰਦੇ ਸਨ ਪਰ ਫੇਰ ਮੈਂ ਖ਼ੁਦ ਹੀ ਮਨ੍ਹਾਂ ਕਰ ਦਿੱਤਾ ਕਿ ਕਿੰਨਾ ਕੁ ਚਿਰ ਇਨ੍ਹਾਂ 'ਤੇ ਬੋਝ ਬਣੀ ਰਹੇਂਗੀ। ਖ਼ੁਦ ਨੂੰ ਰੁਝੇਵੇਂ 'ਚ ਰੱਖਣ ਲਈ ਬਾਬਾ ਰਾਮਦੇਵ ਦੇ ਮਿਸ਼ਨ ਨਾਲ ਜੁੜ ਗਈ ਤੇ ਹੁਣ ਮੈਂ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਯੋਗ ਦੇ ਲਾਭਾਂ ਬਾਰੇ ਦੱਸਦੀ ਹਾਂ। ਜਦੋਂ ਮੌਕਾ ਮਿਲਦੈ, ਦੋ-ਚਾਰ ਗਾਣੇ ਪੇਸ਼ ਕਰ ਦਿੰਦੀ ਹਾਂ ਤੇ ਜਿਹੜੇ ਚਾਰ ਛਿੱਲੜ ਇਕੱਠੇ ਹੁੰਦੇ ਨੇ, ਉਨ੍ਹਾਂ ਨਾਲ ਕਮਰੇ ਦਾ ਕਿਰਾਇਆ, ਰਾਸ਼ਨ ਤੇ ਹੋਰ ਲੋੜਾਂ ਪੂਰੀਆਂ ਹੋ ਜਾਂਦੀਆਂ ਨੇ।'



ਜਵਾਨੀ ਵੇਲੇ ਚੰਦਰਕਾਂਤਾ

ਚੰਦਰਕਾਂਤਾ ਦੀ ਸਭ ਤੋਂ ਵੱਡੀ ਗੈਰਤਮੰਦੀ ਇਹ ਹੈ ਕਿ ਉਹ ਲੋੜਵੰਦ ਹੋਣ ਦੇ ਬਾਵਜੂਦ ਕਿਸੇ ਤੋਂ ਕੁਝ ਨਹੀਂ ਮੰਗਦੀ, ਸਗੋਂ ਆਖਦੀ ਏ, 'ਜਦੋਂ ਭੈਣ ਬਿਮਾਰ ਸੀ, ਉਦੋਂ ਕਿਸੇ ਨੇ ਮੇਰੀ ਮੱਦਦ ਨਹੀਂ ਕੀਤੀ। ਹੁਣ ਤਾਂ ਮੈਨੂੰ ਲੋਕਾਂ ਤੋਂ ਚਿੜ੍ਹ ਜਿਹੀ ਆਉਣ ਲੱਗੀ ਏ, ਥੋੜ੍ਹੀ-ਬਹੁਤ ਮੱਦਦ ਭਿਖਾਰੀ ਸਮਝ ਕੇ ਕਰ ਵੀ ਦੇਣਗੇ ਤਾਂ ਸਾਰੀ ਉਮਰ ਅਹਿਸਾਨਮੰਦ ਰਹਿਣਾ ਪਏਗਾ, ਬਸ ਲੋਕ ਪਛਾਨਣ ਲੱਗ ਜਾਣ, ਸੁਣਨ ਵਾਲੇ ਮੁੜ ਇੱਛਾ ਪ੍ਰਗਟਾਉਣੀ ਸ਼ੁਰੂ ਕਰਨ...ਇਹੀ ਮੇਰੀ ਮੱਦਦ ਏ ਤੇ ਇਹੀ ਮੇਰੀ ਕਮਾਈ।'

# ਧਾੜਵੀ

(ਪਿਛਲੇ ਸਫੇ ਦੀ ਬਾਕੀ)

ਮੈਨੂੰ ਛੱਡ ਆਓ।"

"ਛੱਡਦੇ ਹਾਂ...ਛੱਡਦੇ ਹਾਂ...ਅਜੇ ਤਾਂ ਦਿਨ ਖੜ੍ਹਾ ਏ। ਬੱਸ ਇੱਕ ਸਟੋਰ ਰਹਿ ਗਿਆ। ਘੰਟਾ ਵੀ ਨਹੀਂ ਲੱਗਣਾ।" ਉਹ ਬੋਲਿਆ।

ਬੈਜਨਾਥ ਨੇ ਸਟੋਰ ਦਾ ਸਾਮਾਨ ਵੀ ਬਾਹਰ ਕੱਢ ਦਿੱਤਾ ਤੇ ਸਟੋਰ ਦੀ ਸਫ਼ਾਈ ਕਰ ਦਿੱਤੀ। ਕਾਂਤਾ ਦੇਵੀ ਨੇ ਕੁਝ ਮਠਿਆਈ, ਖਿੱਲਾਂ, ਖਿਡਾਉਣੇ ਦੇ ਕੇ ਕੰਮ ਵਾਲੀ ਨੂੰ ਪਹਿਲਾਂ ਹੀ ਤੋਰ ਦਿੱਤਾ ਸੀ। ਉਸ ਨੇ ਬੈਜਨਾਥ ਦਾ ਮੋਢਾ ਥਾਪੜਿਆ ਤੇ ਬੋਲੀ, "ਸ਼ਾਬਾਸ਼ ਬੇਟਾ, ਤੂੰ ਬਹੁਤ ਕਾਮਾ ਮੁੰਡਾ ਏਂ। ਘਰ ਤਾਂ ਤੈਨੂੰ ਪਤਾ ਲੱਗ ਹੀ ਗਿਆ। ਚੱਕਰ ਮਾਰ ਜਾਇਆ ਕਰੀਂ।"

ਪੰਜ ਵੱਜ ਗਏ ਸਨ ਤੇ ਸਾਰਾ ਕੰਮ ਵੀ ਟਿਚਨ ਹੋ ਗਿਆ ਸੀ। ਰਤਨ ਦੇਵ ਨੇ ਸਕੂਟਰ ਨੂੰ ਕੱਪੜਾ ਫੇਰਿਆ ਤੇ ਬੋਲਿਆ, "ਚੱਲ ਬਈ ਬੈਜਨਾਥ, ਲੱਭੀਏ ਰਣਧੀਰ ਸਿੰਘ ਸਰਪੰਚ ਦੀ ਮੋਟਰ।"

ਉਸ ਨੇ ਸਕੂਟਰ ਨੂੰ ਕਿੱਕ ਮਾਰੀ ਤਾਂ ਉਸ ਦੀ ਪਤਨੀ ਲੱਡੂਆਂ ਦਾ ਡੱਬਾ ਸਕੂਟਰ ਦੀ ਟੋਕਰੀ 'ਚ ਰੱਖਦੀ ਅੰਗਰੇਜ਼ੀ 'ਚ ਬੋਲੀ, "ਲੱਡੂ ਨੇ। ਕਿਸੇ ਨੇ ਖਾਧੇ ਹੀ ਨਹੀਂ। ਭੱਕਰੀਆਂ ਵਾਲੇ ਦਿਨ ਦੇ ਪਏ ਨੇ। ਬੈਜਨਾਥ ਨੂੰ ਦੇ ਦੇਣੇ।"

ਬੈਜਨਾਥ ਨੇ ਰਸਤੇ ਵਿਚ ਦੱਸਿਆ ਕਿ ਉਹ ਸਕੂਟਰ 'ਤੇ ਪਹਿਲੀ ਵਾਰੀ ਬੈਠਿਆ ਸੀ ਤੇ ਉਸ ਨੂੰ ਬਹੁਤ ਡਰ ਲੱਗ ਰਿਹਾ ਸੀ। ਪੰਦਰਾਂ ਕੁ ਮਿੰਟ ਵਿਚ ਹੀ ਉਹ ਰਣਧੀਰ ਸਿੰਘ ਦੀ ਮੋਟਰ 'ਤੇ ਪੁੱਜ ਗਏ। ਬੈਜਨਾਥ ਦਾ ਭਰਾ ਤੇ ਚਾਚਾ ਮੋਟਰ ਦੇ ਚੁਬੱਚੇ ਵਿਚ ਸ਼ਲਗਮ ਧੋ ਰਹੇ ਸਨ। ਮੋਟਰ ਲਾਗੇ ਤਿੰਨ ਬੋਰੀਆਂ ਹਰੇ ਮਟਰਾਂ ਦੀਆਂ ਭਰੀਆਂ ਪਈਆਂ ਸਨ। ਪੱਲੀ 'ਤੇ ਗੋਭੀ ਦੇ ਫੁੱਲਾਂ ਦਾ ਢੇਰ ਲੱਗਾ ਹੋਇਆ ਸੀ। ਬੈਜਨਾਥ ਨੂੰ ਦੇਖ ਕੇ ਦੋਵੇਂ ਜਣੇ ਦੌੜੇ ਆਏ ਤੇ ਉਸ ਨੂੰ ਆਪਣੇ ਨਾਲ ਘੁੱਟ ਲਿਆ। ਉਹ ਤਿੰਨੋਂ ਹੀ ਰੋਣ ਲੱਗ ਪਏ ਸਨ। ਰਤਨ ਦੇਵ ਨੇ ਉਨ੍ਹਾਂ ਨੂੰ ਚੁੱਪ ਕਰਾਇਆ। ਉਨ੍ਹਾਂ ਨੇ ਦੱਸਿਆ ਕਿ ਉਹ ਕੱਲ੍ਹ ਦੇ ਹੀ ਬੈਜਨਾਥ ਨੂੰ ਲੱਭਦੇ ਫਿਰ ਰਹੇ ਸਨ ਤੇ ਅੱਜ ਬਾਅਦ ਦੁਪਹਿਰ ਹੀ ਬੜੇ ਪ੍ਰੇਸ਼ਾਨ ਹੋ ਕੇ ਮੋਟਰ 'ਤੇ ਵਾਪਸ ਆਏ ਸਨ। ਉਨ੍ਹਾਂ ਨੇ ਤਾਂ ਦੀਵਾਲੀ ਮਨਾਉਣ ਲਈ ਕੁਝ ਨਹੀਂ ਸੀ ਲਿਆਂਦਾ। ਰਤਨ ਦੇਵ ਨੇ ਸਕੂਟਰ ਦੀ ਟੋਕਰੀ ਵਿਚੋਂ ਲੱਡੂਆਂ ਵਾਲਾ ਡੱਬਾ ਚੁੱਕ ਕੇ ਬੈਜਨਾਥ ਦੇ ਚਾਚੇ ਨੂੰ ਫੜਾਇਆ ਤੇ ਬੋਲਿਆ, "ਆਹ ਲਓ, ਬੈਜਨਾਥ ਆ ਗਿਆ ਏ, ਮਠਿਆਈ ਖਾਓ ਤੇ ਦੀਵਾਲੀ ਮਨਾਓ।"

ਫਿਰ ਰਤਨ ਦੇਵ ਨੇ ਖਾਲੀ ਥੈਲਾ ਆਪਣੇ ਸਕੂਟਰ ਦੀ ਡਿੱਗੀ 'ਚੋਂ ਕੱਢਿਆ ਤੇ ਬੈਜਨਾਥ ਦੇ ਚਾਚੇ ਨੂੰ ਫੜਾਉਂਦਾ ਬੋਲਿਆ, "ਇਹਦੇ 'ਚ ਮਟਰ, ਸ਼ਲਗਮ ਤੇ ਮੂਲੀਆਂ ਪਾ ਦਵੋ। ਦੋ ਦਿਨ ਅਸੀਂ ਵੀ ਤਾਜ਼ੀ ਸਬਜ਼ੀ ਖਾ ਲਵਾਂਗੇ।"

ਬੈਜਨਾਥ ਦਾ ਚਾਚਾ ਉਸ ਦੇ ਅੱਗੇ ਝੁਕ ਹੀ ਗਿਆ। ਬੈਜਨਾਥ ਨੂੰ ਉਨ੍ਹਾਂ ਕੋਲ ਲਿਆ ਕੇ ਰਤਨ ਦੇਵ ਨੇ ਜੋ ਅਹਿਸਾਨ ਕੀਤਾ ਸੀ, ਉਸ ਅੱਗੇ ਇਹ ਸਬਜ਼ੀ ਕੀ ਚੀਜ਼ ਸੀ!

## ਸਾਮਰਾਜੀ ਸਭਿਅਤਾ...

(ਸਫਾ 23 ਦੀ ਬਾਕੀ)

ਰਿਸ਼ਤਾ ਹੀ ਪੂਰਨ ਮਨੁੱਖ ਦੀ ਹੋਂਦ ਨੂੰ ਪ੍ਰਗਟ ਕਰਦਾ ਹੈ। ਇਸ ਰਿਸ਼ਤੇ ਦੀ ਚੇਤਨਾ ਹੀ ਮੁਕਤੀ ਹੈ। ਇਹੀ ਮਨੁੱਖੀ ਮੁਕਤੀ ਦਾ ਫਲਸਫਾ ਹੈ। ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਗੁਰੂ ਗ੍ਰੰਥ ਸਾਹਿਬ, ਪੰਨਾ 522) ਭਾਵ ਪੂਰਨ ਤੌਰ 'ਤੇ ਸਮਾਜੀ ਰੂਪ ਵਿਚ ਵਿਚਰਦਿਆਂ ਸਾਂਝੀ ਹੱਥੀਂ ਕਿਰਤ ਕਰਨੀ ਅਤੇ ਇਸ ਕਿਰਤ ਦੀ ਪੈਦਾਵਾਰ ਨੂੰ ਸਾਰਿਆਂ ਦੀਆਂ ਕੁਦਰਤੀ ਲੋੜਾਂ ਅਨੁਸਾਰ ਵੰਡ ਕੇ ਛਕਦਿਆਂ, ਮਨੁੱਖੀ ਰਿਸ਼ਤਿਆਂ ਦੀ ਖ਼ੂਬਸੂਰਤੀ ਨੂੰ ਮਾਨਣਾ ਅਤੇ ਅਨੰਤ-ਬੇਅੰਤ ਅਨਿਕ ਰੰਗੀ ਕੁਦਰਤ ਦੀ ਗੋਦ ਵਿਚ ਬੈਠ ਕੇ ਉਸ ਕਰਤਾ ਦੀ ਹਸਤੀ ਦੇ ਰਲਮਿਲ ਕੇ ਗੁਣ ਗਾਉਣੇ, ਇਹੀ ਮਨੁੱਖੀ ਜ਼ਿੰਦਗੀ ਦਾ ਤੱਤ ਹੈ।

ਇਸ ਤੱਤ ਦਾ ਗਿਆਨ ਹੀ ਇਹ ਦੱਸ ਪਾਉਂਦਾ ਹੈ ਕਿ ਨਿਰੋਲ ਖਪਤਕਾਰੀ ਦੀ ਬੁਨਿਆਦ 'ਤੇ ਉਸਰੀ ਸਾਮਰਾਜੀ ਸਭਿਅਤਾ ਨਾਲ ਕੁਦਰਤ ਦੀ ਦੁਸ਼ਮਣੀ ਹੈ। ਗੈਰ-ਕੁਦਰਤੀ ਬੇਲੋੜੀਆਂ ਇੱਛਾਵਾਂ ਦੀ ਪੂਰਤੀ ਲਈ ਭਟਕਦੀ ਸਾਮਰਾਜੀ ਸਭਿਅਤਾ ਦਾ ਹੁਕਮ ਭਾਵ ਕੁਦਰਤੀ ਨੇਮਾਂ ਨਾਲ ਸਿੱਧਾ ਟਕਰਾਅ ਹੈ। ਇਸ ਲਈ ਅੱਜ ਸਮੁੱਚੀ ਆਦਮ ਜਾਤੀ ਨੂੰ ਇਹ ਵਿਕਾਸ ਵੱਲ ਨਹੀਂ ਸਗੋਂ ਵਿਨਾਸ਼ ਵੱਲ ਲੈ ਕੇ ਜਾ ਰਹੀ ਹੈ। ਇਸ ਸਾਮਰਾਜੀ ਸਭਿਅਤਾ ਦਾ ਫਸਤਾ ਵੱਢਣਾ ਅੱਜ ਸਮੁੱਚੀ ਮਨੁੱਖ ਜਾਤੀ ਦੀ ਅਣਸਰਦੀ ਲੋੜ ਹੈ, ਨਹੀਂ ਤਾਂ ਸਾਮਰਾਜੀ ਰਾਜਪ੍ਰਬੰਧ ਦੇ ਵਜੂਦ ਵਿਚ ਸਮੋਈਆਂ ਵਿਰੋਧਤਾਈਆਂ ਦਾ ਵੇਗ ਸਗਲ ਆਦਮਜਾਤੀ ਨੂੰ ਕਦੇ ਨਾ ਸੁਣੀ-ਵੇਖੀ ਗਈ ਭਿਆਨਕ ਪ੍ਰਮਾਣੂ ਜੰਗ ਵੱਲ ਧੱਕ ਦੇਵੇਗਾ।

#

## ਤੁਸੀਂ ਪੜ੍ਹ ਚੁਕੇ ਹੋ...

*ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ ਵਿਚ 17 ਜੁਲਾਈ 2008 ਨੂੰ ਗ੍ਰਿਫਤਾਰ ਹੋਈ ਮੁਟਿਆਰ ਆਫੀਆ ਸਦੀਕੀ ਸੀ। ਪਾਕਿਸਤਾਨ 'ਚ ਰਹਿੰਦਿਆਂ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਆਫੀਆ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ ਸੀ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਮੁੱਖ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। ਇਨ੍ਹਾਂ ਨੇ 26 ਫਰਵਰੀ 1993 ਨੂੰ ਵਰਲਡ ਟਰੇਡ ਸੈਂਟਰ ਦੀ ਪਾਰਕਿੰਗ ਵਿਚ ਧਮਾਕਾ ਕੀਤਾ। ਛੇਤੀ ਹੀ ਧਮਾਕੇ ਦਾ ਮੁੱਖ ਸੂਤਰਦਾਰ ਸ਼ੇਖ ਉਮਰ ਅਬਦੁਲ ਰਹਿਮਾਨ ਫੜਿਆ ਗਿਆ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਸੁਣਨ ਵਾਲੇ ਅਸ਼-ਅਸ਼ ਕਰ ਉਠੇ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ।...ਹੁਣ ਅੱਗੇ ਪੜ੍ਹੋ...*

# ਆਫੀਆ ਸਦੀਕੀ ਦਾ ਜਹਾਦ

## ਕਿਸ਼ਤ ਛੇਵੀਂ



1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਈ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਾਹਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾਂ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਹਰਮਹਿੰਦਰ ਚਹਿਲ ਦੀ ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ

ਸਾਲ 1994 ਚੜ੍ਹੇ ਨੂੰ ਤਿੰਨ ਹਫਤੇ ਹੋ ਚੁੱਕੇ ਸਨ। ਰਾਤ ਭਰ ਬਰਫਬਾਰੀ ਹੁੰਦੀ ਰਹੀ ਸੀ। ਆਫੀਆ ਗੂੜ੍ਹੀ ਨੀਂਦ ਸੁੱਤੀ ਹੋਈ ਸੀ ਜਦੋਂ ਉਸ ਦੇ ਸੈਲ ਫੋਨ ਦੀ ਘੰਟੀ ਵੱਜੀ। ਉਸ ਨੇ ਸੈਲ ਫੋਨ ਆਨ ਕਰਦਿਆਂ ਅਲਸਾਈ ਜਿਹੀ 'ਹੈਲੋ' ਕਹੀ। ਦੂਜੇ ਪਾਸੇ ਮਾਰਲਿਨ ਬੋਲ ਰਹੀ ਸੀ। ਉਸ ਨੇ ਇੰਨਾ ਕਹਿ ਕੇ ਫੋਨ ਕੱਟ ਦਿੱਤਾ ਕਿ ਉਹ ਉਸ ਨੂੰ ਇੱਕ ਘੰਟੇ ਬਾਅਦ ਲੈਣ ਆ ਰਹੀ ਹੈ, ਤਿਆਰ ਰਹੇ। ਆਫੀਆ ਨੇ ਹੌਲੀ ਹੌਲੀ ਬਿਸਤਰ ਛੱਡਿਆ ਤੇ ਉਠ ਕੇ ਕਮਰੇ 'ਚੋਂ ਬਾਹਰ ਆ ਗਈ। ਉਸ ਨੇ ਖਿੜਕੀ



**ਹਰਮਹਿੰਦਰ ਚਹਿਲ**
ਫੋਨ: 703-362-3239
e-mail: chahals57@yahoo.com

ਦਾ ਪਰਦਾ ਚੁੱਕ ਕੇ ਬਾਹਰ ਨਿਗ੍ਹਾ ਮਾਰੀ। ਸੂਰਜ ਦੀਆਂ ਤੇਜ਼ ਕਿਰਨਾਂ ਉਸ ਦੀਆਂ ਅੱਖਾਂ ਚੁੰਧਿਆ ਗਈਆਂ। ਰਾਤ ਭਾਵੇਂ ਬਰਫ ਪੈਂਦੀ ਰਹੀ ਸੀ, ਪਰ ਇਸ ਵੇਲੇ ਸੂਰਜ ਨਿਕਲਿਆ ਹੋਇਆ ਸੀ। ਬਰਫ ਉਤੇ ਪੈਂਦੀ ਧੁੱਪ ਦੀ ਲਿਸ਼ਕੋਰ ਅੱਖਾਂ 'ਚ ਚੁੱਭ ਰਹੀ ਸੀ। ਉਹ ਪਰਦਾ ਲਟਕਾਉਂਦੀ ਵਾਪਸ ਕਮਰੇ 'ਚ ਆ ਗਈ, ਫਿਰ ਤਿਆਰ ਹੋਣ ਲੱਗੀ। ਤਿਆਰ ਹੋ ਕੇ ਉਸ ਨੇ ਆਪਣਾ ਬੈਗ ਚੁੱਕਿਆ ਤੇ ਲੰਬਾ ਕੋਟ ਪਹਿਨਦੀ ਹੇਠਾਂ ਆ ਗਈ। ਉਸ ਦੇ ਹੇਠਾਂ ਪੁੱਜਣ ਦੇ ਦੋ ਕੁ ਮਿੰਟ ਪਿੱਛੋਂ ਹੀ ਮਾਰਲਿਨ ਆ ਗਈ। ਆਫੀਆ ਤਾਕੀ ਖੋਲ੍ਹ ਕੇ ਕਾਰ 'ਚ ਬੈਠੀ ਤੇ ਮਾਰਲਿਨ ਨੇ ਕਾਰ ਤੋਰ ਲਈ। ਵੀਹ ਮਿੰਟਾਂ 'ਚ ਉਹ ਉਸ ਦੇ ਅਪਾਰਟਮੈਂਟ ਪਹੁੰਚ ਗਈਆਂ। ਦਰਵਾਜ਼ਾ ਖੋਲ੍ਹਦਿਆਂ ਹੀ ਆਫੀਆ ਨੇ ਵੇਖਿਆ ਕਿ ਸਾਹਮਣੇ ਸੁਲੇਮਾਨ ਅਹਿਮਰ ਬੈਠਾ ਸੀ। ਦੋਹਾਂ ਨੇ ਇੱਕ ਦੂਜੇ ਨੂੰ ਆਦਾਬ ਕਹੀ। ਉਹ ਪਹਿਲਾਂ ਮਿਲ ਚੁੱਕੇ ਸਨ। ਸੁਲੇਮਾਨ ਅਹਿਮਰ, ਬੈਨੇਵੋਲੈਂਸ ਇੰਟਰਨੈਸ਼ਨਲ ਦਾ ਡਾਇਰੈਕਟਰ ਸੀ। ਉਸ ਨੇ ਪਹਿਲੀ ਮੁਲਾਕਾਤ ਵਿਚ ਹੀ ਆਫੀਆ ਨੂੰ ਦੱਸ ਦਿੱਤਾ ਸੀ ਕਿ ਉਹ ਜਹਾਦ ਵੱਲ ਕਿਵੇਂ ਉਲਾਰ ਹੋਇਆ। ਉਸ ਨੇ ਦੱਸਿਆ ਸੀ ਕਿ ਉਹ ਅਤੇ ਕੁਝ ਹੋਰ ਦੋਸਤ ਜੋ ਸਾਰੇ ਨਬਰਾਸਕਾ ਯੂਨੀਵਰਸਿਟੀ ਦੇ ਵਿਦਿਆਰਥੀ ਸਨ, ਟੂਰ ਲਾਉਣ ਕਰੋਸ਼ੀਆ ਗਏ ਸਨ। ਉਥੇ ਉਨ੍ਹਾਂ ਨੂੰ ਜਹਾਦੀਆਂ ਨੇ ਅਗਵਾ ਕਰ ਲਿਆ ਸੀ। ਕੁਝ ਦਿਨ ਉਨ੍ਹਾਂ ਨੂੰ ਕੈਦ ਰੱਖ ਕੇ ਛੱਡ ਦਿੱਤਾ ਗਿਆ, ਪਰ ਜੋ ਕੁਝ ਉਸ ਨੇ ਇਸ ਬੰਦੀ ਦਿਨਾਂ ਦੌਰਾਨ ਜਹਾਦ ਬਾਰੇ ਸੁਣਿਆ, ਉਸ ਨੇ ਉਸ ਦੇ ਦਿਲ ਵਿਚ ਜਹਾਦ ਪ੍ਰਤੀ ਹਮਦਰਦੀ ਭਰ ਦਿੱਤੀ। ਬਾਹਰ ਆ ਕੇ ਉਸ ਨੇ ਹੋਰ ਪੜਤਾਲ ਕੀਤੀ ਤਾਂ ਉਸ ਨੂੰ ਲੱਗਿਆ ਕਿ ਉਸ ਦਾ ਅਸਲੀ ਕੰਮ ਜਹਾਦ ਹੀ ਹੈ। ਫਿਰ ਉਹ ਛੋਟੇ ਸਰਕਲਾਂ ਵਿਚ ਵਿਚਰਦਾ ਇਸ ਜਥੇਬੰਦੀ ਦੇ ਡਾਇਰੈਕਟਰ ਦੇ ਅਹੁਦੇ 'ਤੇ ਆ ਪਹੁੰਚਿਆ। ਅੱਜ ਉਹ ਇਥੇ ਬੈਨੇਵੋਲੈਂਸ ਦੀ ਬਰਾਂਚ ਬਣਾਉਣ ਆਇਆ ਸੀ।

"ਆਫੀਆ ਕਿਵੇਂ ਫਿਰ ਅੱਜ ਦੀ ਮੀਟਿੰਗ ਦੀ ਮੁਕੰਮਲ ਤਿਆਰੀ ਹੋ ਚੁੱਕੀ ਐ?"

"ਹਾਂ ਬਿਲਕੁਲ। ਸਭ ਤਿਆਰੀਆਂ ਹੋ ਚੁੱਕੀਆਂ ਨੇ। ਮੀਟਿੰਗ ਸਹੀ ਟਾਈਮ 'ਤੇ ਸ਼ੁਰੂ ਹੋਵੇਗੀ।"

ਸਾਰਾ ਦਿਨ ਉਹ ਮੀਟਿੰਗ ਬਾਰੇ ਵਿਚਾਰ-ਵਟਾਂਦਰਾ ਕਰਦੇ ਰਹੇ। ਇਹ ਕੋਈ ਛੋਟੀ-ਮੋਟੀ ਮੀਟਿੰਗ ਨਹੀਂ ਸੀ। ਬੈਨੇਵੋਲੈਂਸ ਬਹੁਤ ਵੱਡੀ ਜਥੇਬੰਦੀ ਸੀ ਜਿਸ ਦਾ ਕੰਮ ਭਾਵੇਂ ਚੈਰਿਟੀ ਹੀ ਦੱਸਿਆ ਜਾਂਦਾ ਸੀ ਪਰ ਅਸਲ ਵਿਚ ਇਹ ਅਲ-ਕਾਇਦਾ ਨਾਲ ਜੁੜੀ ਹੋਈ ਸੀ। ਅਲ-ਕਾਇਦਾ ਲਈ ਬਹੁਤ ਸਾਰਾ ਫੰਡ ਇਸੇ ਜਥੇਬੰਦੀ ਰਾਹੀਂ ਇਕੱਠਾ ਹੁੰਦਾ ਸੀ। ਸ਼ਾਮ ਵੇਲੇ ਮੀਟਿੰਗ ਹੋਈ ਤਾਂ ਆਫੀਆ ਹੈਰਾਨ ਰਹਿ ਗਈ। ਇਤਨਾ ਜੋਸ਼ ਉਸ ਨੇ ਕਿਸੇ ਵੀ ਮੀਟਿੰਗ ਵਿਚ ਨਹੀਂ ਵੇਖਿਆ ਸੀ। ਇਸ ਤੋਂ ਬਿਨਾਂ ਬਹੁਤ ਵੱਡੇ-ਵੱਡੇ ਜਹਾਦੀ ਪਹੁੰਚੇ ਹੋਏ ਸਨ। ਆਫੀਆ ਨੇ ਇਸ ਤੋਂ ਪਹਿਲਾਂ ਇਨ੍ਹਾਂ ਦੇ ਸਿਰਫ ਨਾਂ ਹੀ ਸੁਣੇ ਸਨ। ਸੁਲੇਮਾਨ ਨੇ ਬਹੁਤ ਅਸਰਦਾਰ ਤਕਰੀਰ ਕੀਤੀ। ਆਫੀਆ ਨੂੰ ਵੀ ਬੋਲਣ ਦਾ ਮੌਕਾ ਮਿਲਿਆ। ਉਸ ਨੇ ਇਸ ਮੌਕੇ ਦਾ ਇੰਨਾ ਵਧੀਆ ਇਸਤੇਮਾਲ ਕੀਤਾ ਕਿ ਸਾਰੇ ਹੈਰਾਨ ਰਹਿ ਗਏ। ਉਸ ਦੀ ਤਕਰੀਰ ਇੰਨੀ ਅਸਰਦਾਰ ਸੀ ਕਿ ਮੈਂਬਰਾਂ ਦੇ ਦੰਦ ਜੁੜ ਗਏ। ਹਰ ਇੱਕ ਨੂੰ ਲੱਗਿਆ ਕਿ ਇੰਨੀ ਜੋਸ਼ੀਲੀ ਕੁੜੀ ਜਹਾਦ ਵਿਚ ਪਹਿਲਾਂ ਕਦੇ ਨਹੀਂ ਵੇਖੀ। ਉਸ ਨੇ ਸਾਰਿਆਂ ਵੱਲ ਝਾਕਦਿਆਂ ਕਿਹਾ, ਕਿੱਧਰ ਗਿਆ ਮੁਸਲਿਮ ਮਰਦ ਅੱਜ ਦੇ ਦਿਨਾਂ ਵਿਚ? ਕਿੱਧਰ ਗਈ ਉਸ ਦੀ ਅਣਖ, ਕਿ ਬੋਸਨੀਆ 'ਚ ਸਾਡੀਆਂ ਧੀਆਂ ਭੈਣਾਂ ਦਾ ਰਿਹਾ ਕੱਖ ਨਹੀਂ, ਤੇ ਤੁਹਾਡੇ ਕੰਨ 'ਤੇ ਜੂੰ ਨਹੀਂ ਸਰਕੀ? ਉਸ ਨੇ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ-ਮੈਂ ਸਟੇਜ 'ਤੇ ਕਿਉਂ ਖੜ੍ਹੀ ਹਾਂ? ਇੱਥੇ ਤਾਂ ਕਿਸੇ ਮਰਦ ਨੂੰ ਹੋਣਾ ਚਾਹੀਦਾ ਹੈ। ਉਸ ਦੀਆਂ ਗੱਲਾਂ ਦਾ ਇੰਨਾ ਅਸਰ ਹੋਇਆ ਕਿ ਬਹੁਤ ਸਾਰੇ ਮੁੰਡਿਆਂ ਨੇ ਜਹਾਦ ਲਈ ਆਪਣੇ ਨਾਂ ਲਿਖਾ ਦਿੱਤੇ।

ਵਾਪਸ ਮੁੜਦਿਆਂ ਸੁਲੇਮਾਨ ਨੇ ਗੱਲ ਸ਼ੁਰੂ ਕੀਤੀ, "ਆਫੀਆ ਇਸ ਜਥੇਬੰਦੀ ਦਾ ਪ੍ਰਧਾਨ ਮੈਨੂੰ ਨ੍ਹੀਂ, ਬਲਕਿ ਤੈਨੂੰ ਹੋਣਾ ਚਾਹੀਦਾ ਐ ਪਰ...।" ਅਗਾਂਹ ਉਹ ਕੁਝ ਕਹਿੰਦਾ ਕਹਿੰਦਾ ਚੁੱਪ ਕਰ ਗਿਆ। ਉਹ ਕਹਿਣਾ ਚਾਹ ਰਿਹਾ ਸੀ ਕਿ ਇਸਲਾਮ ਮੁਤਾਬਕ ਮਰਦ ਜਥੇਬੰਦੀ ਦਾ ਮੁਖੀ ਮਰਦ ਹੀ ਹੋ ਸਕਦਾ ਹੈ। ਉਸ ਨੂੰ ਚੁੱਪ ਹੋਇਆ ਵੇਖ ਕੇ ਆਫੀਆ ਬੋਲੀ, "ਮੈਂ ਤੇਰੀ ਗੱਲ ਸਮਝ ਗਈ ਆਂ ਪਰ ਮੈਂ ਇਸ ਗੱਲ ਦੇ ਹੱਕ 'ਚ ਆਂ ਕਿ ਇਸਲਾਮ ਨੇ ਔਰਤ ਦਾ ਜੋ ਵੀ ਰੁਤਬਾ ਰੱਖਿਆ ਐ, ਉਹ ਠੀਕ ਐ। ਮੈਂ ਜਿਸ ਅਹੁਦੇ 'ਤੇ ਕੰਮ ਕਰ ਰਹੀ ਆਂ, ਇਹ ਠੀਕ ਐ। ਬੱਸ ਕੰਮ ਚੱਲਦਾ ਰਹਿਣਾ ਚਾਹੀਦਾ ਐ।"

"ਆਫੀਆ, ਤੂੰ ਕਾਮੀਲਾ ਦੀ ਗੱਲ ਸੁਣੀ ਐਂ?" ਸੁਲੇਮਾਨ ਨੇ ਗੱਲ ਬਦਲੀ।

"ਕਾਮੀਲਾ ਕੌਣ?"

"ਇਹ ਨਵੀਂ ਵਾਪਰੀ ਘਟਨਾ ਐਂ, ਇਸ ਕਰ ਕੇ ਤੈਨੂੰ ਪਤਾ ਨ੍ਹੀਂ ਹੋਣਾ। ਕਾਮੀਲਾ ਜਹਾਦੀ ਕੁੜੀ ਐ ਜਿਹੜੀ ਇੰਗਲੈਂਡ 'ਚ ਜੰਮੀ ਪਲੀ ਸੀ। ਉਹ ਆਪਣੇ ਬਲਬੂਤੇ ਹੀ ਬੋਸਨੀਆ ਚਲੀ ਗਈ ਤੇ ਜਹਾਦੀ ਗਰੁਪਾਂ 'ਚ ਰਲ ਗਈ। ਲੜਾਈ 'ਚ ਉਸ ਨੇ ਕਾਫਿਰਾਂ ਦੇ ਆਹੂ ਲਾਹ ਦਿੱਤੇ। ਉਸ ਦੀ ਬਹਾਦਰੀ ਦੀਆਂ ਕਹਾਣੀਆਂ ਨਾਲ ਇੰਟਰਨੈਟ ਭਰਿਆ ਪਿਐ।"

"ਅੱਛਾ ਕੁੜੀ ਹੋ ਕੇ ਉਸ ਨੀ ਇਤਨੀ ਬਹਾਦਰੀ ਕੀਤੀ ਐ। ਇਹ ਤਾਂ ਬਹੁਤ ਵੱਡੀ ਗੱਲ ਐ।"

ਆਫੀਆ ਉਸ ਦੀ ਗੱਲ ਸੁਣ ਕੇ ਆਪਣੇ ਆਪ 'ਚ ਮਗਨ ਹੋ ਗਈ। ਖਿਆਲ 'ਚ ਗੁਆਚੀ ਆਫੀਆ, ਕਾਮੀਲਾ ਦੀ ਥਾਂ ਆਪਣੇ ਆਪ ਨੂੰ ਵੇਖ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਬੋਸਨੀਆ ਵਿਚ ਕਾਮੀਲਾ ਨਹੀਂ, ਉਹ ਖੁਦ ਗਈ ਹੋਵੇ। ਦੁਸ਼ਮਣਾਂ ਦੇ ਆਹੂ ਕਾਮੀਲਾ ਨੇ ਨਹੀਂ, ਬਲਕਿ ਉਸ ਨੇ ਲਾਹੇ ਹੋਣ। ਉਸ ਦੀ ਸੋਚਾਂ ਦੀ ਲੜੀ ਟੁੱਟ ਗਈ ਜਦੋਂ ਸੁਲੇਮਾਨ ਦੀ ਆਵਾਜ਼ ਉਸ ਦੇ ਕੰਨੀ ਪਈ, "ਪਰ...।"

"ਹੈਂ! ਪਰ ਕੀ?" ਆਫੀਆ ਖਿਆਲਾਂ 'ਚੋਂ ਨਿਕਲਦੀ ਹੈਰਾਨੀ ਨਾਲ ਉਸ ਵੱਲ ਝਾਕੀ।

"ਉਸ ਬਾਰੇ ਵੱਡੇ ਮਜ਼ਹਬੀ ਲੀਡਰ ਇਸ ਗੱਲੋਂ ਨਾਰਾਜ਼ ਨੇ ਕਿ ਉਹ ਔਰਤ ਹੋ ਕੇ ਇਕੱਲੀ ਘਰੋਂ ਬਾਹਰ ਗਈ। ਮੇਰਾ ਮਤਲਬ ਅਜਿਹੇ ਵੇਲੇ ਉਸ ਨਾਲ ਉਸ ਦਾ ਮਹਿਰਮ ਹੋਣਾ ਚਾਹੀਦਾ ਐ।

### ਕੌੜਾ ਸੱਚ

ਇਸਲਾਮ ਮੁਤਾਬਕ ਜੇ ਕੋਈ ਔਰਤ ਜਹਾਦ 'ਚ ਹਿੱਸਾ ਲੈਂਦੀ ਐ ਤਾਂ ਉਹ ਘਰ ਵਾਲੇ ਤੋਂ ਬਿਨਾਂ ਇਹ ਕੰਮ ਨ੍ਹੀਂ ਕਰ ਸਕਦੀ।"

"ਇਹ ਗੱਲ ਤਾਂ ਬਿਲਕੁਲ ਠੀਕ ਐ।"

"ਮੇਰਾ ਖਿਆਲ ਐ, ਤੁਸੀਂ ਜਹਾਦੀ ਵੈਬ ਸਾਈਟ 'ਤੇ ਅੱਜ ਦੀ ਖ਼ਬਰ ਨ੍ਹੀਂ ਪੜ੍ਹੀ।" ਹੁਣ ਤੱਕ ਚੁੱਪ ਬੈਠੀ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਮਾਰਲਿਨ ਬੋਲੀ।

"ਕਿਉਂ, ਕੀ ਖ਼ਬਰ ਐ ਅੱਜ ਦੀ?"

"ਉਸ ਲੜਕੀ ਨੇ ਸੁਡਾਨ ਦੇ ਕਿਸੇ ਜਹਾਦੀ ਨਾਲ ਨਿਕਾਹ ਕਰ ਲਿਆ ਐ। ਹੁਣ ਉਹ ਦੋਨੋਂ ਮੀਆਂ ਬੀਵੀ ਮੁਹਾਜ਼ 'ਤੇ ਲੜ ਰਹੇ ਨੇ।"

"ਇਹ ਨੇ ਫਿਰ ਸੱਚੇ ਜਹਾਦੀ ਜਿਹੜੇ ਸਹੀ ਢੰਗ ਨਾਲ ਇਸਲਾਮ ਦੀ ਪਾਲਣਾ ਕਰ ਰਹੇ ਨੇ। ਕਾਸ਼ ਕਿ...।" ਆਫੀਆ ਗੱਲ ਵਿਚਕਾਰ ਛੱਡਦੀ ਚੁੱਪ ਹੋ ਗਈ। ਹੁਣ ਉਸ ਨੂੰ ਖਿਆਲ ਆਇਆ ਕਿ ਕਾਸ਼! ਉਹ ਵੀ ਘਰ ਵਾਲੇ ਨਾਲ ਜਹਾਦ ਲੜ ਰਹੀ ਹੋਵੇ। ਰਸਤੇ ਵਿਚ ਉਸ ਨੂੰ ਉਤਾਰ ਕੇ ਮਾਰਲਿਨ ਅਤੇ ਸੁਲੇਮਾਨ ਅਗਾਂਹ ਲੰਘ ਗਏ। ਆਫੀਆ ਦੇ ਖਿਆਲਾਂ ਵਿਚ ਕਾਮੀਲਾ ਹੀ ਘੁੰਮ ਰਹੀ ਸੀ। ਇਹੀ ਨਹੀਂ, ਉਸ ਨੂੰ ਰਾਤ ਨੂੰ ਨੀਂਦ ਵੀ ਨਾ ਆਈ। ਸਾਰੀ ਰਾਤ ਉਹ ਇਸੇ ਖਿਆਲ ਨਾਲ ਗੁੱਥਮ-ਗੁੱਥਾ ਹੁੰਦੀ ਰਹੀ ਕਿ ਕਾਸ਼! ਉਹ ਕਿਸੇ ਅਜਿਹੇ ਬੰਦੇ ਨਾਲ ਨਿਕਾਹ ਕਰਵਾਏ ਜੋ ਜਹਾਦ ਲੜ ਰਿਹਾ ਹੋਵੇ ਜਾਂ ਲੋੜ ਪੈਣ 'ਤੇ ਜਹਾਦ ਵਿਚ ਜਾਵੇ। ਦਿਨ ਚੜ੍ਹਦੇ ਤੱਕ ਉਸ ਨੇ ਆਪਣੇ ਆਪ ਨਾਲ ਪੱਕਾ ਫੈਸਲਾ ਕਰ ਲਿਆ ਕਿ ਉਹ ਅਜਿਹੇ ਹੀ ਕਿਸੇ ਮੁੰਡੇ ਨਾਲ ਨਿਕਾਹ ਕਰਵਾਏਗੀ ਜੋ ਉਸ ਦੀ ਇਹ ਸੋਚ ਪੂਰੀ ਕਰਦਾ ਹੋਵੇ।

ਆਫੀਆ ਨੇ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰ ਲਈ ਸੀ। ਉਸ ਨੇ ਬਹੁਤ ਉਚੇ ਨੰਬਰਾਂ 'ਚ ਪੜ੍ਹਾਈ ਖਤਮ ਕੀਤੀ ਸੀ। ਸਾਲ 1995 ਦੇ ਜਨਵਰੀ ਮਹੀਨੇ ਉਸ ਦੇ ਅੰਮੀ ਅੱਬਾ ਉਸ ਦੀ ਗਰੈਜੂਏਸ਼ਨ 'ਤੇ ਆਏ। ਗਰੈਜੂਏਸ਼ਨ ਦੀ ਪਾਰਟੀ ਪਿੱਛੋਂ ਅੰਮੀ ਅੱਬਾ ਨਾਲ ਉਹ ਅਪਾਰਟਮੈਂਟ ਆਈ ਤਾਂ ਉਸ ਦੀ ਅੰਮੀ ਨੇ ਗੱਲ ਛੇੜੀ।

"ਆਫੀਆ ਅਸੀਂ ਤੇਰੇ ਨਿਕਾਹ ਬਾਰੇ ਸੋਚ ਰਹੇ ਆਂ।"

ਇਸਮਤ ਦੀ ਇਹ ਗੱਲ ਸੁਣ ਕੇ ਆਫੀਆ ਦੀ ਖੁਸ਼ੀ ਦੀ ਹੱਦ ਨਾ ਰਹੀ; ਕਿਉਂਕਿ ਜਦੋਂ ਦੇ ਉਸ ਦੇ ਅੰਮੀ ਅੱਬਾ ਆਏ ਸਨ, ਉਦੋਂ ਤੋਂ ਉਹ ਮੌਕਾ ਲੱਭ ਰਹੀ ਸੀ ਕਿ ਕਿਸੇ ਵੇਲੇ ਉਹ ਅੰਮੀ ਨਾਲ ਗੱਲ ਛੇੜੇ ਤੇ ਆਪਣੇ ਦਿਲ ਦੀ ਖਾਹਿਸ਼ ਦੱਸੇ। ਹੁਣ ਉਸ ਦੇ ਮਨ ਦੀ ਹੋ ਗਈ ਜਦੋਂ ਅੰਮੀ ਨੇ ਆਪੇ ਹੀ ਗੱਲ ਛੇੜ ਲਈ।

"ਅੰਮੀ, ਉਸ ਤੋਂ ਪਹਿਲਾਂ ਮੈਂ ਕੁਛ ਕਹਿਣਾ ਚਾਹੁੰਨੀ ਆਂ।"

"ਹਾਂ ਬੋਲ।"

"ਅੰਮੀ ਮੇਰੀ ਦਿਲੀ ਇੱਛਾ ਐ ਕਿ ਮੈਂ ਕਿਸੇ ਅਜਿਹੇ ਮੁੰਡੇ ਨਾਲ ਨਿਕਾਹ ਕਰਵਾਵਾਂ ਜੋ ਕਿ ਕਿਧਰੇ ਜਹਾਦ ਲੜ ਰਿਹਾ ਹੋਵੇ।"

"ਆਫੀਆ ਤੇਰੀ ਮੱਤ ਤਾਂ ਨ੍ਹੀਂ ਮਾਰੀ ਗਈ। ਮੈਂ ਤੈਨੂੰ ਕੀ ਕਹਿ ਕੇ ਤੋਰਿਆ ਸੀ?" ਇਮਸਤ ਗੁੱਸੇ 'ਚ ਉਸ ਨੂੰ ਭੱਜ ਕੇ ਪਈ। ਭਵਾਂ ਸਕੋੜਦੀ ਉਹ ਕੁਛ ਪਲ ਆਫੀਆ ਵੱਲ ਵੇਖਦੀ ਰਹੀ ਤੇ ਫਿਰ ਸਖਤ ਆਵਾਜ਼ ਵਿਚ ਦੁਬਾਰਾ ਬੋਲਣ ਲੱਗੀ, "ਮੈਂ ਤੈਨੂੰ ਕਈ ਵਾਰ ਕਹਿ ਚੁੱਕੀ ਆਂ ਕਿ ਇਹ ਕੰਮ ਚੈਰਿਟੀ ਤੱਕ ਤਾਂ ਠੀਕ ਐ, ਪਰ ਉਸ ਤੋਂ ਅੱਗੇ ਨ੍ਹੀਂ। ਤੇਰਾ ਅਸਲ ਮੈਦਾਨ ਤਾਂ ਸਿਆਸਤ ਐ। ਪਾਕਿਸਤਾਨ ਦੀ ਸਿਆਸਤ ਤੈਨੂੰ 'ਵਾਜਾਂ ਮਾਰ ਰਹੀ ਐ। ਤੂੰ ਐਂ ਕਿ ਪਤਾ ਨ੍ਹੀਂ ਕੀ ਪੁੱਠਾ ਸਿੱਧਾ ਸੋਚਦੀ ਰਹਿੰਨੀ ਐਂ। ਜੇ ਇਹ ਗੱਲ ਤੇਰੇ ਅੱਬੂ ਨੇ ਸੁਣ ਲਈ ਤਾਂ ਕਹਿਰ ਹੋਜੂਗਾ।"

"ਪਰ ਅੰਮੀ ਮੇਰਾ ਮਜ਼ਹਬ ਮੈਨੂੰ ਇਜਾਜ਼ਤ ਦਿੰਦਾ ਐ ਕਿ ਜੇ ਮੈਨੂੰ ਚੰਗਾ ਨਾ ਲੱਗੇ ਤਾਂ ਮੈਂ ਨਿਕਾਹ ਤੋਂ ਇਨਕਾਰ ਕਰ ਸਕਦੀ ਆਂ।"

"ਪਰ ਇਸ ਵਿਚ ਚੰਗਾ ਜਾਂ ਮਾੜਾ ਲੱਗਣ ਵਾਲੀ ਕੀ ਗੱਲ ਐ। ਮੈਂ ਤੈਨੂੰ ਅਜੇ ਦੱਸਿਆ ਵੀ ਨ੍ਹੀਂ ਕਿ ਤੇਰੀ ਮੰਗਣੀ ਕਿਸ ਨਾਲ ਕਰਨ ਦੀ ਸੋਚ ਰਹੇ ਆਂ। ਨਾਲੇ ਮਜ਼ਹਬ ਇਹ ਵੀ ਤਾਂ ਕਹਿੰਦਾ ਐ ਕਿ ਬੱਚੇ ਨੂੰ ਮਾਪਿਆਂ ਦੀ ਗੱਲ ਮੰਨਣੀ ਚਾਹੀਦੀ ਐ। ਤੂੰ ਪਹਿਲਾਂ ਪੂਰੀ ਗੱਲ ਸੁਣ ਲੈ।"

"ਹੂੰ, ਦੱਸੋ।" ਆਫੀਆ ਨੇ ਮਨ 'ਚ

*(ਅਗਲੇ ਸਫੇ 'ਤੇ ਜਾਰੀ)*



*ਨਬਰਾਸਕਾ ਯੂਨੀਵਰਸਿਟੀ ਕੈਂਪਸ ਜਿੱਥੋਂ ਪੜ੍ਹਿਆ ਸੁਲੇਮਾਨ ਅਹਿਮਦ ਅਤੇ ਕੁਝ ਨੌਜਵਾਨ ਜਹਾਦੀ ਬਣ ਗਏ ਸਨ।*



ਆਫੀਆ ਸਦੀਕੀ ਦਾ ਖਾਵੰਦ ਅਹਿਮਦ ਮੁਹੰਮਦ ਖਾਨ ਜਿਸ ਨਾਲ ਫੋਨ ਉਤੇ ਹੀ ਨਿਕਾਹ ਪੜ੍ਹਿਆ ਗਿਆ।



ਆਫੀਆ ਦਾ ਵੱਡਾ ਪੁੱਤਰ ਮੁਹੰਮਦ ਅਹਿਮਦ (ਜਨਮ 1996) ਜੋ ਹੁਣ ਫੌਜ਼ੀਆ ਕੋਲ ਰਹਿੰਦਾ ਹੈ।

ਸੋਚਿਆ ਕਿ ਇੱਥੇ ਸਿੱਧੇ ਢੰਗ ਨਾਲ ਗੱਲ ਕਰਨ ਨਾਲ ਗੱਲ ਨ੍ਹੀਂ ਬਣਨੀ। ਉਹ ਅੰਮੀ ਅੱਬਾ ਦੀ ਗੱਲ ਦਾ ਜਵਾਬ ਨਹੀਂ ਦੇ ਸਕੇਗੀ। ਉਸ ਨੇ ਕਿਸੇ ਹੋਰ ਢੰਗ ਨਾਲ ਗੱਲ ਆਪਣੇ ਹੱਕ 'ਚ ਰੱਖਣ ਦਾ ਫੈਸਲਾ ਕਰ ਲਿਆ।

"ਤੈਨੂੰ ਯਾਦ ਹੋਣਾ ਐਂ ਕਿ ਜਦੋਂ ਪਿਛਲੀ ਵਾਰ ਤੂੰ ਪਾਕਿਸਤਾਨ ਆਈ ਸੀ ਤਾਂ ਉਥੇ ਇੱਕ ਜਾਹਿਰਾ ਖਾਂ ਨਾਂ ਦੀ ਔਰਤ ਨੇ ਤੇਰੀ ਤਕਰੀਰ ਸੁਣੀ ਸੀ। ਪਿੱਛੋਂ ਉਸ ਦਾ ਮੁੰਡਾ ਅਮਜਦ ਤੈਨੂੰ ਘਰ ਤੱਕ ਛੱਡਣ ਵੀ ਆਇਆ ਸੀ। ਉਸੇ ਮੁੰਡੇ ਨਾਲ ਤੇਰੀ ਮੰਗਣੀ ਦੀ ਗੱਲ ਚੱਲ ਰਹੀ ਐ। ਉਹ ਇਸੇ ਸਾਲ ਆਗਾ ਖਾਂ ਯੂਨੀਵਰਸਿਟੀ ਤੋਂ ਡਾਕਟਰੀ ਦੀ ਪੜ੍ਹਾਈ ਪੂਰੀ ਕਰ ਰਿਹਾ ਐ। ਫਿਰ ਉਹ ਅਨੈਸਥੀਸਿਆਲੋਜੀ ਦੀ ਉਚੇਰੀ ਪੜ੍ਹਾਈ ਕਰਨ ਇੱਥੇ ਅਮਰੀਕਾ ਆ ਰਿਹਾ ਐ। ਸਾਡੇ ਲਈ ਇਹ ਮੁੰਡਾ ਹਰ ਪੱਖੋਂ ਤੇਰੇ ਮੇਚ ਦਾ ਐ। ਤੂੰ ਹੁਣ ਸੋਚ ਕੇ ਆਪਣੀ ਰਾਇ ਦੱਸ।"

ਅੰਮੀ ਦੀ ਗੱਲ ਸੁਣ ਕੇ ਆਫੀਆ ਚੁੱਪ ਹੋ ਗਈ ਤੇ ਮਨ 'ਚ ਸੋਚਣ ਲੱਗੀ, 'ਸਿੱਧੇ ਢੰਗ ਨਾਲ ਤਾਂ ਮਾਂ ਨੇ ਜਹਾਦ ਵਾਲੀ ਗੱਲ ਮੰਨਣੀ ਨ੍ਹੀਂ, ਪਰ ਕਈ ਗੱਲਾਂ ਤੋਂ ਇਹ ਮੁੰਡਾ ਮੇਰਾ ਚੰਗਾ ਜੀਵਨ ਸਾਥੀ ਹੋ ਸਕਦਾ ਐ। ਉਹ ਇੱਥੇ ਅਮਰੀਕਾ ਹੋਵੇਗਾ ਤਾਂ ਮੈਂ ਉਸ ਨੂੰ ਜਹਾਦ ਵਿਚ ਹਿੱਸਾ ਲੈਣ ਲਈ ਪਰੇਰ ਲਵਾਂਗੀ। ਇਸ ਤਰ੍ਹਾਂ ਮੇਰਾ ਮਨੋਰਥ ਵੀ ਪੂਰਾ ਹੋ ਜਾਵੇਗਾ ਅਤੇ ਘਰਦਿਆਂ ਦਾ ਵੀ ਮਾਣ ਰਹਿ ਜਾਵੇਗਾ। ਮੈਂ ਤਰੀਕੇ ਨਾਲ ਅੰਮੀ ਨੂੰ ਕਹਿ ਕੇ ਉਸ ਮੁੰਡੇ ਤੋਂ ਜਹਾਦ ਲਈ ਹਾਮੀ ਭਰਵਾ ਲੈਂਦੀ ਆਂ।' ਮਨ 'ਚ ਫੈਸਲਾ ਕਰ ਕੇ ਆਫੀਆ ਅੰਮੀ ਨੂੰ ਬੋਲੀ, "ਪਰ ਅੰਮੀ ਮੇਰਾ ਇਹ ਹੱਕ ਐ ਕਿ ਮੈਂ ਆਪਣੇ ਹੋਣ ਵਾਲੇ ਖਾਵੰਦ ਨੂੰ ਪੁੱਛਾਂ ਕਿ ਕੀ ਲੋੜ ਪੈਣ 'ਤੇ ਉਹ ਜਹਾਦ ਵਿਚ ਹਿੱਸਾ ਲਵੇਗਾ ਜੋ ਹਰ ਮੁਸਲਮਾਨ ਦਾ ਪਹਿਲਾ ਧਰਮ ਐ।"

ਇਸਮਤ ਨੂੰ ਉਸ ਦੀ ਗੱਲ ਕੁਝ ਕੁਝ ਠੀਕ ਲੱਗੀ। ਉਸ ਨੇ ਸੋਚਿਆ ਕਿ ਇਸ ਤਰ੍ਹਾਂ ਪੁੱਛਣ ਵਿਚ ਕੀ ਹਰਜ ਐ। ਇਸ ਤਰ੍ਹਾਂ ਤਾਂ ਹਰ ਮੁਸਲਮਾਨ ਸੋਚਦਾ ਹੈ ਕਿ ਜੇ ਜ਼ਰੂਰਤ ਹੋਵੇਗੀ ਤਾਂ ਉਹ ਜਹਾਦ ਵਿਚ ਹਿੱਸਾ ਜ਼ਰੂਰ ਲਵੇਗਾ। ਨਿਕਾਹ ਵਗੈਰਾ ਵੇਲੇ ਇਹ ਇਕ ਕਿਸਮ ਦੀ ਰਸਮ ਈ ਸਮਝੀ ਜਾਂਦੀ ਹੈ। ਉਸ ਨੇ ਇਸ ਗੱਲ ਬਾਰੇ ਆਫੀਆ ਨੂੰ ਹਾਂ ਕਹਿ ਦਿੱਤੀ ਤੇ ਨਾਲ ਹੀ ਪਿੱਛੇ ਪਾਕਿਸਤਾਨ ਆਪਣੇ ਪਰਿਵਾਰ ਨੂੰ ਖਾਨ ਪਰਿਵਾਰ ਤੱਕ ਇਹ ਗੱਲ ਪਹੁੰਚਾਉਣ ਤੱਕ ਸੁਨੇਹਾ ਭਿਜਵਾ ਦਿੱਤਾ। ਉਧਰ ਖਾਨ ਪਰਿਵਾਰ ਵਾਲੇ ਸੁਨੇਹਾ ਮਿਲਣ 'ਤੇ ਸਦੀਕੀ ਪਰਿਵਾਰ ਦੇ ਮਜ਼ਹਬੀ ਰਹਿਨੁਮਾ ਮੁਫਤੀ ਸਾਹਿਬ ਨੂੰ ਮਿਲਣ ਗਏ। ਸਾਰੀ ਗੱਲਬਾਤ ਤੋਂ ਪਿੱਛੋਂ ਮੁਫਤੀ ਸਾਹਿਬ ਨੇ ਅਮਜਦ ਨਾਲ ਵੱਖਰੇ ਤੌਰ 'ਤੇ ਗੱਲ ਕਰਦਿਆਂ ਪੁੱਛਿਆ, "ਬੇਟਾ, ਜੇ ਲੋੜ ਪਵੇ ਤਾਂ ਕੀ ਤੂੰ ਜਹਾਦ 'ਚ ਹਿੱਸਾ ਲਵੇਂਗਾ?"

"ਜੀ!?" ਅਮਜਦ ਹੈਰਾਨ ਹੋਇਆ। ਉਸ ਨੇ ਸੋਚਿਆ ਕਿ ਉਹ ਡਾਕਟਰ ਹੈ, ਕੋਈ ਫੌਜੀ ਨਹੀਂ। ਫਿਰ ਉਸ ਦੇ ਮਨ 'ਚ ਖਿਆਲ ਆਇਆ ਕਿ ਮਜ਼ਹਬੀ ਰਹਿਨੁਮਾ ਹੋਣ ਦੇ ਨਾਤੇ ਮੁਫਤੀ ਸਾਹਿਬ ਵਲੋਂ ਇਸ ਤਰ੍ਹਾਂ ਦਾ ਸੁਆਲ ਪੁੱਛਣਾ ਕੁਦਰਤੀ ਹੈ। ਉਸ ਨੇ ਵੀ ਇਸ ਨੂੰ ਰਸਮ ਜਿਹੀ ਸਮਝਦਿਆਂ ਕਿਹਾ, "ਜੀ, ਇੰਸ਼ਾ ਅੱਲਾ! ਜੇ ਖੁਦਾ ਨੇ ਚਾਹਿਆ ਤਾਂ ਅਜਿਹਾ ਹੀ ਹੋਵੇਗਾ।" ਮੀਟਿੰਗ ਖਤਮ ਹੋ ਗਈ। ਇਹ ਗੱਲ ਅਮਰੀਕਾ ਬੈਠੇ ਸਦੀਕੀ ਜੋੜੇ ਰਾਹੀਂ ਆਫੀਆ ਤੱਕ ਪਹੁੰਚ ਗਈ ਕਿ ਹੋਣ ਵਾਲੇ ਲਾੜੇ ਨੇ ਜਹਾਦ 'ਚ ਹਿੱਸਾ ਲੈਣ ਦੀ ਸਹਿਮਤੀ ਪ੍ਰਗਟਾਈ ਹੈ। ਉਸ ਨੇ ਖੁਸ਼ੀ ਖੁਸ਼ੀ ਰਿਸ਼ਤੇ ਲਈ 'ਹਾਂ' ਕਰ ਦਿੱਤੀ। ਸਦੀਕੀ ਪਰਿਵਾਰ ਵਾਪਸ ਪਾਕਿਸਤਾਨ ਚਲਿਆ ਗਿਆ। ਪਿੱਛੋਂ ਇਹ ਨਿਕਾਹ ਫੋਨ ਉਪਰ ਹੀ ਹੋਇਆ।

ਇਸ ਵਿਚਕਾਰ 1993 'ਚ ਬੇਨਜ਼ੀਰ ਭੁੱਟੋ ਦੂਜੀ ਵਾਰ ਵਜ਼ੀਰੇ-ਆਜ਼ਮ ਚੁਣੀ ਜਾ ਚੁੱਕੀ ਸੀ। ਸਭ ਨੂੰ ਪਤਾ ਸੀ ਕਿ ਉਹ ਅਮਰੀਕਾ ਪੱਖੀ ਹੈ। ਅਮਰੀਕਾ ਗੌਰਮਿੰਟ ਨੇ ਉਸ ਨੂੰ ਪਹਿਲੀ ਗੱਲ ਦੁਨੀਆਂ ਦੇ ਸਭ ਤੋਂ ਵੱਧ ਲੋੜੀਂਦੇ ਦਹਿਸ਼ਤਪਸੰਦ ਰਮਜ਼ੀ ਯੂਸਫ ਨੂੰ ਫੜਨ ਲਈ ਕਹੀ। ਭੁੱਟੋ ਨੇ ਇਸ ਲਈ ਪੂਰੀ ਮੱਦਦ ਦੇਣ ਦਾ ਭਰੋਸਾ ਦਿੱਤਾ। ਇਸ ਪਿੱਛੋਂ ਕਈ ਵਾਰ ਛਾਪੇ ਮਾਰੇ ਗਏ ਪਰ ਰਮਜ਼ੀ ਯੂਸਫ ਹਰ ਵਾਰੀ ਨਿਕਲ ਜਾਂਦਾ। ਇੱਕ ਦਿਨ ਭੁੱਟੋ ਨੇ ਆਪਣੇ ਖਾਸ ਅਫਸਰ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਆਈ.ਐਸ.ਆਈ. ਵਿਚ ਰਮਜ਼ੀ ਦੇ ਖਾਸ ਸੈਲ ਹਨ। ਉਹ ਹਰ ਵਾਰ ਰੇਡ ਹੋਣ ਤੋਂ ਪਹਿਲਾਂ ਹੀ ਉਸ ਨੂੰ ਕੱਢ ਦਿੰਦੇ ਹਨ। ਫਿਰ ਭੁੱਟੋ ਨੇ ਅਜਿਹੀ ਟਾਸਕ ਫੋਰਸ ਬਣਾਈ ਜਿਸ ਦੀ ਉਹ ਖੁਦ ਇੰਚਰਾਜ ਸੀ। ਇਸ ਟਾਸਕ ਫੋਰਸ ਵਿਚ ਸਾਰੇ ਉਸ ਦੇ ਭਰੋਸੇ ਦੇ ਅਫਸਰ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਅਗਲੇ ਹੀ ਮਹੀਨੇ ਰਮਜ਼ੀ ਯੂਸਫ ਫੜਿਆ ਗਿਆ। ਉਸ ਨੂੰ ਗ੍ਰਿਫਤਾਰ ਕਰਦਿਆਂ ਸਾਰ ਅਮਰੀਕਨ ਗੌਰਮਿੰਟ ਉਸ ਨੂੰ ਅਮਰੀਕਾ ਲੈ ਗਈ। ਇਸ ਨਾਲ ਭੁੱਟੋ ਉਤੇ ਬੜੀਆਂ ਤੋਹਮਤਾਂ ਲੱਗੀਆਂ ਕਿ ਉਸ ਨੇ ਮੁਸਲਮਾਨ ਹੋ ਕੇ ਇੱਕ ਮੁਸਲਮਾਨ ਨੂੰ ਕਾਫਰਾਂ ਦੇ ਹਵਾਲੇ ਕਰ ਦਿੱਤਾ ਹੈ ਪਰ ਉਸ ਨੇ ਇਸ ਦੀ ਜ਼ਰਾ ਵੀ ਪ੍ਰਵਾਹ ਨਾ ਕੀਤੀ; ਸਗੋਂ ਇਸ ਪਿੱਛੋਂ ਉਹ ਦਹਿਸ਼ਤਪਸੰਦਾਂ ਮਗਰ ਹੱਥ ਧੋ ਕੇ ਪੈ ਗਈ। ਸਭ ਤੋਂ ਪਹਿਲਾ ਕੰਮ ਉਸ ਨੇ ਆਈ.ਐਸ.ਆਈ. ਦੇ ਮੁਖੀ ਅਤੇ ਦਹਿਸ਼ਤਪਸੰਦਾਂ ਦੇ ਕੱਟੜ ਸਮਰਥਕ ਜਾਵੇਦ ਨਾਸਿਰ ਨੂੰ ਅਹੁਦੇ ਤੋਂ ਹਟਾ ਦਿੱਤਾ ਤੇ ਉਸ ਦੀ ਜਗ੍ਹਾ ਆਪਣਾ ਖਾਸ ਬੰਦਾ ਲਾ ਦਿੱਤਾ। ਉਹ ਹੋਰ ਵੀ ਬੜੇ ਕੰਮ ਕਰ ਰਹੀ ਸੀ, ਪਰ ਇਸ ਦਰਮਿਆਨ ਉਸ ਦੀ ਸਰਕਾਰ ਕੁਰੱਪਸ਼ਨ ਦੇ ਚੱਕਰ 'ਚ ਫਸ ਗਈ ਤੇ ਆਪਣੀ ਮਿਆਦ ਵੀ ਪੂਰੀ ਨਾ ਕਰ ਸਕੀ। ਅਗਲੀਆਂ ਚੋਣਾਂ ਵਿਚ ਭੁੱਟੋ ਦੀ ਪਾਰਟੀ ਹਾਰ ਗਈ ਤੇ ਭੁੱਟੋ ਪੱਕੇ ਤੌਰ 'ਤੇ ਮੁਲਕ ਛੱਡ ਗਈ।

ਗਰੈਜੂਏਸ਼ਨ ਪੂਰੀ ਹੋਣ ਪਿੱਛੋਂ ਵੀ ਆਫੀਆ ਨੇ ਐਮ.ਆਈ.ਟੀ. ਵਿਚ ਆਪਣੀ ਕੰਪਿਊਟਰ ਦੀ ਪਾਰਟ ਟਾਈਮ ਨੌਕਰੀ ਰੱਖੀ ਹੋਈ ਸੀ। ਅੱਜਕੱਲ੍ਹ ਉਸ ਨੂੰ ਮਹਿਸੂਸ ਹੋਣ ਲੱਗਿਆ, ਜਿਵੇਂ ਉਸ ਦਾ ਹਰ ਵਕਤ ਪਿੱਛਾ ਕੀਤਾ ਜਾਂਦਾ ਹੋਵੇ। ਉਸ ਨੇ ਇਸ ਬਾਰੇ ਸੁਹੇਲ ਨਾਲ ਗੱਲ ਕੀਤੀ ਤਾਂ ਸੁਹੇਲ ਨੇ ਦੱਸਿਆ ਕਿ ਐਫ.ਬੀ.ਆਈ. ਕੇਅਰ ਬ੍ਰਦਰਜ਼ ਮਗਰ ਪਈ ਹੋਈ ਹੈ ਇਸ ਕਰ ਕੇ ਬਚ ਕੇ ਰਿਹਾ ਜਾਵੇ। ਕੇਅਰ ਬ੍ਰਦਰਜ਼, ਐਮ.ਐਸ.ਏ. ਅਤੇ ਹੋਰ ਜਥੇਬੰਦੀਆਂ ਸਹਿਮੀਆਂ ਜਿਹੀਆਂ ਰਹਿਣ ਲੱਗੀਆਂ ਸਨ। ਹਰ ਕਿਸੇ ਨੂੰ ਲੱਗਦਾ ਸੀ ਕਿ ਗੌਰਮਿੰਟ ਉਨ੍ਹਾਂ ਮਗਰ ਘੁੰਮ ਰਹੀ ਹੈ। ਫਿਰ ਉਦੋਂ ਹੀ 19 ਅਪਰੈਲ 1995 ਨੂੰ ਓਕਲਹੋਮਾ ਸਿਟੀ ਦੀ ਮੂਰਾ ਨਾਮੀ ਫੈਡਰਲ ਬਿਲਡਿੰਗ 'ਚ ਭਿਆਨਕ ਬੰਬ ਧਮਾਕਾ ਹੋ ਗਿਆ ਜਿਸ ਵਿਚ ਸੈਂਕੜੇ ਬੰਦੇ ਮਾਰੇ ਗਏ। ਸਾਰਾ ਅਮਰੀਕਾ ਦਹਿਲ ਗਿਆ।

ਐਫ.ਬੀ.ਆਈ. ਨੇ ਧਿਆਨ ਨਾਲ ਵੇਖਿਆ ਤਾਂ ਪਤਾ ਲੱਗਿਆ ਕਿ ਇਸ ਬੰਬ ਧਮਾਕੇ ਦੇ ਸਾਰੇ ਢੰਗ ਤਰੀਕੇ ਉਸ ਬੰਬ ਧਮਾਕੇ ਨਾਲ ਮਿਲਦੇ-ਜੁਲਦੇ ਸਨ ਜੋ ਰਮਜ਼ੀ ਯੂਸਫ ਨੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੇ ਪਾਰਕਿੰਗ ਲਾਟ 'ਚ ਕੀਤਾ ਸੀ। ਐਫ.ਬੀ.ਆਈ. ਸਾਰੀਆਂ ਮੁਸਲਿਮ ਜਥੇਬੰਦੀਆਂ ਮਗਰ ਹੱਥ ਧੋ ਕੇ ਪੈ ਗਈ। ਖਾਸ ਕਰ ਕੇ ਕੇਅਰ ਬ੍ਰਦਰਜ਼ ਮਗਰ। ਅਗਲੇ ਦਿਨ ਆਫੀਆ ਕੰਮ 'ਤੇ ਗਈ ਤਾਂ ਉਸ ਨੂੰ ਨਾਲ ਦੇ ਕਾਮੇ ਨੇ ਦੱਸਿਆ ਕਿ ਕੁਝ ਦੇਰ ਪਹਿਲਾਂ ਹੀ ਉਸ ਨੂੰ ਐਫ.ਬੀ.ਆਈ. ਵਾਲੇ ਲੱਭਣ ਆਏ ਸਨ। ਆਫੀਆ ਤੁਰੰਤ ਵਾਪਸ ਮੁੜ ਆਈ ਤੇ ਬਾਹਰੋਂ ਹੀ ਕਿਧਰੋਂ ਸ਼ਿਕਾਗੋ ਚਲੀ ਗਈ। ਉਸ ਦੀ ਵੱਡੀ ਭੈਣ ਫੌਜ਼ੀਆ ਕੁਝ ਮਹੀਨੇ ਪਹਿਲਾਂ ਹੀ ਪੜ੍ਹਨ ਲਈ ਸ਼ਿਕਾਗੋ ਆਈ ਸੀ ਤੇ ਉਥੇ ਅਪਾਰਟਮੈਂਟ ਲੈ ਕੇ ਰਹਿੰਦੀ ਸੀ। ਆਫੀਆ ਉਸ ਦੇ ਕੋਲ ਜਾ ਠਹਿਰੀ। ਉਥੇ ਹੀ ਉਸ ਨੂੰ ਇੱਕ ਦਿਨ ਸੁਹੇਲ ਦਾ ਫੋਨ ਆਇਆ। ਅਵਾਜ਼ ਪਛਾਣਦਿਆਂ ਉਹ ਬੋਲਿਆ, "ਆਫੀਆ ਓਕਲਹੋਮਾ ਸਿਟੀ ਬੰਬ ਧਮਾਕੇ ਵਾਲਾ ਬੰਦਾ ਫੜਿਆ ਜਾ ਚੁੱਕਿਆ ਐ।"

"ਅੱਛਾ! ਕੌਣ ਐਂ ਉਹ?"

"ਉਹ ਟਿਮਥੀ ਮੈਕਵੇਅ ਨਾਂ ਦਾ ਕੋਈ ਅਮਰੀਕੀ ਐ।"

"ਅੱਛਾ ਅਮਰੀਕਾ 'ਚ ਵੀ ਜਹਾਦੀ ਪੈਦਾ ਹੋਣ ਲੱਗ ਪਏ।" ਆਫੀਆ ਹੱਸੀ।

"ਤੂੰ ਇਹ ਗੱਲ ਛੱਡ, ਪਰ ਉਸ ਦੇ ਫੜੇ ਜਾਣ ਨਾਲ ਆਪਾਂ ਨੂੰ ਬੜਾ ਫਾਇਦਾ ਹੋਇਆ ਐ।"

"ਉਹ ਕਿਵੇਂ?"

"ਕਿਉਂਕਿ ਹੁਣ ਤੱਕ ਅਮਰੀਕਨ ਸਰਕਾਰ ਸਮਝਦੀ ਸੀ ਕਿ ਇਹ ਧਮਾਕਾ ਕਿਸੇ ਇਸਲਾਮੀ ਜਹਾਦੀ ਨੇ ਕੀਤਾ ਐ; ਇਸੇ ਕਰ ਕੇ ਆਪਣੀਆਂ ਸਾਰੀਆਂ ਜਥੇਬੰਦੀਆਂ ਮਗਰ ਹੱਥ ਧੋ ਕੇ ਪੈ ਗਈ ਸੀ, ਪਰ ਹੁਣ ਸਭ ਕੁਛ ਬਦਲ ਗਿਐ। ਆਪਣੇ ਵੱਲੋਂ ਉਹ ਪਿੱਛੇ ਹਟ ਗਏ ਨੇ। ਤੂੰ ਚਾਹੇਂ ਤਾਂ ਵਾਪਸ ਆ ਸਕਦੀ ਐਂ। ਉਂਜ ਤੇਰੀ ਮਰਜ਼ੀ ਐ ਪਰ ਜੋ ਵੀ ਤੇਰਾ ਪ੍ਰੋਗਰਾਮ ਬਣੇ, ਮੈਨੂੰ ਦੱਸ ਦੇਵੀਂ।"

ਇਸ ਪਿੱਛੋਂ ਸੁਹੇਲ ਨੇ ਫੋਨ ਕੱਟ ਦਿੱਤਾ ਤੇ ਆਫੀਆ ਦੇ ਸਿਰ ਤੋਂ ਵੀ ਭਾਰ ਲਹਿ ਗਿਆ।

**(ਚਲਦਾ)**

# ਹਿਊਰਾਨ ਲੇਕ-ਦੇਖ ਦੇਖ ਮਨ ਹਰਖੇ

**ਸ਼ਬਦ ਝਰੋਖਾ**



ਬਲਜੀਤ ਬਾਸੀ

*ਫੋਨ: 734-259-9353*

ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਅਮਰੀਕਾ ਵਿਚ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ 'ਝੀਲਾਂ ਵਾਲੀ ਸਟੇਟ' ਮਿਸ਼ੀਗਨ ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਇਹ ਰਾਜ ਤਾਜ਼ੇ ਪਾਣੀ ਦੀਆਂ 65000 ਦੇ ਲਗਭਗ ਝੀਲਾਂ ਤੇ ਛੱਪੜਾਂ ਨਾਲ ਸਿਰੇ ਤਕ ਸਰਸ਼ਾਰ ਹੋਇਆ ਪਿਆ ਹੈ। ਪੰਜ ਮਹਾਂ ਝੀਲਾਂ ਵਿਚੋਂ 4 ਇਸ ਦੇ ਆਲੇ-ਦੁਆਲੇ ਵਲੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ 3 ਦੁਨੀਆਂ ਦੀਆਂ ਸਭ ਤੋਂ ਵੱਡੀਆਂ ਝੀਲਾਂ ਵਿਚ ਸ਼ੁਮਾਰ ਹੁੰਦੀਆਂ ਹਨ। ਲੇਕ ਸੁਪੀਰੀਅਰ ਇਸ ਦੇ ਸਿਰ ਦਾ ਤਾਜ ਹੈ ਤੇ ਲੇਕ ਮਿਸ਼ੀਗਨ ਅਤੇ ਲੇਕ ਹਿਊਰਾਨ ਨੇ ਇਸ ਦੇ ਪੱਛਮ ਤੇ ਪੂਰਬ ਵਾਲੇ ਪਾਸੇ ਗਲਵਕੜੀ ਪਾਈ ਹੋਈ ਹੈ। ਲੇਕ ਐਰੀ ਇਸ ਦੇ ਪੈਰਾਂ 'ਚ ਵਿਛੀ ਪਈ ਹੈ। ਮਿਸ਼ੀਗਨ ਵਿਚ ਕਿਸੇ ਵੀ ਥਾਂ ਅਤੇ ਵਧ ਤੋਂ ਵਧ ਛੇ ਮੀਲ ਦੀ ਦੂਰੀ 'ਤੇ ਝੀਲ ਮਿਲ ਜਾਂਦੀ ਹੈ।

ਹਰ ਗਰਮੀਆਂ ਵਿਚ ਇਕ ਦੋ ਵਾਰੀ ਜ਼ਰੂਰ ਇਨ੍ਹਾਂ ਲੇਕਾਂ ਦਾ ਲੰਮਾ ਗੇੜਾ ਮਾਰੀਦਾ ਹੈ। ਭਾਰਤ ਵਿਚ ਰਹਿੰਦਿਆਂ ਮੈਨੂੰ ਪਹਾੜ ਦੇਖਣ ਦਾ ਭੁਸ ਪੈ ਗਿਆ ਸੀ। ਕਸ਼ਮੀਰ 4-5 ਵਾਰ ਜਾ ਆਇਆ ਹਾਂ। ਡੱਲ, ਵੂਲਰ ਤੇ ਜੈਸਮੀਨ ਝੀਲਾਂ ਚੇਤੇ ਵਿਚ ਉਕਰੀਆਂ ਪਈਆਂ ਹਨ। ਬਾਕੀ ਹਿਮਾਚਲ ਜਾਂ ਉਤਰਾਖੰਡ ਦਾ ਕੋਈ ਪਹਾੜ ਛੱਡਿਆ ਨਹੀਂ। ਸਾਡੇ ਡਿਟਰਾਇਟ ਸ਼ਹਿਰ ਦੇ ਨਾਲ ਲਗਦਾ ਪੂਰਬ ਵੱਲ ਕੈਨੇਡਾ ਦਾ ਮਸ਼ਹੂਰ ਸ਼ਹਿਰ ਵਿੰਡਸਰ ਹੈ। ਡਿਟਰਾਇਟ-ਵਿੰਡਸਰ ਜੌੜੇ ਸ਼ਹਿਰਾਂ ਵਜੋਂ ਜਾਣੇ ਜਾਂਦੇ ਹਨ। ਦੋਨਾਂ ਸ਼ਹਿਰਾਂ ਦੇ ਵਿਚਕਾਰ ਦੀ ਡਿਟਰਾਇਟ ਦਰਿਆ ਵਗਦਾ ਹੈ ਤੇ ਇਸ ਪਾਸਿਉਂ ਇਹੀ ਅਮਰੀਕਾ-ਕੈਨੇਡਾ ਦੀ ਸਰਹੱਦ ਵੀ ਹੈ। ਅਸਲ ਵਿਚ ਇਹ ਦਰਿਆ ਉਪਰਲੀ ਲੇਕ ਹਿਊਰਾਨ ਤੇ ਹੇਠਲੀ ਲੇਕ ਐਰੀ ਨੂੰ ਜੋੜਦਾ ਵੀ ਹੈ ਇਸ ਲਈ ਇਸ ਨੂੰ ਜੁਗਰਾਫੀਏ ਅਨੁਸਾਰ ਪੰਜਾਬੀ ਵਿਚ ਜਲ-ਡਮਰੂ-ਮਧ ਵੀ ਆਖਦੇ ਹਨ ਅਰਥਾਤ ਦੋ ਝੀਲਾਂ ਨੂੰ ਜੋੜਨ ਵਾਲਾ ਪਾਣੀ।

ਪਿਛਲੀਆਂ ਗਰਮੀਆਂ 'ਚ ਲੇਕ ਹਿਊਰਾਨ ਦਾ ਚੱਕਰ ਮਾਰਿਆ, ਇਸ ਲਈ ਇਸ ਬਾਰੇ ਲਿਖਣ ਦਾ ਮਨ ਬਣਿਆ। ਲੇਕ ਹਿਊਰਾਨ ਰਕਬੇ ਪੱਖੋਂ ਪੰਜ ਵੱਡੀਆਂ ਲੇਕਾਂ ਵਿਚੋਂ ਦੂਜੇ ਨੰਬਰ 'ਤੇ ਹੈ। ਯੂਰਪੀਨਾਂ ਵਿਚੋਂ ਸਭ ਤੋਂ ਪਹਿਲਾਂ ਫਰਾਂਸੀਸੀ 17ਵੀਂ ਸਦੀ ਦੇ ਸ਼ੁਰੂ ਵਿਚ ਇਸ ਖੇਤਰ ਵਿਚ ਆਏ। ਉਹ ਜਾਨਵਰਾਂ ਦੀ ਖੱਲ ਲਭਦੇ ਫਿਰਦੇ ਸਨ। 1656 ਦੇ ਇਕ ਨਕਸ਼ੇ ਮੁਤਾਬਿਕ ਇਸ ਝੀਲ ਨੂੰ ਕਰੇਗਨੋਂਦੀ ਦੱਸਿਆ ਗਿਆ ਹੈ ਜੋ ਇਥੋਂ ਦੇ ਮੂਲ ਬਾਸ਼ਿੰਦਿਆਂ ਵੈਨਡਟ ਦੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਤਾਜ਼ੇ ਪਾਣੀ ਵਾਲਾ ਸਮੁੰਦਰ ਦੱਸਿਆ ਜਾਂਦਾ ਹੈ। ਇਥੇ ਰਹਿਣ ਵਾਲੇ ਅਸਲੀ ਵਸਨੀਕਾਂ ਨੂੰ ਫਰਾਂਸੀਸੀ ਨੌਅਬਾਦਕਾਰਾਂ ਨੇ 'ਹਿਊਰਾਨ' ਦਾ ਨਾਂ ਦਿੱਤਾ ਸੀ। ਫਰਾਂਸੀਸੀ ਵਿਚ une hure ਦਾ ਮਤਲਬ ਹੈ, ਖੜਵਾਂ ਵਾਲ। ਇਸ ਦਾ ਵਿਕਸਿਤ ਅਰਥ ਜਾਨਵਰ ਦਾ ਸਿਰ ਤੇ ਫਿਰ ਜਾਨਵਰ ਵਰਗਾ ਮਨੁਖੀ ਸਿਰ ਹੋ ਗਿਆ। ਫਰਾਂਸੀਸੀ ਵਿਚ ਕਿਸੇ ਸ਼ਬਦ ਦੇ ਪਿਛੇ ਜੇ -on ਲੱਗ ਜਾਵੇ ਤਾਂ ਇਹ ਸੰਕੇਤਿਤ ਵਸਤੂ ਦੇ ਵਡਰੂਪ ਦਾ ਸੂਚਕ ਬਣ ਜਾਂਦਾ ਹੈ। ਸੋ ਫਰਾਂਸੀਸੀ huro ਪਿਛੇ on ਲਗ ਕੇ ਬਣੇ ਸ਼ਬਦ huron ਦਾ ਅਰਥ ਬਣਿਆ-ਵਾਲਾਂ ਦਾ ਗੁਛਾ। ਪੁਰਾਣੀ ਫਰਾਂਸੀਸੀ ਵਿਚ ਇਸ ਦਾ ਅਰਥ ਜੰਗਲੀ ਸੂਰ ਵੀ ਹੋ ਗਿਆ ਕਿਉਂਕਿ ਇਸ ਦੇ ਸਿਰ 'ਤੇ ਗੁਛੇਦਾਰ ਵਾਲ ਹੁੰਦੇ ਹਨ। ਕਿਸੇ ਊਟ-ਪਟਾਂਗ ਜਾਂ ਅਸਾਧਾਰਨ ਜਿਹੀ ਸ਼ਕਲ ਵਾਲੇ ਮਨੁਖ ਜਾਂ ਜਾਨਵਰ ਦਾ ਉਜੱਡ, ਝੁਡੂ ਦੇ ਅਰਥਾਂ ਵਿਚ ਵਟਣਾ ਆਮ ਗੱਲ ਹੈ। ਪੰਜਾਬੀ ਵਿਚ ਖੁਥੜ, ਝਾਟੂ, ਝਲਕੁਕੜ, ਬੂਝੜ ਜਿਹੇ ਸ਼ਬਦਾਂ ਦੇ ਭਾਵ ਇਹੀ ਹਨ। ਇਕ ਦੰਦ ਕਥਾ ਅਨੁਸਾਰ ਕੁਝ ਫਰਾਂਸੀਸੀ ਸਿਪਾਹੀਆਂ ਨੇ ਘੁੰਮਦੇ-ਘੁੰਮਾਉਂਦਿਆਂ ਇਸ ਲੇਕ ਦੇ ਆਸ-ਪਾਸ ਲੋਕਾਂ ਦਾ ਝੁੰਡ ਦੇਖਿਆ। ਇਨ੍ਹਾਂ ਨੇ ਪਾਸਿਆਂ ਤੋਂ ਵਾਲ ਮੁੰਨੇ ਹੋਏ ਸਨ ਪਰ ਸਿਰ ਉਪਰ ਝਾਟਾ ਖਿਲਾਰਿਆ ਹੋਇਆ ਸੀ। ਇਸ ਸ਼ਕਲ ਵਿਚ ਉਹ ਫਰੰਗੀਆਂ ਨੂੰ ਜੰਗਲੀ ਸੂਰ ਜਾਂ ਗੰਵਾਰ ਜਾਪੇ ਹੋਣਗੇ। ਸੈਨਿਕਾਂ ਨੇ ਉਨ੍ਹਾਂ ਨੂੰ ਹਿਊਰਾਨ ਦਾ ਨਾਂ ਦਿੱਤਾ ਹਾਲਾਂਕਿ ਇਹ ਆਦਿ ਵਾਸੀ ਆਪਣੇ ਆਪ ਨੂੰ ਆਪਣੀ ਭਾਸ਼ਾ ਵਿਚ Wendat ਕਹਾਉਂਦੇ ਸਨ ਜਿਸ ਦਾ ਮਤਲਬ ਹੈ-ਟਾਪੂਵਾਸੀ। ਫਰਾਂਸੀਸੀ ਇਸ ਲੇਕ ਦੇ ਆਸ ਪਾਸ ਦੇ ਖਿਤੇ ਨੂੰ 'ਹਿਰੋਨੀਆ' ਕਹਿਣ ਲੱਗ ਪਏ। ਯੂਰਪੀਨ ਵਪਾਰੀਆਂ, ਫੌਜੀਆਂ ਤੇ ਨੌਆਬਾਦਕਾਰਾਂ ਨੇ ਏਸ਼ੀਆ, ਅਫਰੀਕਾ ਅਤੇ ਅਮਰੀਕਾ ਦੇ ਅਸਲੀ ਵਾਸੀਆਂ ਲਈ ਬਹੁਤ ਘ੍ਰਿਣਾਸੂਚਕ ਲਕਬਾਂ ਦੀ ਵਰਤੋਂ ਕੀਤੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸਾਈ ਮਿਸ਼ਨਰੀ ਜੈਸੂਟ ਅਜਿਹੇ ਅਣਮਨੁਖੀ ਕਰਮਾਂ 'ਚ ਪਹਿਲ ਕਰਦੇ ਸਨ।



*ਹਿਊਰਾਨ ਆਦਿ ਵਾਸੀ*

ਹਿਊਰਾਨ ਉਰਫ ਵੈਂਡਟਾਂ ਦੇ ਲੰਬੂਤਰੇ ਜਿਹੇ ਘਰਾਂ ਵਿਚ ਅੱਠ-ਅੱਠ ਦਸ-ਦਸ ਪਰਿਵਾਰ ਇਕੱਠੇ ਰਹਿੰਦੇ ਸਨ। ਪੂਰੇ ਪਿੰਡ ਦੇ ਦੁਆਲੇ ਦੀਵਾਰ ਵਲੀ ਹੁੰਦੀ ਸੀ। ਇਨ੍ਹਾਂ ਦਾ ਸਮਾਜ ਮਾਤਾ-ਪ੍ਰਧਾਨ ਸੀ। ਇਹ ਲੋਕ ਮੱਕੀ, ਫਲੀਆਂ ਅਤੇ ਸਕੁਐਸ਼ ਬੀਜਦੇ ਸਨ ਅਤੇ ਹੋਰ ਸ਼ਿਕਾਰ ਕਰਨ ਵਾਲੇ ਕਬੀਲਿਆਂ ਨਾਲ ਇਨ੍ਹਾਂ ਖਾਧ ਪਦਾਰਥਾਂ ਦੇ ਵਟਾਂਦਰੇ ਵਜੋਂ ਮਾਸ, ਖੱਲਾਂ ਅਦਿ ਪ੍ਰਾਪਤ ਕਰਦੇ ਸਨ। ਐਪਰ ਸਿਰ-ਖੁਥੇ, ਜੂੰਆਂ ਨਾਲ ਭਰੇ, ਖਰਸ ਖਾਧੇ ਤੇ ਅਪਰਾਧੀ ਰੁਚੀਆਂ ਵਾਲੇ ਫਰਾਂਸੀਸੀ ਫੌਜੀਆਂ, ਵਪਾਰੀਆਂ ਅਤੇ ਇਸਾਈ ਜੈਸੂਟਾਂ ਨੇ ਆਪਣੇ ਦੇਸੋਂ ਲਿਆਂਦੀਆਂ ਚੀਚਕ, ਖਸਰਾ ਅਤੇ ਤਪਦਿਕ ਜਿਹੀਆਂ ਚੰਦਰੀਆਂ ਬੀਮਾਰੀਆਂ ਦੀ ਲਾਗ ਇਨ੍ਹਾਂ ਵਿਚ ਵਾੜ ਦਿੱਤੀ। ਵੈਂਡਟਾਂ ਵਿਚ ਪਹਿਲਾਂ ਇਹ ਬੀਮਾਰੀਆਂ ਨਾ ਹੋਣ ਕਾਰਨ ਇਨ੍ਹਾਂ ਪ੍ਰਤੀ ਸਹਿਣ ਸ਼ਕਤੀ ਵਿਕਸਿਤ ਨਹੀਂ ਸੀ ਹੋਈ ਇਸ ਲਈ ਇਹ ਲੱਖਾਂ ਦੀ ਗਿਣਤੀ ਵਿਚ ਮਰਨ ਲੱਗੇ। ਧਰਮ ਤੇ ਧੱਕੇਸ਼ਾਹੀ ਦੇ ਲਲਚਾਏ ਫਰਾਂਸੀਸੀ ਮਿਸ਼ਨਰੀ ਉਨ੍ਹਾਂ 'ਹਿਉਰਨ' ਲੋਕਾਂ ਨੂੰ ਹੀ ਗੋਲੀ ਸਿੱਕਾ ਦਿੰਦੇ ਸਨ ਜੋ ਇਸਾਈ ਮਤ ਧਾਰਨ ਕਰਕੇ ਇਨ੍ਹਾਂ ਵਲੋਂ ਲੜਦੇ ਸਨ। ਅਮਰੀਕਾ ਵਿਚ ਆਏ ਯੂਰਪੀਨਾਂ ਨੇ ਆਪਸੀ ਲੜਾਈਆਂ ਦੌਰਾਨ ਇਨ੍ਹਾਂ ਦੇਸੀ ਲੋਕਾਂ ਨੂੰ ਵੰਡ ਕੇ ਖੂਬ ਲੜਾਇਆ। ਇਸ ਤਰ੍ਹਾਂ ਵੀ ਇਨ੍ਹਾਂ ਲੋਕਾਂ ਦਾ ਖਾਤਮਾ ਹੋਇਆ। ਅੱਜ ਇਨ੍ਹਾਂ ਦੀ ਗਿਣਤੀ ਕੁਝ ਹਜ਼ਾਰਾਂ ਵਿਚ ਹੀ ਰਹਿ ਗਈ ਹੈ।

ਹਿਊਰਾਨ ਸ਼ਬਦ ਅਸਲ ਵਿਚ ਹਿੰਦ-ਯੂਰਪੀ ਅਸਲੇ ਦਾ ਹੈ। ਇਸ ਦੀ ਅੰਗਰੇਜ਼ੀ ਸ਼ਬਦ ਹੇਅਰ (hair) ਨਾਲ ਮੂਲਕ ਸਾਂਝ ਹੈ। ਪੁਰਾਣੀ ਜਰਮਨ, ਨੌਰਸ ਅਤੇ ਲਿਥੂਏਨੀਅਨ ਭਾਸ਼ਾਵਾਂ ਵਿਚ ਇਸ ਸ਼ਬਦ ਨਾਲ ਮਿਲਦੇ-ਜੁਲਦੇ ਸ਼ਬਦ ਉਪਲਭਦ ਹਨ। ਮਿਸਾਲ ਵਜੋਂ ਜਰਮਨ ਵਿਚ har ਸ਼ਬਦ ਹੈ। ਇਸ ਦੇ ਭਾਰੋਪੀ ਮੂਲ ghers ਦਾ ਅਰਥ ਸਿਧੇ ਖੜੇ ਹੋਣਾ, ਲੂੰ ਕੰਡੇ ਹੋਣਾ ਆਦਿ ਹਨ। ਭੈਅ, ਤ੍ਰਾਸ, ਕੰਬਣੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ horror ਇਸੇ ਤੋਂ ਵਿਉਤਪਤ ਹੋਇਆ ਹੈ। ਇਸ ਦਾ ਮੂਲ ਭਾਵ ਹੋਇਆ ਅਜਿਹੀ ਉਤੇਜਕ ਸਥਿਤੀ ਹੈ ਜਿਸ ਵਿਚ ਮਨੁਖ ਦੇ ਵਾਲ ਅਰਥਾਤ ਰੌਂਗਟੇ ਖੜ੍ਹੇ ਹੋ ਜਾਣ। ਇਹ ਸ਼ਬਦ ਲਾਤੀਨੀ ਵਿਚੋਂ ਆਇਆ ਹੈ ਜਿਸ ਵਿਚ ਇਸ ਦਾ ਅਰਥ ਤਾਂ ਲਗਭਗ ਇਹੀ ਸੀ ਪਰ ਇਸ ਵਿਚ ਧਾਰਮਿਕ ਰੰਗਣ ਸੀ। ਇਸ ਦੇ ਕਿਰਿਆ ਰੂਪ ਦਾ ਮਤਲਬ ਸੀ, ਡਰ ਨਾਲ ਲੂੰ ਕੰਡੇ ਖੜ੍ਹੇ ਹੋ ਜਾਣਾ, ਕੰਬਣ ਲੱਗਣਾ। ਲਾਤੀਨੀ ਵਿਚ ਇਸ ਤੋਂ ਬਣੇ ਇਕ ਹੋਰ ਸ਼ਬਦ ਦਾ ਅਰਥ ਹੈ 'ਝਾਹਾ' ਯਾਨਿ ਕੰਡੇਦਾਰ ਜੰਗਲੀ ਚੂਹਾ। ਫਾਰਸੀ ਦਾ 'ਹਿਰਾਸ' ਸ਼ਬਦ ਜੋ ਉਰਦੂ ਤੇ ਪੰਜਾਬੀ ਵਿਚ ਵੀ ਆ ਗਿਆ ਹੈ, ਇਸ ਦਾ ਸੁਜਾਤੀ ਹੈ। ਇਸ ਦਾ ਅਰਥ ਹੈ 'ਡਰ, ਖੌਫ, ਦਹਿਸ਼ਤ।' ਡਰ ਵਿਚ ਆਦਮੀ ਬੌਂਦਲਾ ਜਾਂਦਾ ਹੈ, ਸੋ ਇਸ ਦਾ ਅਰਥ ਬੌਂਦਲਾਹਟ, ਭੰਬਲਭੂਸਾ ਵੀ ਹੈ। 'ਹਿਰਾਸਾ' ਦਾ ਅਰਥ ਡਰਿਆ, ਖੌਫਜ਼ਦਾ, ਭੈਅਭੀਤ ਹੁੰਦਾ ਹੈ। ਹੋਰ ਵਿਕਸਿਤ ਅਰਥ ਬਣਿਆ ਦੁਖ, ਸੋਗ। ਟਾਕਰੇ ਤੇ ਸੰਸਕ੍ਰਿਤ ਵਿਚ 'ਹਰਸ਼ਤੇ' ਸ਼ਬਦ ਹੈ ਜਿਸ ਦਾ ਮੁਢਲਾ ਅਰਥ ਵਾਲਾਂ ਦਾ ਖੜ੍ਹੇ ਹੋ ਜਾਣਾ ਹੈ। ਅਸੀਂ 'ਰੁਮਾਂਟਕ ਅਤੇ ਰੁਮਾਂਚਕ' ਲੇਖ ਵਿਚ ਦੇਖ ਆਏ ਹਾਂ ਕਿ ਅਤਿ ਦੀ ਖੁਸ਼ੀ ਜਾਂ ਡਰ ਦੀ ਸਥਿਤੀ ਵਿਚ ਵਾਲ ਖੜ੍ਹੇ ਹੋ ਜਾਂਦੇ ਹਨ। ਸੋ ਇਸ ਸ਼ਬਦ ਤੋਂ ਅਲੱਗ-ਅਲੱਗ ਭਾਸ਼ਾਵਾਂ ਵਿਚ ਇਨ੍ਹਾਂ ਵਿਚੋਂ ਕਿਸੇ ਇਕ ਜਾਂ ਦੋਨੋਂ ਭਾਵ ਵਿਅਕਤ ਕਰਦੇ ਸ਼ਬਦ ਨਿਰਮਿਤ ਹੋਏ ਹਨ। ਅਸੀਂ ਹਰਸ਼ ਸ਼ਬਦ ਨੂੰ ਬੇਹਦ ਖੁਸ਼ੀ ਦੇ ਅਰਥਾਂ ਵਿਚ ਜਾਣਦੇ ਹਾਂ। ਕੁਝ ਖਾਸ ਨਾਂਵਾਂ ਵਿਚ 'ਹਰਸ਼ ਸ਼ਬਦ ਦੀ ਵਰਤੋਂ ਹੁੰਦੀ ਹੈ ਜਿਵੇਂ ਹਰਸ਼ ਵਰਧਨ, ਹਰਸ਼ਾ, ਹਰਸ਼ਿੰਦਰ ਆਦਿ। ਸੰਸਕ੍ਰਿਤ ਵਿਚ ਇਸ ਦਾ ਅਰਥ ਰੁਮਾਂਚਤ ਹੋਣਾ, ਕਾਹਲੇ ਪੈਣਾ, ਲੂਰੀਆਂ ਉਠਣਾ, ਖੁਸ਼ੀ 'ਚ ਝੂੰਮਣਾ, ਗਦ ਗਦ ਹੋਣਾ, ਆਦਿ ਹਨ। ਪੰਜਾਬੀ ਵਿਚ ਇਹ ਸ਼ਬਦ ਹਰਖ ਜਾਂ ਹਿਰਖ ਦੇ ਰੂਪ ਵਿਚ ਆਮ ਪ੍ਰਚਲਤ ਹੈ,

ਗੀਤ ਨਾਦ ਹਰਖ ਚਤੁਰਾਈ
ਰਹਸ ਰੰਗ ਫੁਰਮਾਇਸਿ ਕਾਈ॥
-ਗੁਰੂ ਨਾਨਕ ਦੇਵ।

ਅਰਥਾਤ ਦੁਨੀਆਂ ਦੇ ਗੀਤ ਗਾਣੇ, ਖੁਸ਼ੀਆਂ, ਚਤੁਰਾਈਆਂ, ਚਾਅ, ਮਲ੍ਹਾਰ, ਰੁਹਬਦਾਬ ਕੁਝ ਵੀ ਚੰਗਾ ਨਹੀਂ ਲਗਦਾ।

ਅਕਸਰ ਹੀ ਗੁਰਬਾਣੀ ਅਤੇ ਭਗਤੀ ਕਾਵਿ ਵਿਚ ਹਰਖ ਸੋਗ ਇਕ ਜੋੜੇ ਵਜੋਂ ਆਉਂਦੇ ਹਨ ਤੇ ਜਿਸ ਤੋਂ ਦੋਨਾਂ ਨੂੰ ਇਕ ਸਮਾਨ ਸਮਝਣ ਦੀ ਸਿਖਿਆ ਮਿਲਦੀ ਹੈ:

ਹਰਖ ਸੋਗ ਦੁਹਹੂੰ ਤੇ ਮੁਕਤੇ॥
-ਗੁਰੂ ਅਰਜਨ ਦੇਵ।

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨਿ ਅਪਮਾਨਾ॥ -ਗੁਰੂ ਤੇਗ ਬਹਾਦਰ (ਜੋ ਖੁਸ਼ੀ ਗਮੀ ਅਤੇ ਮਾਨ ਅਪਮਾਨ ਤੋਂ ਬੇਲਾਗ ਰਹਿੰਦਾ ਹੈ।)

ਵਾਰਿਸ ਸ਼ਾਹ ਦੀ ਹੀਰ ਵਿਚ ਰਾਂਝਾ ਜੋਗ ਲੈਣ ਜਾਂਦਾ ਹੈ ਤਾਂ ਗੋਰਖ ਨਾਥ ਉਸ ਨੂੰ ਸਮਝਾਉਂਦਾ ਹੈ,

ਜੰਮੇ ਆਏ ਦਾ ਹਰਖ ਤੇ ਸੋਗ ਛੱਡੇ,
ਨਹੀਂ ਮੋਇਆਂ ਗਿਆਂ ਪਛੋਤਾਵਨਾ ਏ।
ਨਾਉਂ ਫਕਰ ਦਾ ਬਹੁਤ ਆਸਾਨ ਲੈਣਾ,
ਖਰਾ ਕਠਨ ਹੈ ਜੋਗ ਕਮਾਵਨਾ ਏ।

ਹਰਖ ਤੋਂ ਹੀ ਹਰਖਵੰਤ ਸ਼ਬਦ ਵੀ ਬਣਿਆ ਹੈ। ਰਿਸ਼ਟ-ਪੁਸ਼ਟ ਸ਼ਬਦ ਯੁਗਮ ਵਿਚਲਾ 'ਰਿਸ਼ਟ' ਇਸੇ ਹਰਸ਼ ਦਾ ਵਿਸ਼ੇਸ਼ਣ ਰੂਪ ਹੈ। ਇਸ ਦਾ ਸ਼ਾਬਦਿਕ ਅਰਥ ਹੋਇਆ, ਜਿਸ ਦੇ ਲੂੰ ਖੜ੍ਹੇ ਹੋਣ ਤੇ ਵਿਕਸਿਤ ਅਰਥ ਖੁਸ਼, ਅਨੰਦਿਤ, ਗਦ ਗਦ।

ਪੰਜਾਬੀ ਵਿਚ ਹਰਖ ਦਾ ਅਰਥ ਕ੍ਰੋਧ, ਰੋਸਾ, ਖਿਝ ਵੀ ਹੁੰਦਾ ਹੈ ਜਿਸ ਨੂੰ ਆਮ ਤੌਰ 'ਤੇ 'ਹਿਰਖ' ਵਜੋਂ ਬੋਲਿਆ ਜਾਂਦਾ ਹੈ। ਉਂਜ ਤਾਂ ਖੁਸ਼ੀ ਦੇ ਉਲਟ ਰੋਸ ਵਾਲਾ ਇਹ ਅਰਥ, ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਭਾਵਾਂ ਦੀ ਅਤਿਤਾਈ ਕਾਰਨ ਵੀ ਹੋ ਸਕਦਾ ਹੈ। ਪਰ ਸੰਭਵ ਹੈ ਇਹ ਅਰਥ 'ਹਰਖ' ਦੇ ਅੱਗੇ 'ਅ' ਲਾ ਕੇ ਬਣੇ ਸ਼ਬਦ 'ਅਹਿਰਖ' ਤੋਂ ਬਣਿਆ ਜਿਸ ਦਾ ਅਰਥ ਤਾਂ ਵਿਪਰੀਤ ਹੋ ਗਿਆ ਪਰ 'ਅ' ਧੁਨੀ ਫਿਰ ਬੋਲਚਾਲ ਦੌਰਾਨ ਲੋਪ ਹੋ ਕੇ ਸ਼ਬਦ ਹਿਰਖ ਦਾ ਹਰਖ ਰਹਿ ਗਿਆ। ਅਜਿਹੀ ਇਕ ਹੋਰ ਉਦਾਹਰਣ ਦਿੰਦੇ ਹਾਂ। 'ਆਰਾਮ' ਸ਼ਬਦ ਵਿਚੋਂ 'ਆ' ਲੋਪ ਹੋ ਕੇ ਆਰਾਮ ਦੇ ਹੀ ਅਰਥਾਂ ਵਿਚ 'ਰਾਮ' ਸ਼ਬਦ ਰਹਿ ਗਿਆ। ਧਿਆਨ ਨਾਲ ਵਾਚਿਆਂ 'ਰਾਮ ਕਰ' ਫਿਕਰੇ ਦਾ ਅਰਥ 'ਹਿਲਜੁਲ ਕਰ' ਹੋਣਾ ਚਾਹੀਦਾ ਹੈ। ਕਬੀਰ ਨੇ 'ਅਹਿਰਖ' ਸ਼ਬਦ ਦੀ ਵਰਤੋਂ ਕੀਤੀ ਹੈ, "ਅਹਿਰਖ ਵਾਦੁ ਨ ਕੀਜੈ ਰੇ ਮਨ" ਅਰਥਾਤ ਹੇ ਮਨ ਈਰਖਾ ਤੇ ਝਗੜਾ ਕਿਉਂ ਕਰਦਾ ਏਂ?

ਮਹਾਨ ਕੋਸ਼ ਵਿਚ ਇਹ ਹਿਰਖ ਸ਼ਬਦ ਸੰਸਕ੍ਰਿਤ 'ਆਮਰਸ' ਤੋਂ ਵਿਗੜਿਆ ਦੱਸਿਆ ਗਿਆ ਹੈ ਜਿਸ ਦਾ ਅਰਥ ਗੁੱਸਾ, ਕ੍ਰੋਧ ਹੁੰਦਾ ਹੈ ਪਰ ਧੁਨੀਆਂ ਦਾ ਢੇਰ ਫਰਕ ਹੋਣ ਕਾਰਨ ਇਹ ਵਿਗਾੜ ਠੀਕ ਨਹੀਂ ਜਾਪਦਾ।

## ਵਿਚਾਰ-ਚਰਚਾ

# ਮਾਸੁ ਮਾਸੁ ਕਰਿ ਮੂਰਖੁ ਝਗੜੇ...

'ਪੰਜਾਬ ਟਾਈਮਜ਼' ਦੇ 12 ਜਨਵਰੀ ਵਾਲੇ ਅੰਕ ਵਿਚ ਸ. ਸੋਹਣ ਸਿੰਘ ਬਿਲਖੂ (ਓਹਾਇਓ) ਦਾ ਲੇਖ 'ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ' ਪੜ੍ਹਿਆ। ਲੇਖਕ ਨੇ ਗੁਰਬਾਣੀ ਦੀ ਰੋਸ਼ਨੀ ਵਿਚ ਮਾਸ ਖਾਣ ਜਾਂ ਨਾ ਖਾਣ ਬਾਰੇ ਬੜੇ ਸੋਹਣੇ ਵਿਚਾਰ ਪੇਸ਼ ਕੀਤੇ ਹਨ। ਗੁਰਬਾਣੀ ਦੀ ਵੀ ਇਸ ਲੇਖ ਵਿਚ ਹਵਾਲੇ ਵਜੋਂ ਵਰਤੀ ਗਈ ਹੈ। ਲੇਖ ਪੜ੍ਹ ਕੇ ਇਹ ਸਮਝ ਪੈਂਦੀ

**ਦਲਵਿੰਦਰ ਸਿੰਘ ਅਜਨਾਲਾ**
**ਫੋਨ: 661-834-9770**

ਹੈ ਕਿ ਮਾਸ ਖਾ ਲੈਣ ਵਿਚ ਕੋਈ ਹਰਜ ਨਹੀਂ, ਕਿਉਂਕਿ ਗੁਰਬਾਣੀ ਵਿਚ ਮਾਸ ਖਾਣ ਦੀ ਸਾਫ-ਸਾਫ ਮਨਾਹੀ ਨਹੀਂ ਹੈ। ਪਰ ਸ਼ਰਾਬ ਦੀ ਤਾਂ ਗੁਰਬਾਣੀ ਵਿਚ ਸਖਤ ਮਨਾਹੀ ਹੈ, ਫਿਰ ਪਤਾ ਨਹੀਂ ਕਿਉਂ ਅਸੀਂ ਸਾਰੀ ਦੁਨੀਆਂ ਵਿਚ ਸਭ ਤੋਂ ਵੱਧ ਸ਼ਰਾਬ ਪੀਣ ਵਾਲੇ ਬਣ ਗਏ ਹਾਂ?

ਇਹ ਦਲੀਲ ਵੀ ਠੀਕ ਹੈ ਕਿ ਅਸੀਂ ਦੁਨਿਆਵੀ ਜੀਵ ਹਾਂ, ਇਸ ਲਈ ਇਸ ਦੁਨੀਆਂ ਵਿਚ ਵਿਚਰਦਿਆਂ ਅਤੇ ਦੁਨਿਆਵੀ ਕਾਰ-ਵਿਹਾਰ ਨੇਪਰੇ ਚਾੜ੍ਹਦਿਆਂ ਅਸੀਂ ਗੁਰੂ ਦੀ ਸਿੱਖਿਆ ਨੂੰ ਇਨ-ਬਿਨ ਨਹੀਂ ਮੰਨ ਪਾਉਂਦੇ। ਅਸੀਂ ਮਾਸ ਤਾਂ ਗੁਰਬਾਣੀ 'ਤੇ ਅਮਲ ਕਰਦਿਆਂ ਮਜਬੂਰੀਵਸ ਖਾਂਦੇ ਹਾਂ ਅਤੇ ਮੀਟ-ਮਾਸ ਪਚਾਉਣ ਲਈ ਸਾਨੂੰ ਸ਼ਰਾਬ ਵੀ ਮਜਬੂਰੀਵਸ ਪੀਣੀ ਪੈਂਦੀ ਹੈ, ਕਿਉਂਕਿ ਮੀਟ-ਸ਼ਰਾਬ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ। ਵੇਖੋ, ਅਸੀਂ ਗੁਰੂ ਵਾਸਤੇ ਕਿੱਡਾ ਸ਼ਾਨਦਾਰ ਗੁਰੂ ਘਰ ਬਣਾਉਂਦੇ ਹਾਂ, ਸਵਾਦਲੇ ਅਤੇ ਭਾਂਤ-ਭਾਂਤ ਦੇ ਪਕਵਾਨਾਂ ਦਾ ਲੰਗਰ ਲਾਉਂਦੇ ਹਾਂ, ਪੰਥ ਦੇ ਮਹਾਨ ਤੇ ਸ਼੍ਰੋਮਣੀ ਰਾਗੀਆਂ, ਢਾਡੀਆਂ, ਪ੍ਰੋਫੈਸਰਾਂ, ਬ੍ਰਹਮਗਿਆਨੀਆਂ, ਸੰਤਾਂ ਅਤੇ ਬਾਬਿਆਂ ਦੇ ਕਥਾ-ਕੀਰਤਨ ਕਰਵਾਉਂਦੇ ਹਾਂ। ਕੀਮਤੀ ਬਾਣਿਆਂ ਵਿਚ ਸਜ-ਧਜ ਕੇ ਮੱਥੇ ਟੇਕਦੇ ਹਾਂ। ਅਰਦਾਸਾਂ ਕਰਦੇ ਹਾਂ ਅਤੇ ਮਾਇਆ ਦੇ ਬੇਅੰਤ ਗੱਫੇ ਭੇਟ ਕਰਦੇ ਹਾਂ। ਸਾਡਾ ਪੂਰਨ ਵਿਸ਼ਵਾਸ ਹੈ ਕਿ ਗੁਰੂ ਦਇਆਵਾਨ ਅਤੇ ਬਖ਼ਸ਼ਣਹਾਰ ਹੈ। ਇਸ ਲਈ ਗੁਰੂ ਜੀ ਸਾਡੀ ਛੋਟੀ-ਮੋਟੀ ਭੁੱਲ-ਚੁੱਕ ਤਾਂ ਮੁਆਫ ਕਰ ਹੀ ਦੇਣਗੇ। ਜੇ ਅਸੀਂ ਗੁਰੂ ਵਾਸਤੇ ਇੰਨਾ ਕੁਝ ਕਰਦੇ ਹਾਂ ਤਾਂ ਫਿਰ ਕੀ ਹੋਇਆ ਜੇ ਅਸੀਂ ਲੜਾਈਆਂ ਝਗੜੇ ਵੀ ਕਰਦੇ ਹਾਂ। ਲੜਨਾ ਵੀ ਤਾਂ ਸਾਨੂੰ ਗੁਰੂ ਨੇ ਹੀ ਸਿਖਾਇਆ ਹੈ, ਕਿਰਪਾਨ ਗੁਰੂ ਨੇ ਹੀ ਸਾਨੂੰ ਬਖ਼ਸ਼ੀ ਹੈ ਅਤੇ ਅਸੀਂ ਗੁਰੂ ਘਰਾਂ ਵਿਚ ਗੁਰੂ ਦੀ ਖਾਤਰ ਹੀ ਲੜਦੇ ਹਾਂ। ਜੇ ਗੁਰੂ ਘਰ ਦੀ ਗੋਲਕ ਗੁਰੂ ਦੀ ਸਿੱਖਿਆ ਅਨੁਸਾਰ ਵੰਡ ਕੇ ਨਹੀਂ ਛਕੀ ਜਾਵੇਗੀ ਤਾਂ ਇਸ ਖਾਤਰ ਲੜਾਈ ਝਗੜਾ ਵੀ ਕਰਨਾ ਠੀਕ ਹੀ ਤਾਂ ਹੈ...!

ਹੁਣ ਮਸਲਾ ਹੈ, ਮਾਸ ਖਾਣ ਜਾਂ ਨਾ ਖਾਣ ਦਾ। ਠੀਕ ਹੈ, ਗੁਰਬਾਣੀ ਵਿਚ ਲਿਖਿਆ ਹੈ ਕਿ ਅਸੀਂ ਮਾਸ ਵਿਚੋਂ ਹੀ ਜੰਮੇ ਹਾਂ ਤੇ ਮਾਸ ਦੇ ਹੀ ਬਣੇ ਹੋਏ ਹਾਂ। ਸਭ ਬਨਸਪਤੀ ਜੋ ਅਸੀਂ ਖਾਂਦੇ-ਪੀਂਦੇ ਹਾਂ, ਵਿਚ ਜੀਵ ਹੁੰਦੇ ਹਨ ਜੋ ਮਾਸ ਹੀ ਹੁੰਦਾ ਹੈ। ਚਾਰ-ਚੁਫੇਰੇ ਸਭ ਕੁਝ ਮਾਸ ਹੀ ਮਾਸ ਹੈ। ਇਸ ਲਈ ਸਾਨੂੰ ਮਾਸ ਤੋਂ ਨਫਰਤ ਨਹੀਂ ਕਰਨੀ ਚਾਹੀਦੀ, ਪਰ ਮਾਸ ਨਾਲ ਇੰਨਾ ਵੀ ਪਿਆਰ ਨਹੀਂ ਕਰਨਾ ਚਾਹੀਦਾ ਕਿ ਅਸੀਂ ਆਪਣੀ ਹੀ ਨਸਲ ਦਾ ਲਹੂ ਪੀਣਾ ਅਤੇ ਮਾਸ ਖਾਣਾ ਸ਼ੁਰੂ ਕਰ ਦੇਈਏ! ਇਸ ਦੁਨੀਆਂ ਵਿਚ ਸਾਡੇ ਜਿਨ੍ਹਾਂ ਭੈਣ-ਭਰਾਵਾਂ ਦੇ ਹੱਡੀਆਂ ਦੇ ਪਿੰਜਰ ਢੱਕਣ ਜੋਗਾ ਮਾਸ ਵੀ ਤਨ 'ਤੇ ਨਹੀਂ ਹੈ, ਉਹ ਕਿਥੇ ਗਿਆ? ਜਿਹੜੇ ਵਿਚਾਰਿਆਂ ਦੀਆਂ ਨਾੜਾਂ ਵਿਚ ਜ਼ਰੂਰਤ ਜੋਗਾ ਵੀ ਖੂਨ ਨਹੀਂ ਹੈ ਅਤੇ ਨੀਲੇ-ਪੀਲੇ ਜਿਹੇ ਬਦਰੰਗ ਹਾਲਤ ਵਿਚ ਜ਼ਿੰਦਗੀ ਦੇ ਸਾਹ ਪੂਰੇ ਕਰਦੇ ਹਨ, ਉਨ੍ਹਾਂ ਦਾ ਖੂਨ ਕਿਥੇ ਗਿਆ? ਉਨ੍ਹਾਂ ਦਾ ਮਾਸ ਅਤੇ ਖੂਨ ਅਸੀਂ ਮੋਟੇ-ਮੋਟੇ ਲਾਲ-ਮੂੰਹੇ ਵੀਰ ਭਰਾ ਛਕ ਰਹੇ ਹਾਂ, ਮਾਸ ਖਾਣ ਦੀ ਆਦਤ ਕਰ ਕੇ।

ਇਹ ਕੋਈ ਸਿੱਖਿਆ, ਉਪਦੇਸ਼ ਜਾਂ ਨਸੀਹਤ ਨਹੀਂ, ਪਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਗੁਰਬਾਣੀ ਮਾਸ ਖਾਣ ਦੀ ਹਮਾਇਤ ਨਹੀਂ ਕਰਦੀ। ਗੁਰੂ ਸਾਹਿਬਾਨ ਇੰਨੇ ਦਇਆਵਾਨ ਅਤੇ ਗਰੀਬਨਵਾਜ਼ ਸਨ ਕਿ ਉਹ ਆਪਣੀ ਖੁਰਾਕ ਵਾਸਤੇ ਨਿਰਦੋਸ਼ ਨਿਮਾਣੇ ਜੀਵਾਂ ਨੂੰ ਕਤਲ ਕਰਨ ਵਰਗੀ ਜ਼ਾਲਮ ਅਤੇ ਭਿਆਨਕ ਬਿਰਤੀ ਦੀ ਹਮਾਇਤ ਨਹੀਂ ਕਰ ਸਕਦੇ ਸਨ? ਹਾਂ, ਇਹ ਹੋ ਸਕਦਾ ਹੈ ਕਿ ਕਿਤੇ ਸੰਕਟਕਾਲ ਵਿਚ ਮਜਬੂਰੀਵਸ ਗੁਰੂ ਜੀ ਨੇ ਮਾਸ ਖਾ ਲੈਣ ਦੀ ਛੋਟ ਦੇ ਦਿੱਤੀ ਹੋਵੇ। ਮਾਸ ਬਾਰੇ ਗੁਰਬਾਣੀ ਦੀਆਂ ਜਿਹੜੀਆਂ ਤੁਕਾਂ ਨੂੰ ਅਸੀਂ ਆਧਾਰ ਬਣਾ ਕੇ ਲੋੜ ਤੋਂ ਵੀ ਵੱਧ ਉਨ੍ਹਾਂ 'ਤੇ ਅਮਲ ਕਰ ਰਹੇ ਹਾਂ, ਉਹ ਵੀ ਮਾਸ ਖਾਣ ਬਾਬਤ ਨਹੀਂ ਹਨ। ਉਹ ਤਾਂ ਗੁਰੂ ਜੀ ਨੇ ਧਰਮ ਦੇ ਅਖੌਤੀ ਠੇਕੇਦਾਰਾਂ ਅਤੇ ਚੌਧਰੀਆਂ ਦੇ ਪਖੰਡਾਂ ਤੇ ਕਰਮ ਕਾਂਡਾਂ ਨੂੰ ਨੰਗਿਆ ਕਰਨ ਅਤੇ ਆਮ ਲੋਕਾਂ ਨੂੰ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਗਿਆਨ ਧਿਆਨ ਦੀ ਮਤ ਦੇਣ ਕਰ ਕੇ ਉਚਾਰੀਆਂ ਹੋਣਗੀਆਂ। ਗੁਰਬਾਣੀ ਦੀਆਂ ਇਹ ਤੁਕਾਂ ਸਾਨੂੰ ਮਾਸ ਖਾਣ ਤੋਂ ਰੋਕਦੀਆਂ ਹਨ:

ਅਠਸਠਿ ਤੀਰਥ ਸਗਲ ਪੁੰਨ
ਜੀਅ ਦਇਆ ਪਰਵਾਨੁ॥
ਸਚੁ ਤਾ ਪਰੁ ਜਾਣੀਐ
ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ
ਕਿਛੁ ਪੁੰਨੁ ਦਾਨੁ ਕਰੇਇ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ
ਅੰਤਰਿ ਜਾਣੈ ਸਰਬ ਦਇਆ॥
ਨਾਨਕ ਤਾ ਕਉ ਮਿਲੈ ਵਡਾਈ
ਆਪੁ ਪਛਾਣੈ ਸਰਬ ਜੀਆ॥

ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਦੇ ਅਰਥ ਬੜੇ ਆਸਾਨ ਹਨ, ਹਰ ਕਿਸੇ ਦੀ ਸਮਝ ਵਿਚ ਪੈਣੇ ਚਾਹੀਦੇ ਹਨ; ਘੱਟੋ-ਘੱਟ ਗੁਰੂ ਨਾਨਕ ਦੇ ਸਿੱਖਾਂ ਨੂੰ ਤਾਂ ਅਰਥ ਪਤਾ ਹੋਣੇ ਹੀ ਚਾਹੀਦੇ ਹਨ। ਗੁਰੂ ਜੀ ਸਮਝਾਉਂਦੇ ਹਨ ਕਿ ਜੀਵਾਂ 'ਤੇ ਦਇਆ ਕਰੋ ਅਤੇ ਪੁੰਨ ਦਾਨ ਕਰੋ। ਆਪਣੇ ਭੋਜਨ ਵਾਸਤੇ ਮਾਸੂਮ ਜੀਵਾਂ ਨੂੰ ਤੜਫਾ ਕੇ ਮਾਰਨਾ ਕੀ ਪੁੰਨ ਦਾ ਕੰਮ ਹੈ? ਜੀਵਾਂ 'ਤੇ ਦਇਆ ਕਰਨ ਨਾਲ ਤੀਰਥਾਂ ਵਾਲੇ ਸਾਰੇ ਫਲ ਪ੍ਰਾਪਤ ਹੁੰਦੇ ਹਨ। ਦੂਜੇ ਜੀਵਾਂ ਨੂੰ ਵੀ ਆਪਣੇ ਵਰਗਾ ਹੀ ਸਮਝੋ।

ਹੁਣ ਅਸੀਂ ਆਪਣੇ ਬੱਚਿਆਂ ਦੇ ਜਨਮ ਦਿਨਾਂ ਅਤੇ ਵਿਆਹਾਂ ਸ਼ਾਦੀਆਂ ਉਪਰ ਦੂਜੇ ਜੀਵਾਂ ਨੂੰ ਕਤਲ ਕਰ ਕੇ ਖੁਸ਼ੀਆਂ ਮਨਾਉਂਦੇ ਹਾਂ, ਕੀ ਇਹ ਪੁੰਨ ਦਾਨ ਹੈ? ਦਇਆ ਤਾਂ ਸਾਨੂੰ ਮਨੁੱਖੀ ਜੀਵਾਂ ਸਮੇਤ ਸਭਨਾਂ ਜੀਆਂ 'ਤੇ ਹੀ ਕਰਨੀ ਚਾਹੀਦੀ ਹੈ। ਖਾਣ ਵਾਸਤੇ ਅਸੀਂ ਭੋਲੇ-ਭਾਲੇ ਅਤੇ ਬੇਵੱਸ ਜਾਨਵਰਾਂ ਨੂੰ ਪਾਲਦੇ ਤੇ ਮਾਰਦੇ ਹਾਂ, ਜਦੋਂ ਅਸੀਂ ਕਿਸੇ ਜਾਨਵਰ ਨੂੰ ਮਾਰਦੇ ਹਾਂ ਤਾਂ ਜ਼ਰੂਰੀ ਹੈ ਕਿ ਉਹ ਕਮਜ਼ੋਰ ਅਤੇ ਬੇਵੱਸ ਹੁੰਦਾ ਹੈ। ਇਸ ਲਈ ਅਸੀਂ ਸ਼ੇਰਾਂ, ਚੀਤਿਆਂ, ਬਘਿਆੜਾਂ ਅਤੇ ਹੋਰ ਖਤਰਨਾਕ ਜਾਨਵਰਾਂ ਨੂੰ ਮਾਸ ਖਾਣ ਵਾਸਤੇ ਨਹੀਂ ਪਾਲਦੇ, ਕਿਉਂਕਿ ਇਹ ਸਾਡੀ ਜ਼ਾਲਮਾਨਾ ਬਿਰਤੀ ਅੱਗੇ ਚੁੱਪ-ਚਾਪ ਸਿਰ ਨਹੀਂ ਝੁਕਾਉਣਗੇ। ਕਤਲ ਹੋਣ ਸਮੇਂ ਜਾਨਵਰ ਦੇ ਦਿਮਾਗ ਵਿਚ ਜੋ ਡਰ, ਭੈਅ, ਸਹਿਮ, ਘਬਰਾਹਟ, ਈਰਖਾ, ਨਫਰਤ ਅਤੇ ਕਰੋਧ ਪੈਦਾ ਹੁੰਦੇ ਹਨ, ਉਹ ਸਾਰੇ ਵੀ ਸਾਨੂੰ ਉਸ ਦੇ ਮਾਸ ਦੇ ਨਾਲ ਹੀ ਖਾਣੇ ਪੈਂਦੇ ਹਨ। ਅਸੀਂ ਇਹ ਦਲੀਲ ਵੀ ਦੇ ਸਕਦੇ ਹਾਂ ਕਿ ਅਸੀਂ ਇਨ੍ਹਾਂ ਜੀਵ-ਜੰਤੂਆਂ ਨੂੰ ਮਾਰ ਕੇ ਨਹੀਂ ਖਾਵਾਂਗੇ ਤਾਂ ਫਿਰ ਇਨ੍ਹਾਂ ਦੀ ਵਧੀ ਹੋਈ ਤਾਦਾਦ ਦਾ ਕੀ ਪ੍ਰਬੰਧ ਕਰਾਂਗੇ? ਅਸੀਂ ਤਾਂ ਸਗੋਂ ਇਨ੍ਹਾਂ ਦੀ ਮੁਕਤੀ ਕਰ ਕੇ ਪੁੰਨ ਦਾ ਕੰਮ ਕਰ ਰਹੇ ਹਾਂ; ਪਰ ਜੇ ਅਸੀਂ ਆਪਣੀ ਸੋਚ ਨੂੰ ਜ਼ਰਾ ਕੁ ਵਿਸ਼ਾਲ ਕਰੀਏ ਤਾਂ ਸਾਨੂੰ ਪਤਾ ਲੱਗ ਸਕਦਾ ਹੈ ਕਿ ਸਭਨਾਂ ਜੀਵਾਂ ਦਾ ਪ੍ਰਬੰਧ ਕੁਦਰਤ ਨੇ ਕਰ ਰੱਖਿਆ ਹੈ।

ਕੁਦਰਤ ਨੇ ਮਾਸਖੋਰੇ ਜਾਨਵਰਾਂ ਦੇ ਦੰਦ ਮਨੁੱਖੀ ਦੰਦਾਂ ਨਾਲੋਂ ਬਿਲਕੁਲ ਵੱਖਰੇ ਹੀ ਬਣਾਏ ਹਨ। ਜੰਗਲੀ ਅਵਸਥਾ ਵਿਚ ਮਨੁੱਖ ਨੂੰ ਮਜਬੂਰੀਵਸ ਮਾਸ ਖਾਣਾ ਪੈਂਦਾ ਸੀ ਪਰ ਜਿਉਂ-ਜਿਉਂ ਮਨੁੱਖ ਜੰਗਲੀ ਅਵਸਥਾ ਨੂੰ ਛੱਡ ਕੇ ਸੱਭਿਅਕ ਬਣਿਆ ਤਾਂ ਉਸ ਨੂੰ ਖਾਣ-ਪੀਣ ਅਤੇ ਮਨੁੱਖੀ ਸਰੀਰ ਦੀ ਬਣਤਰ ਤੇ ਸਮਰੱਥਾ ਬਾਰੇ ਵੀ ਗਿਆਨ ਹੁੰਦਾ ਗਿਆ। ਹੁਣ ਤਾਂ ਸਿਹਤ ਅਤੇ ਖੁਰਾਕ ਵਿਗਿਆਨੀਆਂ ਨੇ ਸਿੱਧ ਕਰ ਕੇ ਦੱਸ ਦਿੱਤਾ ਹੈ ਕਿ ਮਾਸ ਖਾਣ ਨਾਲ ਮਨੁੱਖੀ ਸਰੀਰ ਦਾ ਬਹੁਤ ਨੁਕਸਾਨ ਹੁੰਦਾ ਹੈ ਅਤੇ ਫਾਇਦਾ ਬਹੁਤ ਘੱਟ। ਜਿਹੜਾ ਫਾਇਦਾ ਹੁੰਦਾ ਵੀ ਹੈ, ਉਹ ਹੋਰ ਖੁਰਾਕੀ ਪਦਾਰਥਾਂ ਤੋਂ ਸਸਤਾ ਹੀ ਪ੍ਰਾਪਤ ਕਰ ਸਕਦੇ ਹਾਂ। ਉਤਰੀ ਧਰੁਵ ਲਾਗੇ ਰਹਿਣ ਵਾਲੇ ਐਸਕੀਮੋ ਜਾਤੀ ਦੇ ਲੋਕਾਂ ਦੀ ਖੁਰਾਕ ਸਿਰਫ ਮਾਸ ਹੀ ਹੈ ਅਤੇ ਉਹ ਪੰਜਾਹ ਸਾਲ ਤੋਂ ਵੱਧ ਨਹੀਂ ਜਿਉਂਦੇ। ਗੁਰੂ ਜੀ ਫਰਮਾਉਂਦੇ ਹਨ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥

ਹੋਰ ਖਾਣਾ ਤਾਂ ਉਹੀ ਖੁਰਾਕ ਹੈ ਜਿਹੜੀ ਮਨੁੱਖੀ ਸਰੀਰ ਪਚਾ ਨਹੀਂ ਸਕਦਾ। ਜਿਹੜੀ ਖੁਰਾਕ ਪਚਦੀ ਨਹੀਂ, ਉਹ ਸਰੀਰ ਵਿਚ ਬਿਮਾਰੀਆਂ ਅਤੇ ਮਨ ਵਿਚ ਵਿਕਾਰ ਪੈਦਾ ਕਰਦੀ ਹੈ। ਇਹ ਵਿਕਾਰ ਹੀ ਸਾਡੇ ਵਿਚੋਂ ਮਨੁੱਖਤਾ ਦਾ ਖਾਤਮਾ ਕਰਦੇ ਹਨ। ਉਂਜ ਇਸ ਦੁਨੀਆਂ ਵਿਚ ਐਸੇ ਸੰਜਮੀ ਅਤੇ ਭਲੇ ਬੰਦੇ ਵੀ ਹਨ ਜਿਹੜੇ ਮੀਟ ਸ਼ਰਾਬ ਦਾ ਸੇਵਨ ਕਰਦਿਆਂ ਵੀ ਆਪਣੀ ਸੋਚ ਅਤੇ ਬਿਰਤੀ ਨੂੰ ਬਹੁਤਾ ਭ੍ਰਿਸ਼ਟ ਅਤੇ ਬੇਰਹਿਮ ਨਹੀਂ ਹੋਣ ਦਿੰਦੇ। ਕਈ ਐਸੇ ਕੱਟੜ ਬਿਰਤੀ ਵਾਲੇ ਲੋਕ ਵੀ ਹਨ ਜਿਹੜੇ ਮੀਟ ਸ਼ਰਾਬ ਦਾ ਨਾਂ ਲੈਣਾ ਅਤੇ ਸੁਣਨਾ ਵੀ ਬਹੁਤ ਬੁਰਾ ਸਮਝਦੇ ਹਨ ਪਰ ਹੁੰਦੇ ਉਹ ਅਸਲ ਸੱਜਣ ਠੱਗ ਹਨ।

# ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦਾ ਅੰਮ੍ਰਿਤ ਵੇਲਾ

ਵਤਨ ਜਾਣ ਦਾ ਮੌਕਾ ਬਣਿਆ। ਜਿਉਂ ਹੀ ਤਿਆਰੀ ਸ਼ੁਰੂ ਹੋਈ, ਪੁਰਾਣੀਆਂ ਯਾਦਾਂ ਨੇ ਘੇਰਾ ਆਣ ਪਾਇਆ। ਸਮੇਂ ਦੀਆਂ ਪਰਤਾਂ ਥੱਲੇ ਸੁੱਤੀਆਂ ਸਭ ਗੱਲਾਂ ਯਾਦ ਆਉਣ ਲੱਗੀਆਂ। ਪੰਜਾਬ ਰਹਿੰਦਿਆਂ ਸਭ ਕੁਝ ਹੀ ਪਿਆਰਾ ਲੱਗਦਾ ਹੁੰਦਾ ਸੀ, ਪਰ ਪਿੰਡਾਂ ਦਾ ਅੰਮ੍ਰਿਤ ਵੇਲਾ ਤਾਂ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਸੰਸਾਰ ਦੀ ਹਰ ਖੂਬਸੂਰਤ ਸ਼ੈਅ ਤੋਂ ਨਿਆਰਾ ਹੁੰਦਾ ਸੀ। ਜਿਨ੍ਹਾਂ ਨੇ ਪੁਰਾਣੇ ਵੇਲੇ ਦੇ ਆਪਣੇ ਪਿੰਡਾਂ ਦੇ ਅੰਮ੍ਰਿਤ ਵੇਲੇ ਦੇ ਅਨੰਦ ਮਾਣੇ ਹੋਏ ਹਨ, ਉਹ ਇਹ ਸਭ ਜਾਣਦੇ ਹਨ।

ਦਿੱਲੀ ਤੋਂ ਜਲੰਧਰ ਪਹੁੰਚੇ। ਪਹਿਲਾਂ ਵਿਚਾਰ ਬਣਿਆ ਕਿ ਦੋ ਕੁ ਦਿਨ ਸ਼ਹਿਰ ਰੁਕੀਏ, ਥਕਾਵਟ ਉਤਰ ਜਾਵੇਗੀ ਤੇ ਇਕ-ਦੋ ਜ਼ਰੂਰੀ ਕੰਮ ਵੀ ਨਿਬੇੜ ਲਵਾਂਗੇ; ਪਰ ਮੇਰੇ ਅੰਦਰ ਅਜੀਬ ਜਿਹੀ ਤੜਫ ਮਹਿਸੂਸ ਹੋ ਰਹੀ ਸੀ ਕਿ ਪਹਿਲਾਂ ਪਿੰਡ ਹੀ ਚੱਲਣਾ ਹੈ। ਸਬੱਬੀਂ ਟੈਕਸੀ ਵਾਲਾ ਵੀ ਪਿੰਡ ਦਾ ਹੀ ਮਿਲ ਗਿਆ।

ਟੈਕਸੀ ਦੀ ਸਪੀਡ ਤੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਮੈਨੂੰ ਆਪਣੇ ਪਿੰਡ ਦੀ ਹਰ ਚੀਜ਼ ਵਾਰੀ-ਵਾਰੀ ਚੇਤੇ ਆ ਰਹੀ ਸੀ।...ਸਾਡਾ ਉਹ ਟੁੱਟਾ-ਭੱਜਾ ਜਿਹਾ ਸਕੂਲ ਤੇ ਇਸ ਦੇ ਵਿਹੜੇ ਵਿਚ ਹਮੇਸ਼ਾ ਹੀ ਖਰਾਬ ਰਹਿੰਦਾ ਨਲਕਾ। ਪਿੰਡ ਦੇ ਚਾਰ-ਚੁਫੇਰੇ ਰੂੜੀਆਂ ਦੇ ਢੇਰ। ਬਹੁਤੇ ਕੱਚੇ ਤੇ ਥੋੜ੍ਹੇ ਪੱਕੇ ਮਕਾਨ। ਕੱਚੀਆਂ ਗਲੀਆਂ ਅਤੇ ਵਿਚ ਖਲੋਤਾ ਥੋੜ੍ਹਾ ਪਾਣੀ ਤੇ ਬਹੁਤਾ ਚਿੱਕੜ। ਚਿੱਕੜ ਵਿਚ ਰੱਖੇ ਇੱਟਾਂ ਦੇ ਟੋਟੇ ਜਿਨ੍ਹਾਂ ਉਤੇ ਪੈਰ ਰੱਖ ਕੇ ਅੱਗੇ ਲੰਘਿਆ ਕਰਨਾ। ਵੱਡੇ ਵਿਹੜੇ ਤੇ ਵਿਹੜਿਆਂ ਵਿਚ ਧਰੇਕਾਂ ਥੱਲੇ ਡੱਠੀਆਂ ਮੰਜੀਆਂ। ਮੰਜੀਆਂ ਉਤੇ ਬੈਠੀਆਂ ਦਾਦੀਆਂ, ਮਾਂਵਾਂ, ਤਾਈਆਂ, ਚਾਚੀਆਂ, ਭੂਆ, ਭਾਬੀਆਂ ਤੇ ਹੋਰ ਆਂਢਣਾਂ-ਗੁਆਂਢਣਾਂ। ਪਿੰਡੋਂ ਬਾਹਰ ਨੇੜੇ ਹੀ ਸਾਡਾ ਬੇਰੀਆਂ ਵਾਲਾ ਖੂਹ। ਬੇਰੀਆਂ ਦਾ ਡਾਢਾ ਸੋਹਣਾ ਝੁੰਡ। ਝੁੰਡ ਵਿਚ ਲੁਕ ਕੇ ਬੈਠਾ ਖੂਹ। ਖੂਹ ਚੱਲਣਾ ਤਾਂ ਟਿੰਡਾਂ ਅਤੇ ਕੁੱਤੇ ਦੀ ਮਨਮੋਹਕ ਟਿਕ ਟਿਕ ਦੀ ਅਵਾਜ਼। ਚਾਂਦੀ ਰੰਗਾ ਚਿੱਟਾ ਤੇ ਠੰਢਾ-ਮਿੱਠਾ ਪਾਣੀ। ਗਾਧੀ 'ਤੇ ਬੈਠ ਕੇ ਲਏ ਹੋਏ ਝੂਟੇ...ਸਭ ਮੇਰੀਆਂ ਅੱਖਾਂ ਅੱਗੇ ਦੌੜ ਰਹੇ ਸਨ।

ਫਿਰ ਯਾਦ ਆਇਆ ਉਹ ਅੰਮ੍ਰਿਤ ਵੇਲਾ ਜਿਸ ਲਈ ਮੈਂ ਇੰਨੀ ਬੇਸਬਰੀ ਹੋਈ ਪਈ ਸਾਂ। ਇਹ ਸੰਸਾਰ ਨਾਲੋਂ ਟੁੱਟ ਕੇ ਪ੍ਰਭੂ ਨਾਲ ਜੁੜਨ ਦਾ ਵੇਲਾ ਹੁੰਦਾ ਸੀ। ਗੁਰੂ ਘਰ ਦੇ ਗ੍ਰੰਥੀ ਸਿੰਘ ਨੇ ਤੜਕੇ ਤਿੰਨ ਵਜੇ ਸੰਖ ਪੂਰਨਾ ਤੇ ਸਾਰੇ ਪਿੰਡ ਵਿਚ ਹੀ ਚੇਤੰਨਤਾ ਆ ਜਾਣੀ। ਪਿੰਡ ਦੀਆਂ ਸਵਾਣੀਆਂ ਨੇ ਰਾਤ ਦੇ ਚਾਟੀ ਵਿਚ ਜਮਾਏ ਦੁੱਧ ਵਿਚ ਮਧਾਣੀ ਪਾ ਦੇਣੀ। ਬਜ਼ੁਰਗਾਂ ਤੇ ਮਾਈਆਂ ਨੇ ਥਾਲੀਆਂ ਵਿਚ ਆਟਾ ਜਾਂ ਦਾਣੇ ਪਾ ਕੇ ਗੁਰੂ ਘਰ ਵੱਲ 'ਵਾਹਿਗੁਰੂ ਵਾਹਿਗੁਰੂ' ਕਰਦਿਆਂ ਤੁਰ ਪੈਣਾ। ਜਵਾਨਾਂ ਨੇ ਜੋਗਾਂ ਜੋੜ ਕੇ ਪੈਲੀਆਂ ਵੱਲ ਮੁਹਾਰਾਂ ਘੱਤ ਲੈਣੀਆਂ। ਬਲਦਾਂ ਤੇ ਝੋਟਿਆਂ ਦੇ ਗਲ ਬੰਨ੍ਹੀਆਂ ਟੱਲੀਆਂ ਦੀ ਇਕ-ਰਸ, ਇਕ-ਸਾਰ ਟਨ-ਟਨ ਦੀ ਅਵਾਜ਼ ਆਉਣੀ।

ਫਿਰਨੀ ਤੋਂ ਪਿੰਡ ਵੱਲ ਨਜ਼ਰਾਂ ਉਠੀਆਂ ਤਾਂ ਦਿਲ ਠਨੰਭਰ ਜਿਹਾ ਗਿਆ। ਮੈਂ ਪੁੱਛਿਆ, "ਇਹ ਆਪਣਾ ਹੀ ਪਿੰਡ ਹੈ?" ਡਰਾਈਵਰ ਬੋਲਿਆ, "ਬੀਬੀ ਜੀ, ਪਿੰਡ ਤਾਂ ਉਹੀ ਹੈ ਪਰ ਜੋ ਤੁਸੀਂ ਲੱਭਣ ਆਏ ਹੋ, ਉਹ ਨਹੀਂ ਜੇ ਹੁਣ ਲੱਭਣਾ!"

ਇਥੇ ਮੈਂ ਦੱਸ ਦਿਆਂ ਕਿ ਗੁਰੂ ਘਰ ਦੀ ਸੇਵਾ ਨਾਲ ਜੁੜੇ ਹੋਣ ਅਤੇ ਆਪਣੇ ਧਰਮ ਦੇ ਠੇਕੇਦਾਰਾਂ ਦੀਆਂ ਸੌੜੀਆਂ ਸੋਚਾਂ ਕਰ ਕੇ ਅਸੀਂ ਵਾਹਵਾ ਦੇਰ ਪਿੱਛੋਂ ਹੀ ਦੇਸ਼ ਪਰਤਣ ਜੋਗੇ ਹੋਏ ਸਾਂ। ਮੇਰੇ ਪਤੀ, ਸਰਦਾਰ ਜੀ ਆਖਣ ਲੱਗੇ, "ਪਿੰਡ ਦੱਸਦੇ ਹੀ ਨਹੀਂ ਕਿ ਅਸੀਂ ਆ ਰਹੇ ਹਾਂ; ਚੁੱਪ-ਚੁਪੀਤੇ ਹੀ ਚੱਲਦੇ ਹਾਂ।" ਸੋ, ਅਸੀਂ ਚੁੱਪ-ਚੁਪੀਤੇ ਪਿੰਡ ਜਾ ਪਹੁੰਚੇ। ਅਜੇ ਤਰਕਾਲਾਂ ਢਲ ਰਹੀਆਂ ਸਨ। ਜਿਥੇ ਡਰਾਇਵਰ ਨੇ ਗੱਡੀ ਜਾ ਖੜ੍ਹੀ ਕੀਤੀ, ਉਹ ਕੋਈ ਓਪਰੀ ਜਿਹੀ ਗਲੀ ਲੱਗ ਰਹੀ ਸੀ।

ਡਰਾਇਵਰ ਨੇ ਗੇਟ ਖੜਕਾਇਆ ਤੇ ਅਵਾਜ਼ ਦਿੱਤੀ, "ਭਾਈ ਬਾਹਰ ਆਉ, ਤੁਹਾਡੇ ਪ੍ਰਾਹੁਣੇ ਆਏ ਨੇ।" ਕੁੜੀ ਨੇ ਗੇਟ ਖੋਲ੍ਹਿਆ ਤੇ ਅੰਦਰ ਵੱਲ ਮੂੰਹ ਕਰ ਕੇ ਅਵਾਜ਼ ਦਿੱਤੀ, "ਭਾਪਾ ਜੀ, ਕੋਈ ਕਾਰ ਵਿਚ ਆਏ ਨੇ।" ਕੁੜੀ ਦੇ ਭਾਪਾ ਜੀ ਵੀ ਆ ਗਏ, ਪਰ ਉਤਸ਼ਾਹ, ਚਾਅ ਜਾਂ ਅਪਣੱਤ ਵਾਲੀ ਕੋਈ ਗੱਲ ਨਾ ਲੱਗੀ। ਮਨ ਥੋੜ੍ਹਾ ਨਹੀਂ, ਬਹੁਤ ਨਿਰਾਸ਼ ਹੋਇਆ। ਖੈਰ, ਅਸੀਂ ਘਰ ਅੰਦਰ ਜਾ ਵੜੇ। ਸਭ ਕੁਝ ਬਦਲ ਚੁੱਕਾ ਸੀ। ਨਾ ਉਹ ਕੋਠੇ, ਨਾ ਹੀ ਉਹ ਕੱਚੇ ਲਿੱਪੇ-ਪੋਚੇ ਵਿਹੜੇ। ਨਾ ਉਹ ਚੁੱਲ੍ਹੇ-ਚੌਂਕੇ। ਇਵੇਂ ਲੱਗਾ ਕਿ ਪੱਥਰਾਂ ਦੇ ਘਰਾਂ ਵਿਚ ਬੈਠੇ ਇਹ ਬੰਦੇ ਵੀ ਪੱਥਰ ਬਣ ਚੁੱਕੇ ਹਨ।

ਇਧਰ-ਉਧਰ ਦੀਆਂ ਓਪਰੀਆਂ-ਓਪਰੀਆਂ ਗੱਲਾਂ ਤੋਂ ਬਾਅਦ ਸੌਣ ਦੀ ਤਿਆਰੀ ਹੋ ਗਈ। ਸਭ ਕੁਝ ਬੇਗਾਨਾ ਹੋਇਆ ਤੇ ਬਦਲਿਆ ਹੋਣ ਦੇ ਬਾਵਜੂਦ ਮੇਰੇ ਅੰਦਰ ਰੀਝ ਤੜਫ ਰਹੀ ਸੀ ਕਿ ਅੰਮ੍ਰਿਤ ਵੇਲੇ ਦਾ ਅਨੰਦ ਰੱਜ-ਰੱਜ ਮਾਣਨਾ ਹੈ। ਇਨ੍ਹਾਂ ਪਲਾਂ ਨੂੰ ਯਾਦ ਕਰਦੀ ਸੋਹਿਲੇ ਜੀ ਦਾ ਜਾਪ ਕਰ ਕੇ ਲੰਮੀਆਂ ਪੈ ਗਈ। ਸ਼ਾਇਦ ਰਾਤ ਢਲ ਚੁੱਕੀ ਸੀ ਤੇ ਅੰਮ੍ਰਿਤ ਵੇਲਾ ਨੇੜੇ ਆ ਰਿਹਾ ਸੀ।...ਸਪੀਕਰ ਦੀ ਆਵਾਜ਼ ਆਈ ਤੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਹੋ ਗਿਆ। ਮਿੰਟ ਕੁ ਬਾਅਦ ਦੂਜਾ ਸਪੀਕਰ ਬੋਲਿਆ ਤੇ ਜਪੁ ਜੀ ਸਾਹਿਬ ਦਾ ਪਾਠ ਸੁਣਨ ਲੱਗ ਪਿਆ। ਦੋ ਮਿੰਟ ਬਾਅਦ ਇਕ ਹੋਰ ਸਪੀਕਰ ਖੜਕਿਆ ਤੇ ਆਸਾ ਦੀ ਵਾਰ ਦਾ ਕੀਰਤਨ ਹੋਣ ਲੱਗ ਪਿਆ। ਇਕ ਹੋਰ ਸਪੀਕਰ ਗਰਜਿਆ ਤੇ ਆਰਤੀ ਸ਼ੁਰੂ ਹੋ ਗਈ। ਵਾਜੇ, ਢੋਲਕੀਆਂ, ਚਿਮਟੇ ਤੇ ਛੈਣੇ ਇਵੇਂ ਵੱਜ ਰਹੇ ਸਨ ਕਿ ਸੁਰ ਤੇ ਤਾਲ ਦਾ ਜਿਵੇਂ ਆਪਸ ਵਿਚ ਯੁੱਧ ਚਲ ਰਿਹਾ ਹੋਵੇ। ਇਸ ਤੋਂ ਅੱਗੇ ਫਿਰ ਹੋਰ ਪਤਾ ਨਹੀਂ ਕਿੰਨੇ ਕੁ ਸਪੀਕਰ ਮੈਦਾਨ ਵਿਚ ਕੁੱਦ ਪਏ ਹੋਣਗੇ।

ਮੈਂ ਮੰਜੇ ਤੋਂ ਉਠ ਕੇ ਇਧਰ-ਉਧਰ ਵੇਖ ਰਹੀ ਸਾਂ ਕਿ ਇਹ ਕਿਹੜਾ ਵੇਲਾ ਹੈ? ਕਿਤੇ ਹਵਾ ਦਾ ਰੁਖ ਬਦਲਿਆ ਤਾਂ ਕਿਸੇ ਸਪੀਕਰ ਦੀ ਆਵਾਜ਼ ਕੰਨੀਂ ਪਈ...ਅੰਮ੍ਰਿਤ ਵੇਲਾ ਹੈ...ਗੁਰੂ ਨਾਲ ਜੁੜਨ ਦਾ ਵੇਲਾ...। ਇਹ ਸੁਣਦਿਆਂ ਹੀ ਮੇਰੇ ਮਨ ਮਸਤਕ ਵਿਚ ਉਥਲ-ਪੁਥਲ ਮਚ ਗਈ ਤੇ ਅੱਖਾਂ ਵਿਚੋਂ ਆਪ ਮੁਹਾਰੇ ਪਾਣੀ ਵਗ ਤੁਰਿਆ ਕਿ ਜਿਸ ਅੰਮ੍ਰਿਤ ਵੇਲੇ ਦਾ ਅਨੰਦ ਮਾਣਨ ਲਈ ਮੈਂ ਦੋ ਦਹਾਕੇ ਤੜਫਦੀ ਰਹੀ ਹਾਂ, ਅੱਜ ਉਸ ਵੇਲੇ ਦਾ ਨਜ਼ਾਰਾ ਇੰਦਾਂ ਦਾ ਬਣ ਚੁੱਕਾ ਹੈ। ਕਿਥੇ ਗਿਆ ਉਹ ਵੇਲਾ ਜਦੋਂ ਕੁੱਕੜ ਦੀ ਬਾਂਗ ਹੀ ਪਿੰਡ ਦੇ ਚੁੱਪ ਮਾਹੌਲ ਨੂੰ ਤੋੜ ਕੇ ਲੋਕਾਂ ਨੂੰ ਉਠਣ ਦਾ ਸੁਨੇਹਾ ਦਿਆ ਕਰਦੀ ਸੀ? ਇਕ ਪਿੰਡ ਵਿਚ ਪੰਜ-ਛੇ ਸਪੀਕਰ ਬੜ੍ਹਕਾਂ ਮਾਰ ਰਹੇ ਸਨ ਤੇ ਲੋਕੀਂ ਰਜਾਈਆਂ ਵਿਚ ਮੂੰਹ ਲਕੋਈ ਬੈਠੇ ਸਨ। ਸਾਰੀ ਉਮਰ ਗੁਰਬਾਣੀ ਦੇ ਸਮੁੰਦਰ ਵਿਚ ਤਾਰੀਆਂ ਲਾਉਣ ਦੇ ਬਾਵਜੂਦ ਨਾ ਮੈਨੂੰ ਪਾਠ ਤੇ ਨਾ ਹੀ ਕੀਰਤਨ ਦੀ ਕੋਈ ਪੰਕਤੀ ਸਮਝ ਵਿਚ ਆਈ। ਹਰ ਗੁਰਦੁਆਰੇ ਦਾ ਸਪੀਕਰ ਆਪਣੇ ਆਪ ਨੂੰ ਦੂਜੇ ਸਪੀਕਰ ਨਾਲੋਂ ਤਕੜਾ ਸਿੱਧ ਕਰਨ 'ਤੇ ਤੁਲਿਆ ਪਿਆ ਸੀ। ਅੰਮ੍ਰਿਤ ਵੇਲਾ ਕਿਤੇ ਲੋਪ ਹੋ ਚੁੱਕਾ ਸੀ, ਦਿਨ ਚੜ੍ਹਦਾ ਆ ਰਿਹਾ ਸੀ...ਮੇਰਾ ਉਹ ਅੰਮ੍ਰਿਤ ਵੇਲਾ...'ਭਿੰਨੀ ਰੈਨੜੀਐ ਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥' ਕਿਤੇ ਗੁੰਮ-ਗੁਆਚ ਚੁੱਕਾ ਸੀ।

ਸ਼ਹਿਰ ਆਏ ਤਾਂ ਮਾਯੂਸ ਸਾਂ। ਦੂਜੀ ਰਾਤ ਢਲਣ 'ਤੇ ਫਿਰ ਅੰਮ੍ਰਿਤ ਵੇਲਾ ਆ ਰਿਹਾ ਸੀ ਕਿ ਅਚਾਨਕ ਚਾਰ-ਚੁਫੇਰਿਉਂ ਧਾੜਾਂ ਦੀਆਂ ਧਾੜਾਂ ਸਪੀਕਰਾਂ ਦੀਆਂ ਬਾਬਰ ਦੀਆਂ ਫੌਜਾਂ ਵਾਂਗ ਨਗਾਰਿਆਂ 'ਤੇ ਚੋਟਾਂ ਲਾਉਂਦੀਆਂ ਮੈਦਾਨ ਵਿਚ ਉਤਰ ਆਈਆਂ।...ਕਿਤੇ ਪਾਠ ਤੇ ਕਿਤੇ ਕੀਰਤਨ ਹੋ ਰਿਹਾ ਸੀ। ਕਿਤੇ ਮੰਦਰਾਂ ਦੇ ਪੁਜਾਰੀ ਟੱਲ ਖੜਕਾ-ਖੜਕਾ ਕੇ ਰੱਬ ਨੂੰ ਅਵਾਜ਼ਾਂ ਦੇ ਰਹੇ ਸਨ। ਜਿਵੇਂ ਗੁਰਦੁਆਰਿਆਂ ਤੇ ਮੰਦਰਾਂ ਦੇ ਰੱਬ ਇਕੱਠੇ ਹੀ ਕਿਤੇ ਦੂਰ-ਦੁਰਾਡੇ ਦੌੜ ਗਏ ਹੋਣ ਅਤੇ ਭਾਈ ਤੇ ਪੰਡਿਤ ਸਾਰੇ ਹਾਲ-ਪਾਹਰਿਆ ਪਾ ਰਹੇ ਹੋਣ ਕਿ ਉਠੋ ਲੋਕੋ ਰੱਬ ਲੱਭ ਕੇ ਲਿਆਈਏ! ਗਲੀ-ਗਲੀ, ਮੁਹੱਲੇ-ਮੁਹੱਲੇ ਗੁਰਦੁਆਰੇ ਤੇ ਮੰਦਰ। ਇਹ ਗੁਰਦੁਆਰਾ ਜੱਟਾਂ ਦਾ, ਇਹ ਭਾਪਿਆਂ ਦਾ, ਇਹ ਰਵਿਦਾਸ ਦਾ, ਇਹ ਰਾਮਗੜ੍ਹੀਆਂ ਦਾ ਤੇ ਇਹ ਲੁਬਾਣਿਆਂ ਦਾ। ਮੈਂ ਜਿੰਨੀਆਂ ਸੱਧਰਾਂ ਨਾਲ ਵਤਨ ਗਈ ਸਾਂ, ਉਸ ਤੋਂ ਕਿਤੇ ਵੱਧ ਮਾਯੂਸ ਹੋ ਕੇ ਵਾਪਸ ਆ ਗਈ। ਹੁਣ ਮੇਰੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਉਹ ਅੰਮ੍ਰਿਤ ਵੇਲਾ ਲੱਭਿਆਂ ਨਹੀਂ ਲੱਭਦਾ। ਦਿਨ ਵੀ ਚੜ੍ਹਦਾ ਹੈ ਤੇ ਰਾਤ ਵੀ ਪੈਂਦੀ ਹੈ, ਪਰ ਅੰਮ੍ਰਿਤਮਈ ਅੰਮ੍ਰਿਤ ਵੇਲਾ ਗਾਇਬ ਹੋ ਚੁੱਕਾ ਹੈ।

## ਸੰਪਾਦਕ ਦੀ ਡਾਕ

### ਵੱਡੇ ਕੱਦ ਦੀਆਂ ਲਿਖਤਾਂ ਵਾਲਾ ਪੰਜਾਬ ਟਾਈਮਜ਼

**ਸੰਪਾਦਕ ਜੀ,**

ਪਿਛਲੇ ਕੁਝ ਅੰਕਾਂ ਤੋਂ ਪੰਜਾਬ ਟਾਈਮਜ਼ ਦੇ ਪੰਨਿਆਂ ਦੀ ਗਿਣਤੀ ਕੁਝ ਘੱਟ ਜਾਪੀ ਪਰ ਇਸ ਦੀਆਂ ਲਿਖਤਾਂ ਦਾ ਕੱਦ ਬਹੁਤ ਵੱਡਾ ਹੈ। ਇਹ ਲਿਖਤਾਂ ਹੀ ਹਨ ਜੋ ਮੈਨੂੰ ਹਰ ਬੁੱਧਵਾਰ ਸਵੇਰ ਵੇਲੇ ਹੀ ਪੰਜਾਬ ਟਾਈਮਜ਼ ਦੀ ਵੈਬ ਸਾਈਟ www.punjabtimesusa.com 'ਤੇ ਲੈ ਜਾਂਦੀਆਂ ਹਨ।

ਨਵੇਂ ਸ਼ੁਰੂ ਹੋਏ ਕਾਲਮ 'ਸੁਰਤ ਅਤੇ ਸੰਗੀਤ' ਰਾਹੀਂ ਕਾਫੀ ਨਵੀਂ ਜਾਣਕਾਰੀ ਮਿਲਦੀ ਹੈ। ਹੰਢੇ ਹੋਏ ਕਹਾਣੀਕਾਰ ਸ. ਗੁਰਬਚਨ ਸਿੰਘ ਭੁੱਲਰ ਦੀ ਲਿਖਤ ਵਿਚ ਸੱਚਮੁੱਚ ਹੀ ਬਹੁਤ ਸ਼ਕਤੀ ਹੈ। ਆਪਣੇ ਕਾਲਮ 'ਨਿੱਕ-ਸੁੱਕ' ਵਿਚ ਸ. ਗੁਲਜ਼ਾਰ ਸਿੰਘ ਸੰਧੂ ਥੋੜ੍ਹੇ ਜਿਹੇ ਸ਼ਬਦਾਂ ਵਿਚ ਇਕ ਤਰ੍ਹਾਂ ਨਾਲ ਪੂਰੀ ਕਿਤਾਬ ਹੀ ਲਿਖ ਦਿੰਦੇ ਹਨ। ਉਨ੍ਹਾਂ ਨੂੰ ਬੇਨਤੀ ਹੈ ਕਿ ਜਦੋਂ ਕਿਸੇ ਪੁਸਤਕ ਬਾਰੇ ਕੁਝ ਲਿਖਣ ਤਾਂ ਉਸ ਨੂੰ ਪ੍ਰਾਪਤ ਕਰਨ ਦੀ ਜਾਣਕਾਰੀ ਵੀ ਦੇਣ। ਉਨ੍ਹਾਂ ਸ਼ੇਕਸਪੀਅਰ ਦੀਆਂ ਰਚਨਾਵਾਂ ਦੇ ਪੰਜਾਬੀ ਅਨੁਵਾਦ ਦੀ ਗੱਲ ਕੀਤੀ ਸੀ। ਮੈਂ ਵੀ ਚਾਹੁੰਦਾ ਹਾਂ ਕਿ ਮੈਂ ਇਹ ਰਚਨਾਵਾਂ ਪੜ੍ਹਾਂ।

ਪੰਜਾਬ ਟਾਈਮਜ਼ ਦੇ ਸਭ ਤੋਂ ਪੁਰਾਣੇ ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਆਪਣੇ ਕਾਲਮ 'ਲਿਖਤੁਮ' ਰਾਹੀਂ ਹਰ ਹਫਤੇ ਕਿਸੇ ਨਵੇਂ ਵਿਸ਼ੇ ਨੂੰ ਨਵੇਂ ਅੰਦਾਜ਼ ਵਿਚ ਛੋਹ ਕੇ ਪਾਠਕਾਂ ਦੇ ਮਨ ਰੌਸ਼ਨ ਕਰਦੇ ਹਨ। ਬਲਜੀਤ ਬਾਸੀ ਦਾ ਕਾਲਮ 'ਸ਼ਬਦ ਝਰੋਖਾ' ਹਰ ਵਾਰ ਲਾਜਵਾਬ ਹੁੰਦਾ ਹੈ। ਅੱਜ ਕੱਲ੍ਹ ਅਸ਼ੋਕ ਭੌਰਾ ਦੀ ਗੈਰ ਹਾਜ਼ਰੀ ਰੜਕਦੀ ਹੈ, ਸ਼ਾਇਦ ਉਹ ਇੰਡੀਆ ਗਏ ਹੋਏ ਹਨ। ਮੇਰੀ ਦੁਆ ਹੈ ਕਿ ਪੰਜਾਬ ਟਾਈਮਜ਼ ਪੱਤਰਕਾਰੀ ਅਤੇ ਸਾਹਿਤ ਦੇ ਖੇਤਰ ਵਿਚ ਹੋਰ ਮੱਲਾਂ ਮਾਰੇ ਅਤੇ ਸਾਨੂੰ ਇਸੇ ਤਰ੍ਹਾਂ ਗਿਆਨ ਮੁਹੱਈਆ ਕਰਦਾ ਰਹੇ।

**-ਇੰਦਰਜੀਤ ਮੰਗਾ**
**ਪਿਟਸਬਰਗ, ਕੈਲੀਫੋਰਨੀਆ।**

ਸਫਰ ਜ਼ਿੰਦਗੀ ਦਾ

ਜ਼ਿੰਦਗੀ ਵਾਕਈ ਖ਼ੂਬਸੂਰਤ ਹੈ

# ਇਕ ਜਾਂਬਾਜ਼ ਦੀ ਕਹਾਣੀ-ਉਸ ਦੀ ਆਪਣੀ ਜ਼ੁਬਾਨੀ

**ਨਵੀਨ ਗੁਲੀਆ ਇਕ ਸਾਹਸੀ ਸ਼ਖਸੀਅਤ ਹੈ। ਉਸ ਨੂੰ ਹੁਣ ਤਕ ਕਈ ਸਨਮਾਨ ਮਿਲ ਚੁੱਕੇ ਹਨ ਜਿਨ੍ਹਾਂ ਵਿਚ ਹਰਿਆਣਾ ਗੌਰਵ ਐਵਾਰਡ, ਇੰਡੀਅਨ ਪੀਪਲ ਆਫ ਯੀਅਰ ਐਵਾਰਡ, ਕੇਵਿਨਕੇਅਰ ਏਬਿਲਟੀ ਮਾਸਟਰੀ ਐਵਾਰਡ ਅਤੇ ਨੈਸ਼ਨਲ ਰੋਲ ਮਾਡਲ ਐਵਾਰਡ ਸ਼ਾਮਲ ਹਨ।**

9 ਜਨਵਰੀ 2013 ਨੂੰ ਚਾਰ ਘੰਟਿਆਂ ਤੋਂ ਵੱਧ ਸਫਰ ਕਰਕੇ, ਬਰਫ ਨਾਲ ਲੱਦੇ 17800 ਫੁੱਟ ਉਚੇ ਚਾਂਗ ਦੱਰੇ ਨੂੰ ਪਾਰ ਕਰਕੇ ਮੈਂ ਜਿੰਨੀ ਛੇਤੀ ਹੋ ਸਕੇ ਹਿਮਾਲਿਆ ਪਰਬਤ ਦੀ ਵੱਖੀ ਵਿਚ ਟਿਕੀ ਪੈਂਗੌਂਗ ਸ੍ਰ ਝੀਲ ਨੂੰ ਸਰਦੀਆਂ 'ਚ ਪਹਿਲੀ ਨਜ਼ਰ ਦੇਖਣ ਦਾ ਇੱਛਕ ਸੀ। ਇਸ ਜਗ੍ਹਾ 'ਤੇ ਮੈਂ ਪਹਿਲਾਂ ਵੀ ਦੋ ਵਾਰ ਆ ਚੁੱਕਿਆ ਸੀ ਪਰ ਸਰਦੀਆਂ ਵਿਚ ਇਸ ਨੂੰ ਪੂਰੀ ਤਰ੍ਹਾਂ ਜਾਂ ਅੱਧ-ਪਚੱਧ ਬਰਫ ਨਾਲ ਜੰਮੀ ਦੇਖਣ ਦਾ ਸੁਫਨਾ ਮੇਰਾ ਅਜੇ ਪੂਰਾ ਹੋਣਾ ਬਾਕੀ ਸੀ। ਇਸ ਮਾਣਮੱਤੀ ਝੀਲ ਤਕ ਆਉਣ ਵਾਲਾ ਸਾਰਾ ਰਸਤਾ ਚਿੱਟੀ ਬਰਫ ਨਾਲ ਢਕਿਆ ਹੋਇਆ ਸੀ। ਉਂਜ ਮੇਰੀ ਖਾਹਸ਼ ਤਾਂ ਇਹ ਸੀ ਕਿ 604 ਵਰਗ ਕਿਲੋਮੀਟਰ ਘੇਰੇ ਵਿਚ ਸਥਿਤ ਇਹ ਝੀਲ ਪੂਰੀ ਤਰ੍ਹਾਂ ਜੰਮੀ ਨਹੀਂ ਹੋਣੀ ਚਾਹੀਦੀ। ਇਹ ਅੱਧ-ਪਚੱਧੀ ਜੰਮੀ ਹੋਵੇ ਅਤੇ ਇਹ ਹੀ ਸਭ ਤੋਂ ਬਿਹਤਰ ਹੋਵੇਗਾ। ਭਾਵੇਂ ਮੈਂ ਜਾਣਦਾ ਸੀ, ਪੈਂਗੌਂਗ ਝੀਲ ਦਾ ਦਰਜਾ ਹਰਾਰਤ ਉਸ ਵੇਲੇ ਅਸਹਿਣਯੋਗ ਸੀ ਪਰ ਮੈਂ ਤੁਰਤ ਉਸ ਦੀ ਬਰਫ ਵਾਲੀ ਸਤਹਿ 'ਤੇ ਬੈਠਣਾ ਚਾਹੁੰਦਾ ਸਾਂ। ਜਿਉਂ ਹੀ ਮੈਂ ਬਰਫ 'ਤੇ ਬੈਠਿਆ, ਮੈਨੂੰ ਦੱਸਿਆ ਗਿਆ ਕਿ ਉਸ ਵੇਲੇ ਝੀਲ ਨੇੜੇ ਤਾਪਮਾਨ ਮਨਫੀ 40 ਡਿਗਰੀ ਸੈਲਸੀਅਸ ਸੀ। ਹਿਮਾਲਿਆ ਦੀ ਠੰਢੀ ਹਵਾ ਸਾਡੇ ਕੰਨਾਂ ਵਿਚ ਵੜ ਰਹੀ ਸੀ। ਸਾਡੇ ਕੋਲ 20-25 ਮਿੰਟਾਂ ਦਾ ਹੀ ਸਮਾਂ ਸੀ। ਮੈਂ ਆਪਣੀ ਵ੍ਹੀਲ ਚੇਅਰ 'ਤੇ ਬੈਠ ਕੇ ਹੌਲੀ ਹੌਲੀ ਝੀਲ ਦੀ ਬਰਫ 'ਤੇ ਚੱਕਰ ਕੱਟਣ ਲੱਗਾ। ਪਹਾੜ ਦੀ ਓਟ ਦਾ ਸਹਾਰਾ ਲੈਂਦਿਆਂ ਮੈਂ ਬਰਫ ਨਾਲ ਜੰਮੀ ਝੀਲ ਦੇ ਹਰ ਪਲ ਦਾ ਅਨੰਦ ਮਾਣਨਾ ਚਾਹੁੰਦਾ ਸੀ। ਮੈਂ ਖਿਆਲਾਂ ਹੀ ਖਿਆਲਾਂ ਵਿਚ ਆਪਣੇ ਬਚਪਨ ਦੇ ਦਿਨਾਂ ਵਿਚ ਚਲਾ ਗਿਆ। ਉਦੋਂ ਕੌਣ ਜਾਣਦਾ ਸੀ ਕਿ ਮੈਨੂੰ ਆਪਣੀ ਜ਼ਿੰਦਗੀ ਵਿਚ ਕਿਨ੍ਹਾਂ ਕਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਮੈਂ ਕਿਹੜੀਆਂ ਕਿਹੜੀਆਂ ਪ੍ਰਾਪਤੀਆਂ ਕਰ ਸਕਾਂਗਾ?


ਨਵੀਨ ਗੁਲੀਆ

ਸਰਸਰੀ ਤੇ ਹਰ ਚੀਜ਼ ਨੂੰ ਹੌਲੀ ਹੌਲੀ ਸਿੱਖਣ ਵਾਲੇ ਜਿਸ ਬੱਚੇ ਦਾ ਜਨਮ 16 ਜੁਲਾਈ 1973 ਨੂੰ ਹੋਇਆ, ਉਹ ਪ੍ਰਾਪਤੀਆਂ ਕਰਨ ਵਿਚ ਮੋਹਰੀ ਕਿਵੇਂ ਬਣਿਆ? ਮੈਂ ਆਪਣੇ ਬਚਪਨ ਤੋਂ ਹੀ ਇਕ ਗੱਲ ਸਿੱਖੀ ਹੈ, ਉਹ ਹੈ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕਰਨਾ। ਮੈਨੂੰ ਆਪਣੇ ਆਪ ਨੂੰ ਸਿੱਧ ਕਰਨ ਲਈ ਚੁਣੌਤੀਆਂ ਦਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਖੁਸ਼ਕਿਸਮਤੀ ਇਹੀ ਰਹੀ ਕਿ ਸਫਲਤਾ ਲਈ ਮੈਨੂੰ ਹਮੇਸ਼ਾ ਮੁਸ਼ੱਕਤ ਕਰਨੀ ਪਈ। ਸਫਲਤਾ ਕਦੇ ਵੀ ਆਸਾਨੀ ਨਾਲ ਨਹੀਂ ਮਿਲਦੀ ਅਤੇ ਜਿਹੜੀ ਚੀਜ਼ ਆਸਾਨੀ ਨਾਲ ਮਿਲ ਜਾਵੇ ਉਸ ਨੂੰ ਸਫਲਤਾ ਨਹੀਂ ਕਿਹਾ ਜਾ ਸਕਦਾ।

ਜਦੋਂ ਮੈਂ 13 ਸਾਲਾਂ ਦਾ ਸੀ, ਮੈਨੂੰ ਸਾਹ ਤੇ ਦਮੇ ਦੀ ਸ਼ਿਕਾਇਤ ਸੀ। ਡਾਕਟਰ ਨੇ ਮੈਨੂੰ ਖੇਡਾਂ ਛੱਡਣ ਦੀ ਸਲਾਹ ਦਿੱਤੀ। ਜਿਸ ਦਿਨ ਡਾਕਟਰ ਨੇ ਮੈਨੂੰ ਦੌੜ ਛੱਡਣ ਲਈ ਕਿਹਾ, ਮੈਂ ਉਸ ਤੋਂ ਅਗਲੇ ਹੀ ਦਿਨ ਦੁੱਗਣੀ ਦੂਰੀ ਤਕ ਦੌੜਿਆ।

18 ਸਾਲ ਦੀ ਉਮਰ ਵਿਚ ਮੈਂ ਫੌਜੀ ਕਮਾਂਡੋ ਬਣ ਕੇ ਦੇਸ਼ ਲਈ ਲੜਨਾ ਚਾਹੁੰਦਾ ਸੀ। 28 ਜੂਨ 1991 ਨੂੰ ਮੈਂ ਨੈਸ਼ਨਲ ਡਿਫੈਂਸ ਅਕੈਡਮੀ 'ਚ ਭਰਤੀ ਹੋ ਗਿਆ। ਜਦੋਂ ਸਿਖਲਾਈ ਦਾ ਜ਼ਰੂਰੀ ਹਿੱਸਾ ਮੈਂ ਪਾਸ ਕਰ ਲਿਆ ਅਤੇ ਇਥੋਂ ਤੱਕ ਕਿ ਮੈਂ ਕਈ ਉਚੇ ਇਮਤਿਹਾਨ ਪਾਸ ਕਰ ਲਏ ਅਤੇ ਮੇਰੀ ਸਿਖਲਾਈ ਦੇ ਕੁਝ ਹੀ ਦਿਨ ਬਾਕੀ ਬਚੇ ਸਨ ਤਾਂ 29 ਅਪਰੈਲ 1995 ਨੂੰ ਅੰਤਰ ਕੰਪਨੀ ਅੜਿਕਾ ਦੌੜ ਪਾਰ ਕਰਦੇ ਸਮੇਂ ਮੈਂ ਸਖਤ ਜ਼ਖਮੀ ਹੋ ਗਿਆ।

ਮੇਰਾ ਸਾਰਾ ਸਰੀਰ ਅਧਰੰਗ ਨਾਲ ਮਾਰਿਆ ਗਿਆ। ਉਸ ਵੇਲੇ ਮੇਰੀਆਂ ਅੱਖਾਂ ਹੀ ਇਧਰ-ਉਧਰ ਦੇਖ ਸਕਦੀਆਂ ਸਨ। ਖੇਡਾਂ ਅਤੇ ਫੌਜੀ ਸਿਖਲਾਈ ਨੇ ਮੈਨੂੰ ਜ਼ਿੰਦਗੀ ਵਿਚ ਸਭ ਤੋਂ ਮਹੱਤਵਪੂਰਨ ਇਹ ਹੀ ਸਬਕ ਸਿਖਾਇਆ ਹੈ ਕਿ ਕਠਿਨਾਈਆਂ ਭਰੇ ਮਾਹੌਲ ਵਿਚ ਵੀ ਅਤਿ ਦੀ ਸ਼ਾਂਤੀ ਕਾਇਮ ਰੱਖੀ ਜਾਵੇ। ਮੈਂ ਇਹ ਸਬਕ ਆਪਣੀ ਜ਼ਿੰਦਗੀ ਵਿਚ ਤੁਰਤ ਲਾਗੂ ਕਰਨ ਦਾ ਫੈਸਲਾ ਕਰ ਲਿਆ। ਮੇਰੀ ਜ਼ਿੰਦਗੀ ਬਚੀ ਰਹੀ। ਜਦੋਂ ਮੈਨੂੰ ਮੁਸ਼ਕਿਲਾਂ, ਕਮੀਆਂ ਅਤੇ ਸਦਮਿਆਂ ਵਿਚੋਂ ਲੰਘਣਾ ਪਿਆ, ਮੈਂ ਕਦੇ ਨਹੀਂ ਕਿਹਾ, 'ਇਹ ਸਭ ਮੇਰੇ ਨਾਲ ਕਿਉਂ ਹੁੰਦਾ ਹੈ।' ਇਸ ਦੇ ਉਲਟ ਮੈਂ ਕਹਿੰਦਾ ਹਾਂ, 'ਮੇਰੇ ਨਾਲ ਕਿਉਂ ਨਾ ਹੋਵੇ?'

ਮੈਂ ਦੋ ਸਾਲ ਹਸਪਤਾਲ ਵਿਚ ਗੁਜ਼ਾਰੇ। ਇਹ ਸਿੱਖਣ ਲਈ ਕਿ ਮੈਂ ਆਪਣੀ ਵ੍ਹੀਲ ਚੇਅਰ 'ਤੇ ਕਿਵੇਂ ਚਲਣਾ ਫਿਰਨਾ ਹੈ। ਮੈਂ ਆਪਣੇ ਆਪ ਨਾਲ ਫੈਸਲਾ ਕੀਤਾ ਕਿ ਮੈਨੂੰ ਕੋਈ ਚੀਜ਼ ਰੋਕਣ ਦੀ ਕੋਸ਼ਿਸ਼ ਵੀ ਨਾ ਕਰੇ। ਜਦੋਂ ਮੈਨੂੰ ਹਸਪਤਾਲੋਂ ਛੁੱਟੀ ਮਿਲ ਗਈ ਤਾਂ ਡਾਕਟਰਾਂ ਨੇ ਮੈਨੂੰ 100 ਫੀਸਦੀ ਅਪਾਹਜ ਹੋਣ ਦਾ ਸਰਟੀਫਿਕੇਟ ਦੇ ਦਿੱਤਾ।

ਅੱਜ ਮੇਰੇ ਕੋਲ ਸਭ ਤੋਂ ਵੱਡੀਆਂ ਅਕਾਦਮਿਕ ਡਿਗਰੀਆਂ ਹਨ। ਹੈਂਗ ਗਲਾਈਡਰ ਅਤੇ ਮਾਈਕਰੋ ਏਅਰਕਰਾਫਟ ਦੀ ਉਡਾਣ ਕਰ ਚੁੱਕਿਆ ਹਾਂ। ਨਵੀਂ ਦਿੱਲੀ ਤੋਂ ਮਾਰਸੀਮਿਕ ਦੱਰੇ, ਜਿਸ ਦੀ ਉਚਾਈ 18632 ਫੁੱਟ ਹੈ, ਤਕ ਐਡਵੈਂਚਰ ਡਰਾਈਵਿੰਗ ਵਿਚ ਰਿਕਾਰਡ ਬਣਾ ਚੁੱਕਿਆ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਸਾਡਾ ਸਰੀਰ ਅਤੇ ਮਨ ਅਥਾਹ ਯੋਗਤਾ ਦਾ ਮਾਲਕ ਹੈ। ਸਾਡੀ ਯੋਗਤਾ ਸਾਡੇ ਰਾਹ ਵਿਚ ਕਦੇ ਰੋੜੇ ਨਹੀਂ ਅਟਕਾਉਂਦੀ, ਸਾਡੇ ਵਿਚਾਰ ਹੀ ਅਜਿਹਾ ਕਰਨ ਲਈ ਮਜਬੂਰ ਕਰਦੇ ਹਨ। ਜੇ ਅਸੀਂ ਸੋਚਾਂਗੇ ਅਸੀਂ ਕਰ ਸਕਦੇ ਹਾਂ, ਤਾਂ ਅਸੀਂ ਕਰ ਵੀ ਦਿਆਂਗੇ।

*-ਪੇਸ਼ਕਸ਼: ਕੁਲਦੀਪ ਭੁੱਲਰ*

ਪ੍ਰਤੀਕਰਮ

# ਸਿੱਖ ਧਰਮ ਵਿਚ ਹੋ ਰਹੀਆਂ ਤਬਦੀਲੀਆਂ

'ਪੰਜਾਬ ਟਾਈਮਜ਼' ਦੇ 9 ਫਰਵਰੀ ਵਾਲੇ ਅੰਕ ਵਿਚ ਸ. ਨੰਦ ਸਿੰਘ ਬਰਾੜ ਦਾ ਲੇਖ ਪੜ੍ਹਿਆ। ਉਨ੍ਹਾਂ ਬੀਤੇ ਦਿਨਾਂ ਦੌਰਾਨ ਪ੍ਰਚਲਿਤ ਅਨੰਦ ਕਾਰਜ ਦੇ ਸੁਚੱਜੇ ਢੰਗ ਦਾ ਜੋ ਵਰਣਨ ਕੀਤਾ, ਇਸ ਲਈ ਉਹ ਵਧਾਈ ਦੇ ਪਾਤਰ ਹਨ। ਉਨ੍ਹਾਂ ਦੀ ਇਕ ਹੋਰ ਸ਼ਲਾਘਾਯੋਗ ਗੱਲ ਹੈ, ਉਨ੍ਹਾਂ ਵੱਲੋਂ ਹੈਰੀਆਂ, ਗੈਰੀਆਂ ਅਤੇ ਬਾਬਿਆਂ ਦੇ ਯੁੱਗ ਵਿਚ ਆਪਣੇ ਨਾਂ ਦੇ ਨਾਲ 'ਸਿੰਘ' ਲਿਖਣਾ। ਜਿੱਥੋਂ ਤੱਕ ਤਬਦੀਲੀ ਦੀ ਗੱਲ ਹੈ, ਇਹ ਦੋ ਤਰ੍ਹਾਂ ਦੀ ਹੁੰਦੀ ਹੈ, ਹਾਂ-ਪੱਖੀ ਤੇ ਨਾਂਹ-ਪੱਖੀ। ਜੇ ਅਸੀਂ

**ਗੁਰਜੀਤ ਕੌਰ, ਬੇਟਾਊਨ (ਟੈਕਸਸ)**
**ਫੋਨ: 713-469-2474**

ਸਿੱਖ ਧਰਮ ਵਿਚ ਹਾਂ-ਪੱਖੀ ਤਬਦੀਲੀ ਲੱਭੀਏ ਤਾਂ ਇਹ ਸਿਰਫ ਇਕੋ ਹੀ ਮਿਲਦੀ ਹੈ-ਗੁਰਦੁਆਰਿਆਂ 'ਚ ਆਧੁਨਿਕ ਤਕਨੀਕ ਦੀ ਵਰਤੋਂ।

ਬੀਬੀ ਸੁਰਜੀਤ ਕੌਰ ਨੇ ਇਸ ਪੱਖ ਨੂੰ ਕਿਸ ਤਰ੍ਹਾਂ ਉਜਾਗਰ ਕੀਤਾ ਹੈ, ਮੈਂ ਇਸ ਤੋਂ ਅਨਜਾਣ ਹਾਂ, ਪਰ ਸ. ਨੰਦ ਸਿੰਘ ਬਰਾੜ ਨਾਲ ਸਹਿਮਤ ਹਾਂ ਕਿ ਕਿਸੇ ਵੀ ਮਨੁੱਖ ਦਾ ਜਦ ਤੱਕ ਆਪਣਾ ਵਿਵੇਕ ਕੰਮ ਕਰਦਾ ਹੈ, ਉਸ ਉਤੇ ਕਿਸੇ ਦਾ ਵੀ ਚੰਗਾ ਜਾਂ ਮਾੜਾ ਅਸਰ ਨਹੀਂ ਹੋ ਸਕਦਾ। ਮਿਸਾਲ ਦੇ ਤੌਰ 'ਤੇ ਅਮਰੀਕਾ ਵਰਗੇ ਮੁਲਕ ਤੋਂ ਵੱਧ ਹੋਰ ਭਲਾ ਕਿਥੇ ਆਪੋ-ਆਪਣੇ ਧਾਰਮਿਕ ਅਕੀਦੇ ਮੁਤਾਬਕ ਜੀਵਿਆ ਜਾ ਸਕਦਾ ਹੈ, ਪਰ ਗੁਰਦੁਆਰਿਆਂ ਵਿਚ ਕਿੰਨੀ ਤਾਦਾਦ ਸਿਰ ਉਤੇ ਲੀਰਾਂ (ਪਟਕੇ) ਬੰਨ੍ਹਣ ਵਾਲਿਆਂ ਦੀ ਹੁੰਦੀ ਹੈ। ਅਮਰੀਕਾ ਵਿਚ ਤਾਂ ਕੋਈ ਹਿੰਦੂ ਜਥੇਬੰਦੀ ਸਿੱਖ ਧਰਮ ਵਿਚ ਦਖਲਅੰਦਾਜ਼ੀ ਨਹੀਂ ਕਰ ਰਹੀ! ਬੀਬੀਆਂ-ਬੰਦਿਆਂ ਦੇ ਸਿਰਾਂ ਉਤੇ ਕੈਂਚੀਆਂ-ਉਸਤਰੇ ਚੱਲੇ ਹੁੰਦੇ ਨੇ। ਇਨ੍ਹਾਂ ਨੂੰ ਕਿਹੜੀ ਮੁਸੀਬਤ ਪਈ ਹੁੰਦੀ ਹੈ?

ਕਿਸੇ ਵੀ ਸਮਾਜ ਜਾਂ ਘਰੇਲੂ ਮਾਹੌਲ ਦੀ ਸਿਰਜਣਾ ਦਾ ਦਾਰੋਮਦਾਰ ਜ਼ਿਆਦਾ ਕਰ ਕੇ ਔਰਤ ਦੇ ਹਿੱਸੇ ਆਉਂਦਾ ਹੈ; ਕਿਉਂਕਿ ਉਹਦੇ ਪਾਲੇ ਬੱਚੇ ਨੇ ਹੀ ਸਮਾਜ ਦਾ ਅੰਗ ਬਣਨਾ ਹੁੰਦਾ ਹੈ। ਕਦੀ ਰਣਧੀਰ ਸਿੰਘ, ਕਦੇ ਪੂਰਨ ਸਿੰਘ, ਕਦੇ ਭਗਤ ਸਿੰਘ ਤੇ ਕਦੇ ਜਰਨੈਲ ਸਿੰਘ ਬਣ ਕੇ ਸਮਾਜ ਅਤੇ ਇਤਿਹਾਸ ਦੀ ਦਿਸ਼ਾ ਨੂੰ ਮੋੜਾ ਪਾਉਣਾ ਹੁੰਦਾ ਹੈ। ਔਰਤ ਸਮਝਦੀ ਹੈ ਕਿ ਉਸ ਨੇ ਬੱਚੇ ਨੂੰ ਸਮੇਂ ਸਿਰ ਰੋਟੀ ਦੇ, ਸਕੂਲ ਲਈ ਉਠਾ, ਨੱਕ ਪੂੰਝ ਕੇ ਤੇ ਵੇਲੇ ਸਿਰ ਧੋਤਾ ਕੱਪੜਾ ਦੇ ਕੇ ਸਾਰੀ ਜ਼ਿੰਮੇਵਾਰੀ ਪੂਰੀ ਕਰ ਲਈ, ਪਰ ਨਹੀਂ! ਜੇ ਉਸ ਨੇ 'ਜੇਰੇ' ਵਰਗੀ ਜ਼ਰੂਰੀ ਚੀਜ਼ ਬਾਰੇ ਬੱਚੇ ਨੂੰ ਜਾਣੂੰ ਨਾ ਕਰਵਾਇਆ, ਤਾਂ ਫਿਰ ਕੀ ਕੀਤਾ? ਕਈ ਘਰਾਂ ਵਿਚ ਪੁੱਤਰ ਸ਼ਾਇਦ ਆਪਣੇ ਵਿਆਹ ਵਾਲੇ ਦਿਨ ਹੀ ਪੱਗ ਬੰਨ੍ਹਦਾ ਹੈ ਤੇ ਕਈ ਘਰਾਂ ਵਿਚ ਜੰਞ ਦੇ ਨਾਲ ਹੀ ਨਾਈ ਵੀ ਜਾਂਦਾ ਹੈ ਤਾਂ ਜੋ ਲਾਵਾਂ ਤੋਂ ਬਾਅਦ ਮੁੰਡੇ ਦੇ ਬੋਦੇ ਸੁਆਰ ਸਕੇ।

ਲਾਵਾਂ ਬਾਰੇ ਕਈ ਤੱਥ ਉਜਾਗਰ ਕਰ ਕੇ ਲੇਖਕ ਨੇ ਅਜੋਕੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਹਲੂਣਾ ਦਿੱਤਾ ਹੈ। ਮੈਨੂੰ ਨਹੀਂ ਸੀ ਪਤਾ ਕਿ ਬੀਤੇ ਸਾਲਾਂ ਵਿਚ ਲਾਵਾਂ ਨਹੀਂ ਸੀ ਲਈਆਂ ਜਾਂਦੀਆਂ। ਇਕ ਵਾਰੀ ਉਂਜ ਹੀ ਪੁੱਛ ਲਿਆ ਸੀ ਕਿ ਲਾਵਾਂ ਜੋੜੇ ਦੇ ਬੈਠਿਆਂ ਹੀ ਕਿਉਂ ਨਹੀਂ ਪੜ੍ਹੀਆਂ ਜਾਂਦੀਆਂ? ਜਵਾਬ ਮਿਲਿਆ ਕਿ ਜੇ ਕਿਸੇ ਦੋਹਾਂ ਵਿਚੋਂ ਇਕ ਦਾ ਦੂਜਾ ਵਿਆਹ ਹੋਵੇ ਤਾਂ ਲਾਵਾਂ ਬਹਿ ਕੇ ਲਈਆਂ ਜਾਂਦੀਆਂ ਨੇ ਜਿਸ ਨੂੰ 'ਚਾਦਰ ਪਾਉਣਾ' ਕਿਹਾ ਜਾਂਦਾ ਹੈ।

ਮੈਨੂੰ ਯਾਦ ਹੈ ਕਿ ਕਿਸੇ ਸਮੇਂ ਵਿਆਹੁੰਦੜ ਕੁੜੀ ਕੇਸੀਂ ਨਹਾ ਕੇ ਲਾਵਾਂ 'ਤੇ ਬਹਿੰਦੀ ਸੀ ਤੇ ਲਾਵਾਂ ਵੀ ਸਮੇਂ ਸਿਰ ਹੁੰਦੀਆਂ ਸਨ, ਪਰ ਅੱਜ ਦੇ ਯੁੱਗ ਵਿਚ ਕੁੜੀ ਲਾੜੀ ਘੱਟ, ਦੀਵਾਲੀ ਦੀ ਝਾਕੀ ਜ਼ਿਆਦਾ ਲੱਗਦੀ ਹੈ। ਉਸ ਦੇ ਭਾਰੇ ਗਹਿਣੇ, ਉਟ-ਪਟਾਂਗ ਸ਼ਿੰਗਾਰ ਅਤੇ ਆਪਣੇ ਭਾਰ ਤੋਂ ਵੀ ਜ਼ਿਆਦਾ ਭਾਰਾ ਲਹਿੰਗਾ! ਸਮਝ ਨਹੀਂ ਆਉਂਦੀ ਕਿ ਵਿਆਹ ਕਰਵਾਉਣਾ ਹੈ ਜਾਂ ਫਿਰ ਕਿਸੇ ਇਸ਼ਤਿਹਾਰ ਲਈ ਮਾਡਲਿੰਗ ਦਾ ਮੁਕਾਬਲਾ ਜਿੱਤਣਾ ਹੈ।

ਚਲੋ, ਜੇ ਕੋਈ ਸਾਡਾ ਰਹਿਬਰ ਜਾਂ ਨਿਗ੍ਹਾਬਾਨ ਨਹੀਂ ਤਾਂ ਬਾਣੀ ਉਤੇ ਤਾਂ ਚੱਲ ਹੀ ਸਕਦੇ ਹਾਂ! ਬਾਣੀ ਵਿਚ ਕਿਤੇ ਨਹੀਂ ਲਿਖਿਆ ਕਿ ਲੰਗਰ ਕਰਾਉਣ ਤੋਂ ਪਹਿਲਾਂ ਭੋਗ ਲੁਆਉ। ਜੇ ਭਗਤ ਨਾਮਦੇਵ ਦੀ ਇਸ ਪ੍ਰਸੰਗ ਵਿਚ ਲਿਖੀ ਬਾਣੀ ਸਮਝ ਨਹੀਂ ਆਉਂਦੀ ਤਾਂ ਆਪਣੀ ਹੀ ਬੁੱਧੀ ਵਰਤ ਲਉ ਕਿ ਭੋਗ ਕਿਸ ਨੂੰ ਲੁਆਉਣਾ ਹੈ; ਕਿਉਂਕਿ ਪਰਮਾਤਮਾ ਦਾ ਤਾਂ ਕੋਈ ਆਕਾਰ ਨਹੀਂ ਹੈ। ਇਹ ਕਿਥੇ ਲਿਖਿਆ ਹੈ ਕਿ ਅਰਦਾਸ ਜੇ ਕੇਵਲ ਗੁਰਦੁਆਰੇ ਦਾ ਭਾਈ ਹੀ ਕਰੇਗਾ, ਤਾਂ ਹੀ ਪਰਵਾਨ ਹੋਵੇਗੀ? ਜੇ ਬੀਤ ਨੂੰ ਪਿਛਲੇ ਪਾਸਿਓਂ ਮੱਥਾ ਟੇਕਣਾ ਹੈ ਅਤੇ ਘਰ ਆਏ ਪ੍ਰਾਹੁਣੇ ਨੂੰ ਵੀ ਰਾਮ ਸੱਤ ਕਰ ਕੇ ਪਿੱਠ ਵਿਖਾ ਦਈਏ ਤਾਂ ਪਤਾ ਲੱਗ ਜਾਵੇਗਾ ਕਿ ਪ੍ਰਾਹੁਣਾ ਦੁਬਾਰਾ ਮੂੰਹ ਲਾਉਂਦਾ ਹੈ ਕਿ ਨਹੀਂ! ਜੇ ਅੱਗਿਓਂ ਇਹ ਤਰਕ ਦੇਈਏ ਕਿ ਮੇਰੀ ਪਿੱਠ ਨੂੰ ਵੀ ਸਲਾਮ ਕਰਨਾ ਸੀ ਤਾਂ ਨਿਕਲ ਜਾਵੇਗਾ ਅਕਲ ਦਾ ਜਲੂਸ!

ਬਚਪਨ ਤੋਂ ਹੀ ਗੁਰਦੁਆਰੇ ਜਾਂਦਿਆਂ ਥੋੜ੍ਹੀ ਬਹੁਤ ਬਾਣੀ ਕੰਠ ਹੋ ਗਈ ਸੀ। ਵੱਡੇ ਹੋ ਕੇ ਜਦੋਂ ਬਾਣੀ ਆਪ ਪੜ੍ਹੀ ਤਾਂ ਪਤਾ ਲੱਗਾ ਕਿ ਬਾਣੀ ਵਿਚ 'ਸੱਸੇ' ਥੱਲੇ ਬਿੰਦੀ ਕਿਤੇ ਵੀ ਨਹੀਂ ਹੈ ਪਰ ਕਿਤੇ ਵੀ ਸ਼ਬਦ ਦੇਖ ਲਓ-ਬਾਣੀ ਵਿਚ 'ਲੱਖ ਖੁਸੀਆ ਪਾਤਿਸਾਹੀਆ' ਲਿਖਿਆ ਹੋਇਆ ਹੈ। ਨਾ ਤਾਂ ਸੱਸੇ ਥੱਲੇ ਬਿੰਦੀ ਹੈ ਅਤੇ ਨਾ ਹੀ ਐੜੇ ਨੂੰ ਕੰਨੇ ਉਤੇ। ਫਿਰ ਵੀ ਪੜ੍ਹਿਆ ਕੀ ਜਾਂਦਾ ਹੈ? ਬਾਣੀ ਵਿਚ ਹਰ ਥਾਂ 'ਪਾਤਿਸਾਹੁ' ਲਿਖਿਆ ਹੈ ਤੇ ਪੜ੍ਹਿਆ 'ਪਾਤਸ਼ਾਹ' ਜਾਂਦਾ ਹੈ। ਜਿਹੜੇ ਇਸ ਬਾਣੀ ਦਾ ਗਾਇਨ ਕਰਦੇ ਨੇ, ਉਹ ਆਪਣਾ ਪਾਸਪੋਰਟ ਜਾਂ ਇਮੀਗਰੇਸ਼ਨ ਦੇ ਹੋਰ ਕਾਗਜ਼ ਪੱਤਰ ਬਣਾਉਣ ਲੱਗਿਆਂ ਵਕੀਲ ਨੂੰ ਵੀਹ ਵਾਰੀ ਦੱਸਣਗੇ ਕਿ ਮੇਰੇ ਨਾਂ ਵਿਚ 'ਡਬਲ ਈ' ਆਉਂਦਾ ਹੈ ਜਾਂ 'ਕੱਲਾ ਆਈ'; ਕਿਉਂਕਿ ਪੜ੍ਹਨ ਵਿਚ ਕੋਈ ਫਰਕ ਨਹੀਂ ਹੈ।

ਮੈਂ ਅਮਰੀਕਾ ਵਿਚ ਨਵੀਂ-ਨਵੀਂ ਆਈ ਸਾਂ, ਜੀਅ ਕੀਤਾ ਕਿ ਬੱਚਿਆਂ ਨੂੰ ਗੁਰਦੁਆਰੇ ਵਿਚ ਚੱਲਦੇ ਕੈਂਪ ਵਿਚ ਪਾਇਆ ਜਾਵੇ। ਭਾਈ ਸਾਹਿਬ ਬੱਚਿਆਂ ਨੂੰ ਪਾਠ ਸਿਖਾ ਰਹੇ ਸਨ। ਤੁਕ ਆਈ 'ਦੇਦਾ ਦੇ ਲੈਦੇ ਥਕਿ ਪਾਹਿ'। ਧਿਆਨ ਨਾਲ ਵੇਖੋ ਕਿ 'ਦੱਦੇ' ਅਤੇ ਨਾ ਹੀ 'ਲੱਲੇ' 'ਤੇ ਬਿੰਦੀ ਹੈ। ਹੁਣ ਪੜ੍ਹੋ ਕਿ ਕੀ ਪੜ੍ਹਿਆ ਜਾਵੇਗਾ! ਮੈਂ ਭਾਈ ਸਾਹਿਬ ਨੂੰ ਭਰੇ ਇਕੱਠ ਵਿਚ ਟੋਕ ਦਿੱਤਾ ਕਿ ਤੁਸੀਂ ਬਾਣੀ ਗਲਤ ਪੜ੍ਹ ਰਹੇ ਹੋ। ਭਾਈ ਸਾਹਿਬ ਦਾ ਅੱਗੋਂ ਜਵਾਬ ਸੀ, ੧ੳ ਤਾਂ ਸਿਰਫ ਸਿੰਬਲ ਹੈ, ਅਸੀਂ ਉਸ ਨੂੰ ਫਿਰ ਪੂਰਾ ਕਿਉਂ ਪੜ੍ਹਦੇ ਹਾਂ? ਮੈਂ ਕੁਝ ਨਹੀਂ ਬੋਲੀ। ਮੈਂ ਬੱਚੇ ਚੁੱਕੇ ਤੇ ਵਾਪਸ ਆ ਗਈ। ਬੀਬੀਆਂ ਵਿਚ ਇਹ ਰੌਲਾ ਪੈ ਗਿਆ ਕਿ ਗੁਲਾਬੀ ਚੁੰਨੀ ਵਾਲੀ, ਭਾਈ ਸਾਹਿਬ ਦੇ ਮਗਰ ਪੈ ਗਈ। ਆਉਂਦਿਆਂ ਮੈਂ ਕਿਹਾ ਕਿ ਤੁਸੀਂ ਕਹਿੰਦੇ ਹੋ ਗੁਰਮਤਿ ਕੈਂਪ; ਇਹ ਤਾਂ ਉਹੀ ਹੋਇਆ ਜਿਵੇਂ ਦਸਮੇਸ਼ ਆਟੋ ਵਰਕਸ ਜਾਂ ਗੁਰੂ ਨਾਨਕ ਟਰਾਂਸਪੋਰਟ...ਗੁਰਮਤਿ ਟ੍ਰੇਨਿੰਗ ਕੈਂਪ ਨਾਂ ਰੱਖੋ। ਸ਼ੁਕਰ ਹੈ ਮੇਰੀ ਗੱਲ ਮੰਨੀ ਗਈ, ਪਰ ਕਿਸੇ ਨੂੰ ਵੀ ਕੈਂਪ ਦੀ ਆਗੂ ਅਤੇ ਉਸ ਦੇ ਪਰਿਵਾਰ ਦੇ ਸਿਰ ਉਤੇ ਚੱਲੀਆਂ ਕੈਂਚੀਆਂ ਨਹੀਂ ਦਿਸੀਆਂ। ਤਬਦੀਲੀ ਤਾਂ ਇਸ ਹੱਦ ਤੱਕ ਹੈ ਕਿ ਜੇ ਕਿਸੇ ਨਾਲ ਵੀ ਰਿਸ਼ਤਾ ਤੋੜਨਾ ਹੈ ਤਾਂ ਸਿਰ ਉਤੇ ਪੱਗ ਨਾ ਬੰਨ੍ਹਣ ਦਾ ਕਾਰਨ ਪੁੱਛ ਲਵੋ, ਹੋਰ ਕਿਸੇ ਵੀ ਬਹਾਨੇ ਦੀ ਲੋੜ ਨਹੀਂ।

ਇਕ ਤਬਦੀਲੀ ਹੋਰ ਵੀ ਅਹਿਮ ਹੈ। ਗੁਰਦੁਆਰੇ ਨੂੰ ਹੁਣ ਲੰਗਰਸਤਾਨ ਕਹਿਣਾ ਸ਼ੁਰੂ ਕਰ ਦਈਏ। ਹਿਊਸਟਨ ਇਲਾਕੇ ਵਿਚ ਇਕ ਬੀਬੀ ਨੂੰ ਸਰਕਾਰੀ ਨੌਕਰੀ ਕਿਰਪਾਨਧਾਰੀ ਹੋਣ ਕਰ ਕੇ ਛੱਡਣੀ ਪਈ। ਉਹ ਆਪਣੇ ਸਮਾਜਕ ਹਿੱਤਾਂ ਲਈ ਲੜ ਰਹੀ ਹੈ। ਵਕੀਲ ਅਨੁਸਾਰ ਜੇ ਕੋਰਟ ਵਿਚ ਭਾਰੀ ਗਿਣਤੀ ਵਿਚ ਸਿੱਖ ਪਹੁੰਚਦੇ ਨੇ, ਤਾਂ ਜੱਜਾਂ ਉਤੇ ਇਸ ਦਾ ਪ੍ਰਭਾਵ ਪੈਣ ਨਾਲ ਉਹਦਾ ਕੇਸ ਮਜ਼ਬੂਤ ਹੋ ਸਕਦਾ ਸੀ। ਉਹ ਗੁਰਦੁਆਰੇ ਜਾ ਕੇ ਸਭ ਨੂੰ ਆਪਣੇ ਨਾਲ ਕੋਰਟ ਚੱਲਣ ਲਈ ਬੇਨਤੀਆਂ ਕਰਦੀ। ਇਕ ਗੁਰਦੁਆਰੇ ਵਿਚ ਮੈਂ ਵੀ ਉਸ ਦੇ ਨਾਲ ਸੀ। ਮੈਂ ਵੇਖਿਆ ਕਿ ਕੁੜੀ ਨੇ ਗੱਲ ਸ਼ੁਰੂ ਕੀਤੀ ਤਾਂ ਤਕਰੀਬਨ ਸਾਰੇ ਉਠ ਕੇ ਹੇਠਾਂ ਲੰਗਰ ਖਾਣ ਤੁਰ ਪਏ। ਮੈਂ ਸਮਝ ਗਈ ਕਿ ਜੇ ਅੱਜ ਸਿੱਖ ਧਰਮ ਦਾ ਬੇੜਾ ਗਰਕ ਹੈ ਤਾਂ ਇਸ ਦਾ ਸਿਹਰਾ ਕਿਨ੍ਹਾਂ ਸਿਰ ਬੱਝ ਸਕਦਾ ਹੈ!

ਬਾਕੀ ਤਬਦੀਲੀਆਂ ਪਿੱਛੇ ਬਹੁਤ ਵੱਡਾ ਹੱਥ ਵਪਾਰੀਕਰਨ ਦਾ ਵੀ ਹੈ। ਵਿਆਹਾਂ ਮੌਕੇ ਘਰਾਂ ਦੀ ਸ਼ਾਨ-ਓ-ਸ਼ੌਕਤ ਨਾਲ ਵੀ ਇਕ-ਦੂਜੇ ਨੂੰ ਨੀਵਾਂ ਵਿਖਾਇਆ ਜਾ ਸਕਦਾ ਹੈ! ਬੀਬੀਆਂ ਆਪ ਪੰਜਾਬੀ ਪਹਿਰਾਵਾ ਪਾਉਣ ਲੱਗਿਆਂ ਗੁਰੇਜ਼ ਕਰਦੀਆਂ ਨੇ। ਹਿੰਦੁਸਤਾਨ ਤੋਂ ਜਹਾਜ਼ ਚੜ੍ਹਨ ਲੱਗਿਆਂ ਪੱਛਮੀ ਲਿਬਾਸ ਪਾਉਣ ਪਿੱਛੇ ਪਤਾ ਨਹੀਂ ਕਿਹੜਾ ਰਾਜ਼ ਹੈ?

ਵਿਆਹਾਂ ਵਿਚ ਪਰਿਵਾਰਕ ਤਸਵੀਰ ਵਿਚ ਪੱਗ ਸਿਰਫ ਬਜ਼ੁਰਗ ਦੇ ਸਿਰ ਉਤੇ ਹੁੰਦੀ ਹੈ। ਨੂੰਹਾਂ-ਧੀਆਂ ਝਾਟਾ ਖਿਲਾਰ ਕੇ ਅਤੇ ਪੁੱਤ-ਜੁਆਈ, ਪੋਤਰੇ-ਦੋਹਤਰੇ ਸਿਰ ਉਤੇ ਜੈਲ ਲਾਈ ਖੜ੍ਹੇ ਹੁੰਦੇ ਹਨ। ਰੱਬ ਬਖ਼ਸ਼ੇ! ਮਾਪੇ ਅੰਗਰੇਜ਼ੀ ਵਿਚ ਆਪਣਾ ਹੱਥ ਖੋਲ੍ਹਣ ਲਈ ਬੜੇ ਔਖੇ ਹੋ ਕੇ ਬੱਚਿਆਂ ਨਾਲ ਅੰਗਰੇਜ਼ੀ ਬੋਲਦੇ ਹਨ। ਇਹੋ ਜਿਹਿਆਂ ਨੂੰ ਵੇਖ ਕੇ ਰੱਬ ਦੀ ਆਪਣੇ ਆਪ ਉਤੇ ਅਤਿਅੰਤ ਮਿਹਰ ਦਾ ਅਹਿਸਾਸ ਹੁੰਦਾ ਹੈ।

ਕਾਵਿ-ਕਿਆਰੀ

## ਬੇਨਤੀ

ਕੰਨ ਖੋਲ੍ਹ ਕੇ ਸੁਣੋ ਸਾਡੀ ਬੇਨਤੀ ਜੀ
ਘੜੇ ਪਾਪ ਦੇ ਕਾਹਤੋਂ ਤੁਸੀਂ ਭਰੀ ਜਾਂਦੇ।
ਗੁਰੂ ਘਰਾਂ ਨੂੰ ਕੀਤਾ ਬਦਨਾਮ ਰੱਜ ਕੇ,
ਆਪਣੀ ਚੌਧਰ ਦੀ ਖਾਤਰ ਹੀ ਲੜੀ ਜਾਂਦੇ।
ਕੀ ਸਿੱਖਣਗੇ ਤੁਹਾਡੇ ਤੋਂ ਬੱਚੇ ਤੁਹਾਡੇ
ਪੈਰ ਕੰਡਿਆਂ ਉਤੇ ਕਿਉਂ ਧਰੀ ਜਾਂਦੇ।
ਸੰਗ ਸ਼ਰਮ ਨੂੰ ਖਾ ਗਏ ਕਿਉਂ ਵੇਚ-ਵੱਟ ਕੇ
ਵਾਲ ਇਕ ਦੂਜੇ ਦੇ ਹੀ ਫੜੀ ਜਾਂਦੇ।
ਖੌਫ ਖਾਓ ਜੀ ਥੋੜ੍ਹਾ-ਬਹੁਤਾ ਗੁਰੂ ਦਾ ਵੀ
ਇਕ ਦੂਜੇ ਦੇ ਥੁਥੇ 'ਤੇ ਹੀ ਕਿਉਂ ਜੜੀ ਜਾਂਦੇ।
ਝੂਠ ਬੋਲਣ ਤੋਂ ਤੁਹਾਨੂੰ ਨਹੀਂ ਸੰਗ ਆਉਂਦੀ
ਫੜ ਕੇ ਮਾਈਕ ਜੋ ਮਰਜ਼ੀ ਪੜ੍ਹੀ ਜਾਂਦੇ।
ਰੱਬ ਜਾਣੇ, ਕੀ ਬਣੂੰਗਾ ਭਰਾਵੋ ਤੁਹਾਡਾ
ਵਾਅਦੇ ਵੱਡੇ ਵੱਡੇ ਸੰਗਤਾਂ ਨਾਲ ਕਰੀ ਜਾਂਦੇ।
ਦਸਾਂ ਨਹੁੰਆਂ ਦੀ ਕੀਤੀ ਹੈ ਕਿਰਤ ਲੋਕਾਂ
ਨੋਟ ਬੋਰੀਆਂ ਉਤੋਂ ਨਹੀਂ ਝੜੀ ਜਾਂਦੇ।
ਤੁਹਾਨੂੰ ਖਰਚਣ ਲੱਗਿਆਂ ਰਤਾ ਨਹੀਂ ਡਰ ਆਉਂਦਾ
ਜੇਬਾਂ ਵਕੀਲਾਂ ਦੀਆਂ ਨੱਕੋ ਨੱਕ ਭਰੀ ਜਾਂਦੇ।
ਇਸ ਜਗ੍ਹਾ ਤੋਂ ਅੱਗੇ ਸ਼ੁਰੂ ਨਰਕ ਹੁੰਦਾ
ਜਿਹੜੀ ਜਗ੍ਹਾ 'ਤੇ ਤੁਸੀਂ ਹੋ ਖੜ੍ਹੀ ਜਾਂਦੇ।
ਲੋਕੀਂ ਰੱਬ ਦੇ ਡਰ ਤੋਂ ਬੋਲਦੇ ਨਹੀਂ
ਤੁਸੀਂ ਸੋਚੋ ਨਾ ਕਿ ਤੁਹਾਡੇ ਤੋਂ ਡਰੀ ਜਾਂਦੇ।
ਗੁਰੂ ਘਰਾਂ 'ਤੇ ਥੋੜ੍ਹਾ ਜਿਹਾ ਤਰਸ ਕਰ ਲਓ
ਕਾਹਤੋਂ ਚੌਧਰਾਂ ਖਾਤਰ ਹੀ ਮਰੀ ਜਾਂਦੇ।
ਟੀਟੂ ਚੰਡੀਗੜ੍ਹੀਆ ਤੁਹਾਨੂੰ ਪਾਏ ਲਾਹਨਤਾਂ
ਕਾਹਤੋਂ ਹੰਕਾਰ ਦੀ ਅੱਗ ਵਿਚ ਸੜੀ ਜਾਂਦੇ।

*-ਟੀਟੂ ਚੰਡੀਗੜ੍ਹੀਆ, ਸਿਆਟਲ*



# ਦੱਖਣੀ ਗੁਲਾਬ ਅਸਿਨ

ਅਸਿਨ ਦੀ ਮਾਂ ਬੋਲੀ ਭਾਵੇਂ ਮਲਿਆਲਮ (ਕੇਰਲ) ਹੈ, ਪਰ ਉਹ ਮਲਿਆਲਮ ਸਮੇਤ ਸੱਤ ਭਾਸ਼ਾਵਾਂ ਜਾਣਦੀ ਹੈ। ਇਨ੍ਹਾਂ ਵਿਚ ਹਿੰਦੀ, ਅੰਗਰੇਜ਼ੀ, ਤਮਿਲ, ਤੈਲਗੂ, ਸੰਸਕ੍ਰਿਤ ਅਤੇ ਫਰਾਂਸੀਸੀ ਸ਼ਾਮਲ ਹੈ। ਆਪਣੇ ਨਾਂ ਅਸਿਨ ਦੀ ਵਿਆਖਿਆ ਉਹ ਬਹੁਤ ਹੁੱਬ ਕੇ ਅਤੇ ਚਾਅ ਨਾਲ ਕਰਦੀ ਹੈ। ਇਹ ਵਿਆਖਿਆ ਉਹਨੇ ਅੱਧੀ ਤਾਂ ਆਪ ਹੀ ਘੜੀ ਹੋਈ ਹੈ। ਉਸ ਮੁਤਾਬਕ ਉਹਦੇ ਨਾਂ ਦਾ ਪਹਿਲਾ ਅੱਖਰ 'ਅ' ਸੰਸਕ੍ਰਿਤ ਵਾਲਾ ਹੈ ਜਿਸ ਦਾ ਮਤਲਬ ਬਗੈਰ ਜਾਂ ਬਿਨਾਂ ਬਣਦਾ ਹੈ ਅਤੇ ਅਗਲੇ ਅੱਖਰ 'ਸਿਨ' (ਗੁਨਾਹ) ਅੰਗਰੇਜ਼ੀ ਵਾਲੇ ਹਨ; ਭਾਵ ਨਾਂ ਦਾ ਪੂਰਾ ਮਤਲਬ ਨਿਰਮਲ, ਪਾਕ-ਪਵਿੱਤਰ ਹੈ। ਉਹਨੇ ਆਪਣੇ ਇਸ ਨਾਂ ਦੀ ਸਦਾ ਲਾਜ ਵੀ ਰੱਖੀ ਹੈ। ਕੁੜੀਆਂ ਦੀ ਭਲਾਈ ਲਈ ਉਹ ਸਰਗਰਮ ਹੀ ਰਹਿੰਦੀ ਹੈ। ਸ੍ਰੀ ਲੰਕਾ ਵਿਚ ਜੰਗ ਕਾਰਨ ਮਧੋਲੇ ਗਏ ਤਮਿਲਾਂ ਦੀ ਉਸ ਨੇ ਪੁੱਜ ਕੇ ਮੱਦਦ ਕੀਤੀ। ਅਸਿਨ ਉਦੋਂ 15 ਸਾਲਾਂ ਦੀ ਸੀ ਜਦੋਂ ਉਸ ਦੀ ਪਹਿਲੀ ਫਿਲਮ 'ਨਰੇਂਦਰ ਮਾਕਨ ਜਯਾਕਾਂਤ ਵਾਕਾ' (2001) ਰਿਲੀਜ਼ ਹੋਈ ਸੀ। ਇਹ ਫਿਲਮ ਮਲਿਆਲਮ ਵਿਚ ਬਣੀ ਸੀ। ਇਸ ਤੋਂ ਪਹਿਲਾਂ ਉਸ ਨੇ ਟੈਲੀਵਿਜ਼ਨ ਲਈ ਇਕ ਇਸ਼ਤਿਹਾਰ ਲਈ ਕੰਮ ਕੀਤਾ ਸੀ। ਫਿਲਮ 'ਨਰੇਂਦਰ ਮਾਕਨ ਜਯਾਕਾਂਤ ਵਾਕਾ' ਵਿਚ ਉਸ ਦੇ ਸੁਹੱਪਣ ਦੀ ਸਭ ਨੇ ਤਾਰੀਫ ਕੀਤੀ। ਦੋ ਸਾਲ ਬਾਅਦ 2003 ਵਿਚ ਜਦੋਂ ਉਸ ਦੀ ਤੈਲਗੂ ਫਿਲਮ 'ਅੰਮਾ ਨੰਨਾ ਓ ਤਮਿਲ ਅੰਮਾਈ' ਆਈ ਤਾਂ ਉਹਦੀ ਬੱਲੇ-ਬੱਲੇ ਹੋ ਗਈ। ਇਸ ਫਿਲਮ ਲਈ ਉਸ ਨੂੰ ਸਰਵੋਤਮ ਅਦਾਕਾਰਾ (ਤੈਲਗੂ) ਦਾ ਫਿਲਮਫੇਅਰ ਐਵਾਰਡ ਮਿਲਿਆ। ਉਸੇ ਸਾਲ ਦੂਜੀ ਤੈਲਗੂ ਫਿਲਮ 'ਸ਼ਿਵਮਣੀ' ਲਈ ਵੀ ਉਹਨੇ ਸੰਤੋਸ਼ਮ ਸਰਵੋਤਮ ਅਦਾਕਾਰਾ ਦਾ ਇਨਾਮ ਫੁੰਡ ਲਿਆ। ਹਿੰਦੀ ਫਿਲਮਾਂ ਵਿਚ ਉਹ 'ਗਜਨੀ' ਲੈ ਕੇ ਆਈ। ਇਹ ਹਿੰਦੀ ਫਿਲਮ 2008 ਵਿਚ ਬਣੀ ਸੀ ਅਤੇ ਇਸ ਫਿਲਮ ਦਾ ਹੀਰੋ ਆਮਿਰ ਖਾਨ ਸੀ। ਅਸਿਨ ਦੀ ਇਸੇ ਨਾਂ ਵਾਲੀ ਤਮਿਲ ਫਿਲਮ 2005 ਵਿਚ ਬਣ ਚੁੱਕੀ ਸੀ ਅਤੇ ਵਾਹਵਾ ਹਿੱਟ ਹੋਈ ਸੀ। ਹਿੰਦੀ ਫਿਲਮ ਵੀ ਹਿੱਟ ਹੋਈ ਅਤੇ ਉਹਦੇ ਲਈ ਬਾਲੀਵੁੱਡ ਦੇ ਰਾਹ ਖੋਲ੍ਹ ਦਿੱਤੇ। 'ਗਜਨੀ' ਤੋਂ ਬਾਅਦ ਅਸਿਨ ਦੀਆਂ 'ਲੰਡਨ ਡ੍ਰੀਮਜ਼' (2009), 'ਰੈਡੀ' (2011), 'ਹਾਊਸ ਫੁੱਲ 2' (2012), 'ਬੋਲ ਬੱਚਨ' (2012) ਅਤੇ 'ਖਿਲਾੜੀ 786' (2012) ਵਰਗੀਆਂ ਹਿੰਦੀ ਫਿਲਮਾਂ ਆਈਆਂ। ਇਨ੍ਹਾਂ ਫਿਲਮਾਂ ਵਿਚ ਉਹ ਭਾਵੇਂ 'ਗਜਨੀ' ਵਾਲਾ ਰੰਗ ਤਾਂ ਨਹੀਂ ਜਮਾ ਸਕੀ, ਪਰ ਦਰਸ਼ਕਾਂ ਨੂੰ ਉਸ ਨੇ ਨਿਰਾਸ਼ ਨਹੀਂ ਕੀਤਾ ਅਤੇ ਪੈਸੇ ਪੱਖੋਂ ਉਸ ਦੀਆਂ ਸਾਰੀਆਂ ਫਿਲਮਾਂ ਕਾਮਯਾਬ ਰਹੀਆਂ। ਜਦੋਂ ਉਸ ਦੀ ਪਹਿਲੀ ਹਿੰਦੀ ਫਿਲਮ 'ਗਜਨੀ' ਹਿੱਟ ਹੋਈ ਸੀ ਤਾਂ ਉਸ ਬਾਰੇ ਇਹ ਮਸ਼ਹੂਰ ਹੋ ਗਿਆ ਕਿ ਉਹ ਵੱਡੇ ਸਟਾਰਾਂ ਨਾਲ ਹੀ ਕੰਮ ਕਰਨਾ ਚਾਹੁੰਦੀ ਹੈ। ਇਸ ਅਫਵਾਹ ਦਾ ਉਸ ਨੇ ਬੜੇ ਜ਼ੋਰ ਨਾਲ ਖੰਡਨ ਕੀਤਾ। ਉਸ ਨੇ ਅਜਿਹੀਆਂ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਸਗੋਂ ਉਲਟਾ ਸਵਾਲ ਕੀਤਾ ਕਿ ਉਹ ਤਾਂ ਆਪ ਸਿਰਫ 15 ਸਾਲ ਦੀ ਉਮਰ ਵਿਚ ਹੀਰੋਇਨ ਬਣ ਗਈ ਸੀ; ਉਦੋਂ ਵੀ ਤਾਂ ਹੋਰ ਐਕਟਰਾਂ ਨਾਲ ਉਸ ਵਰਗੀ ਨਵੀਂ ਐਕਟਰੈੱਸ ਨਾਲ ਕੰਮ ਕੀਤਾ ਸੀ। ਉਹ ਝੱਟ ਆਪਣਾ ਯੂਨਾਨ (ਗਰੀਸ) ਯਾਤਰਾ ਦਾ ਕਿੱਸਾ ਸੁਣਾ ਦਿੰਦੀ ਹੈ। ਗਰੀਸ ਉਹ ਆਪਣੇ ਟੱਬਰ ਨਾਲ ਛੁੱਟੀਆਂ ਮਨਾਉਣ ਗਈ ਸੀ। ਉਥੇ ਸੈਂਤੋਰਿਨੀ ਸ਼ਹਿਰ ਵਿਚ ਜਦੋਂ ਉਹ ਇਕ ਸੈਲਾਨੀ ਕੇਂਦਰ 'ਤੇ ਘੁੰਮ ਰਹੇ ਸਨ ਤਾਂ ਉਥੋਂ ਦਾ ਇਕ ਫੋਟੋਗ੍ਰਾਫਰ ਉਸ ਦੀ ਤਾਰੀਫ ਕਰਦਾ ਬੋਲਿਆ-'ਤੁਸੀਂ ਸੋਹਣੇ ਬਹੁਤ ਲਗਦੇ ਹੋ ਅਤੇ ਤੁਹਾਡੀਆਂ ਫੋਟੋਆਂ ਵੀ ਬਹੁਤ ਸੁੰਦਰ ਆਉਣਗੀਆਂ।' ਅਸਿਨ ਨੇ ਉਸ ਨੂੰ ਦੱਸਿਆ ਨਹੀਂ ਕਿ ਉਹ ਜਿਸ ਸੋਹਣੇ ਚਿਹਰੇ ਦੀਆ ਤਸਵੀਰਾਂ ਲਾਹ ਰਿਹਾ ਹੈ, ਉਹ ਤਾਂ ਭਾਰਤ ਦੀ ਨਾਮੀ ਐਕਟਰ ਹੈ। ਉਸ ਫੋਟੋਗ੍ਰਾਫਰ ਨੇ ਖੁਸ਼ੀ-ਖੁਸ਼ੀ ਫੋਟੋਆਂ ਖਿੱਚੀਆਂ ਅਤੇ ਚਲਾ ਗਿਆ। ਅਸਲ ਵਿਚ ਅਸਿਨ ਜਿੰਨੀ ਮਿਲਣਸਾਰ ਫਿਲਮ 'ਗਜਨੀ' ਵਿਚ ਹੈ, ਉਸ ਤੋਂ ਕਿਤੇ ਵੱਧ ਮਿਲਣਸਾਰ ਉਹ ਆਪਣੀ ਅਸਲੀ ਜ਼ਿੰਦਗੀ ਵਿਚ ਹੈ।



# ਖਲਨਾਇਕਾਂ ਦਾ ਸਰਤਾਜ ਪ੍ਰਾਣ

ਬਾਲੀਵੁੱਡ ਵਿਚ ਕੁਝ ਖਲਨਾਇਕਾਂ ਨੇ ਨਾਇਕਾਂ ਤੋਂ ਵੀ ਵਧੇਰੇ ਨਾਂ ਕਮਾਇਆ ਹੈ ਜਿਨ੍ਹਾਂ ਵਿਚ ਪ੍ਰਾਣ ਦਾ ਨਾਂ ਸਭ ਤੋਂ ਉੱਪਰ ਆਉਂਦਾ ਹੈ। ਆਪਣੀ ਸ਼ਾਨਦਾਰ ਤੇ ਦਮਦਾਰ ਅਦਾਕਾਰੀ ਨਾਲ ਨਕਾਰਾਤਮਕ ਭੂਮਿਕਾ ਵਿਚ ਵੀ ਰੂਹ ਫੂਕਣ ਵਾਲੇ ਅਦਾਕਾਰ ਪ੍ਰਾਣ ਦੀ ਸ਼ਖ਼ਸੀਅਤ ਅੱਜ ਵੀ ਦਰਸ਼ਕਾਂ ਦੇ ਮਨਾਂ ਵਿਚ ਤਾਜ਼ਾ ਹੈ। 12 ਫਰਵਰੀ, 1920 ਨੂੰ ਪੁਰਾਣੀ ਦਿੱਲੀ ਦੇ ਬੱਲੀਮਾਰਾਨ ਇਲਾਕੇ ਵਿਚ ਪੈਦਾ ਹੋਏ ਪ੍ਰਾਣ ਦਾ ਬਚਪਨ ਵਿਚ ਨਾਂ ਪ੍ਰਾਣ ਕ੍ਰਿਸ਼ਨ ਸਿਕੰਦ ਸੀ।

ਜਵਾਨੀ ਵਿਚ ਫੋਟੋਗ੍ਰਾਫੀ ਵਿਚ ਉਨ੍ਹਾਂ ਦੀ ਕਾਫੀ ਦਿਲਚਸਪੀ ਸੀ। ਇਸੇ ਕਾਰਨ ਦਿੱਲੀ ਦੇ ਸਟੂਡੀਓ ਵਿਚ ਨੌਕਰੀ ਵੀ ਕਰ ਲਈ। ਪਿੱਛੋਂ ਉਹ ਲਾਹੌਰ ਚਲੇ ਗਏ। ਉਥੇ ਉਨ੍ਹਾਂ ਨੂੰ ਉਸ ਸਮੇਂ ਦੇ ਮਸ਼ਹੂਰ ਸਕ੍ਰਿਪਟ ਰਾਈਟਰ, ਸੰਵਾਦ ਲੇਖਕ ਤੇ ਗੀਤਕਾਰ ਵਲੀ ਮੁਹੰਮਦ ਵਲੀ ਮਿਲੇ। ਉਨ੍ਹਾਂ ਨੂੰ ਦੇਖਦਿਆਂ ਹੀ ਵਲੀ ਨੂੰ ਪ੍ਰਾਣ ਦੀ ਸ਼ਖਸੀਅਤ ਵਿਚ ਆਪਣੀ ਕਹਾਣੀ ਦਾ ਕਿਰਦਾਰ ਮਿਲ ਗਿਆ ਜਿਸ 'ਤੇ 'ਯਮਲਾ ਜੱਟ' ਫ਼ਿਲਮ ਬਣੀ ਸੀ ਪਰ ਵਲੀ ਮੁਹੰਮਦ ਦੀ ਪੇਸ਼ਕਸ਼ ਨੂੰ ਪ੍ਰਾਣ ਸਾਹਬ ਨੇ ਕੋਈ ਖਾਸ ਤਵੱਜੋ ਨਹੀਂ ਦਿੱਤੀ। ਜਦੋਂ ਵਲੀ ਮੁਹੰਮਦ ਉਨ੍ਹਾਂ ਨੂੰ ਫਿਰ ਮਿਲੇ ਤਾਂ ਉਨ੍ਹਾਂ ਨੇ ਪ੍ਰਾਣ ਨੂੰ ਯਾਦ ਦਿਵਾਇਆ ਤੇ ਕਾਫੀ ਮਿਹਨਤ ਤੋਂ ਬਾਅਦ ਉਹ ਪ੍ਰਾਣ ਨੂੰ ਮਨਾ ਸਕੇ। ਇਸ ਤਰ੍ਹਾਂ ਪ੍ਰਾਣ ਪੰਜਾਬੀ ਵਿਚ ਬਣੀ ਆਪਣੇ ਕਰੀਅਰ ਦੀ ਪਹਿਲੀ ਫ਼ਿਲਮ 'ਯਮਲਾ ਜੱਟ' ਵਿਚ ਆਏ। ਇਸੇ ਕਾਰਨ ਵਲੀ ਮੁਹੰਮਦ ਵਲੀ ਨੂੰ ਪ੍ਰਾਣ ਆਪਣਾ ਗੁਰੂ ਤੇ ਮਾਰਗਦਰਸ਼ਕ ਮੰਨਦੇ ਸਨ।

'ਯਮਲਾ ਜੱਟ' ਸਫਲ ਰਹੀ ਤੇ ਉਨ੍ਹਾਂ ਨੇ ਮੁੜ ਕੇ ਪਿਛਾਂਹ ਨਹੀਂ ਦੇਖਿਆ। ਉਦੋਂ ਨਾਲ ਹੀ ਉਹ ਫੋਟੋਗ੍ਰਾਫੀ ਦਾ ਕੰਮ ਵੀ ਕਰਦੇ ਰਹੇ। ਫਿਰ ਉਹ ਫ਼ਿਲਮ 'ਖਾਨਦਾਨ' ਨਾਲ ਮਸ਼ਹੂਰ ਗਾਇਕਾ ਨੂਰਜਹਾਂ ਦੇ ਹੀਰੋ ਬਣ ਕੇ ਆਏ। ਇਹ ਫ਼ਿਲਮ ਸੁਪਰਹਿੱਟ ਹੋਈ ਪਰ ਨਾਇਕ ਦੇ ਰੋਲ ਵਿਚ ਪ੍ਰਾਣ ਬਹੁਤ ਝਿਜਕਦੇ ਸਨ। ਉਹ ਕਹਿੰਦੇ ਸਨ ਕਿ ਰੁੱਖਾਂ ਪਿੱਛੇ ਚੱਕਰ ਲਾਉਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। 1947 ਤੱਕ ਉਹ 20 ਤੋਂ ਵਧੇਰੇ ਫ਼ਿਲਮਾਂ ਵਿਚ ਕੰਮ ਕਰ ਚੁੱਕੇ ਸਨ ਤੇ ਇਕ ਹੀਰੋ ਦੀ ਇਮੇਜ ਨਾਲ ਇੰਡਸਟਰੀ ਵਿਚ ਕੰਮ ਕਰ ਰਹੇ ਸਨ। ਵੰਡ ਤੋਂ ਬਾਅਦ ਉਨ੍ਹਾਂ ਨੇ ਸਆਦਤ ਹਸਨ ਮੰਟੋ ਦੀ ਇਕ ਫ਼ਿਲਮ ਵਿਚ ਕੰਮ ਕੀਤਾ, ਜਿਸ ਵਿਚ ਦੇਵ ਆਨੰਦ ਵੀ ਸਨ। ਫ਼ਿਲਮ ਦੀ ਸਫਲਤਾ ਦਾ ਕ੍ਰੈਡਿਟ ਦੇਵ ਜੀ ਦੇ ਖਾਤੇ ਵਿਚ ਗਿਆ ਪਰ ਪ੍ਰਾਣ 'ਤੇ ਲੋਕ ਦੁਬਾਰਾ ਦਾਅ ਲਾਉਣ ਲੱਗੇ। 1960 ਵਿਚ ਆਈ ਮਨੋਜ ਕੁਮਾਰ ਦੀ 'ਪੁਕਾਰ' ਨੇ ਉਨ੍ਹਾਂ ਦੇ ਨੈਗੇਟਿਵ ਕਿਰਦਾਰ ਨੂੰ ਨਵਾਂ ਰੂਪ ਦਿੱਤਾ। ਪ੍ਰਾਣ ਸਿਗਰਟ ਦੇ ਧੂੰਏਂ ਦੇ ਗੋਲ-ਗੋਲ ਛੱਲੇ ਬਣਾਉਣ ਵਿਚ ਮਾਹਿਰ ਸਨ। ਫ਼ਿਲਮ ਨਿਰਦੇਸ਼ਕਾਂ ਨੇ ਉਨ੍ਹਾਂ ਦੇ ਇਸ ਹੁਨਰ ਦੀ ਖ਼ੂਬ ਵਰਤੋਂ ਕੀਤੀ। ਉਨ੍ਹਾਂ ਨੇ 'ਬੜੀ ਬਹਿਨ', 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ', 'ਪੂਰਬ ਔਰ ਪਛਿਮ', 'ਹਾਫ ਟਿਕਟ', 'ਜੰਜ਼ੀਰ', 'ਡੌਨ' ਸਮੇਤ ਤਕਰੀਬਨ 350 ਫ਼ਿਲਮਾਂ ਵਿਚ ਕੰਮ ਕੀਤਾ। ਅਸਲ ਜੀਵਨ ਵਿਚ ਪ੍ਰਾਣ ਪਰਦੇ ਵਾਲੇ ਪ੍ਰਾਣ ਤੋਂ ਬਿਲਕੁਲ ਉਲਟ ਹਨ। ਸਮਾਜ ਸੇਵਾ ਤੇ ਸਭ ਨਾਲ ਚੰਗਾ ਵਤੀਰਾ ਕਰਨਾ ਉਨ੍ਹਾਂ ਦਾ ਗੁਣ ਹੈ। ਉਨ੍ਹਾਂ ਨੂੰ ਤਿੰਨ ਵਾਰ ਫ਼ਿਲਮ ਫੇਅਰ ਦਾ ਬੈਸਟ ਸੁਪੋਰਟਿੰਗ ਐਕਟਰ ਦਾ ਅਵਾਰਡ ਮਿਲਿਆ ਤੇ 1997 ਵਿਚ ਉਨ੍ਹਾਂ ਨੂੰ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਖਿਤਾਬ ਨਾਲ ਨਿਵਾਜਿਆ ਗਿਆ। 2001 ਵਿਚ ਸਰਕਾਰ ਨੇ ਉਨ੍ਹਾਂ ਨੂੰ ਪਦਮਸ੍ਰੀ ਨਾਲ ਸਨਮਾਨਤ ਕੀਤਾ ਸੀ।



# ਸੁਸ਼ਮਿਤਾ ਦਾ ਸਟਾਈਲ



ਮਿਸ ਯੂਨੀਵਰਸ ਦਾ ਖਿਤਾਬ ਜਿੱਤਣ ਤੋਂ ਬਾਅਦ ਫਿਲਮ 'ਦਸਤਕ' ਨਾਲ ਬਾਲੀਵੁੱਡ ਵਿਚ ਕਦਮ ਰੱਖਣ ਵਾਲੀ ਸੁਸ਼ਮਿਤਾ ਸੇਨ ਪਿਛਲੇ ਕਾਫੀ ਸਮੇਂ ਤੋਂ ਪਰਦੇ ਤੋਂ ਦੂਰ ਹੈ। ਉਸ ਦੀ ਕੋਈ ਵੀ ਫਿਲਮ ਪਿਛਲੇ ਤਿੰਨ ਸਾਲਾਂ ਤੋਂ ਵਧੇਰੇ ਸਮੇਂ ਤੋਂ ਰਿਲੀਜ਼ ਨਹੀਂ ਹੋਈ ਹੈ ਤੇ ਉਸ ਕੋਲ ਕੰਮ ਵੀ ਕੋਈ ਖਾਸ ਨਹੀਂ ਹੈ ਪਰ ਹੁਣੇ ਜਿਹੇ ਵਿਚ ਸੁਸ਼ਮਿਤਾ ਨੇ ਕਿਹਾ ਹੈ ਕਿ ਇਸ ਸਾਲ ਉਹ ਪਰਦੇ 'ਤੇ ਵਾਪਸੀ ਕਰਨ ਜਾ ਰਹੀ ਹੈ ਤੇ ਉਸ ਦੀ ਇਹ ਵਾਪਸੀ ਉਸ ਦੇ ਖਾਸ ਅੰਦਾਜ਼ ਵਿਚ ਹੀ ਹੋਵੇਗੀ। 37 ਸਾਲਾ ਸੁਸ਼ਮਿਤਾ ਦਾ ਕਹਿਣਾ ਹੈ ਕਿ ਇਸ ਸਾਲ ਦਰਸ਼ਕ ਉਸ ਨੂੰ ਫਿਲਮਾਂ ਵਿਚ ਵਾਪਸੀ ਕਰਦਿਆਂ ਦੇਖ ਸਕਦੇ ਹਨ। ਇਹ ਇਕ ਚੰਗਾ ਬਰੇਕ ਸੀ। ਇਸ ਲਈ ਹੁਣ ਫਿਲਮਾਂ ਵਿਚ ਵਾਪਸੀ ਕਰਨ ਦਾ ਵੀ ਚੰਗਾ ਸਮਾਂ ਹੈ ਪਰ ਉਸ ਨੇ ਬਹੁਤਾ ਕੁਝ ਨਾ ਦੱਸਦਿਆਂ ਤੇ ਸ਼ਰਾਰਤੀ ਅੰਦਾਜ਼ ਵਿਚ ਕਿਹਾ ਕਿ ਜੇਕਰ ਹੁਣੇ ਸਭ ਕੁਝ ਦੱਸ ਦਿਆਂ ਤਾਂ ਦਰਸ਼ਕ ਆਖਰ ਦੇਖਣਗੇ ਕੀ? ਇਹ ਸੁਸ਼ਮਿਤਾ ਸੇਨ ਸਟਾਈਲ ਦੀ ਹੀ ਫਿਲਮ ਹੋਵੇਗੀ। ਸੁਸ਼ਮਿਤਾ ਸੇਨ ਪਿਛਲੀ ਵਾਰ 2010 ਵਿਚ ਰਿਲੀਜ਼ ਫਿਲਮ 'ਨੋ ਪ੍ਰਾਬਲਮ' ਵਿਚ ਨਜ਼ਰ ਆਈ ਸੀ। ਸੁਸ਼ਮਿਤਾ ਸੇਨ ਫਿਲਮਾਂ ਦੇ ਨਾਲ-ਨਾਲ ਲੋਕ ਭਲਾਈ ਦੇ ਕੰਮਾਂ ਵਿਚ ਵੀ ਬਹੁਤ ਵਧ-ਚੜ੍ਹ ਕੇ ਹਿੱਸਾ ਲੈਂਦੀ ਹੈ। ਉਹ ਚੈਰਿਟੀ ਦੀਆਂ ਕਈ ਸੰਸਥਾਵਾਂ ਨਾਲ ਜੁੜੀ ਹੋਈ ਹੈ। ਫਿਲਮਾਂ ਵੀ ਉਹ ਸਦਾ ਚੋਣਵੀਆਂ ਹੀ ਕਰਦੀ ਹੈ। ਇਸੇ ਕਰ ਕੇ ਕੁਝ ਲੋਕ ਉਸ ਨੂੰ ਆਕੜਖਾਨ ਵੀ ਕਹਿੰਦੇ ਹਨ, ਪਰ ਉਹ ਆਪਣੀ ਚਾਲੇ ਚੱਲਦੀ ਹੈ, ਕਿਸੇ ਦੀ ਪ੍ਰਵਾਹ ਨਹੀਂ ਕਰਦੀ। ਉਹ ਸਦਾ ਹੀ ਮੜਕ ਨਾਲ ਤੁਰਦੀ ਰਹੀ ਹੈ।



# ਬੇਫਿਕਰ ਕਰੀਨਾ

ਕਰੀਨਾ ਅਸਫ਼ਲਤਾ ਨਾਲ ਨਜਿੱਠਣਾ ਕਰੀਨਾ ਖ਼ੂਬ ਜਾਣਦੀ ਹੈ। ਅਜੈ ਦੇਵਗਨ ਨਾਲ ਕੰਮ ਕਰਨਾ ਉਸ ਨੂੰ ਬੇਹੱਦ ਖ਼ੁਸ਼ੀ ਦਿੰਦਾ ਹੈ। ਕਰੀਨਾ ਪੁਨੀਤ ਮਲਹੋਤਰਾ ਦੀ ਨਵੀਂ ਫ਼ਿਲਮ 'ਗੋਰੀ ਤੇਰੇ ਪਿਆਰ ਮੇਂ' ਦੀ ਸ਼ੂਟਿੰਗ ਵਿਚ ਰੁੱਝ ਗਈ ਹੈ। ਇਸ ਤੋਂ ਇਲਾਵਾ ਪ੍ਰਕਾਸ਼ ਝਾਅ ਦੀ ਫ਼ਿਲਮ 'ਸੱਤਿਆਗ੍ਰਹਿ' ਵੀ ਉਸ ਦੇ ਕੋਲ ਹੈ। ਉਸ ਨੂੰ ਇਸ ਗੱਲ ਦੀ ਕੋਈ ਫਿਕਰ ਨਹੀਂ ਕਿ ਪਰਦੇ 'ਤੇ ਉਸ ਦੀ ਜੋੜੀ ਸੈਫ਼ ਨਾਲ ਨਹੀਂ ਜਚ ਰਹੀ। ਕਰੀਨਾ ਕਪੂਰ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਕਿ ਬਾਕੀ ਦੂਸਰੀਆਂ ਹੀਰੋਇਨਾਂ ਕੀ ਕਰਦੀਆਂ ਹਨ। ਵਿਆਹ ਤੋਂ ਬਾਅਦ ਖੁਸ਼ ਕਰੀਨਾ ਪ੍ਰਤਿਭਾ ਦੇ ਮਾਮਲੇ ਵਿਚ ਅਜੇ ਬਹੁਤ ਕੁਝ ਕਰਨ ਦੀ ਗੱਲ ਕਹਿ ਰਹੀ ਹੈ। ਉਸ ਦਾ ਮੰਨਣਾ ਹੈ ਕਿ 'ਹੀਰੋਇਨ' ਦਾ ਕਿਰਦਾਰ ਉਸ 'ਤੇ ਹਾਵੀ ਹੋ ਗਿਆ ਸੀ। ਕਰੀਨਾ 'ਜਬ ਵੀ ਮੈਟ' ਦੀ 'ਗੀਤ' ਜਿਹੇ ਕਿਰਦਾਰ ਨਿਭਾਅ ਕੇ ਜ਼ਿਆਦਾ ਖੁਸ਼ ਹੁੰਦੀ ਹੈ। ਫ਼ਿਲਮੀ ਦੌੜ ਵਿਚ ਉਹ ਕਿੱਥੇ ਹੈ, ਇਸ ਬਾਰੇ ਸੋਚਣਾ ਉਹ ਫਜ਼ੂਲ ਸਮਝਦੀ ਹੈ। ਉਹ 'ਸੱਤਿਆਗ੍ਰਹਿ' ਤੇ ਕਰਨ ਜੌਹਰ ਦੀ ਨਵੀਂ ਫ਼ਿਲਮ ਕਾਰਨ 'ਰਾਮ ਲੀਲ੍ਹਾ' ਨਹੀਂ ਕਰ ਸਕੀ। ਫਿਰ ਵੀ ਉਸ ਨੂੰ ਇਸ ਦਾ ਕੋਈ ਦੁੱਖ ਨਹੀਂ। ਅਜੈ ਦੇਵਗਨ ਨਾਲ ਕੰਮ ਕਰਨਾ ਉਸ ਨੂੰ ਸਭ ਤੋਂ ਜ਼ਿਆਦਾ ਚੰਗਾ ਲੱਗਦਾ ਹੈ ਤੇ ਨਿਰਦੇਸ਼ਕ ਵਜੋਂ ਪ੍ਰਕਾਸ਼ ਝਾਅ ਉਸ ਦੀ ਪਹਿਲੀ ਪਸੰਦ ਹੈ। ਛੋਟੀ ਵੱਡੀ ਉਮਰ ਦੇ ਨਾਇਕ ਉਸ ਲਈ ਇਕ ਬਰਾਬਰ ਹਨ।


WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
PTC PUNJABI
jus punjabi
gPunjab
MHONE
JUS one
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.

## ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ

# ਪੰਜਾਬ ਟਾਈਮਜ਼ ਨਾਈਟ-2013

# ਗੀਤ ਸੰਗੀਤ ਭਰੀ ਇਕ ਸ਼ਾਮ

## 6 ਅਪਰੈਲ 2013

*(ਸਨਿਚਰਵਾਰ ਸ਼ਾਮ 6:30 ਵਜੇ)*

## ਇੰਡੀਆ ਹਾਊਸ, ਸ਼ਾਮਬਰਗ

1521 W. Schaumburg Rd., Schaumburg,
IL 60194, Ph:847-895-5501

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ, ਪ੍ਰੋ ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਹਰਜੀਤ ਸਿੰਘ ਸਾਹੀ, ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਜੈਦੇਵ ਸਿੰਘ ਭੱਠਲ, ਜੱਸੀ ਗਿੱਲ, ਦਰਸ਼ਨ ਸਿੰਘ ਗਰੇਵਾਲ, ਡਾ. ਹਰਗੁਰਮੁਖਪਾਲ ਸਿੰਘ, ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ, ਹੈਪੀ ਹੀਰ, ਗੁਰਿੰਦਰ ਸਿੰਘ ਗਿੱਲ, ਸਰਬਜੀਤ ਥਿਆੜਾ, ਯਾਦਵਿੰਦਰ ਸਿੰਘ (ਰਿੰਪੀ) ਖੱਟੜਾ, ਅਯੁਧਿਆ ਸਲਵਾਨ, ਡਾ. ਤੇਜਿੰਦਰ ਸਿੰਘ ਮੰਡੇਰ

### ਸਾਡੇ ਕਾਲਮਨਵੀਸ ਅਤੇ ਲੇਖਕ



ਤਰਲੋਚਨ ਸਿੰਘ, ਅਸ਼ੋਕ ਭੌਰਾ, ਡਾ. ਗੁਰਨਾਮ ਕੌਰ, ਸੁਰਜੀਤ ਕੌਰ, ਬਲਜੀਤ ਬਾਸੀ, ਜਤਿੰਦਰ ਪਨੂੰ, ਕੁਲਵੰਤ ਸਿੰਘ ਰੋਮਾਣਾ, ਮੇਜਰ ਕੁਲਾਰ, ਇਕਬਾਲ ਜੱਬੋਵਾਲ, ਸਵਰਨ ਟਹਿਣਾ, ਨਿੰਮਾ ਡੱਲੇਵਾਲਾ, ਬੌਬ ਖਹਿਰਾ, ਚਰਨਜੀਤ ਪੰਨੂ, ਜਸਵੰਤ ਸ਼ਾਦ

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*